## ਲੇਖਕ ਬਾਰੇ




**ਨਾਮ** ਅਨਮੋਲ ਰਤਨ ਪ੍ਰੋ. ਲਾਲ ਸਿੰਘ (ਐਡਵੋਕੇਟ)

**ਯੋਗਤਾ** ਐਮ.ਏ., ਐਲ.ਐਲ.ਬੀ., ਪੀ.ਈ.ਐਸ.(1) ਰਿਟਾ.

**ਸੇਵਾ ਮੁਕਤ** (ਸਾਬਕਾ) ਮੁਖੀ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਸਰਕਾਰੀ ਕਾਲਜ, ਹੁਸ਼ਿਆਰਪੁਰ, ਪੰਜਾਬ (ਭਾਰਤ)।

**ਮੋਬਾਇਲ** 94175-57751


**ਲੇਖਕ ਦੀਆਂ ਛਪੀਆਂ ਪੁਸਤਕਾਂ -** (1) ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ (ਦੂਜੀ ਵਾਰ)।(2) ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ (ਤੀਜੀ ਵਾਰ)। (3) ਮੂਲ ਮੰਤਰ ਅਨੁਸਾਰ ਆਦਿ ਧਰਮ ਬਨਾਮ ਵਿਸ਼ਵ ਧਰਮ ਦੇ ਸਿਰਜਕ - ਗੁਰੂ ਰਵਿਦਾਸ ਜੀ। (4) "ਬੇ.ਗਮਪੁਰਾ ਸਹਰ ਕੋ ਨਾਉ" ਵਿਚ ਸਥਾਪਤ ਵਿਸ਼ਵ ਸੰਵਿਧਾਨ ਦੇ ਸਿਰਜਕ - ਗੁਰੂ ਰਵਿਦਾਸ ਜੀ (5) ਗੁਰੂ ਰਵਿਦਾਸ ਜੀ ਦਾ ਧਰਮ ਸਿੰਧੂ ਘਾਟੀ ਦੇ ਆਦਿ ਵਾਸੀ ਅਛੂਤਾਂ ਦਾ ਆਦਿ ਧਰਮ (6) ਆਦਿ ਧਰਮ ਬਨਾਮ ਵਿਸ਼ਵ ਧਰਮ ਗ੍ਰੰਥ ਪੋਥੀ ਸਾਹਿਬ ਦੇ ਸਿਰਜਕ ਸਤਿਗੁਰੂ ਰਵਿਦਾਸ ਜੀ (7) ਸਤਿਗੁਰੂ ਰਵਿਦਾਸ ਜੀ ਦੀ ਇਤਿਹਾਸਕ ਜੀਵਨੀ (8) ਫੌਜਾਂ ਦੇ ਸੁਪਰੀਮ ਕਮਾਂਡਰ।

**ਵਿਦੇਸ਼ਾਂ ਵੱਲੋਂ ਸਨਮਾਨਤ -** (1) ਸ੍ਰੀ ਗੁਰੂ ਰਵਿਦਾਸ ਆਦਿ ਧਰਮ ਮਿਸ਼ਨ ਯੂ.ਕੇ. (ਸੋਨੇ ਦੇ ਪੈਨ ਨਾਲ ਸਨਮਾਨਤ)।(2) ਸ੍ਰੀ ਗੁਰੂ ਰਵਿਦਾਸ ਸਭਾ (ਇਟਲੀ)।

**ਸਨਮਾਨਤ -** (1) ਪੰਜਾਬ ਸਰਕਾਰ।(2) ਭਾਰਤੀਯ ਦਲਿਤ ਸਾਹਿਤਯ ਅਕਾਦਮੀ ਉੱਤਰ ਪ੍ਰਦੇਸ਼ (3) ਸ੍ਰੀ ਗੁਰੂ ਰਵਿਦਾਸ ਅਕਾਦਮੀ ਪੰਜਾਬ (ਰਜਿ.) ਗੁਰੂ ਰਵਿਦਾਸ ਮੰਦਰ ਕਮੇਟੀ ਸੰਤੋਖਗੜ੍ਹ (ਹਿਮਾਚਲ ਪ੍ਰਦੇਸ਼)।(4) ਡੇਰਾ ਸੰਤ ਸਰਵਣ ਦਾਸ ਸੱਚਖੰਡ ਬੱਲਾਂ-1995 (ਚਾਂਦੀ ਦੀ ਪਲੇਟ ਨਾਲ ਸਨਮਾਨਤ)।(5) ਡੇਰਾ 108 ਸੰਤ ਜਗਤਗਿਰੀ ਜੀ ਪਠਾਨਕੋਟ।(6) ਸਤਿਗੁਰੂ ਰਵਿਦਾਸ ਨੌਜਵਾਨ ਸਭਾ ਕਪੂਰ (ਜਲੰਧਰ) ਸਿਲਵਰ ਮੈਡਲ।(7) ਡੇਰਾ 108 ਸੰਤ ਟਹਿਲ ਦਾਸ ਜੀ ਸਲੇਮ ਟਬਰੀ, ਲੁਧਿਆਣਾ ਅਤੇ ਅਨੇਕਾਂ ਹੋਰ ਸੰਸਥਾਵਾਂ।

ਪ੍ਰੋ. ਲਾਲ ਸਿੰਘ ਜੀ ਦੀਆਂ ਉਪਰੋਕਤ ਕਿਤਾਬਾਂ ਦੀ ਹਿੰਦੀ ਭਾਸ਼ਾ ਵਿਚ ਵੀ ਬਹੁਤ ਮੰਗ ਆ ਰਹੀ ਹੈ, ਪ੍ਰੰਤੂ ਆਰਥਿਕ ਸਹਿਯੋਗ ਦੀ ਘਾਟ ਕਾਰਨ ਇਹ ਕਿਤਾਬਾਂ ਹਿੰਦੀ ਭਾਸ਼ਾ ਵਿਚ ਪ੍ਰਕਾਸ਼ਿਤ ਨਹੀਂ ਹੋ ਸਕੀਆਂ। ਪਾਠਕਾਂ/ਕੌਮੀ ਦਰਦਵੰਦਾਂ ਨੂੰ ਬੇਨਤੀ ਹੈ ਕਿ ਇਹ ਕਿਤਾਬਾਂ ਹਿੰਦੀ ਭਾਸ਼ਾ ਵਿਚ ਪ੍ਰਕਾਸ਼ਤ ਕਰਨ ਲਈ ਆਪਣਾ ਯੋਗਦਾਨ ਪਾਉਣ ਦੀ ਕ੍ਰਿਪਾਲਤਾ ਕਰਨ ਜੀ।


ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ

ਆਦਿ ਧਰਮ ਅਨਮੋਲ ਰਤਨ - ਕੌਮ ਦੇ ਹੀਰੇ ਪ੍ਰੋ. ਲਾਲ ਸਿੰਘ ਐਡਵੋਕੇਟ


# ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ




*ਆਦਿ ਧਰਮ ਅਨਮੋਲ ਰਤਨ - ਕੌਮ ਦੇ ਹੀਰੇ ਪ੍ਰੋ. ਲਾਲ ਸਿੰਘ ਐਡਵੋਕੇਟ*

*ਐਮ.ਏ., ਐਲ.ਐਲ.ਬੀ; ਪੀ.ਈ.ਐਸ. (I)*

# ਸ੍ਰੀ ਗੁਰੂ ਰਵਿਦਾਸ ਜੀ
# ਉਨ੍ਹਾਂ ਦਾ ਗੁਰੂ
# ਅਤੇ
# ਸ੍ਰੀ ਗੁਰੂ ਗ੍ਰੰਥ ਸਾਹਿਬ

ਹੇ ਨਾਨਕ! ਰਵਿਦਾਸ ਨੇ ਸੋਹਣੇ, ਸੁੰਦਰ ਪ੍ਰਭ ਦੀ ਅਰਾਧਨਾ ਕੀਤੀ ਤਾਂ ਉਹ ਬ੍ਰਹਮ-ਰੂਪ ਬਣ, ਬ੍ਰਹਮ-ਗੁਰੂ ਦੇ ਪਦ ਨੂੰ ਪ੍ਰਾਪਤ ਹੋਏ :

**ਰਵਿਦਾਸ ਧਿਆਏ ਪ੍ਰਭ ਅਨੂਪ॥**
**ਗੁਰ ਨਾਨਕ ਦੇਵ ਗੋਬਿੰਦ ਰੂਪ॥੮॥**

**ਰਾਗ ਬਸੰਤ ਮਹਲਾ ੫ - ਪੰਨਾ 1192**

**ਆਦਿ ਧਰਮ ਅਨਮੋਲ ਰਤਨ - ਕੌਮ ਦੇ ਹੀਰੇ**
**ਪ੍ਰੋ: ਲਾਲ ਸਿੰਘ ਐਡਵੋਕੇਟ**
**ਐਮ.ਏ., ਐਲ.ਐਲ.ਬੀ; ਪੀ.ਈ.ਐਸ. (I)**
**ਸਾਬਕਾ ਮੁਖੀ**
**ਪੋਸਟ ਗਰੈਜੂਏਟ ਪੰਜਾਬੀ ਵਿਭਾਗ**
**ਸਰਕਾਰੀ ਕਾਲਜ, ਹੁਸ਼ਿਆਰਪੁਰ, ਪੰਜਾਬ।**



# SRI GURU RAVIDAS JI
# OHNA DA GURU
# ATE
# SRI GURU GRANTH SAHIB (PUNJABI)

Aad Dharam Anmol Rattan - Qaum De Heere
Prof. Lal Singh Advocate
M.A; L.L.B; P.E.S. (I)
Head
Ex. Post – Graduate Department of Punjabi
(Govt. College, Hoshiarpur, Punjab)
M.: 94175-57751

© ਸਭ ਹੱਕ ਲੇਖਕ ਦੇ ਰਾਖਵੇਂ ਹਨ

**ਪ੍ਰਕਾਸ਼ਨਾਂ ਦਾ ਵੇਰਵਾ**
ਪਹਿਲੀ ਵਾਰ-16 ਅਕਤੂਬਰ-1995-1000
ਦੂਜੀ ਵਾਰ- 5 ਜਨਵਰੀ-1997-2000
ਤੀਜੀ ਵਾਰ - 2000
ਚੌਥੀ ਵਾਰ - 1 ਫਰਵਰੀ 2021=500

ਭਾਰਤ ਵਿਚ ਮੁੱਲ : 200/-ਰੁਪੈ
ਪੌਂਡ-3, ਡਾਲਰ-5

**ਪ੍ਰਕਾਸ਼ਕ :** ਸ੍ਰੀ ਗੁਰੂ ਰਵਿਦਾਸ ਸੇਵਕ ਸੰਘ, ਹੁਸ਼ਿਆਰਪੁਰ
ਸੁਭਾਸ਼ ਨਗਰ ਹੁਸ਼ਿਆਰਪੁਰ 146001
ਮੋਬਾਇਲ : 98729-18308, 79867-86159

**ਛਾਪਕ :** ਵਾਲੀਆ ਪੇਪਰ ਐਂਡ ਸਟੇਸ਼ਨਰ, ਜਲੰਧਰ

## ਸਮਰਪਿਤ

ਵਿਛੜ ਚੁੱਕੀਆਂ ਰੂਹਾਂ, ਭੈਣ ਗੁਰਕੀਰਤ
ਅਤੇ ਧੀ ਰਮਨਦੀਪ ਨੂੰ



# ਤਤਕਰਾ


| ਲੜੀ ਨੰ: | ਵਿਸ਼ਾ | ਪੰਨਾ |
|---|---|---|
| * | ਦੋ ਸ਼ਬਦ | 5 |
| * | ਮੇਰੇ ਬਾਰੇ ਵਿਦਵਾਨ ਪ੍ਰੋਫੈਸਰ ਸਾਹਿਬਾਨ ਦੀ ਰਾਏ | 7 |
| * | ਵਿਦਵਾਨਾਂ ਦੀਆਂ ਟਿੱਪਣੀਆਂ | 8 |
| * | ਇੱਕ ਚਿੱਠੀ | 9 |
| * | ਪ੍ਰਸੰਸ਼ਾ ਯੋਗ ਉੱਦਮ | 10 |
| * | ਸੱਚੀ ਅਤੇ ਨਿਡਰ ਕਲਮ ਦੇ ਵਾਰਿਸ | 11 |
| * | ਲੇਖਕ ਦੀ ਜ਼ਿੰਦਗੀ ਬਾਰੇ ਦੋ ਗੱਲਾਂ | 13 |
| * | ਪਹਿਲਾ ਸੰਕਲਨ ਅਤੇ ਭੂਮਿਕਾ | 15 |
| * | ਦੂਜਾ ਸੰਕਲਨ | 19 |
| * | ਚੌਥਾ ਸੰਕਲਨ | 22 |
| 1. | ਗੁਰੂ ਰਵਿਦਾਸ ਜੀ ਤੋਂ ਪਹਿਲਾਂ ਦੀ ਗੁਰੂ- ਪਰੰਪਰਾ | 24 |
| 2. | ਗੁਰੂ ਰਵਿਦਾਸ ਜੀ: ਬ੍ਰਾਹਮਣ ਵਿਦਵਾਨਾਂ ਅਨੁਸਾਰ ਉਨ੍ਹਾਂ ਦਾ ਗੁਰੂ | 37 |
| 3. | ਗੁਰੂ ਰਵਿਦਾਸ : ਬ੍ਰਾਹਮਣਵਾਦੀ ਵਿਦਵਾਨਾਂ ਅਨੁਸਾਰ ਉਨ੍ਹਾਂ ਦਾ ਗੁਰੂ | 68 |
| 4. | ਗੁਰੂ ਰਵਿਦਾਸ ਜੀ : ਭਗਤ ਜਾਂ ਗੁਰੂ (ਸਿੱਖ ਵਿਦਵਾਨਾਂ ਅਨੁਸਾਰ) | 109 |
| 5. | ਗੁਰੂ ਰਵਿਦਾਸ ਜੀ: ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਗੁਰੂ | 123 |
| 6. | ਗੁਰੂ ਰਵਿਦਾਸ ਬਾਣੀ ਅਨੁਸਾਰ ਉਨ੍ਹਾਂ ਦਾ ਗੁਰੂ | 139 |
| 7. | ਗੁਰੂ ਰਵਿਦਾਸ ਜੀ ਦੀ ਗੁਰੂ ਦੇ ਤੌਰ ਤੇ ਪੂਜਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ | 153 |

# ਦੋ ਸ਼ਬਦ

ਸ੍ਰੀ ਗੁਰੂ ਰਵਿਦਾਸ ਜੀ ਬ੍ਰਹਮ ਸਰੂਪ, ਕ੍ਰਾਂਤੀਕਾਰੀ, ਯੁੱਗ ਪ੍ਰਵਰਤਕ, ਸੂਰਵੀਰ, ਕਰਮਯੋਗੀ ਨਿਡਰ ਯੋਧੇ ਸਨ, ਉਸ ਸਮੇਂ ਗੁਰੂ ਜੀ ਨੀਵੀਂ ਕਥਨ ਕੀਤੀ ਜਾਂਦੀ ਸ਼ੂਦਰ (ਚਮਾਰ) ਜਾਤੀ ਵਿਚ ਪੈਦਾ ਹੋਏ, ਪਰ ਗੁਰੂ ਜੀ ਨੇ ਜਾਤ-ਪਾਤ ਦੇ ਬੰਧਨਾਂ ਨੂੰ ਨਕਾਰਦੇ ਹੋਏ, ਜਿੱਥੇ ਉਨ੍ਹਾਂ ਨੇ ਪ੍ਰਮਾਤਮਾ ਦੀ ਭਗਤੀ ਕਰਦੇ ਹੋਏ ਸੱਚਾ-ਸੁੱਚਾ ਜੀਵਨ ਗੁਜਾਰਿਆ ਉਥੇ ਹੀ ਹਜ਼ਾਰਾਂ ਸਾਲਾਂ ਤੋਂ ਉਚ-ਨੀਚ, ਭੇਦ-ਭਾਵ, ਜਾਤ-ਪਾਤ ਦੇ ਕੂੜ ਪ੍ਰਚਾਰ ਦੇ ਵਿਰੋਧ ਵਿਚ ਆਪਣੀ ਸੁਤੰਤਰਤਾ, ਸਮਾਨਤਾ, ਸਾਂਝੀਵਾਲਤਾ ਭਰਪੂਰ ਨਵੀਂ ਨਰੋਈ ਵਿਸ਼ਵ ਵਿਆਪੀ ਵਿਚਾਰਧਾਰਾ ਨੂੰ ਜਨਮ ਦਿੱਤਾ ਅਤੇ ਆਪਣੇ ਸਮਾਜ ਦੇ ਲੋਕਾਂ ਦੇ ਡਿੱਗੇ ਹੋਏ ਮਨੋਬਲ ਨੂੰ ਉੱਚਾ ਚੁੱਕਣ ਲਈ ਆਪਣੀ ਬਾਣੀ ਵਿਚ ਆਪ ਜੀ ਨੇ ਆਪਣੀ ਜਾਤੀ ਦਾ ਬਾਖ਼ੂਬੀ ਉਲੇਖ ਕੀਤਾ।

**ਕਹਿ ਰਵਿਦਾਸ ਖਲਾਸ ਚਮਾਰਾ॥**
**ਜੋ ਹਮ ਸਹਰੀ ਸੁ ਮੀਤੁ ਹਮਾਰਾ॥**

ਗੁਰੂ ਰਵਿਦਾਸ ਜੀ ਦੇ ਜੀਵਨ ਸਮੇਂ ਦਾ ਸਮਾਜ ਜਾਤੀ ਭੇਦ-ਭਾਵ ਵਾਲਾ ਸੀ, ਉਸ ਸਮੇਂ ਜਾਤੀ ਵਰਣ ਵਿਵਸਥਾ ਹਿੰਦੂ ਧਰਮ ਸ਼ਾਸਤਰਾਂ ਅਨੁਸਾਰ ਸਖ਼ਤੀ ਨਾਲ ਲਾਗੂ ਸੀ ਜੋ ਅੱਜ ਵੀ ਦੇਖਣ ਨੂੰ ਮਿਲ ਜਾਂਦੀ ਹੈ, ਜਿੱਥੇ ਸ਼ੂਦਰ ਜਾਤੀਆਂ ਨੂੰ ਵਿੱਦਿਆ ਪੜ੍ਹਨ ਦੀ ਮਨ੍ਹਾਹੀ ਸੀ, ਉਥੇ ਹੀ ਆਪਣਾ ਜੀਵਨ ਪੱਧਰ ਉੱਚਾ ਚੁੱਕਣ ਤੇ ਸਖ਼ਤ ਪਾਬੰਦੀਆਂ ਸੀ, ਸਿਰਫ਼ ਸ਼ੂਦਰ ਜਾਤੀ ਨੂੰ ਉਪਰਲੀਆਂ ਜਾਤੀਆਂ ਦੀ ਸੇਵਾ ਕਰਨ ਦਾ ਹੀ ਹੁਕਮ ਸੀ।

ਆਪ ਜੀ ਨੇ ਇਸ ਨਿਘਰ ਰਹੇ ਸਮਾਜ ਵਿਚ ਨਵੀਂ ਰੂਹ ਫੂਕਣ ਲਈ ਮਾਨਵਤਾਵਾਦੀ ਸਾਂਝੀਵਾਲਤਾ, ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਨਿਰਵੈਰ ਨਿਰਭਉ ਹੋ ਕੇ ਪ੍ਰਚੱਲਤ ਕੀਤਾ ਤੇ ਆਪਣੇ ਸਮਾਜ ਨੂੰ ਇਸ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਆਪ ਨੇ ਆਦਿਵਾਸੀ ਸ਼ੂਦਰਾਂ ਅਛੂਤਾਂ ਨੂੰ ਆਪਣੇ ਖੋਹੇ ਹੋਏ ਹੱਕ ਮੁੜ ਪ੍ਰਾਪਤ ਕਰਨ ਲਈ ਮਹਾਂ ਸੰਘਰਸ਼ ਚਲਾਉਣ ਦਾ ਹੁਕਮ ਦਿੱਤਾ। ਜਿਵੇਂ ਮਾਰੂ ਰਾਗ ਵਿਚ ਗੁਰੂ ਰਵਿਦਾਸ ਜੀ ਫ਼ੁਰਮਾਉਂਦੇ ਹਨ -

**ਐਸੀ ਲਾਲ ਤੁਝ ਬਿਨੁ ਕਉਨੁ ਕਰੈ॥**
**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥੧॥ ਰਹਾਉ॥**
**ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਂਹੀ ਢਰੈ॥**
**ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥੧॥**

ਗੁਰੂ ਰਵਿਦਾਸ ਜੀ ਨੇ ਸਦੀਆਂ ਤੋਂ ਲਤਾੜੇ ਤੇ ਪਿਛਾੜੇ ਹੋਏ ਸਮਾਜ ਦੇ ਲੋਕਾਂ ਨੂੰ ਆਪਣੀ ਖੁੱਸੀ ਹੋਈ ਅਜ਼ਾਦੀ ਨੂੰ ਬਹਾਲ ਕਰਨ ਲਈ ਸੰਘਰਸ਼ ਦਾ ਰਸਤਾ ਅਪਨਾਉਣ ਲਈ



ਜਿਥੇ ਪ੍ਰੇਰਿਆ ਉਥੇ ਹੀ ਆਪਸੀ ਪ੍ਰੇਮ ਭਾਈਚਾਰਾ, ਮਿਲਣ ਵਰਤਣ ਵਿਚ ਮਿਠਾਸ ਪੈਦਾ ਕਰਨ ਨੂੰ ਵੀ ਤਰਜੀਹ ਦਿੱਤੀ ਜਿਵੇਂ ਗੁਰੂ ਜੀ ਆਪਣੀ ਬਾਣੀ ਵਿਚ ਫ਼ੁਰਮਾਨ ਕਰਦੇ ਹਨ -

**ਸਤ ਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ॥**

ਗੁਰੂ ਰਵਿਦਾਸ ਜੀ ਨੇ ਮਾਨਵਤਾ ਦੇ ਦੁੱਖ ਨੂੰ ਮਿਟਾਉਣ ਲਈ ਇਸ ਧਰਤੀ ਉੱਤੇ ਹੀ ਇਕ ਸਮਾਨ ਆਦਰਸ਼ ਸਮਾਜ ਬੇਗ਼ਮਪੁਰਾ ਸ਼ਹਿਰ ਵਸਾਉਣ ਦਾ ਸੰਕਲਪ ਪੇਸ਼ ਕੀਤਾ ਜਿਸ ਵਿਚ ਹਰ ਮਨੁੱਖ ਜਾਤ-ਪਾਤ ਤੇ ਛੋਟੇ-ਵੱਡੇ ਦੇ ਭੇਦ-ਭਾਵ ਤੋਂ ਮੁਕਤ ਹੋ ਕੇ ਬਰਾਬਰੀ ਵਾਲਾ ਜੀਵਨ ਬਤੀਤ ਕਰ ਸਕੇ।

ਗੁਰੂ ਰਵਿਦਾਸ ਜੀ ਨੇ ਸਰਬਸਾਂਝੀ, ਮਾਨਵਤਾਵਾਦੀ ਸਮਾਨਤਾ ਭਰਪੂਰ ਵਿਚਾਰਧਾਰਾ ਨੂੰ ਬੜੇ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਪ੍ਰਚਾਰਿਆ ਉਸ ਦੇ ਨਾਲ-ਨਾਲ ਉਨ੍ਹਾਂ ਲੋਕਾਂ ਨੂੰ ਵੀ ਇਸ ਤੇ ਚੱਲਣ ਲਈ ਤੇ ਮੰਨਣ ਲਈ ਪ੍ਰੇਰਿਤ ਕੀਤਾ, ਮਜਬੂਰ ਕੀਤਾ ਜਿਵੇਂ ਅਬ ਬਿਪਰ ਪ੍ਰਧਾਨ ਤਿਹਿ ਕਰਹਿ ਡੰਡਉਤਿ, ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ਬ੍ਰਾਹਮਣ ਬੁੱਧ ਨੂੰ ਖ਼ਤਮ ਕਰ ਸਕੇ ਪਰ ਗੁਰੂ ਰਵਿਦਾਸ ਨੂੰ ਨਹੀਂ, ਗੁਰੂ ਜੀ ਨੇ ਬਿਪਰ ਪ੍ਰਧਾਨ ਵਰਗ ਨੂੰ ਵੀ ਆਪਣੇ ਚਰਨੀਂ ਝੁੱਕਣ ਲਈ ਮਜਬੂਰ ਕੀਤਾ। ਗੁਰੂ ਜੀ ਦੀ ਲਾਸਾਨੀ ਵਿਚਾਰਧਾਰਾ ਨੇ ਪੂਰੇ ਭਾਰਤ ਵਿਚ ਕ੍ਰਾਂਤੀ ਦਾ ਮੁੱਢ ਬੰਨਿਆ ਉਥੇ ਹੀ ਪ੍ਰਮਾਤਮਾ ਦੀ ਭਗਤੀ ਕਰਨ ਵਾਲਿਆਂ ਵਿਚ ਉਨ੍ਹਾਂ ਨੇ ਸ਼੍ਰੋਮਣੀ ਭਗਤ ਦੀ ਉਪਾਧੀ ਵੀ ਹਾਸਲ ਕੀਤੀ।

ਸ੍ਰੀ ਗੁਰੂ ਰਵਿਦਾਸ ਜੀ ਦੀ ਮਹਾਨਤਾ ਨੂੰ ਜਨ-ਜਨ ਤੱਕ ਪਹੁੰਚਾਉਣ ਅਤੇ ਉਨ੍ਹਾਂ ਦੇ ਜੀਵਨ, ਬਾਣੀ, ਵਿਚਾਰਧਾਰਾ ਸੰਬੰਧੀ ਸਭ ਤੋਂ ਵੱਡੀ ਖੋਜ ਦਾ ਸਿਹਰਾ ਆਦਿ ਧਰਮ ਅਨਮੋਲ ਰਤਨ ਐਡਵੋਕੇਟ ਪ੍ਰੋ. ਲਾਲ ਸਿੰਘ ਲੁਧਿਆਣਾ ਜੀ ਨੂੰ ਜਾਂਦਾ ਹੈ। ਉਨ੍ਹਾਂ ਦੇ ਹੁਣ ਤੱਕ 8 ਖੋਜ ਗ੍ਰੰਥ ਪ੍ਰਕਾਸ਼ਿਤ ਹੋ ਚੁੱਕੇ ਹਨ। ਮੈਨੂੰ ਇਸ ਗੱਲ ਦੀ ਅਤਿਅੰਤ ਪ੍ਰਸੰਨਤਾ ਹੈ ਕਿ ਮੈਂ ਪ੍ਰੋ. ਲਾਲ ਸਿੰਘ ਜੀ ਦੇ ਸਭ ਤੋਂ ਪਹਿਲੇ ਖੋਜ ਗ੍ਰੰਥ "ਸ੍ਰੀ ਗੁਰੂ ਰਵਿਦਾਸ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਦਾ ਚੌਥਾ ਸੰਕਲਨ ਪ੍ਰਕਾਸ਼ਿਤ ਕਰ ਰਿਹਾ ਹਾਂ। ਇਸ ਨਵੇਂ ਪ੍ਰਕਾਸ਼ਨ ਵਿਚ ਸਹਿਯੋਗ ਦੇਣ ਵਾਲੇ ਸਾਰੇ ਗੁਰੂ ਪ੍ਰੇਮੀਆਂ ਦਾ ਤਹਿ ਦਿਲ ਤੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੀ ਬਦੌਲਤ ਇਹ ਚੌਥਾ ਪ੍ਰਕਾਸ਼ਨ ਪਾਠਕਾਂ ਦੇ ਹੱਥਾਂ ਤੱਕ ਪਹੁੰਚਿਆ ਹੈ। ਉਨ੍ਹਾਂ ਵਿਚ ਵਿਸ਼ੇਸ਼ ਧੰਨਵਾਦ ਹੈ ਸ੍ਰੀ ਸੰਜੀਵ ਕੁਮਾਰ ਜੀ ਦਾ ਜੋ ਚਿਰੋਕਣੇ ਸਮੇਂ ਤੋਂ ਮੈਨੂੰ ਇਸ ਗ੍ਰੰਥ ਦੇ ਪ੍ਰਕਾਸ਼ਨ ਲਈ ਜ਼ੋਰ ਪਾ ਰਹੇ ਸਨ। ਬਹੁਤ-ਬਹੁਤ ਧੰਨਵਾਦ ਹੈ ਡਾ. ਕ੍ਰਿਸ਼ਨ ਗੋਪਾਲ ਜੀ, ਸ੍ਰੀ ਹਰਬੰਸ ਹੀਰਾ ਯੂ.ਕੇ., ਸ੍ਰੀ ਪ੍ਰੇਮ ਕੁਮਾਰ ਚੁੰਬਰ ਯੂ.ਕੇ., ਸ੍ਰੀ ਰਾਕੇਸ਼ ਕੁਮਾਰ ਬੰਗੜ, ਸ੍ਰੀ ਪ੍ਰਵੀਨ ਕੁਮਾਰ ਅਤੇ ਹੋਰ ਸਾਰੇ ਸਾਥੀਆਂ ਦਾ ਜਿਨ੍ਹਾਂ ਦੀ ਪ੍ਰੇਰਨਾ ਅਤੇ ਆਰਥਿਕ ਸਹਿਯੋਗ ਨਾਲ ਇਹ ਕਾਰਜ ਸੰਪੰਨ ਹੋਇਆ ਹੈ।

**ਪਵਨ ਕੁਮਾਰ ਪ੍ਰਧਾਨ**
**ਸ੍ਰੀ ਗੁਰੂ ਰਵਿਦਾਸ ਸੇਵਕ ਸੰਘ, ਮੁਹੱਲਾ ਸੁਭਾਸ਼ ਨਗਰ, ਹੁਸ਼ਿਆਰਪੁਰ**
**ਮੋਬਾਈਲ : 7986786159, 9872918308**

# ਮੇਰੇ ਬਾਰੇ ਵਿਦਵਾਨ ਪ੍ਰੋਫੈਸਰ ਸਾਹਿਬਾਨ ਦੀ ਰਾਏ

ਸਤਿਕਾਰ ਯੋਗ ਡਾ: ਬਲਵੀਰ ਸਿੰਘ ਸੰਧੂ ਮੰਨੇ ਪ੍ਰਮੰਨੇ ਉੱਚ ਕੋਟੀ ਦੇ ਵਿਦਵਾਨ ਸਨ ਉਨ੍ਹਾਂ ਨੇ U.S.S.R ਹੁਣ ਰੂਸ ਤੋਂ ਡੀ. ਐਸ. ਸੀ. ਦੀ ਡਿਗਰੀ ਪ੍ਰਾਪਤ ਕੀਤੀ। ਸੁਣਿਆ ਹੈ ਕਿ ਰੂਸ ਵਿਚ ਕੋਈ ਵੀ ਵਿਦੇਸ਼ੀ ਡੀ. ਐਸ. ਸੀ. ਦੀ ਡਿਗਰੀ ਲਈ ਰੂਸੀ ਸਕਾਲਰਸ਼ਿਪ ਨਹੀਂ ਸੀ ਪ੍ਰਾਪਤ ਕਰ ਸਕਦਾ। ਪਰ ਉਹ ਐਨੇ ਮਹਾਨ ਵਿਦਵਾਨ ਸਨ ਕਿ ਉਨ੍ਹਾਂ ਦੀ ਵਿਦਵਤਾ ਦੇ ਚਮਤਕਾਰੀ ਪ੍ਰਭਾਵ ਨੇ ਯੂਨੀਵਰਸਿਟੀ ਨੂੰ ਆਪਣੇ ਨਿਯਮ ਬਦਲਣ ਲਈ ਮਜ਼ਬੂਰ ਕਰ ਦਿੱਤਾ। ਉਸ ਦੀ ਮਹਾਨ ਵਿਦਵਤਾ ਨੂੰ ਸਲਾਮ!

ਡਾਇਰੀ ਬੋਲਦੀ ਹੈ–

18.11.64.. ਜਿਹੜੀ ਗਲ ਪ੍ਰੋ : (ਵੀ.ਐਨ.) ਤਿਵਾੜੀ ਨੇ ਕੁਝ ਮਹੀਨੇ ਪਹਿਲਾਂ ਮੇਰੇ ਬਾਰੇ ਆਖੀ ਸੀ ਕਿ ਤੇਰੇ ਅੰਦਰ spark ਹੈ, ਜੇ ਪੜ੍ਹਾਈ regular ਕਰੇਂ ਤਾ ਕੁਝ ਬਣ ਸਕਦਾ ਹੈ। ਗੱਲ ਮੈਂ ਸੁਣ ਲਈ ਅਤੇ ਆਈ ਗਈ ਕਰ ਦਿੱਤੀ। ਕੁੱਝ ਚਿਰ ਪਿੱਛੋਂ ਪ੍ਰੋ : (ਬਲਵੀਰ ਸਿੰਘ) ਸੁੰਧੂ ਸਾਹਿਬ ਨੇ ਆਖਿਆ ਤੇਰੇ ਅੰਦਰ ਕੁਝ ਕਰ ਸਕਣ ਦੀ ਸ਼ਕਤੀ ਹੈ ਉਨ੍ਹਾਂ ਨੇ ਤਾਂ ਇਥੋਂ ਤੱਕ ਆਖਿਆ ਤੇਰੇ ਵਿੱਚ ਕੁਝ ਗੁਣ greatness ਦੇ ਹਨ। ਪਰ ਮੈਂ ਇਹ ਨਾ ਗੌਲਿਆ। ਪਰ ਅਜ ਦੁਬਾਰਾ ਸੰਧੂ ਸਾਹਿਬ ਦੇ ਕਹਿਣ ਤੇ ਕਿ ਉਹ ਚੀਜ਼ ਜਿਹੜੀ ਮੇਰੇ ਵਿੱਚ ਹੁੰਦੀ ਸੀ–ਕੁਝ ਬਣਨ ਦੀ ਤਪਸ ਅਤੇ ਆਪਣੇ ਆਪ ਨਾਲ ਅਤੇ ਦੂਜਿਆਂ ਨਾਲ Sincerity ਤੇਰੇ ਵਿੱਚ ਹੈ। ਸੋ ਜੇਕਰ ਤੂੰ ਇਸ ਨੂੰ ਮਿਹਨਤ ਨਾਲ ਵਰਤੇਂ ਤਾਂ ਸਿੱਟੇ ਆਸ਼ਾਜਨਕ (ਨਿਕਲ ਸਕਦੇ) ਹਨ।...।

ਇਹ ਉਸ ਸਮੇਂ ਦੀ ਗੱਲ ਹੈ ਜਦੋਂ ਮੈਂ ਐਮ.ਏ. I ਦਾ ਵਿਦਿਆਰਥੀ ਸਾਂ।

ਹੁਣ ਪਾਠਕ–ਜਨ ਇਸ ਪੁਸਤਕ ਨੂੰ ਪੜ੍ਹਕੇ ਆਪ ਹੀ ਰਾਏ ਬਨਾਉਣ ਕਿ ਕੀ ਮੈਂ ਪ੍ਰੋਫੈਸਰ ਸਾਹਿਬਾਨ ਦੀ ਡੂੰਘੀ ਪਾਰਖੂ ਅਤੇ ਘੋਖ ਦ੍ਰਿਸ਼ਟੀ ਦੀ ਰਾਏ ਜਾਂ ਭਵਿਖ–ਬਾਣੀ ਮੁਤਾਬਕ ਪੂਰਾ ਉੱਤਰਿਆ ਹਾਂ?

ਨੋਟ: ਬ੍ਰੈਕਟ ਵਾਲੇ ਸ਼ਬਦ ਬਾਦ ਵਿੱਚ ਪਾਏ ਗਏ ਹਨ।



# ਵਿਦਵਾਨਾਂ ਦੀਆਂ ਟਿੱਪਣੀਆਂ

1. ਡਾ: ਦੀਪਕ ਮਨਮੋਹਨ ਸਿੰਘ, ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਹਰ ਪਖੋਂ ਸੰਪੂਰਨ ਹੋਣ ਕਾਰਣ ਇਹ ਪੁਸਤਕ ਰੈਫਰੈਂਸ ਬੁੱਕ ਬਣੇਗੀ।

2. ਮੈਂ ਤੇ ਡਾ: ਹਰਨੇਕ ਸਿੰਘ ਕਲੇਰ ਸ: ਕਰਮ ਸਿੰਘ ਰਾਜੂ ਨੂੰ ਮਿਲਣ ਉਨ੍ਹਾਂ ਦੇ ਘਰ ਗਏ। ਸੁਭਾਵਕ ਹੀ ਜਿਹੜੀ ਵਾਰਤਾਲਾਪ ਹੋਈ, ਉਹ ਹੂ–ਬ–ਹੂ ਇਸ ਤਰ੍ਹਾਂ ਹੈ :–

ਰਾਜੂ ਸਾਹਿਬ – ਤੁਹਾਡੇ ਦਰਸ਼ਨ ਅੱਜ ਹੋਏ ਪਰ ਤੁਹਾਡਾ ਨਾਉਂ ਬਹੁਤ ਵੱਡਾ ਹੈ।

ਲੇਖਕ – ਮੈਂ ਅਜੇ ਅਜਿਹਾ ਕੁਝ ਨਹੀਂ ਕੀਤਾ।

ਰਾਜੂ ਸਾਹਿਬ– ਤੁਹਾਡੀ ਪੁਸਤਕ "ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ" ਸਬੰਧੀ ਡਾ. ਦਰਸ਼ਨ ਸਿੰਘ, ਡਾ: ਜਸਬੀਰ ਸਿੰਘ ਸਾਬਰ, ਡਾ: ਧਰਮ ਪਾਲ ਸਿੰਗਲ ਅਤੇ ਮੈਂ (ਰਾਜੂ ਸਾਹਿਬ) ਕਾਫ਼ੀ ਸਮੇਂ ਤੱਕ ਚਰਚਾ ਕਰਦੇ ਰਹੇ।

ਅੰਤਰ–ਰਾਸ਼ਟਰੀ ਅਤੇ ਰਾਸ਼ਟਰੀ ਪ੍ਰਸਿੱਧੀ ਦੇ ਵਿਦਵਾਨ ਕਿਸੇ ਪੁਸਤਕ ਤੇ ਚਰਚਾ ਕਰਨ ਇਹ ਆਪਣੇ ਆਪ ਵਿੱਚ ਇੱਕ ਬਹੁਤ ਵੱਡੀ ਪ੍ਰਾਪਤੀ ਹੈ।

ਡਾ: ਦਰਸ਼ਨ ਸਿੰਘ– ਪ੍ਰੋਫੈਸਰ ਅਤੇ ਮੁੱਖੀ ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ। ਹੁਣ ਸੇਵਾ ਮੁਕਤ

ਡਾ: ਜਸਬੀਰ ਸਿੰਘ ਸਾਬਰ– ਰੀਡਰ ਗੁਰੂ ਨਾਨਕ ਅਧਿਐਨ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਡਾ: ਧਰਮਪਾਲ ਸਿੰਗਲ– ਪ੍ਰੋਫੈਸਰ ਤੇ ਮੁਖੀ, ਗੁਰੂ ਰਵਿਦਾਸ ਚੇਅਰ, ਪੰਜਾਬ, ਯੂਨੀਵਰਸਿਟੀ, ਚੰਡੀਗੜ੍ਹ। ਹੁਣ ਸੇਵਾ ਮੁਕਤ

ਸ: ਕਰਮ ਸਿੰਘ ਰਾਜੂ– I.A.S. (Retd.) ਗੁਰੂ ਰਵਿਦਾਸ ਜੀ ਬਾਰੇ ਕਈ ਪੁਸਤਕਾਂ ਲਿਖੀਆਂ ਹਨ।

3. ਡਾ: ਪਰਮਿੰਦਰ ਸਿੰਘ – ਪੰਜਾਬੀ ਵਿਭਾਗ, ਸਰਕਾਰੀ ਕਾਲਜ, ਮੁਕਤਸਰ।

"ਤੁਹਾਡੀ ਪੁਸਤਕ ਵਿੱਚ ਪ੍ਰਿੰਸੀਪਲ ਤੇਜਾ ਸਿੰਘ ਅਤੇ ਪ੍ਰੋਫੈਸਰ ਪੂਰਨ ਸਿੰਘ ਦੋਹਾਂ ਦੀ ਸ਼ੈਲੀ ਦਾ ਸੁਮੇਲ ਹੈ।"

# ਇੱਕ ਚਿੱਠੀ

DALIP KUMAR BHARTI
49 Gaysham Ave, Gantshill,
Llford, Essex 1G2 6TB
Dated 23.12.1996

ਮਾਨਯੋਗ ਪ੍ਰੋ: ਸਾਹਿਬ ਸ੍ਰੀ ਮਾਨ ਸ: ਲਾਲ ਸਿੰਘ ਜੀਉ,

ਜੈ ਭਾਰਤ ਸਵੀਕਾਰ ਕਰਦੇ ਹੋਏ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜਾ ਦਾ ਜੈਕਾਰਾ ਜੈ ਗੁਰੂਦੇਵ ਤੇ ਦਸਵੇ ਪਾਤਸ਼ਾਹ ਦਾ ਸ: ਸ: ਅਕਾਲ ਦਾ ਜੈਕਾਰਾ ਵੀ ਸਵੀਕਾਰ ਕਰਨਾ। ਆਪ ਜੀ ਦੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਦੇ ਕੇ ਛਪੀ ਪੁਸਤਕ ਨੇ ਸਮਾਜਕ ਬਰਾਬਰੀ ਦੇ ਪ੍ਰਤੀਬਿੰਬ ਸਾਹਿਬੇ-ਕਮਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਪ੍ਰਤਿਭਾ ਨੂੰ ਜੋ ਚਾਰ ਚੰਦ ਲਾ ਕੇ ਰੌਸ਼ਨ ਕੀਤਾ ਹੈ ਮੈਨੂੰ ਆਪ ਜੀ ਨੂੰ ਹਾਰਦਿਕ ਵਧਾਈ ਦੇਣ ਲਈ ਇੰਨਾ ਪ੍ਰਸੰਨ ਕੀਤਾ ਹੈ ਕਿ ਮੈਂ ਲਫਜ਼ਾਂ ਰਾਹੀਂ ਬਿਆਨ ਨਹੀਂ ਕਰ ਸਕਦਾ। ਇਸ ਵੇਲੇ ਦੀ ਮੇਰੀ ਮਜਬੂਰੀ ਇਹ ਹੈ ਕਿ ਮੈਂ 25 ਤਾਰੀਖ ਨੂੰ ਅਜੇ Hospital ਤੋਂ Discharge ਹੋ ਕੇ ਆਇਆ ਹਾਂ। ਬਹੁਤ ਲਿਖ ਨਹੀਂ ਸਕਦਾ। ਕੰਮ ਤੇ ਅਜੇ ਜਾ ਨਹੀਂ ਸਕਦਾ। ਸਮਾਜਕ ਠੇਕੇਦਾਰਾਂ ਨੂੰ ਮਹਜ਼ਬ ਦੀ ਆੜ ਲੈ ਕੇ ਇਕ ਚੁਣੌਤੀ ਹੈ। ਸ਼ਾਲਾ ਤੁਹਾਡੀ ਕਲਮ ਚਲਦੀ ਰਹੇ! ਮੇਰਾ ਜੀਅ ਕਰਦਾ ਹੈ ਕਿ ਮੈਂ ਕੁਝ ਹੋਰ ਸਤਰਾਂ ਲਿਖਾ। ਕੋਈ ਇਸ ਸੰਬੰਧੀ ਹੋਰ ਰਚਨਾ ਹੋਵੇ ਤਾਂ ਪਤਾ ਦੇਣਾ। ਇਸ ਪੁਸਤਕ ਲਈ ਮੈਂ ਬੱਲਾਂ ਵਾਲੇ ਸੰਤਾ ਨਾਲ ਆਏ ਸ੍ਰੀ ਮਾਨ 108 ਸਵਾਮੀ ਰਾਮਾਨੰਦ ਜੀ ਦਾ ਵੀ ਬਹੁਤ ਧੰਨਵਾਦੀ ਹਾਂ। ਜਿਨ੍ਹਾਂ ਨੇ ਤੋਹਫੇ ਦੇ ਤੌਰ ਤੇ ਇਹ ਮੈਨੂੰ ਬਖਸ਼ੀ ਆਪਣੀ ਇੰਗਲੈਂਡ ਫੇਰੀ ਸਮੇਂ।

ਮੈਂ Scotland ਪੰਦਰਾਂ ਸੋਲਾਂ ਸਾਲ ਰਿਹਾ ਹਾਂ ਤੇ 18 ਸਾਲ ਤੋਂ ਉਪਰ England ਆਏ ਨੂੰ ਵੀ ਹੋ ਗਏ ਹਨ ਇਨ੍ਹਾਂ ਵਿਤਕਰੇ ਭਰੇ ਲੀਡਰਾਂ ਦੇ ਵਤੀਰੇ ਨੇ ਸੱਚਾਈ ਤੇ ਕਿੰਨਾ ਚਿਰ ਤੋਂ ਪਰਦਾ ਪਾਈ ਰੱਖਿਆ ਸੀ। ਸੰਖੇਪ ਤੌਰ ਤੇ ਵਧਾਈ ਦਿੰਦਾ ਹਾਂ।

X-MAS ਤੇ ਨਵਾਂ ਸਾਲ ਵੀ ਮੁਬਾਰਕ ਹੋਵੇ।

ਤੁਹਾਡਾ ਲੇਖਣੀ ਦਾ ਕਾਇਲ

**ਦਲੀਪ ਕੁਮਾਰ ਭਾਰਤੀ**

**Dalip kumar Bharti**

**23.12.1996**



# ਪ੍ਰਸੰਸ਼ਾ ਯੋਗ ਉੱਦਮ

ਇਹ ਬੜੀ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਮਾਣਯੋਗ ਪ੍ਰੋਫੈਸਰ ਲਾਲ ਸਿੰਘ ਮਹੇ ਜੀ ਦੀ ਕਿਤਾਬ "**ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**" ਸ੍ਰੀ ਗੁਰੂ ਰਵਿਦਾਸ ਸੇਵਕ ਸੰਘ ਹੁਸ਼ਿਆਰਪੁਰ ਦੇ ਯਤਨਾਂ ਨਾਲ ਮੁੜ ਪ੍ਰਕਾਸ਼ਿਤ ਹੋਣ ਜਾ ਰਹੀ ਹੈ। ਪ੍ਰੋਫੈਸਰ ਲਾਲ ਸਿੰਘ ਮਹੇ ਜੀ ਨੂੰ ਮੈਂ ਲਗਭਗ ਸਾਢੇ ਤਿੰਨ ਦਹਾਕਿਆਂ ਤੋਂ ਜਾਣਦਾ ਹਾਂ, ਖਾਸ ਕਰਕੇ ਜਦੋਂ ਉਹ ਵੱਡੇ ਭਾਈ ਸਾਹਿਬ ਸ੍ਰੀ ਸੀ.ਐਲ. ਚੁੰਬਰ ਸਾਹਿਬ ਨੂੰ ਮਿਲਣ ਆਇਆ ਕਰਦੇ ਸੀ ਤੇ ਕਦੇ ਅਸੀਂ ਪ੍ਰੋਫੈਸਰ ਸਾਹਿਬ ਨੂੰ ਮਿਲਣ ਜਾਇਆ ਕਰਦੇ ਜਦੋਂ ਜਲੰਧਰ ਹੀ ਰਹਿੰਦੇ ਸਨ ਤੇ ਸਰਕਾਰੀ ਕਾਲਜ ਹੁਸ਼ਿਆਰਪੁਰ ਪੜ੍ਹਾਇਆ ਕਰਦੇ ਸਨ। ਉਨ੍ਹਾਂ ਦਿਨਾਂ 'ਚ ਪ੍ਰੋਫੈਸਰ ਲਾਲ ਸਿੰਘ ਆਪਣੀ ਪਹਿਲੀ ਕਿਤਾਬ **ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ-ਸਿਧਾਂਤ** ਦੀ ਤਿਆਰੀ ਵਿਚ ਸਨ। ਇਹੀ ਪਹਿਲੀ ਕਿਤਾਬ ਹੈ ਜਿਸ ਨੇ ਮੇਰੇ ਮਨ ਤੇ ਗਹਿਰਾ ਪ੍ਰਭਾਵ ਪਾਇਆ। ਜੋ ਉਨ੍ਹਾਂ ਬੜੀ ਲਗਨ ਅਤੇ ਸਖ਼ਤ ਮਿਹਨਤ ਨਾਲ ਲਿਖੀ। ਉਨ੍ਹਾਂ ਹੋਰ ਵੀ ਕਈ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿਚੋਂ ਇਕ ਜੋ ਹੁਣ ਹੱਥਲੀ ਕਿਤਾਬ ਪ੍ਰਕਾਸ਼ਿਤ ਹੋਣ ਜਾ ਰਹੀ ਹੈ, ਨੂੰ ਵੀ ਪੜ੍ਹਿਆ ਹੀ ਨਹੀਂ ਬਲਕਿ ਅਮਰੀਕਾ ਆ ਕੇ ਪ੍ਰੋਫੈਸਰ ਸਾਹਿਬ ਦੇ ਧੰਨਵਾਦ ਸਹਿਤ ਮੈਂ ਆਪਣੇ ਹਫ਼ਤਾਵਾਰੀ ਪੰਜਾਬੀ ਅਖ਼ਬਾਰ ਦੇਸ਼ ਦੁਆਬਾ ਵਿਚ ਬਹੁਤ ਸਾਰਾ ਮੈਟਰ ਛਾਪਿਆ ਵੀ, ਜਿਸ ਨਾਲ ਪਾਠਕਾਂ ਅਤੇ ਸਮਾਜ ਸੇਵੀ ਲੋਕਾਂ ਨੇ ਇਸ ਕਿਤਾਬ ਦੀ ਮੰਗ ਵੀ ਕੀਤੀ।

ਸੋ ਅੱਜ ਜੋ ਮੈਨੂੰ, ਮੁੜ ਪ੍ਰਕਾਸ਼ਿਤ ਹੋਣ ਦੀ ਖੁਸ਼ਖ਼ਬਰੀ ਅਤੇ ਦੋ ਸ਼ਬਦ ਲਿਖਣ ਲਈ ਸ੍ਰੀ ਚਰਨਜੀਤ ਸਿੰਘ ਬਿਨਪਾਲਕੇ ਜੀ ਨੇ ਗੁਜਾਰਿਸ਼ ਕੀਤੀ ਹੈ, ਵਾਕਈਆ ਮਨ ਨੂੰ ਖੁਸ਼ੀ ਮਿਲੀ ਕਿ ਸੰਗਤਾਂ ਦੀ ਬੜੀ ਪੁਰਾਣੀ ਰੀਝ ਹੁਣ ਪੂਰੀ ਹੋਵੇਗੀ।

ਮੈਂ ਅਦਾਰਾ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਵੱਲੋਂ ਜਿੱਥੇ ਦਿਲੀ ਸ਼ੁਭ ਕਾਮਨਾਵਾਂ ਦਿੰਦਾ ਹਾਂ ਉਥੇ ਇਸ ਕਿਤਾਬ ਦ ਸੁਨੇਹਾ ਵੀ ਪਾਠਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਕਰਾਂਗਾ। ਉਮੀਦ ਹੈ ਐਨ.ਆਰ.ਆਈ. ਭੈਣ-ਭਰਾਵਾਂ ਅਤੇ ਸੰਸਥਾਵਾਂ ਇਸ ਕਿਤਾਬ ਦੇ ਗਿਆਨ ਦਾ ਭਰਪੂਰ ਫਾਇਦਾ ਉਠਾਉਣਗੇ ਤੇ ਮੈਂ ਅਪੀਲ ਕਰਨੀ ਚਾਹਾਂਗਾ ਕਿ ਉਹ ਲੇਖਕ ਅਤੇ ਅਜਿਹੀਆਂ ਸਮਾਜ ਸੇਵੀ ਮਿਸ਼ਨਰੀ ਸੰਸਥਾਵਾਂ ਦੀ ਮਾਲੀ ਮੱਦਦ ਵੀ ਕਰਨ ਤਾਂਕਿ ਉਹ ਅਜਿਹੇ ਉੱਤਮ ਉਪਰਾਲੇ ਹੋਰ ਵੀ ਕਰਦੇ ਰਹਿਣ।

ਜੈ ਗੁਰਦੇਵ!

| | |
|---|---|
| 22 **ਅਕਤੂਬਰ** 2020 | **ਪ੍ਰੇਮ ਕੁਮਾਰ ਚੁੰਬਰ** |
| **ਦੇਸ਼ ਦੁਆਬਾ** | **ਅੰਬੇਦਕਰ ਟਾਈਮਜ਼** |
| **www.deshdoaba.com** | **www.ambedkartimes.com** |
| **Email : deshdoaba@yahoo.com** | **Cell : 916-947-8920** |

# ਸੱਚੀ ਅਤੇ ਨਿਡਰ ਕਲਮ ਦੇ ਵਾਰਿਸ

ਆਦਿ ਧਰਮ ਅਨਮੋਲ ਰਤਨ ਐਡਵੋਕੇਟ ਪ੍ਰੋ. ਲਾਲ ਸਿੰਘ ਜੀ ਲੁਧਿਆਣਾ ਸ੍ਰੀ ਗੁਰੂ ਰਵਿਦਾਸ ਮਿਸ਼ਨ ਦੇ ਬਹੁਤ ਵੱਡੇ ਬੁੱਧੀਜੀਵੀ ਚਿੰਤਕ ਹਨ। ਬਹੁਤ ਸਾਰੇ ਲੇਖਕਾਂ ਨੇ ਗੁਰੂ ਰਵਿਦਾਸ ਜੀ ਦੇ ਬਾਰੇ ਲਿਖਿਆ ਹੈ ਪਰ ਜੋ ਤੱਤ-ਸਾਰ, ਸਿਧਾਂਤਕ ਅਤੇ ਦਲੀਲਾਂ ਸਹਿਤ ਪ੍ਰੋ. ਲਾਲ ਸਿੰਘ ਜੀ ਨੇ ਗੁਰੂ ਰਵਿਦਾਸ ਜੀ ਬਾਰੇ ਲਿਖਿਆ ਹੈ ਸ਼ਾਇਦ ਅਜਿਹਾ ਕੋਈ ਹੋਰ ਲੇਖਕ ਕਰ ਨਹੀਂ ਸਕਿਆ ਹੈ। ਉਨ੍ਹਾਂ ਨੇ 8 ਕਿਤਾਬਾਂ ਦੀ ਰਚਨਾ ਕੀਤੀ ਹੈ। ਉਨ੍ਹਾਂ ਦੀ 1995 ਈ. ਵਿਚ ਛਪੀ ਪਹਿਲੀ ਪੁਸਤਕ **ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ** ਇਕ ਅਜਿਹੀ ਪੁਸਤਕ ਹੈ ਜਿਸ ਨੇ ਭਾਰਤ ਵਿਚ ਆਰੀਆ ਦੇ ਆਉਣ ਤੋਂ ਲੈ ਕੇ ਹੁਣ ਤੱਕ ਦੇ ਮਨੂੰਵਾਦੀ ਸੋਚ ਦੇ ਆਦਿ ਸਮਾਜ ਦੇ ਦੁਸ਼ਮਣ ਲੇਖਕਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਜੀ ਮਹਾਨਤਾ ਨੂੰ ਘਟਾਉਣ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਵਿਗਾੜਨ ਲਈ ਕੀਤੀਆਂ ਕੋਸ਼ਿਸ਼ਾਂ ਦਾ ਦਲੀਲਾਂ ਸਹਿਤ ਪਾਜ ਉਧੇੜਿਆ ਹੈ।

ਉਨ੍ਹਾਂ ਦੀ ਦੂਸਰੀ ਪੁਸਤਕ **ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ-ਸਿਧਾਂਤ** ਵਿਚ ਪ੍ਰੋਫੈਸਰ ਸਾਹਿਬ ਨੇ ਗੁਰੂ ਰਵਿਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਦੀ ਵਿਆਖਿਆ ਗੁਰੂ ਜੀ ਦੀ ਵਿਚਾਰਧਾਰਾ, ਉਨ੍ਹਾਂ ਦੇ ਜੀਵਨ, ਸੰਬੰਧਤ ਰਾਗ ਦੇ ਸੁਭਾਅ ਅਤੇ ਉਸ ਸਮੇਂ ਦੀਆਂ ਪ੍ਰਸਿਥਿਤੀਆਂ ਅਨੁਸਾਰ ਕਰਕੇ ਇਕ ਵਿਲੱਖਣ ਪੁਸਤਕ ਤਿਆਰ ਕੀਤੀ ਜਿਸ ਵਿਚ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਦੂਸਰੇ ਵਿਆਖਿਆਕਾਰਾਂ ਵੱਲੋਂ ਰਹੀਆਂ ਘਾਟਾਂ, ਊਣਤਾਈਆਂ ਨੂੰ ਵੀ ਪੂਰਾ ਕੀਤਾ ਗਿਆ ਹੈ।

ਉਨ੍ਹਾਂ ਨੇ ਆਪਣੀ ਪੁਸਤਕ **'ਸ੍ਰੀ ਗੁਰੂ ਰਵਿਦਾਸ ਜੀ ਦਾ ਧਰਮ, ਸਿੰਧੂ ਘਾਟੀ ਦੇ ਆਦਿਵਾਸੀ ਅਛੂਤਾਂ ਦਾ ਆਦਿ ਧਰਮ'** ਵਿਚ ਦੱਸਿਆ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਧਰਮ ਆਦਿ ਧਰਮ ਸੀ।

ਮੈਂ ਸਮਝਦਾ ਹਾਂ ਕਿ ਪ੍ਰੋਫੈਸਰ ਸਾਹਿਬ ਦੀਆਂ ਇਹ ਸਾਰੀਆਂ ਕਿਤਾਬਾਂ ਕੇਵਲ ਕਿਤਾਬਾਂ ਹੀ ਨਹੀਂ ਸਗੋਂ ਇਹ ਸਾਰੇ ਇਤਿਹਾਸਕ ਦਸਤਾਵੇਜ਼ ਹਨ। ਮੈਨੂੰ ਇੰਜ ਲੱਗਦਾ ਹੈ ਕਿ ਆਉਣ ਵਾਲੇ ਸਮੇਂ ਦੇ ਲੇਖਕ ਪ੍ਰੋਫੈਸਰ ਸਾਹਿਬ ਦੀਆਂ ਇਨ੍ਹਾਂ ਕਿਤਾਬਾਂ ਤੇ ਪੀ.ਐੱਚ.ਡੀ. ਵਰਗੀਆਂ ਡਿਗਰੀਆਂ ਕਰਨਗੇ। ਪ੍ਰੋ. ਸਾਹਿਬ ਦੀ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ, ਸੇਵਕਾਂ ਅਤੇ ਆਦਿ ਧਰਮੀਆਂ ਨੂੰ ਬੜੀ ਵਡਮੁੱਲੀ ਦੇਣ ਹੈ ਇਸ ਲਈ ਮੈਂ ਉਨ੍ਹਾਂ ਦਾ ਬਹੁਤ ਰਿਣੀ ਹਾਂ।



ਮੈਨੂੰ ਇਸ ਗੱਲ ਦਾ ਬੜਾ ਮਾਣ ਹੈ ਕਿ ਮੈਂ ਪ੍ਰੋ. ਲਾਲ ਸਿੰਘ ਜੀ ਦੀ ਚੌਥੀ ਵਾਰ ਛਪ ਰਹੀ ਪੁਸਤਕ **ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ** ਬਾਰੇ ਕੁਝ ਸ਼ਬਦ ਲਿਖ ਰਿਹਾ ਹਾਂ। ਪ੍ਰੋਫੈਸਰ ਸਾਹਿਬ ਸਾਡੇ ਕਾਂਸ਼ੀ ਰੇਡੀਓ ਦੇ ਮਾਧਿਅਮ ਤੋਂ ਕੀਤੇ ਜਾਂਦੇ ਵੈੱਬੀਨਾਰਾਂ ਵਿਚ ਅਕਸਰ ਸ਼ਾਮਿਲ ਹੋ ਕੇ ਆਪਣੇ ਵਡਮੁੱਲੇ ਵਿਚਾਰ ਪ੍ਰਦਾਨ ਕਰਦੇ ਹਨ। ਸਾਰੇ ਉਨ੍ਹਾਂ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੁੰਦੇ ਹਨ।

ਮੈਂ ਅਤਿ ਧੰਨਵਾਦੀ ਹਾਂ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਜਗਦੀਸ਼ ਕੌਰ ਜੀ ਦਾ ਜੋ ਕਿ ਪ੍ਰੋਫੈਸਰ ਸਾਹਿਬ ਦੀਆਂ ਪੁਸਤਕਾਂ ਦੁਆਰਾ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਵਿਚ ਸਹਿਯੋਗ ਕਰ ਰਹੇ ਹਨ ਅਤੇ ਉਨ੍ਹਾਂ ਦੀ ਸਿਹਤ ਦੀ ਦੇਖਭਾਲ ਕਰਦੇ ਹਨ। ਮੈਂ ਪ੍ਰੋ. ਸਾਹਿਬ ਦੀ ਚੰਗੀ ਸਿਹਤ ਦੀ ਕਾਮਨਾ ਕਰਦਾ ਹੋਇਆ ਆਸਵੰਦ ਹਾਂ ਕਿ ਉਹ ਇਸੇ ਤਰ੍ਹਾਂ ਆਪਣੀ ਸੱਚੀ ਅਤੇ ਨਿਧੜਕ ਕਲਮ ਦੁਆਰਾ ਸਤਿਗੁਰੂ ਰਵਿਦਾਸ ਜੀ ਦੇ ਸੱਚ ਦਾ ਉਪਦੇਸ਼ ਪ੍ਰਚਾਰਦੇ ਰਹਿਣਗੇ।

**ਹਰਬੰਸ ਹੀਰਾ**
**Presenter and Director**
**Kanshi Radio U.K.**

# ਲੇਖਕ ਦੀ ਜ਼ਿੰਦਗੀ ਬਾਰੇ ਦੋ ਗੱਲਾਂ

ਪਿਤਾ ਸ. ਸ਼ਾਮ ਸਿੰਘ ਜੀ ਅਤੇ ਮਾਤਾ ਸ੍ਰੀਮਤੀ ਹਰਨਾਮ ਕੌਰ ਜੀ ਦੇ ਘਰ ਪਿੰਡ ਸ਼ੇਰਵਾਨੀ ਕੋਟ ਮਲੇਰਕੋਟਲਾ ਜ਼ਿਲ੍ਹਾ ਸੰਗਰੂਰ ਵਿਖੇ 05-01-1940 ਨੂੰ ਇਕ ਬਾਲ ਨੇ ਜਨਮ ਲਿਆ, ਜਿਸ ਦਾ ਨਾਂਅ ਰੱਖਿਆ ਗਿਆ 'ਲਾਲ ਸਿੰਘ'। ਘਰ ਵਿਚ ਸਭ ਤੋਂ ਵੱਡੇ ਹਨ। ਚਾਰ ਭਰਾ ਤੇ ਦੋ ਭੈਣਾਂ ਹਨ ਪ੍ਰੋ. ਲਾਲ ਸਿੰਘ ਸਾਹਿਬ ਜੀ ਦੀਆਂ।

ਚੌਥੀ ਤੱਕ ਦੀ ਪੜ੍ਹਾਈ ਪਿੰਡ ਦੇ ਹੀ ਸਕੂਲ ਵਿਚੋਂ ਪ੍ਰਾਪਤ ਕੀਤੀ। ਉਸ ਤੋਂ ਬਾਅਦ ਦਸਵੀਂ ਤੱਕ ਦੀ ਪੜ੍ਹਾਈ ਮਲੇਰਕੋਟਲਾ ਦੇ ਹਾਈ ਸਕੂਲ ਵਿਚ ਕੀਤੀ। ਦਸਵੀਂ ਤੋਂ ਬਾਅਦ ਕੋ. ਅਪਰੇਟਿਵ ਸਬ-ਇੰਸਪੈਕਟਰ ਦੀ ਸਰਕਾਰੀ ਨੌਕਰੀ ਮਿਲ ਗਈ।

ਇਸ ਦੌਰਾਨ ਇਕ ਘਟਨਾ ਵਾਪਰੀ ਜਿਸ ਨੇ ਪ੍ਰੋ. ਸਾਹਿਬ ਜੀ ਦੀ ਦੁਨੀਆਂ ਹਿਲਾ ਕੇ ਰੱਖ ਦਿੱਤੀ। ਉਹ ਸੀ ਪ੍ਰੋ. ਸਾਹਿਬ ਜੀ ਦੀ ਛੋਟੀ ਭੈਣ ਗੁਰਕੀਰਤ ਕੌਰ 'ਗੁੱਡੀ' ਜਿਸ ਨੂੰ ਉਹ ਅੰਤਾਂ ਦਾ ਪਿਆਰ ਕਰਦੇ ਸਨ। ਜਦੋਂ ਪ੍ਰੋ. ਸਾਹਿਬ ਨੌਕਰੀ ਤੇ ਚਲੇ ਗਏ ਤਾਂ ਦੋ ਮਹੀਨੇ ਘਰ ਵਾਪਸ ਨਾ ਆਏ। ਭੈਣ ਇਹ ਵਿਛੋੜਾ ਨਾ ਸਹਾਰਦੀ ਹੋਈ ਬੀਮਾਰ ਹੋ ਗਈ ਅਤੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ। ਜਿਸ ਦਾ ਪ੍ਰੋ. ਸਾਹਿਬ ਆਖਰੀ ਵਾਰ ਦਰਸ਼ਨ ਵੀ ਨਾ ਕਰ ਸਕੇ।

ਇਸ ਘਟਨਾ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ। ਦਿਨ-ਰਾਤ ਰੋਂਦੇ ਹੀ ਰਹਿੰਦੇ ਇਸ ਤੋਂ ਪਹਿਲਾਂ ਉਹ ਐਫ.ਏ. 'ਚੋਂ ਫੇਲ ਹੋ ਚੁੱਕੇ ਸਨ। ਭੈਣ ਨੂੰ ਯਾਦ ਕਰਕੇ ਪਹਿਲਾਂ ਰੋਣਾ ਫਿਰ ਪੜ੍ਹਾਈ ਕਰਨੀ। ਪ੍ਰੋ. ਸਾਹਿਬ ਭੈਣ ਦੇ ਅਸ਼ੀਰਵਾਦ ਨਾਲ ਐਫ.ਏ. ਪਾਸ ਕਰ ਗਏ।

ਪ੍ਰੋ. ਸਾਹਿਬ ਅੱਗੇ ਪੜ੍ਹਾਈ ਕਰਨਾ ਚਾਹੁੰਦੇ ਸਨ। ਬਾਪੂ ਜੀ ਨੂੰ ਕਿਹਾ ਮੈਂ ਪੜ੍ਹਨਾ ਹੈ। ਬਾਪੂ ਜੀ ਕਹਿੰਦੇ ਅਸੀਂ ਤਾਂ ਘਰ ਭੁੱਖੇ ਮਰਦੇ ਹਾਂ। ਬਹੁਤ ਕੋਸ਼ਿਸ਼ਾਂ ਦੇ ਬਾਅਦ ਫੈਸਲਾ ਹੋਇਆ "ਨਾ ਤੈਨੂੰ ਕੁਝ ਦੇਣਾ ਨਾ ਲੈਣਾ।" ਮਤਲਬ ਪੈਸੇ ਦੀ ਕੋਈ ਮਦਦ ਨਹੀਂ ਕਰਨੀ 'ਪੜ੍ਹ ਲੈ'। ਨੌਕਰੀ ਛੱਡ ਦਿੱਤੀ ਕਾਲਜ ਵਿਚ ਦਾਖਲਾ ਲੈ ਲਿਆ ਮਲੇਰਕੋਟਲੇ। ਇਸ ਤਰ੍ਹਾਂ ਬੀ.ਏ. ਮਲੇਰਕੋਟਲੇ ਦੇ ਸਰਕਾਰੀ ਕਾਲਜ ਵਿਚ ਕੀਤੀ।

ਇਸ ਦੌਰਾਨ ਜੀਵਨ ਵਿਚ ਆਮਦ ਹੁੰਦੀ ਹੈ ਕਿ ਇਕ ਖਾਸ ਸਖ਼ਸ਼ ਦੀ। ਉਹ ਸਨ ਵਰਿੰਦਰ ਜੀ ਜੋ ਬਹੁਤ ਅਜੀਜ ਜਾਨ ਤੋਂ ਵੀ ਪਿਆਰਾ, ਸੱਚਾ ਦੋਸਤ। ਵਰਿੰਦਰ ਤੋਂ ਬਿਨਾਂ ਜ਼ਿੰਦਗੀ ਅਧੂਰੀ। ਉਮਰ ਵਿਚ ਛੋਟੇ ਸਨ ਵਰਿੰਦਰ ਭਾਈ ਸਾਹਿਬ ਪਰ ਪ੍ਰੋ. ਸਾਹਿਬ ਜੀ ਦਾ ਖਿਆਲ ਬੱਚਿਆਂ ਵਾਂਗ ਰੱਖਦੇ। ਗੱਲਾਂ ਕਰਨ ਬੈਠਦੇ ਕਦੋਂ ਰਾਤ ਤੋਂ ਦਿਨ ਚੜ੍ਹਦਾ ਪਤਾ ਹੀ



ਨਾ ਲੱਗਦਾ। ਇਸ ਤਰ੍ਹਾਂ ਵਰਿੰਦਰ ਨੇ ਹਰ ਕੰਮ ਵਿਚ ਹਰ ਸਮੇਂ ਮੱਦਦ ਕੀਤੀ। ਪ੍ਰੋ. ਸਾਹਿਬ ਨੂੰ ਜਦੋਂ ਪੈਸੇ ਦੀ ਲੋੜ ਹੋਈ, ਉਨ੍ਹਾਂ ਨੇ ਸਿਰਫ਼ ਵਰਿੰਦਰ ਨੂੰ ਇਹੀ ਕਹਿਣਾ ਕਿ ਵਰਿੰਦਰ ਐਨੇ ਪੈਸੇ ਚਾਹੀਦੇ ਉਸ ਨੇ ਪੈਸੇ ਦੇਣ ਤੋਂ ਬਾਅਦ ਹੀ ਪੁੱਛਣਾ ਕੀ ਕਰਨੇ। ਮਤਲਬ ਅੱਤ ਦੀ ਗਰੀਬੀ ਵਿਚ ਅਣਖ਼ ਇੱਜ਼ਤ ਬਣਾਈ ਰੱਖੀ ਵਰਿੰਦਰ ਭਾਈ ਸਾਹਿਬ ਜੀ ਨੇ। ਅਸੀਂ ਉਨ੍ਹਾਂ ਨੂੰ ਸਲਾਮ ਕਰਦੇ ਹਾਂ। ਪਰਮਾਤਮਾ ਉਨ੍ਹਾਂ ਨੂੰ ਤੰਦਰੁਸਤੀ ਬਖ਼ਸ਼ੇ। ਇਸ ਤਰ੍ਹਾਂ ਪ੍ਰੋ. ਸਾਹਿਬ ਜੀ ਨੇ ਪੜ੍ਹਾਈ ਪੂਰੀ ਕੀਤੀ। ਮਲੇਰਕੋਟਲਾ ਕਾਲਜ ਵਿਚ ਪ੍ਰੋ. ਸਾਹਿਬ ਕਾਲਜ ਮੈਗਜ਼ੀਨ ਦੇ ਸੰਪਾਦਕ ਰਹੇ। ਕਾਲਜ ਦੇ ਵੈਸਟ ਅਥਲੀਟ ਬਣੇ। ਐਨ.ਸੀ.ਸੀ. ਦੇ ਸੀਨੀਅਰ ਮੋਸਟ ਕੈਡਿਟ ਵੀ ਰਹੇ।

ਫਿਰ ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਵਿਚ ਐਮ.ਏ. ਦੀ ਪੜ੍ਹਾਈ ਪੂਰੀ ਕੀਤੀ।

ਇਸ ਤੋਂ ਬਾਅਦ ਕਈ ਥਾਈਂ ਪ੍ਰਾਈਵੇਟ ਨੌਕਰੀ ਕੀਤੀ। ਬਾਅਦ ਵਿਚ ਇਨ੍ਹਾਂ ਨੂੰ ਪ੍ਰੋਫੈਸਰ ਦੀ ਸਰਕਾਰੀ ਨੌਕਰੀ ਮਿਲੀ ਗੁੜਗਾਉਂ ਦੇ ਕਾਲਜ ਵਿਚ ਜੋ ਅੱਜਕਲ੍ਹ ਹਰਿਆਣਾ ਵਿਚ ਹੈ। ਉਸ ਤੋਂ ਬਾਅਦ ਜੀਂਦ ਦੇ ਕਾਲਜ ਵਿਚ, ਫਿਰ ਨਾਭੇ ਆ ਗਏ। ਇਸ ਤੋਂ ਬਾਅਦ ਪੱਕੀ ਨੌਕਰੀ ਮਿਲ ਗਈ। ਪੰਜਾਬ ਦੇ ਅਲੱਗ-ਅਲੱਗ ਕਾਲਜਾਂ ਵਿਚ ਪੜ੍ਹਾਇਆ ਜਿਵੇਂ ਫਰੀਦਕੋਟ, ਮੁਕਤਸਰ, ਮਲੇਰਕੋਟਲਾ, ਭੁਲੱਥ, ਨਾਭਾ, ਪੱਟੀ ਆਦਿ।

ਸੰਨ 1998 ਵਿਚ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਮੁਖੀ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਤੋਂ ਸੇਵਾ ਮੁਕਤ ਹੋਏ।

ਨੌਕਰੀ ਦੌਰਾਨ ਹੀ ਮਿਸ਼ਨ ਨਾਲ ਜੁੜੇ ਰਹੇ। ਇਸ ਦੌਰਾਨ ਪਹਿਲੀ ਕਿਤਾਬ 1995 'ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ ਸਟੀਕ 'ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ' ਹੋਂਦ ਵਿਚ ਆਈਆਂ। ਜਿਨ੍ਹਾਂ ਨੂੰ ਦੁਨੀਆਂ ਭਰ ਵਿਚ ਸਲਾਹਿਆ ਗਿਆ। ਪੰਜਾਬ ਦੇ ਅਨੇਕਾਂ ਡੇਰਿਆਂ ਨੇ ਅਤੇ ਵਿਦੇਸ਼ਾਂ ਦੀਆਂ ਸੰਗਤਾਂ ਅਤੇ ਸੰਸਥਾਵਾਂ ਨੂੰ ਪ੍ਰੋ. ਸਾਹਿਬ ਜੀ ਨੂੰ ਸਨਮਾਨਿਤ ਕੀਤਾ। ਉਸ ਤੋਂ ਬਾਅਦ ਛੇ ਕਿਤਾਬਾਂ ਉਨ੍ਹਾਂ ਦੀ ਕਲਮ ਤੋਂ ਹੋਰ ਆਈਆਂ। ਖੋਜ ਅੱਜ ਤੱਕ ਨਿਰੰਤਰ ਜਾਰੀ ਹੈ।

ਅੱਜ ਕਲ੍ਹ ਆਪਣੇ ਪਰਿਵਾਰ ਸੁਪਤਨੀ ਸ੍ਰੀਮਤੀ ਜਗਦੀਸ਼ ਕੌਰ ਤੇ ਸਪੁੱਤਰ ਗੁਰਕੀਰਤ ਸਿੰਘ ਨਾਲ ਸ਼ਹਿਰ ਲੁਧਿਆਣਾ ਰਹਿ ਰਹੇ ਹਨ। ਸਦੀਵੀ ਯਾਦ ਸਦਕਾ ਵਿਛੜੀ ਭੈਣ ਦਾ ਨਾਮ ਦਿੱਤਾ ਬੇਟੇ ਗੁਰਕੀਰਤ ਨੂੰ।

ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਤੰਦਰੁਸਤੀ ਬਖਸ਼ਣ ਜੀ।

ਜੈ ਗੁਰੂਦੇਵ! ਧੰਨ ਗੁਰੂਦੇਵ!

**ਧੰਨਵਾਦ**

**ਜੀਵਨ ਸਾਥਣ**

**ਜਗਦੀਸ਼ ਕੌਰ**

# ਪਹਿਲਾ ਸੰਕਲਨ ਅਤੇ ਭੂਮਿਕਾ

ਗੁਰੂ ਰਵਿਦਾਸ ਜੀ ਨੇ ਦਾਸ ਨੂੰ ਹੁਕਮ ਦਿੱਤਾ ਕਿ ਉਹ ਉਨ੍ਹਾਂ ਬਾਰੇ ਲਿਖੇ। ਕੁਦਰਤੀ ਹੀ ਪ੍ਰਧਾਨਗੀ ਪਦ ਤੇ ਸੁਸ਼ੋਭਤ ਸੰਗਤ ਦੇ ਸਰੂਪ ਰਾਹੀਂ ਫਰਮਾਇਆ ਗਿਆ ਇਹ ਹੁਕਮ ਇਲਾਹੀ ਹੁਕਮ ਹੋ ਨਿਬੜਿਆ ਹੈ। ਇਸ ਦਾ ਪ੍ਰਮਾਣ ਇਹ ਹੈ ਕਿ ਜਦ ਮੈਂ ਲਿਖਦਾ ਸਾਂ ਮੇਰੀ ਸੋਚੀ ਸਮਝੀ ਵਿਚਾਰਾਂ ਦੀ ਸਕੀਮ ਤੋਂ ਬਾਗੀ ਹੋ, ਮੇਰੇ ਅੰਤਹਿਕਰਣ ਦੇ ਸਿਰਜੇ ਵਿਚਾਰ ਮੈਨੂੰ ਵਿਸ਼ੇ ਦੀ ਮੰਜ਼ਲ ਵੱਲ ਧੂਈ ਅਦਭੁਤ ਵਿਚਾਰਧਾਰਾ ਦੀ ਸਿਰਜਣਾ ਸਿਰਜ ਦਿੰਦੇ ਸਨ। ਇਸ ਤਰ੍ਹਾਂ ਇਹ ਮੇਰੇ ਨਹੀਂ, ਅੰਤਰ ਆਤਮਾ ਦੇ ਆਪਣੇ ਵਿਚਾਰ ਹਨ।

ਗੁਰੂ ਰਵਿਦਾਸ ਸਾਹਿਤ ਅਕਾਦਮੀ (ਰਜਿ.) ਲੁਧਿਆਣਾ ਵਲੋਂ 1990 ਵਿਚ ਗੁਰੂ ਰਵਿਦਾਸ ਜੀ ਦਾ ਜਨਮ ਦਿਨ ਮਨਾਇਆ ਜਾ ਰਿਹਾ ਸੀ। ਪ੍ਰਧਾਨਗੀ ਪਦ ਤੇ ਸ੍ਰੀ ਆਰ.ਐਲ. ਕਲਸੀਆ ਸੁਸ਼ੋਭਤ ਸਨ। ਦਾਸ ਸੰਗਤ ਵਿਚ ਬੈਠਾ ਵਿਦਵਾਨਾਂ ਰਾਹੀਂ ਕੀਤੇ ਜਾ ਰਹੇ ਪ੍ਰਵਚਨਾਂ ਦਾ ਆਨੰਦ ਮਾਣ ਰਿਹਾ ਸੀ। ਪ੍ਰਬੰਧਕਾਂ ਵਲੋਂ ਦਾਸ ਨੂੰ ਹੁਕਮ ਹੋਇਆ ਕਿ ਉਹ ਆਉਣ ਵਾਲੇ ਵਿਦਵਾਨਾਂ ਅਤੇ ਉਨ੍ਹਾਂ ਦੇ ਪ੍ਰਵਚਨਾਂ ਦਾ ਰਸ ਮਾਣ ਰਹੀ ਸੰਗਤ ਦਾ ਧੰਨਵਾਦ ਕਰਨ। ਇਹ ਮਾਣ ਪ੍ਰਾਪਤ ਕਰਕੇ ਦਾਸ ਖੁਸ਼ ਸੀ। ਬਹੁਤੀ ਖੁਸ਼ੀ ਇਸ ਕਰਕੇ ਸੀ ਕਿ ਵਿਦਵਾਨ ਮਹਿਮਾਨਾਂ ਦਾ ਧੰਨਵਾਦ ਕਰਨ ਦਾ ਸ਼ੁਭ ਮੌਕਾ ਮਿਲਿਆ ਹੈ। ਦੂਜੇ ਖੁਸ਼ੀ ਇਸ ਕਰਕੇ ਵੀ ਸੀ ਕਿ ਦਾਸ ਨੂੰ ਵੀ ਗੁਰੂ ਰਵਿਦਾਸ ਜੀ ਬਾਰੇ, ਇਨ੍ਹਾਂ ਉੱਘੇ ਵਿਦਵਾਨਾਂ ਦੀ ਹਾਜ਼ਰੀ ਵਿੱਚ ਕੁਝ ਕਹਿਣ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਇਸ ਸ਼ੁਭ ਮੌਕੇ ਤੇ ਧੰਨਵਾਦ ਕਰਦਿਆਂ ਦਾਸ ਨੇ ਸੁਝਾ ਦਿੱਤਾ ਸੀ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਵਿਚੋਂ ਨਵੀਆਂ ਸੰਭਾਵਨਾਵਾਂ ਉਜਾਗਰ ਕੀਤੀਆਂ ਜਾਣ। ਸਮਾਗਮ ਸਮਾਪਤੀ ਪਿੱਛੋਂ ਸੁਭਾਵਕ ਹੀ ਸ੍ਰੀ ਕਲਸੀਆਂ ਨਾਲ ਮੇਲ ਹੋ ਗਿਆ। ਉਨ੍ਹਾਂ ਨੇ ਦਾਸ ਨੂੰ ਸੁਝਾ ਦਿੱਤਾ ਕਿ ਤੁਸੀਂ ਆਪ ਹੀ ਅਜਿਹੀਆਂ ਸੰਭਾਵਨਾਵਾਂ ਉਜਾਗਰ ਕਿਉਂ ਨਹੀਂ ਕਰਦੇ? ਇਸ ਹੁਕਮ ਸਦਕਾ ਹੀ ਦਾਸ ਅੱਜ ਇਕ ਨਵੀਂ ਪੁਸਤਕ ਪਾਠਕਾਂ ਦੀ ਭੇਟ ਕਰਨ ਵਿਚ ਖੁਸ਼ੀ ਲੈ ਰਿਹਾ ਹੈ।

ਜਦੋਂ ਗੁਰੂ ਰਵਿਦਾਸ ਜੀ ਦੇ ਗੁਰੂ ਬਾਰੇ ਲਿਖਣ ਲਈ ਸੋਚਿਆ ਤਾਂ ਕੋਈ ਔਕੜ ਨਜ਼ਰ ਨਹੀਂ ਸੀ ਆਉਂਦੀ। ਪਰ ਲਿਖਣਾ ਆਰੰਭ ਕਰਦਿਆਂ ਹੀ ਔਕੜਾਂ ਆਲੇ ਦੁਆਲੇ ਝੁੰਮਰ ਪਾਉਣ ਲਗ ਪਈਆਂ। ਪਹਿਲੀ ਸਮੱਸਿਆ ਸੀ ਗੁਰੂ ਰਵਿਦਾਸ ਜੀ ਦੇ ਗੁਰੂ ਦੀ ਵਿਚਾਰਧਾਰਾ ਦੀ ਅਤੇ ਉਸ ਦੀ ਗੁਰ ਪਰੰਪਰਾ ਜਾਂ ਗੁਰ-ਪ੍ਰਣਾਲੀ ਦੀ। ਕਿਉਂਕਿ ਗੁਰੂ ਜੀ ਦੇ ਸਮੇਂ ਤੋਂ ਅੱਜ ਤੱਕ ਵਿਦਵਾਨ ਪੂਰੇ ਜ਼ੋਰ-ਸ਼ੋਰ ਨਾਲ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਮੰਨਦੇ ਹਨ, ਇਸ ਲਈ ਸੁਆਮੀ ਜੀ ਦੀ ਗੁਰ-ਪਰੰਪਰਾ ਦੀ ਵਿਚਾਰਧਾਰਾ ਦਾ ਆਧਾਰ ਅਤੇ



ਉਸ ਅਨੁਸਾਰ ਸਮਾਜ ਵਿਚ ਵਰਤਾਰੇ ਬਾਰੇ ਜਾਣਨਾ ਜ਼ਰੂਰੀ ਸੀ।

ਸੋ ਪਹਿਲੇ ਅਧਿਆਏ ਵਿਚ ਵੇਦ ਆਦਿ ਸ਼ਾਸਤਰਾਂ ਦੀ ਵਿਚਾਰਧਾਰਾ ਅਨੁਸਾਰ ਸਿਰਜੇ ਗੁਰੂਆਂ ਬਾਰੇ ਵਿਚਾਰ ਕੀਤਾ ਗਿਆ ਹੈ। ਭਗਵਾਨ ਰਾਮ, ਭਗਵਾਨ ਕ੍ਰਿਸ਼ਨ ਅਤੇ ਪਾਂਡਵਾਂ ਕੌਰਵਾਂ ਦੇ ਗੁਰੂਆਂ ਬਾਰੇ ਸ਼ੂਦਰ ਵਰਗ ਪ੍ਰਤੀ ਦ੍ਰਿਸ਼ਟੀਕੋਣ ਦੀ ਚਰਚਾ ਕੀਤੀ ਗਈ ਹੈ। ਇਹ ਅਧਿਆਏ ਇਸ ਕਰਕੇ ਮਹੱਤਵਪੂਰਣ ਹੈ ਕਿਉਂਕਿ ਇਸ ਵਿਚ ਹਿੰਦੂ ਧਰਮ ਦੇ ਗੁਰੂਆਂ ਦੇ ਕਿਰਦਾਰ ਬਾਰੇ ਚਰਚਾ ਕੀਤੀ ਗਈ ਹੈ। ਇਹ ਜਾਣਨ ਲਈ ਕਿ ਕੀ ਇਹ ਕਿਰਦਾਰ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਅਨੁਕੂਲ ਹੈ? ਦੂਜੇ, ਕੀ ਵੈਦਿਕ ਵਿਚਾਰਧਾਰਾ ਨੂੰ ਆਧਾਰ ਬਣਾਕੇ ਵੈਸ਼ਨਵ ਅਨੰਤ ਦਾਸ, ਨਾਭਾ ਜੀ ਅਤੇ ਪ੍ਰਿਯਾਦਾਸ ਅਨੁਸਾਰ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਮੰਨਣਾ ਸਹੀ ਹੈ?

ਦੂਜੇ ਅਧਿਆਏ ਵਿਚ ਵੈਸ਼ਨਵ ਅਨੰਤ ਦਾਸ, ਨਾਭਾ ਜੀ ਅਤੇ ਪ੍ਰਿਯਦਾਸ ਦੀਆਂ ਰਚਨਾਵਾਂ ਦਾ ਅਧਿਐਨ ਕਰਕੇ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਰਚਨਾਵਾਂ ਹਿੰਦੂ ਧਰਮ ਦੀ ਵਿਚਾਰਧਾਰਾ ਨੂੰ ਮੁੱਖ ਰਖਕੇ, ਗੁਰੂ ਰਵਿਦਾਸ ਜੀ ਨੂੰ ਸੁਆਮੀ ਰਾਮਾ ਨੰਦ ਦਾ ਸ਼ਿਸ਼ ਸਿੱਧ ਕਰਕੇ ਬ੍ਰਾਹਮਣ ਬਣਾਉਣ ਲਈ ਰਚੀਆਂ ਗਈਆਂ ਹਨ। ਇਸ ਲਈ ਇਨ੍ਹਾਂ ਪੁਸਤਕਾਂ ਦਾ ਖੰਡਨ ਕਰਕੇ ਇਹ ਸਾਬਤ ਕਰਨਾ ਜ਼ਰੂਰੀ ਸੀ ਕਿ ਸੁਆਮੀ ਰਾਮਾ ਨੰਦ ਗੁਰੂ ਰਵਿਦਾਸ ਜੀ ਦੇ ਗੁਰੂ ਨਹੀਂ ਹਨ। ਇਨ੍ਹਾਂ ਦਾ ਖੰਡਨ ਇਸ ਕਰਕੇ ਵੀ ਜ਼ਰੂਰੀ ਹੈ ਕਿਉਂਕਿ ਇਹ ਰਚਨਾਵਾਂ ਗੁਰੂ ਰਵਿਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਵਿਰੁੱਧ ਹਨ। ਇਸ ਕਰਕੇ ਇਹ ਰਚਨਾਵਾਂ ਦਾ ਮੁੱਖ ਮੰਤਵ ਗੁਰੂ ਰਵਿਦਾਸ ਜੀ ਦੀ ਨਵੀਂ ਅਤੇ ਵਿਗਿਆਨਕ ਵਿਸ਼ਵ ਵਿਚਾਰਧਾਰਾ ਨੂੰ ਵੇਦਾਂ ਆਦਿ ਦੀ ਵਿਚਾਰਧਾਰਾ ਦੇ ਅਨੁਕੂਲ ਸਿੱਧ ਕਰਨਾ ਹੈ ਕਿਉਂਕਿ ਗੁਰੂ ਜੀ ਦੀ ਵਿਚਾਰਧਾਰਾ ਵੈਦਿਕ ਵਿਚਾਰਧਾਰਾ ਦਾ ਖੰਡਨ ਕਰਕੇ ਵਿਸ਼ਵ-ਵਿਆਪੀ ਵਿਗਿਆਨਕ ਵਿਚਾਰਧਾਰਾ ਦਾ ਮਹੱਤਵ ਪ੍ਰਾਪਤ ਕਰਦੀ ਹੈ ਜਿਹੜੀ ਹਿੰਦੂ ਧਰਮ ਦੀ ਬੁਨਿਆਦ ਨੂੰ ਹੀ ਲੀਰ ਲੀਰ ਕਰ ਦਿੰਦੀ ਹੈ।

ਤੀਜੇ ਅਧਿਆਏ ਵਿਚ 20ਵੀਂ ਸਦੀ ਦੇ ਵਿਦਵਾਨਾਂ ਦੀ ਉਪਰੋਕਤ ਘਿਨਾਉਣੀ ਸਕੀਮ ਨੂੰ ਅੱਗੇ ਤੋਰਨ ਦੀ ਦਾਸਤਾਂ ਹੈ। ਦੂਜੇ ਅਧਿਆਏ ਵਿਚ ਤਾਂ ਵਿਦਵਾਨਾਂ ਨੇ ਆਪਣੀਆਂ ਰਚਨਾਵਾਂ ਰਚ ਕੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਤੇ ਧਾਵਾ ਬੋਲਿਆ ਸੀ ਅਤੇ ਸੁਆਮੀ ਜੀ ਨੂੰ ਗੁਰੂ ਬਣਾਇਆ ਸੀ। ਪਰ ਤੀਜੇ ਅਧਿਆਏ ਵਿਚ ਵੀਹਵੀਂ ਸਦੀ ਦੇ ਵਿਦਵਾਨ ਤਾਂ ਪਹਿਲੇ ਵਿਦਵਾਨਾਂ ਦੇ ਕਿਰਦਾਰ ਤੋਂ ਵੀ ਹੇਠਾਂ ਡਿੱਗ ਗਏ ਹਨ। ਇਨ੍ਹਾਂ ਵੀਹਵੀਂ ਸਦੀ ਦੇ ਵਿਦਵਾਨਾਂ ਨੇ ਤਾਂ ਗੁਰੂ ਰਵਿਦਾਸ ਜੀ ਦੀ ਬਾਹਰਲੀ ਬਾਣੀ ਵਿਚ ਹੀ ਮਿਲਾਵਟ ਕਰਕੇ, ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਸਿੱਧ ਕਰਕੇ ਇਖਲਾਕੀ ਦਿਵਾਲੀਆਪਨ ਦਾ ਸਬੂਤ ਦਿੱਤਾ ਹੈ। ਇਸ ਗੈਰ-ਇਖਲਾਕੀ ਅਤੇ ਘਿਨਾਉਣੀ ਸਕੀਮ ਦੇ ਆਗੂ ਵਿਦਵਾਨ ਹਨ ਡਾ: ਬੀ. ਪੀ. ਸ਼ਰਮਾ ਅਤੇ ਡਾ:ਧਰਮ ਪਾਲ ਸਿੰਗਲ, ਪ੍ਰੋਫੈਸਰ ਅਤੇ ਚੇਅਰਮੈਨ, ਗੁਰੂ ਰਵਿਦਾਸ ਚੇਅਰ, ਪੰਜਾਬ ਚੰਡੀਗੜ੍ਹ। ਇਨ੍ਹਾਂ ਵਿਦਵਾਨਾਂ ਨੇ ਬਾਹਰਲੀ

ਬਾਣੀ ਵਿਚ ਮਿਲਾਵਟ ਤਾਂ ਕੀਤੀ ਹੀ ਹੈ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਵੀ ਅਰਥਾਂ ਦਾ ਅਨਰਥ ਕਰਕੇ ਬਾਣੀ ਨੂੰ ਆਪਣੀ ਘਿਨਾਉਣੀ ਸਕੀਮ ਦੀਆਂ ਜ਼ਰੂਰਤਾਂ ਅਨੁਸਾਰ ਢਾਲ ਲਿਆ ਹੈ। ਡਾ: ਧਰਮ ਪਾਲ ਸਿੰਗਲ ਨੇ ਗੁਰੂ ਰਵਿਦਾਸ ਚੇਅਰ ਦੇ ਮੁਖੀ ਹੋਣ ਦੇ ਨਾਤੇ ਇਸ ਘਿਨਾਉਣੀ ਸਕੀਮ ਨੂੰ ਸਿਰੇ ਚੜ੍ਹਾਉਣ ਲਈ ਚੇਅਰ ਦੀ ਕਾਰਗੁਜ਼ਾਰੀ ਦੀ ਦੁਰਵਰਤੋਂ ਕੀਤੀ ਹੈ। ਇਨ੍ਹਾਂ ਵਿਦਵਾਨਾਂ ਨੇ ਵੀ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਵੇਦਾਂ ਆਦਿ ਦੀ ਵਿਚਾਰਧਾਰਾ ਦੇ ਅਨੁਕੂਲ ਦੱਸਿਆ ਹੈ ਅਤੇ ਸੁਆਮੀ ਰਾਮਾਨੰਦ ਨੂੰ ਗੁਰੂ ਜੀ ਦਾ ਗੁਰੂ ਪ੍ਰਵਾਨ ਕੀਤਾ ਹੈ। ਇਸ ਨੂੰ ਸਿੱਧ ਕਰਨ ਲਈ ਇਨ੍ਹਾਂ ਵਿਦਵਾਨਾਂ ਨੇ ਦੋ ਘਿਨਾਉਣੇ ਤੇ ਖਤਰਨਾਕ ਕੰਮ ਕੀਤੇ:

(1) 'ਧੁਰ ਕੀ ਬਾਣੀ' ਅਤੇ 'ਕੱਚੀ ਬਾਣੀ' ਨੂੰ ਇੱਕੋਂ ਪੱਧਰ ਤੇ ਰੱਖ ਕੇ 'ਧੁਰ ਕੀ ਬਾਣੀ' ਨੂੰ ਪਤਿਤ ਕੀਤਾ ਹੈ।(2) ਗੁਰੂ ਰਵਿਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਅਰਥ ਆਪਣੀ ਜ਼ਰੂਰਤ ਮੁਤਾਬਕ ਕਰਕੇ ਗੁਰੂ ਜੀ ਦੀ ਵਿਚਾਰਧਾਰਾ ਨੂੰ ਹੀ ਬਦਲ ਦਿੱਤਾ ਹੈ ਅਰਥਾਤ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਹੀ ਬਦਲ ਦਿੱਤਾ ਹੈ। ਇਸ ਦਾ ਸਬੂਤ ਡਾ: ਧਰਮ ਪਾਲ ਸਿੰਗਲ ਦੀ ਸੰਪਾਦਿਤ ਪੁਸਤਕ 'ਗੁਰੂ ਰਵਿਦਾਸ ਦਰਪਣ' ਹੈ।

ਸੋ ਗੁਰੂ ਰਵਿਦਾਸ ਜੀ ਦੇ ਗੁਰੂ ਕੌਣ? ਦੀ ਖੋਜ ਨੂੰ ਅਰਥ ਭਰਪੂਰ ਬਣਾਉਣ ਲਈ, ਵੀਹਵੀਂ ਸਦੀ ਦੇ ਬ੍ਰਾਹਮਣਵਾਦੀ ਵਿਦਵਾਨਾਂ ਦੀਆਂ ਰਚਨਾਵਾਂ ਦਾ ਖੰਡਨ ਕਰਕੇ ਰਾਹ ਪੱਧਰਾ ਕਰਨਾ ਜ਼ਰੂਰੀ ਸੀ।

ਉਪਰੋਕਤ ਤਿੰਨ ਅਧਿਆਏ ਹਿੰਦੂ ਧਰਮ ਅਨੁਸਾਰ ਰਚੀਆਂ ਵਿਦਵਾਨਾਂ ਦੀਆਂ ਰਚਨਾਵਾਂ ਦਾ ਲੇਖਾ ਜੋਖਾ ਹਨ। ਚੌਥੇ ਅਧਿਆਏ ਵਿਚੱ ਸਿੱਖ ਜਗਤ ਦੇ ਬ੍ਰਾਹਮਣ ਵਾਦੀ ਸਿੱਖ ਵਿਦਵਾਨਾਂ ਦੀ ਮਾਨਸਿਕਤਾ ਨੂੰ ਪ੍ਰਗਟਾਇਆ ਗਿਆ ਹੈ। ਇਨ੍ਹਾਂ ਵਿਦਵਾਨਾਂ ਦੇ ਸਤਿਕਾਰ ਕਰਨ ਦਾ ਪੱਧਰ ਭਿੰਨ-ਭੇਦ ਵਾਲਾ ਹੈ। ਪੰਜਾਬ ਦੇ ਸਿੱਖ ਗੁਰੂ ਸਾਹਿਬਾਨ ਦੇ ਸਤਿਕਾਰ ਦਾ ਪੱਧਰ ਉੱਚ ਦਰਜੇ ਦਾ ਅਤੇ ਪੰਜਾਬੋਂ ਬਾਹਰਲੇ ਗੁਰੂ ਸਾਹਿਬਾਨ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਦੇ ਸਤਿਕਾਰ ਦਾ ਪੱਧਰ ਨੀਵੇਂ ਦਰਜੇ ਦਾ ਹੈ।

ਇਹੀ ਕਾਰਣ ਹੈ ਕਿ ਇਨ੍ਹਾਂ ਬ੍ਰਾਹਮਣਵਾਦੀ ਵਿਦਵਾਨਾਂ ਨੇ ਇਸ ਤੱਥ ਨੂੰ ਨਹੀਂ ਵਿਚਾਰਿਆ ਕਿ ਗੁਰੂ ਅਰਜਨ ਦੇਵ ਜੀ ਨੇ ਭਗਤਾਂ ਕੀ ਬਾਣੀ ਕਿਉਂ ਲਿਖਿਆ ਹੈ ਅਤੇ ਮਹਲਾ-੧ ਕਿਉਂ ਲਿਖਿਆ ਹੈ। ਇਹ ਵਿਦਵਾਨ ਗੁਰੂ ਅਰਜਨ ਦੇਵ ਜੀ ਦੇ ਹੁਕਮ ਨੂੰ ਆਪਣੀ ਮਰਜ਼ੀ ਅਨੁਸਾਰ ਮੰਨਦੇ ਹਨ। ਜਿਵੇਂ ਗੁਰੂ ਅਰਜਨ ਦੇਵ ਨੇ ਭਗਤਾਂ ਕੀ ਬਾਣੀ ਲਿਖਿਆ ਹੈ, ਇਨ੍ਹਾਂ ਨੇ ਭਗਤ ਰਵਿਦਾਸ ਲਿਖ ਦਿੱਤਾ। ਪਰ ਗੁਰੂ ਅਰਜਨ ਦੇਵ ਜੀ ਨੇ ਮਹਲਾ-੧ ਲਿਖਿਆ ਹੈ ਤਾਂ ਇਨ੍ਹਾਂ ਨੇ ਗੁਰੂ ਨਾਨਕ ਲਿੱਖ ਦਿੱਤਾ। ਗੁਰੂ ਅਰਜਨ ਦੇਵ ਜੀ ਦੇ ਹੁਕਮ ਅਨੁਸਾਰ ਤਾਂ ਮਨੁੱਖ ਨਾਨਕ ਲਿਖਣਾ ਬਣਦਾ ਹੈ। ਇਹ ਦੋਗਲੀ ਨੀਤੀ ਕਿਉਂ ਅਪਣਾਈ ਗਈ ਹੈ? ਇਸ ਸਮੱਸਿਆ ਨੂੰ ਤਰਕਯੁਕਤ ਦਲੀਲਾਂ ਨਾਲ ਨਜਿਠਿਆ ਗਿਆ ਹੈ। ਦਰਅਸਲ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਅਨੁਸਾਰ ਕੇਵਲ ਗੁਰੂ ਰਵਿਦਾਸ,



ਗੁਰੂ ਨਾਨਕ ਲਿਖਣਾ ਹੀ ਸਹੀ ਹੈ।

ਪੰਜਵੇਂ ਅਧਿਆਏ ਵਿਚੋਂ ਇਸ ਸਮੱਸਿਆ ਨੂੰ ਸੁਲਝਾਇਆ ਗਿਆ ਹੈ ਕਿ ਜੇਕਰ ਗੁਰੂ ਰਵਿਦਾਸ ਜੀ ਦੇ ਗੁਰੂ ਨੂੰ ਅਸੀਂ ਬ੍ਰਹਮ-ਗੁਰੂ ਸਿੱਧ ਕਰਨ ਵਿਚ ਸਫਲ ਹੋ ਜਾਈਏ ਤਾਂ ਵੀ ਸਿੱਖ ਜਗਤ ਨੇ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ 'ਭਗਤਾ ਕੀ ਬਾਣੀ' ਤੱਥ ਨੂੰ ਆਧਾਰ ਬਣਾ ਕੇ ਗੁਰੂ ਰਵਿਦਾਸ ਨੂੰ ਗੁਰੂ ਨਹੀਂ ਸੀ ਕਹਿਣਾ ਅਤੇ ਨਾਹੀ ਲਿਖਣਾ ਸੀ। ਇਸ ਲਈ ਭਗਤਾ ਕੀ ਬਾਣੀ ਦਾ ਅਰਥ ਸਪਸ਼ਟ ਕਰਕੇ ਪੰਜਵੇਂ ਅਧਿਆਏ ਵਿਚ ਗੁਰੂ ਸਾਹਿਬ ਅਨੁਸਾਰ ਗੁਰੂ ਰਵਿਦਾਸ ਜੀ ਨੂੰ ਗੁਰੂ ਲਿਖਣਾ ਹੀ ਜਾਇਜ਼ ਸਿੱਧ ਹੁੰਦਾ ਹੈ ਦਾ ਨਿਰਣਾ ਕੀਤਾ ਹੈ।

ਛੇਵੇਂ ਅਧਿਆਏ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਰਵਿਦਾਸ ਜੀ ਦੀ ਬਾਣੀ ਅਨੁਸਾਰ ਗੁਰੂ ਜੀ ਦਾ ਗੁਰੂ ਕੌਣ ਹੈ? ਸਿੱਧ ਕੀਤਾ ਗਿਆ ਹੈ। ਗੁਰੂ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਦੇ ਗੁਰੂ ਪਾਰਬ੍ਰਹਮ (ਬ੍ਰਹਮ-ਗੁਰੂ) ਹਨ। ਦੋਵੇਂ ਗੁਰ-ਭਾਈ ਹਨ-ਇਸ ਲਈ ਵੀ ਗੁਰੂ ਰਵਿਦਾਸ ਜੀ ਨੂੰ ਗੁਰੂ ਕਹਿਣਾ ਹੀ ਉਚਿਤ ਹੈ। ਦੂਜੇ, ਗੁਰੂ ਰਵਿਦਾਸ ਜੀ ਦੇ ਸਮੇਂ ਤੋਂ ਚਲਿਆ ਆ ਰਿਹਾ, ਗੁਰੂ ਰਵਿਦਾਸ ਜੀ ਦਾ ਗੁਰੂ ਕੌਣ? ਦਾ ਮਸਲਾ ਵੀ ਹੱਲ ਹੋ ਗਿਆ ਹੈ। ਗੁਰੂ ਜੀ ਦੀ ਬਾਣੀ ਤੋਂ ਸਾਬਤ ਹੋ ਗਿਆ ਹੈ ਕਿ ਉਨ੍ਹਾਂ ਦਾ ਗੁਰੂ ਪਾਰਬ੍ਰਹਮ (ਬ੍ਰਹਮ-ਗੁਰੂ) ਹੈ।

ਸਤਵੇਂ ਤੇ ਆਖਰੀ ਅਧਿਆਏ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਰਵਿਦਾਸ ਜੀ ਦੀ ਬਾਣੀ ਅਨੁਸਾਰ ਗੁਰੂ ਰਵਿਦਾਸ ਜੀ ਗੁਰੂ ਹਨ: ਉਨ੍ਹਾਂ ਦੇ ਰਾਜੇ, ਮਹਾਰਾਜੇ, ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਸਭ ਵਰਗਾਂ ਦੇ ਸ਼ਿਸ਼ ਸਨ। ਸੋ ਹਰ ਪਖੋਂ ਵਿਚਾਰਨ ਤੋਂ ਇਹ ਸਿੱਧ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਦੇ ਗੁਰੂ 'ਬ੍ਰਹਮ ਗੁਰੂ' ਹਨ ਅਤੇ ਗੁਰੂ ਰਵਿਦਾਸ ਜੀ ਨੂੰ ਗੁਰੂ ਕਹਿਣਾ ਅਤੇ ਲਿਖਣਾ ਜਾਇਜ਼ ਹੈ। ਭਗਤ ਲਿਖਣਾ ਅਤੇ ਕਹਿਣਾ ਮਨ-ਮੱਤ ਹੈ, ਗੁਰੂ ਗ੍ਰੰਥ ਸਾਹਿਬ ਦੇ ਵਿਰੁੱਧ ਹੈ।

ਸੇਠ ਕਰਮ ਚੰਦ ਜੀ ਦਾ ਗੁਰੂ ਰਵਿਦਾਸ ਜੀ ਅਤੇ ਕੌਮ ਦੀ ਸੇਵਾ ਹਿੱਤ ਇਸ ਪੁਸਤਕ ਦੇ ਛਪਵਾਉਣ ਵਿਚ ਮਹੱਤਵਪੂਰਣ ਯੋਗਦਾਨ ਹੈ। ਦਾਸ ਉਨ੍ਹਾਂ ਦਾ ਅਤਿ ਧੰਨਵਾਦੀ ਹੈ। ਦਾਸ ਡਾ: ਅਵਤਾਰ ਸਿੰਘ ਦਾ ਧੰਨਵਾਦੀ ਹੈ ਕਿਉਂਕਿ ਉਨ੍ਹਾਂ ਨੇ ਇਸ ਪੁਸਤਕ ਦੀ ਸਿਰਜਣਾ ਵਿਚ ਚੰਗੇ ਸੁਝਾ ਦੇ ਕੇ ਅਤੇ ਇਸ ਪੁਸਤਕ ਲਈ ਪੁਸਤਕਾਂ ਪ੍ਰਦਾਨ ਕਰਕੇ ਬਹੁਤ ਸਹਾਇਤਾ ਕੀਤੀ ਹੈ। ਡਾ: ਪਰਵੀਨ ਸਿੰਘ ਰਾਣਾ ਨੇ ਇਸ ਪੁਸਤਕ ਦੀ ਬੁਨਿਆਦ ਬੰਨਣ ਵਿਚ ਅਹਿਮ ਹਿੱਸਾ ਪਾਇਆ ਹੈ। ਡਾ: ਦੀਪਕ ਮਨਮੋਹਨ ਸਿੰਘ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਦੀ ਪ੍ਰੇਰਣਾ ਸਦਕਾ ਇਸ ਪੁਸਤਕ ਦਾ ਵਜੂਦ ਹੋਂਦ ਵਿਚ ਆਇਆ ਹੈ। ਦਾਸ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ ਦਾ ਵੀ ਧੰਨਵਾਦੀ ਹੈ ਜਿਨ੍ਹਾਂ ਨੇ ਸਮੱਗਰੀ ਇਕੱਠੀ ਕਰਨ ਵਿਚ ਸਹਾਇਤਾ ਕੀਤੀ ਹੈ। ਵਿਦਵਾਨਾਂ ਪ੍ਰਤੀ ਦਾਸ ਦੀ ਬੇਨਤੀ ਹੈ ਕਿ ਗਲਤੀਆਂ ਦੱਸ ਕੇ ਅਤੇ ਨਾਲ ਹੀ ਉਨ੍ਹਾਂ ਨੂੰ ਦੂਰ ਕਰਨ ਦਾ ਸੁਝਾ ਦੇ ਕੇ ਕ੍ਰਿਪਾ ਕਰਨ ਦੀ ਖੇਚਲ ਕਰਨ। ਦੂਜੇ ਇਸ ਪੁਸਤਕ ਦੇ ਸੁਧਾਰ ਲਈ ਨਵੇਂ ਵਿਚਾਰਾਂ ਅਤੇ ਨਵੇਂ ਸੁਝਾਵਾਂ ਦੀ ਦਾਸ ਬੜੀ ਤੀਬਰਤਾ ਨਾਲ ਉਡੀਕ ਕਰੇਗਾ।

**16 ਅਕਤੂਬਰ, 1995** **ਲਾਲ ਸਿੰਘ**

# ਦੂਜਾ ਸੰਕਲਨ

ਜਦੋਂ ਮੈਂ ਦੂਜੇ ਸੰਕਲਨ ਦੀ ਛਪਾਈ ਲਈ ਹੱਥਲੀ ਪੁਸਤਕ ਦਾ ਅਧਿਐਨ ਕਰ ਰਿਹਾ ਸਾਂ, ਤਾਂ ਅਹਿਸਾਸ ਹੋ ਰਿਹਾ ਸੀ ਕਿ ਇਸ ਪੁਸਤਕ ਵਿੱਚ ਜੋ ਕੁਝ ਲਿਖਿਆ ਹੋਇਆ ਹੈ ਉਹ ਮੇਰੀ ਸਮਰੱਥਾ ਅਤੇ ਆਸੇ ਤੋ ਵਧੇਰੇ ਉੱਚ ਪਾਏ ਦਾ, ਸੱਚਾ ਅਤੇ ਸੁੱਚਾ ਸਿਰਜਿਆ ਗਿਆ ਹੈ। ਪਹਿਲੇ ਸੰਕਲਨ ਦੀ ਭੂਮਿਕਾ ਵਿੱਚ ਜੋ ਮੇਰੀ ਆਤਮਾ ਦੀ ਆਵਾਜ਼ ਸੀ, ਉਸ ਨੂੰ ਆਰੰਭ ਵਿੱਚ ਹੀ ਅੰਕਿਤ ਕਰ ਦਿੱਤਾ ਸੀ।

ਗੁਰੂ ਰਵਿਦਾਸ ਜੀ ਨੇ ਦਾਸ ਨੂੰ ਹੁਕਮ ਦਿੱਤਾ ਕਿ ਉਹ ਉਨ੍ਹਾਂ ਬਾਰੇ ਲਿਖੇ। ਕੁਦਰਤੀ ਹੀ ਪ੍ਰਧਾਨਗੀ ਪਦ ਤੇ ਸ਼ਸ਼ੋਭਿਤ ਸੰਗਤ ਦੇ ਰੂਪ ਰਾਹੀਂ ਫਰਮਾਇਆ ਗਿਆ ਇਹ ਹੁਕਮ ਇਲਾਹੀ ਹੁਕਮ ਹੋ ਨਿਬੜਿਆ ਹੈ। ਇਸ ਦਾ ਪ੍ਰਮਾਣ ਇਹ ਹੈ ਕਿ ਜਦ ਮੈਂ ਲਿਖਦਾ ਸਾਂ, ਮੇਰੀ ਸੋਚੀ ਸਮਝੀ ਵਿਚਾਰਾਂ ਦੀ ਸਕੀਮ ਤੋਂ ਬਾਗ਼ੀ ਹੋ, ਮੇਰੇ ਅੰਤਹਿਕਰਣ ਦੇ ਸਿਰਜੇ ਵਿਚਾਰ ਮੈਨੂੰ ਵਿਸ਼ੇ ਦੀ ਮੰਜਲ ਵੱਲ ਧੂਈ ਅਦਭੁਤ ਵਿਚਾਰਧਾਰਾ ਦੀ ਸਿਰਜਣਾ ਸਿਰਜ ਦਿੰਦੇ ਸਨ। ਇਸ ਤਰ੍ਹਾਂ ਇਹ ਮੇਰੇ ਨਹੀਂ, ਅੰਤਰ ਆਤਮਾ ਦੇ ਆਪਣੇ ਵਿਚਾਰ ਹਨ।

ਦੂਜੇ ਸੰਕਲਨ ਦੇ ਛਪਣ ਤੱਕ ਵਾਪਰੀਆਂ ਘਟਨਾਵਾਂ ਅਨੁਸਾਰ ਅੰਤਰ ਦੀ ਵਿਚਾਰ – ਸਿਰਜਣਾ ਅੱਟਲ ਸਚਾਈ ਹੋ ਨਿਬੜੀ ਹੈ। ਇਨ੍ਹਾਂ ਘਟਨਾਵਾਂ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਗੁਰੂ ਰਵਿਦਾਸ ਜੀ ਮੇਰੇ ਅੰਤਹਿਕਰਣ ਵਿੱਚ ਵਿਰਾਜਮਾਨ ਹੋ, ਆਪਣੇ ਹੁਕਮ ਅਨੁਸਾਰ ਇਹ ਸ਼ੁਭ ਕੰਮ ਮੇਰੇ ਨਿਮਾਣੇ ਜਿਹੇ ਸੇਵਕ ਤੋਂ ਕਰਵਾ ਰਹੇ ਸਨ। ਫਿਰ ਇਹ ਪੁਸਤਕ ਛਪਵਾਈ ਵੀ ਉਨ੍ਹਾਂ ਦੇ ਸੇਵਕ ਨੇ ਹੀ ਹੈ।

ਹੁਣ ਸਵਾਲ ਸੀ ਇਸ ਦੇ ਪੁਸਤਕ ਦੇ ਸਾਹਿਤ-ਅਰਪਣ ਦਾ ਇੱਕ ਅੰਤਰ-ਰਾਸ਼ਟਰੀ ਪ੍ਰਸਿਧੀ ਵਾਲੀ ਸੰਸਥਾ ਦੇ ਕਰਤਾ ਧਰਤਾ ਨੇ ਇਸ ਦੇ ਪੜ੍ਹਨ ਪਿਛੋਂ ਸੰਸਥਾ ਵਲੋਂ ਸਾਹਿਤ ਅਰਪਣ ਕਰਨ ਦਾ ਸੁਝਾ ਦਿੱਤਾ ਅਤੇ ਦਾਸ ਇਸ ਤੇ ਖੁਸ਼ ਸੀ ਅਤੇ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਸੀ। ਇਸ ਸਮੇਂ ਗੁਰੂ ਰਵਿਦਾਸ ਜੀ ਦੇ ਇੱਕ ਸ਼ਰਧਾਲੂ ਨੇ ਡੇਰਾ ਸੱਚ ਖੰਡ ਬੱਲਾ ਤੋਂ ਪੁਸਤਕ ਦਾ ਸਾਹਿਤ-ਅਰਪਣ ਕਰਵਾਉਣ ਦਾ ਸੁਝਾ ਦਿੱਤਾ। ਇਸ ਡੇਰੇ ਦੇ ਇਸ਼ਟ ਸ਼੍ਰੋਮਣੀ ਗੁਰੂ ਰਵਿਦਾਸ ਜੀ ਹਨ। ਇਹ ਸੁਝਾ ਮੇਰੇ ਮਨ ਨੂੰ ਟੁੰਬ ਗਿਆ ਸੋ ਦਾਸ (ਲੇਖਕ) ਤੇ ਸੇਠ ਕਰਮ ਚੰਦ ਜੀ, ਗੱਦੀ ਤੇ ਵਿਰਾਜਮਾਨ ਬ੍ਰਹਮ-ਗਿਆਨੀ ਸ੍ਰੀ 108 ਸੰਤ ਨਿਰੰਜਨ ਦਾਸ ਜੀ ਨੂੰ ਮਿਲੇ। ਸਾਡੀ ਉੱਕਾ ਹੀ ਜਾਣ ਪਛਾਣ ਨਹੀਂ ਸੀ। ਸੰਤ ਜੀ ਨੇ ਸਾਨੂੰ ਗਿਆਨੀ ਸੰਤ ਰਾਮਾਨੰਦ ਜੀ ਨੂੰ ਮਿਲਣ ਲਈ ਕਿਹਾ। ਸੰਤ ਜੀ ਵਲੋਂ ਕੀਤੀ ਆਉ ਭਗਤ ਅਤੇ ਦਿੱਤੇ ਨਿੱਘੇ ਸਤਿਕਾਰ ਨੇ ਮਨ ਨੂੰ ਬਹੁਤ ਪ੍ਰਭਾਵਿਤ ਕੀਤਾ। ਉਨ੍ਹਾਂ ਨੇ ਪੁਸਤਕ ਲੈ ਲਈ ਅਤੇ ਕਿਹਾ ਇਸ ਨੂੰ ਪੜ੍ਹਨ



ਪਿਛੋਂ ਹੀ ਕੋਈ ਫੈਸਲਾ ਕੀਤਾ ਜਾਵੇਗਾ। ਉਨ੍ਹਾਂ ਨੇ ਇਹ ਪੁਸਤਕ ਆਪ ਵੀ ਪੜ੍ਹੀ ਅਤੇ ਬ੍ਰਹਮ ਗਿਆਨੀ ਸੰਤ ਸੁਰਿੰਦਰ ਦਾਸ ਜੀ ਨੇ ਵੀ ਪੜ੍ਹੀ। ਉਹ ਪੁਸਤਕ ਤੋਂ ਬਹੁਤ ਪ੍ਰਭਾਵਤ ਹੋਏ ਅਤੇ ਪੁਸਤਕ ਦਾ ਸਾਹਿਤ ਅਰਪਣ ਕਰਨਾ ਪ੍ਰਵਾਨ ਕਰ ਲਿਆ।

ਡੇਰਾ ਸੱਚ ਖੰਡ ਬੱਲਾਂ ਦੇ ਮਹਾਪੁਰਸ਼ਾਂ ਦੀ ਸ੍ਰੀ ਗੁਰੂ ਰਵਿਦਾਸ ਜੀ ਪ੍ਰਤੀ ਐਨੀ ਅਥਾਹ ਸ਼ਰਧਾ ਹੈ ਕਿ ਉਨ੍ਹਾਂ ਨੇ ਪੁਸਤਕ ਦਾ ਸੰਗਤਾਂ ਦੇ ਭਰੇ ਸਮੁੰਦਰ ਵਾਂਗ ਠਾਠਾਂ ਮਾਰਦੇ ਸ੍ਰੀ ਗੁਰੂ ਰਵਿਦਾਸ ਜੀ ਦੇ ਸੱਚੇ ਦਰਬਾਰ ਵਿੱਚ ਸਾਹਿਤ-ਅਰਪਣ ਕਰਨ ਵੇਲੇ ਮੈਨੂੰ ਸਨਮਾਨਤ ਵੀ ਕੀਤਾ। ਪਰ ਮੇਰੇ ਲਈ ਇਹ ਕੇਵਲ ਸਨਮਾਨ ਹੀ ਨਾ ਰਿਹਾ ਸਗੋਂ ਮੇਰੇ ਜ਼ਿੰਦਗੀ ਦੇ ਸੱਚੇ – ਸੁੱਚੇ ਸਦੀਵੀ ਪਿਆਰ ਦੇ ਦਰਦ ਨੂੰ ਪ੍ਰਕਾਸ਼ਮਾਨ ਕਰਨ ਵਾਲਾ ਜ਼ਾਹਰਾ ਰੂਪ ਵਿੱਚ ਪ੍ਰਭ ਦਾ ਚਮਤਕਾਰੀ ਅਸ਼ੀਰਵਾਦ ਬਣ ਗਿਆ ਕਿਉਂਕਿ ਮੇਰੀ ਧੁਰ ਆਤਮਾ ਵਿੱਚ ਤੜਪ ਦਾ ਇਹ ਦਰਦ, ਯਾਦ ਚਿੰਨ ਉੱਤੇ ਉੱਕਰੇ ਹਰਿ ਸ਼ਬਦ ਵਿੱਚ ਨਿਰੂਪਤ ਸੀ। ਇਸ ਪਵਿੱਤਰ ਭਾਵਨਾ ਵਿੱਚ ਵਾਧਾ ਇਹ ਹੋਇਆ ਕਿ ਹਰਿ ਉੱਕਰਿਆ ਵੀ ਚਾਂਦੀ ਦੀ ਪਲੇਟ ਉੱਤੇ ਸੀ।

ਇਸ ਘਟਨਾ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਇਸ ਤੋਂ ਵੱਡਾ ਸਨਮਾਨ ਮੇਰੀ ਜ਼ਿੰਦਗੀ ਵਿੱਚ ਨਾ ਪਹਿਲਾਂ ਹੋਇਆ ਹੈ ਅਤੇ ਨਾ ਹੀ ਅੱਗੇ ਨੂੰ ਹੋਵੇਗਾ। ਕਾਰਣ: ਜਦ ਮੈਂ ਹਰਿਦੁਆਰ ਵਿਖੇ ਸ੍ਰੀ ਗੁਰੂ ਰਵਿਦਾਸ ਮੰਦਰ ਵਿੱਚ ਬੈਠਾ ਸਵੇਰੇ ਚਾਰ ਕੁ ਵਜੇ ਗੁਰੂ ਰਵਿਦਾਸ ਜੀ ਦੇ ਹੀ ਸ਼ਬਦ ਹਰਿ ਹਰਿ, ਹਰਿ ਹਰਿ, ਹਰਿ, ਹਰਿ ਹਰੇ॥ ਦਾ ਸਿਮਰਨ ਕਰ ਰਿਹਾਂ ਸਾਂ ਉਸ ਸਮੇਂ ਮੇਰੀ ਬੇਟੀ ਦੀ ਆਤਮਾ ਸਦਾ ਸਦਾ ਲਈ ਇਸ ਸੰਸਾਰ ਨੂੰ ਛੱਡ, ਸਵਰਗ ਵਲ ਜਾ ਰਹੀ ਨੂੰ ਮੈਂ ਸ਼ਾਖਸਾਤ ਤੱਕ ਰਿਹਾ ਸਾਂ।

ਉਸ ਦਿਨ ਤੋ ਇਹ ਸ਼ਬਦ ਮੇਰੀ ਜ਼ਿੰਦਗੀ ਦੇ ਸਦੀਵੀ ਦਰਦ ਦਾ ਸਹਾਰਾ ਬਣ ਗਿਆ।

ਇਸ ਤਰ੍ਹਾਂ ਪੁਸਤਕ ਲਿਖੀ ਗਈ ਗੁਰੂ ਰਵਿਦਾਸ ਜੀ ਦੇ ਹੁਕਮ ਨਾਲ, ਛਪਵਾਈ ਉਨ੍ਹਾਂ ਦੇ ਸੇਵਕ ਨੇ, ਸਾਹਿਤ ਅਰਪਣ ਤੇ ਸਨਮਾਨ ਹੋਇਆ ਉਨ੍ਹਾਂ ਦੇ ਬ੍ਰਹਮਾ ਗਿਆਨੀ ਮਹਾਨ ਸਪੂਤਾਂ ਦੁਆਰਾ ਅਤੇ ਹੋਇਆ ਵੀ ਗੁਰੂ ਰਵਿਦਾਸ ਮੰਦਰ ਵਿੱਚ। ਇਥੇ ਹੀ ਬਸ ਨਹੀਂ ਸਨਮਾਨ ਵਿੱਚ ਮਿਲੇ ਚਾਂਦੀ ਦੇ ਯਾਦ-ਚਿੰਨ ਤੇ ਉੱਕਰਿਆ ਗੁਰੂ ਰਵਿਦਾਸ ਜੀ ਦਾ ਸਿਰਜਿਆ ਹਰਿ ਸ਼ਬਦ ਵਿਛੜ ਚੁੱਕੀ ਰੂਹ ਦੇ ਸਵਰਗ ਸਧਾਰਨ ਦੀ ਪ੍ਰਭ ਦੀ ਹੀ ਤਾਂ ਪਵਿੱਤਰ ਗਵਾਹੀ ਹੈ। ਫਿਰ ਮੈਂ ਕਿਵੇਂ ਨਾ ਕਹਾਂ ਕਿ ਗੁਰੂ ਰਵਿਦਾਸ ਜੀ ਦੀ ਅਪਾਰ ਕ੍ਰਿਪਾ ਸਦਕਾ ਹੀ ਇਹ ਰੱਬੀ ਚਮਤਕਾਰ ਹੋ ਸਕਿਆ ਹੈ।

ਫਿਰ ਮੈਂ ਅਤੇ ਅਮਰੀਕ ਮਹੇ ਇਹ ਪੁਸਤਕ, ਡੇਰਾ 108 ਸੰਤ ਸ੍ਰੀ ਮਾਹਨ ਦਾਸ ਜੀ ਦੀ ਗੱਦੀ ਤੇ ਵਿਰਾਜਮਾਨ 108 ਸੰਤ ਸ੍ਰੀ ਸੇਵਾ ਦਾਸ ਜੀ ਨੂੰ ਭੇਟ ਕਰਨ ਗਏ। ਉਨ੍ਹਾਂ ਨੇ ਬੜੇ ਪਿਆਰ ਨਾਲ ਕਿਹਾ ਕਿ ਇਹ ਭੇਟ ਅਸੀਂ ਸਮਾਗਮ ਵਿੱਚ ਲਵਾਂਗੇ। ਸੋ ਉਨ੍ਹਾਂ ਨੇ ਇਹ ਭੇਟ ਭਰੇ ਸਮਾਗਮ ਵਿੱਚ ਪ੍ਰਵਾਨ ਕੀਤੀ ਅਤੇ ਮੈਨੂੰ ਸਨਮਾਨਤ ਵੀ ਕੀਤਾ।

ਸੋ ਪੁਸਤਕ ਦੇ ਆਦਿ ਤੋਂ ਲੈ ਕੇ ਅੰਤ ਤੱਕ ਦੀਆਂ ਘਟਨਾਵਾਂ ਸਾਬਤ ਕਰਦੀਆਂ ਹਨ ਕਿ ਜੋ ਕੁਝ ਵੀ ਵਾਪਰਿਆ ਹੈ ਉਹ ਗੁਰੂ ਰਵਿਦਾਸ ਜੀ ਦੇ ਹੁਕਮ ਅਤੇ ਸੇਧ ਅਨੁਸਾਰ ਹੀ

ਵਾਪਰਿਆ ਹੈ। ਇਸ ਤਰ੍ਹਾਂ ਇਹ ਉਨ੍ਹਾਂ ਦੀ ਰਹਿਮਤ ਅਤੇ ਬਖਸ਼ਿਸ਼ ਦੁਆਰਾ ਸਾਕਾਰ ਰੂਪ ਵਿੱਚ ਪ੍ਰਭ ਦਰਸ਼ਨ ਹੈ।

ਇਸ ਤਰ੍ਹਾਂ ਇਹ ਪੁਸਤਕ ਲਿਖ ਕੇ ਮੈਂ ਧੰਨ ਹੋ ਗਿਆ ਹਾਂ। ਹੁਣ ਜੇ ਮੌਤ ਵੀ ਆ ਜਾਵੇ ਤਾਂ ਗੁਰੂ ਰਵਿਦਾਸ ਦੀ ਰਹਿਮਤ ਅਤੇ ਰਜ਼ਾ ਸਦਕਾ ਮੈਂ ਖੁਸ਼ੀ-ਖੁਸ਼ੀ, ਸ਼ਾਂਤ-ਚਿਤ, ਅਨੰਦਤ ਅਵਸਥਾ ਵਿੱਚ ਮਰ ਸਕਾਂਗਾ। ਮੌਤ ਭਾਵੇਂ ਕਿਸੇ ਵੀ ਰੂਪ ਵਿੱਚ ਮਿਲੇ, ਮੇਰਾ ਆਖਰੀ ਸਮਾਂ ਅਨੰਦਮਈ ਹੀ ਹੋਵੇਗਾ।

**ਲਾਲ ਸਿੰਘ**

**ਪਿੰਡ: ਸ਼ੇਰਵਾਨੀ ਕੋਟ**

5.1.1997

**ਤਹਿਸੀਲ ਮਲੇਰ ਕੋਟਲਾ , ਜ਼ਿਲਾ: ਸੰਗਰੂਰ (ਪੰਜਾਬ)**



# ਚੌਥਾ ਸੰਕਲਨ

ਮੈਂ ਆਪਣੇ ਆਪ ਨੂੰ ਬਹੁਤ ਵਡਭਾਗੀ ਸਮਝ ਰਹੀ ਹਾਂ ਕਿਉਂਕਿ ਪ੍ਰੋ. ਲਾਲ ਸਿੰਘ ਜੀ ਨੇ ਮੈਨੂੰ ਇਸ ਚੌਥੀ ਵਾਰ ਛਪ ਰਹੀ ਪੁਸਤਕ ਸ੍ਰੀ ਗੁਰੂ ਰਵਿਦਾਸ ਜੀ ਉਹਨਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੁੱਖ ਬੰਦ ਲਿਖਣ ਦਾ ਹੁਕਮ ਕੀਤਾ ਹੈ। ਕਿਉਂਕਿ ਇਸ ਪੁਸਤਕ ਦੀ ਛਪਾਈ ਅਤੇ ਸੁਧਾਈ ਵਿਚ ਮੈਂ ਮੱਦਦ ਕਰ ਰਹੀ ਹਾਂ।

ਇਸ ਨੂੰ ਕਿਤਾਬ ਕਹਿਣਾ ਗਲਤ ਹੋਵੇਗਾ ਕਿਉਂਕਿ ਇਹ ਇਕ ਧਾਰਮਿਕ ਗ੍ਰੰਥ ਹੈ, ਜਿਸ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰੂ ਬਾਰੇ ਜੋ ਪ੍ਰਚਲਿਤ ਕਥਾਵਾਂ ਸਨ ਦਾ ਤਰਕ ਨਾਲ ਦਲੀਲਾਂ ਨਾਲ ਖੰਡਨ ਕੀਤਾ ਗਿਆ ਹੈ, ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਨੁਸਾਰ।

ਇਹ ਕਿਤਾਬ 16 ਅਕਤੂਬਰ 1995 ਈ. ਵਿਚ ਪਹਿਲੀ ਵਾਰ ਛਪੀ ਸੀ ਤਕਰੀਬਨ ਅੱਜ ਤੋਂ 25 ਸਾਲ ਪਹਿਲਾਂ। ਇਸ ਕਿਤਾਬ ਵਿਚ ਬਹੁਤ ਹੀ ਸਪੱਸ਼ਟ ਤਰਕਯੁਕਤ ਸਮਝਾਇਆ ਗਿਆ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਨੂੰ 'ਭਗਤ' ਕਹਿਣਾ ਗਲਤ ਹੈ। ਭਗਤ ਤਾਂ ਉਹ ਰੱਬ ਦੇ ਸਨ, ਸਾਡੇ ਨਹੀਂ। ਪਰ ਫਿਰ ਵੀ ਸਿੱਖ ਜਗਤ ਇਸ ਨੂੰ ਅਪਣਾ ਨਹੀਂ ਰਿਹਾ। ਜਿਸ ਦੀ ਵਜ੍ਹਾ ਕਰਕੇ ਹਰ ਪਿੰਡ, ਹਰ ਸ਼ਹਿਰ ਤੇ ਹਰ ਕਸਬੇ ਵਿਚ ਗੁਰੂ ਰਵਿਦਾਸ ਅਨੁਆਈਆਂ ਨੇ ਆਪਣੇ ਵੱਖਰੇ ਗੁਰੂ ਘਰ ਬਣਾ ਲਏ ਹਨ।

ਸੱਚੀ ਘਟਨਾ ਮੈਂ ਆਪਣੇ ਮੁਹੱਲੇ ਦੀ ਦੱਸਦੀ ਹਾਂ। ਸਾਡੇ ਮੁਹੱਲੇ ਵਿਚ ਸਾਂਝਾ ਗੁਰਦੁਆਰਾ ਹੈ। ਜਿੱਥੇ ਹਰ ਸਾਲ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਮਨਾਇਆ ਜਾਂਦਾ ਸੀ। ਪਰ ਜਦੋਂ ਸੰਬੋਧਨ ਕਰਨ ਦੀ ਵਾਰੀ ਆਉਂਦੀ ਤਾਂ ਸੰਬੋਧਨ ਕਰਦੇ ਭਗਤ ਰਵਿਦਾਸ ਕਹਿ ਕੇ। ਬਹੁਤ ਕੋਸ਼ਿਸ਼ਾਂ ਤੋਂ ਬਾਅਦ ਜਦ ਇਹ ਸੰਬੋਧਨ ਠੀਕ ਨਾ ਹੋਇਆ ਤਾਂ ਸਾਡੇ ਲੋਕਾਂ ਨੇ ਇਕੱਠੇ ਹੋਏ ਸਲਾਹ ਮਸ਼ਵਰਾ ਕਰਕੇ ਫੈਸਲਾ ਕੀਤਾ ਵੱਖਰੇ ਹੋ ਕੇ ਗੁਰਪੁਰਬ ਮਨਾਉਣਾ ਦਾ। ਵੱਖਰੇ ਹੋ ਕੇ ਸ੍ਰੀ ਗੁਰੂ ਰਵਿਦਾਸ ਗੁਰਪੁਰਬ ਖਾਲੀ ਪਲਾਟ ਵਿਚ ਟੈਂਟ ਲਾ ਕੇ ਮਨਾਇਆ ਗਿਆ। ਫਿਰ ਜ਼ਮੀਨ ਖਰੀਦੀ, ਗੁਰੂ ਘਰ ਦੀ ਉਸਾਰੀ ਕਰਵਾਈ। ਅੱਜ ਅਸੀਂ ਇੱਜ਼ਤ ਸਨਮਾਨ ਨਾਲ ਆਪਣੇ ਗੁਰੂ ਜੀ ਦਾ ਗੁਰਪੁਰਬ ਮਨਾਉਂਦੇ ਹਾਂ ਅਤੇ ਆਪਣੇ ਰਹਿਬਰਾਂ ਨੂੰ ਪੂਰੇ ਸਨਮਾਨ ਨਾਲ ਸੰਬੋਧਨ ਕਰਦੇ ਹਾਂ।

ਸਵਾਲ ਹੈ ਕਿਉਂ ਵੱਖਰੇ ਗੁਰੂ ਘਰ ਬਣਵਾਉਣ ਦੀ ਲੋੜ ਪਈ। ਕਿਉਂਕਿ ਸਿੱਖ ਜਗਤ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਨਹੀਂ ਮੰਨਦਾ। ਉਨ੍ਹਾਂ ਦਾ ਹੁਕਮ ਹੈ "**ਸਭ ਸਿਖਨ ਕੋ**

ਹੁਕਮ ਹੈ ਗੁਰੂ ਮਾਨਿਓ ਗ੍ਰੰਥ'' ਪਰ ਸਿੱਖ ਨਹੀਂ ਮੰਨਦੇ। ਉਹ ਅੱਜ ਵੀ ਆਪਣੀ ਮਰਜ਼ੀ ਮੁਤਾਬਿਕ ਕਿਸੇ ਨੂੰ ਭਗਤ ਤੇ ਕਿਸੇ ਨੂੰ ਗੁਰੂ ਕਹੀ ਜਾਂਦੇ ਹਨ। ਜਦੋਂ ਕੋਈ ਸਵਾਲ ਕਰੇ ਤਾਂ ਕਹਿੰਦੇ ਹਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਲਿਖਿਆ ਹੈ। ਜਦ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੂੰ "ਮਹੱਲਾ ੧" ਅਰਥਾਤ ਦਾਸ ਨਾਨਕ ਲਿਖਿਆ ਹੈ।

ਉਨ੍ਹਾਂ ਲੋਕਾਂ ਨੂੰ ਜੋ ਅੱਜ ਵੀ ਗੁਰੂ ਰਵਿਦਾਸ ਜੀ ਨੂੰ ਭਗਤ ਕਹਿ ਕੇ ਸੰਬੋਧਿਤ ਕਰਦੇ ਹਨ ਉਨ੍ਹਾਂ ਨੂੰ ਇਹ ਕਿਤਾਬ ਪੜ੍ਹ ਕੇ ਨਿਰਣਾ ਕਰਨਾ ਚਾਹੀਦਾ ਹੈ ਕਿ 'ਭਗਤ' ਕਹਿਣਾ ਸਹੀ ਹੈ ਕਿ 'ਗੁਰੂ' ਕਹਿਣਾ।

ਮੈਨੂੰ ਆਸ ਹੈ ਕਿ ਜਿਹੜਾ ਵੀ ਇਸ ਕਿਤਾਬ ਨੂੰ ਇਮਾਨਦਾਰੀ ਨਾਲ ਪੜ੍ਹੇਗਾ, ਸਮਝੇਗਾ ਉਹ ਕਦੇ ਵੀ ਗੁਰੂ ਰਵਿਦਾਸ ਜੀ ਨੂੰ 'ਭਗਤ' ਨਹੀਂ ਆਖੇਗਾ।

ਲੋੜ ਹੈ ਜੋ ਖੋਜ ਪ੍ਰੋ. ਸਾਹਿਬ ਨੇ ਸਾਲਾਂਬੱਧੀ ਸਮਾਂ ਲਾ ਕੇ ਦਿਨ-ਰਾਤ ਇਕ ਕਰਕੇ ਕੀਤੀ ਹੈ ਉਸ ਨੂੰ ਪਾਠਕਾਂ ਤੱਕ ਪਹੁੰਚਾਉਣ ਦੀ। ਜੋ ਉਪਰਾਲਾ ਸਾਡੇ ਸਾਧੂ ਸਮਾਜ ਨੂੰ ਤੇ ਸਾਡੇ ਗੁਰੂ ਘਰਾਂ ਦੀਆਂ ਕਮੇਟੀਆਂ ਨੂੰ ਕਰਨਾ ਚਾਹੀਦਾ ਹੈ, ਉਨ੍ਹਾਂ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਵੀ ਹੈ।

ਅਖੀਰ ਵਿਚ ਮੈਂ ਪ੍ਰੋ. ਲਾਲ ਸਿੰਘ ਜੀ ਵੱਲੋਂ ਧੰਨਵਾਦ ਕਰਦੀ ਹਾਂ ਸਾਡੇ ਛੋਟੇ ਵੀਰ ਡਾ. ਚਰਨਜੀਤ ਸਿੰਘ ਬਿਨਪਾਲਕੇ ਜੀ ਦਾ ਜਿਸ ਨੇ ਇਕ ਕਿਤਾਬ ਦੀ ਛਪਾਈ ਵਿਚ ਹਰ ਤਰ੍ਹਾਂ ਨਾਲ ਯੋਗਦਾਨ ਪਾ ਕੇ ਸਾਡੀ ਭਰਪੂਰ ਮੱਦਦ ਕੀਤੀ।

ਦੂਜਾ ਅਸੀਂ ਧੰਨਵਾਦੀ ਹਾਂ ਹਰਬੰਸ ਹੀਰਾ ਯੂ.ਕੇ. ਜੀ ਦਾ ਜਿਨ੍ਹਾਂ ਨੇ ਪ੍ਰੋ. ਸਾਹਿਬ ਦੀਆਂ ਕਿਤਾਬਾਂ ਪੜ੍ਹੀਆਂ ਅਤੇ ਸੰਗਤਾਂ ਲਈ ਪੜ੍ਹਨ ਵਾਸਤੇ ਮੇਰੇ ਕੋਲੋਂ ਮੰਗਵਾਈਆਂ।

ਵਿਸ਼ੇਸ਼ ਧੰਨਵਾਦ ਹੈ ਸ੍ਰੀ ਸੰਜੀਵ ਕੁਮਾਰ ਯੂ.ਏ.ਈ. ਦਾ ਜਿਨ੍ਹਾਂ ਨੇ ਸ੍ਰੀ ਪਵਨ ਕੁਮਾਰ ਹੁਸ਼ਿਆਰਪੁਰ ਦੀ ਪ੍ਰੇਰਨਾ ਸਦਕਾ ਇਸ ਕਿਤਾਬ ਦੀ ਛਪਾਈ ਲਈ ਬਹੁਤ ਵੱਡਾ ਆਰਥਿਕ ਯੋਗਦਾਨ ਪਾਇਆ ਹੈ। ਧੰਨਵਾਦ ਹੈ ਮਾਸਟਰ ਸੂਰਤੀ ਲਾਲ ਮਾਧੋਪੁਰ, ਸ੍ਰੀ ਹਰਜਿੰਦਰ ਗੋਹਲੜਾਂ, ਸ੍ਰੀ ਰਣਜੀਤ ਬਿਨਪਾਲਕੇ ਅਤੇ ਉਹਨਾਂ ਸਾਰੇ ਗੁਰੂ ਰਵਿਦਾਸ ਸੇਵਕਾਂ ਦਾ ਜੋ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਇਸ ਪੁਸਤਕ ਨੂੰ ਚੌਥੀ ਵਾਰ ਛਪਵਾ ਕੇ ਸੰਗਤਾਂ ਦੇ ਲਈ ਭੇਂਟ ਕਰ ਰਹੇ ਹਨ। ਸੋ ਅਸੀਂ ਉਨ੍ਹਾਂ ਦੇ ਵੀ ਬਹੁਤ-ਬਹੁਤ ਧੰਨਵਾਦੀ ਹਾਂ।

ਜੇ ਪਾਠਕਾਂ ਨੂੰ ਕਿਤਾਬ ਵਿਚ ਕੋਈ ਘਾਟ ਊਣਤਾਈ ਨਜ਼ਰ ਆਵੇ ਤਾਂ ਲੇਖਕ ਨੂੰ ਜ਼ਰੂਰ ਦੱਸਣ ਦੀ ਖੇਚਲ ਕਰਨੀ ਜੀ। ਧੰਨਵਾਦੀ ਹੋਵਾਂਗੀ।

ਜੈ ਗੁਰੂਦੇਵ! ਧੰਨ ਗੁਰੂਦੇਵ!!


**ਜਗਦੀਸ਼ ਕੌਰ ਸੁਪਤਨੀ ਪ੍ਰੋ. ਲਾਲ ਸਿੰਘ**

**ਈ-13, 241, ਅਮਨ ਨਗਰ, ਨੇੜੇ ਗਰੀਨ ਲੈਂਡ ਪਬਲਿਕ ਸਕੂਲ**

**ਲੁਧਿਆਣਾ (ਪੰਜਾਬ) - 141008**




# I. ਗੁਰੂ ਰਵਿਦਾਸ ਜੀ ਤੋਂ ਪਹਿਲਾਂ ਦੀ ਗੁਰੂ-ਪਰੰਪਰਾ

ਗੁਰੂ ਰਵਿਦਾਸ ਜੀ ਦੇ ਗੁਰੂ ਕੌਣ ਸਨ? ਇਸ ਬਾਰੇ ਸੈਂਕੜੇ ਵਿਦਵਾਨਾਂ ਨੇ ਖੋਜ ਕਰਕੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਪਰ ਅਜੇ ਤਕ ਕੋਈ ਤਸੱਲੀਬਖ਼ਸ਼ ਸਿੱਟਾ ਨਹੀਂ ਨਿਕਲਿਆ। ਸੋ ਸਹੀ ਅਤੇ ਤਰਕ ਆਧਾਰਿਤ ਸਿੱਟੇ ਤੇ ਪਹੁੰਚਣ ਲਈ ਗੁਰੂ ਰਵਿਦਾਸ ਜੀ ਤੋਂ ਪਹਿਲਾਂ ਦੇ ਭਾਰਤੀ ਸਮਾਜ ਵਿਚ (ੳ) ਗੁਰੂ ਦੀ ਮਹੱਤਤਾ ਕੀ ਸੀ? (ਅ) ਗੁਰੂ ਅਤੇ ਵਰਣ-ਵਿਵਸਥਾ ਦਾ ਆਪਸੀ ਸੰਬੰਧ ਕੀ ਸੀ? (ੲ) ਗੁਰੂ ਦੇ ਸੰਕਲਪ ਦਾ ਵਿਚਾਰਧਾਰਈ ਆਧਾਰ ਕੀ ਸੀ? ਬਾਰੇ ਵਿਚਾਰ ਕਰਨਾ ਜ਼ਰੂਰੀ ਹੈ।

ਵੈਦਿਕ ਸਮੇਂ ਤੋਂ ਹੀ ਹਿੰਦੂ-ਧਰਮ ਵਿਚ ਗੁਰੂ ਦਾ ਮਹੱਤਵਪੂਰਣ ਸਥਾਨ ਰਿਹਾ ਹੈ। ਗੁਰੂ ਤੋਂ ਬਿਨਾਂ ਕੋਈ ਵੀ ਰੀਤ ਪੂਰੀ ਨਹੀਂ ਸੀ ਹੋ ਸਕਦੀ। ਗੁਰੂ ਕੇਵਲ ਰਸਮਾਂ ਰੀਤਾਂ ਨੂੰ ਹੀ ਨਹੀਂ ਸੀ ਨਿਭਾਉਂਦਾ, ਉਹ ਧਾਰਮਿਕ, ਰਾਜਨੀਤਿਕ, ਆਰਥਕ ਆਦਿ ਖੇਤਰਾਂ ਵਿਚ ਵੀ ਅਗਵਾਈ ਕਰਦਾ ਸੀ। ਗੁਰੂ ਬ੍ਰਹਮ ਗਿਆਨ ਦੀ ਪ੍ਰਾਪਤੀ ਦੀ ਵਿਧੀ ਦਸਦਾ ਸੀ। ਰਾਜ ਪ੍ਰਬੰਧ ਵਿਚ ਗੁਰੂ ਦਾ ਹੁਕਮ ਹੀ ਰਾਜੇ ਲਈ ਅਲਾਹੀ ਹੁਕਮ ਸੀ, ਜਿਸ ਦੀ ਹਰ ਹਾਲਤ ਵਿਚ ਪਾਲਣਾ ਜ਼ਰੂਰੀ ਹੁੰਦੀ ਸੀ। ਜੇ ਗੁਰੂ ਨੂੰ ਤਾਨਾਂਸ਼ਾਹ ਕਹਿ ਲਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ। ਢਾਂਚਾ ਇਸ ਕਿਸਮ ਦਾ ਉਸਾਰਿਆ ਗਿਆ ਸੀ ਕਿ ਬੇ-ਗੁਰੇ ਨੂੰ ਸਮਾਜ ਸਵੀਕਾਰ ਹੀ ਨਹੀਂ ਸੀ ਕਰਦਾ। ਗੁਰੂ ਤੋਂ ਬਿਨ੍ਹਾਂ ਕਿਸੇ ਵੀ ਖੇਤਰ ਵਿਚ ਗਤੀ ਨਹੀਂ ਸੀ ਹੋ ਸਕਦੀ। ਮੁੱਕਦੀ ਗੱਲ ਗੁਰੂ ਦੀ ਪਦਵੀ ਭਗਵਾਨ ਤੋਂ ਵੀ ਉਪਰ ਸੀ। 'ਭਗਵਾਨ' ਰਾਮ ਦੇ ਗੁਰੂ ਵਸ਼ਿਸ਼ਟ ਸਨ। ਵਸ਼ਿਸ਼ਟ ਰਾਮ ਚੰਦਰ ਜੀ ਦਾ ਗੁਰੂ ਅਤੇ ਵੇਦਾਂਤ ਦਾ ਪ੍ਰਚਾਰਕ ਹੋਇਆ ਹੈ। ਇਹ ਵਿਸ਼ਵਾ ਮਿਤਰ ਰਿਖੀ ਦਾ ਜੋ ਖੱਤਰੀ ਤੋਂ ਬ੍ਰਾਹਮਣ ਪਦ ਨੂੰ ਪਹੁੰਚਿਆ ਵੱਡਾ ਵਿਰੋਧੀ ਸੀ।[1] ਕਈਆਂ ਨੇ ਲਿਖਿਆ ਹੈ ਕਿ ਵਿਸ਼ਵਾਮਿਤਰ ਨੂੰ ਵਸ਼ਿਸ਼ਟ ਬ੍ਰਹਮ-ਰਿਖੀ ਨਹੀਂ ਮੰਨਦਾ ਸੀ। ਇਸ ਲਈ ਝਗੜਾ ਸੀ।[2] ਸੋ ਵਸ਼ਿਸ਼ਟ ਵਰਣ ਵਿਵਸਥਾ ਦਾ ਕੱਟੜ ਮੁੱਦਈ ਸੀ। ਇਸੇ ਕਾਰਣ ਉਹ ਵਿਸ਼ਵਾ ਮਿਤਰ ਨੂੰ ਬ੍ਰਹਮ-ਰਿਖੀ ਨਹੀਂ ਸੀ ਮੰਨਦਾ ਕਿਉਂਕਿ ਬ੍ਰਹਮ-ਰਿਖੀ ਬਣਨ ਦਾ ਅਧਿਕਾਰ ਕੇਵਲ ਬ੍ਰਾਹਮਣ ਦਾ ਹੀ ਸੀ। ਇਸ ਲਈ ਵਸ਼ਿਸ਼ਟ ਅਤੇ ਵਿਸ਼ਵਾ ਮਿਤਰ ਦੀ ਲੜਾਈ ਦਾ ਆਧਾਰ ਜਾਤੀ ਪ੍ਰਥਾ ਸੀ। ਬ੍ਰਾਹਮਣ ਉੱਚੀ ਜਾਤ ਹੈ ਅਤੇ ਖੱਤਰੀ ਨੀਵੀਂ। ਬ੍ਰਾਹਮਣ ਨੀਵੀਂ ਜਾਤ ਨੂੰ ਆਪਣੇ ਬਰਾਬਰ ਦਾ ਹੋਣਾ ਸਹਿਣ ਨਹੀਂ ਸੀ ਕਰਦਾ। ਜਦੋਂ ਵਸ਼ਿਸ਼ਟ ਇਕ ਖੱਤਰੀ ਨੂੰ ਆਪਣੇ ਬਰਾਬਰ ਦਾ ਹੋਣਾ ਸਹਿਣ ਨਹੀਂ ਕਰ ਸਕਦਾ, ਉਹ ਅਛੂਤ ਸ਼ੂਦਰ ਨੂੰ ਆਪਣੇ

(1) ਮਹਾਨ ਕੋਸ਼-617 (2) ਮਹਾਨ ਕੋਸ਼-820

ਬਰਾਬਰ ਦਾ ਕਿਵੇਂ ਮੰਨ ਸਕਦਾ ਸੀ। ਅਜਿਹਾ ਕਰਨ ਨਾਲ ਉਸ ਦੇ ਭਗਵਾਨ ਅਤੇ ਧਾਰਮਿਕ ਗ੍ਰੰਥ ਭਿੱਟੇ ਜਾਂਦੇ ਸਨ। ਇਸ ਲਈ ਵਸ਼ਿਸ਼ਟ ਕਿਸੇ ਵੀ ਸੂਰਤ ਵਿਚ ਸ਼ੂਦਰ ਨੂੰ ਬ੍ਰਹਮ-ਰਿਖੀ ਸਹਿਣ ਨਹੀਂ ਸੀ ਕਰ ਸਕਦਾ, ਮਾਨਤਾ ਦੇਣ ਬਾਰੇ ਤਾਂ ਕਿਆਸ ਕਰਨਾ ਵੀ ਮੂਰਖਤਾ ਹੈ। ਸੋ ਗੁਰੂ ਵਸ਼ਿਸ਼ਟ ਦੀ ਇਸ ਪ੍ਰਕਾਰ ਦੀ ਸਿਖਿਆ ਦਾ ਪਰਿਣਾਮ, ਉਨ੍ਹਾਂ ਦੇ ਸ਼ਿਸ਼ ਭਗਵਾਨ ਰਾਮ ਚੰਦਰ ਦੁਆਰਾ ਬ੍ਰਹਮ-ਰਿਖੀ ਸ਼ੰਭੂਕ ਦੇ ਕਤਲ ਦੇ ਰੂਪ ਵਿਚ ਨਿਕਲਦਾ ਹੈ। ਬ੍ਰਹਮ-ਰਿਖੀ ਸ਼ੰਭੂਕ ਨੂੰ ਭਗਵਾਨ ਰਾਮ ਆਪ ਵਡ-ਵਿਕ੍ਰਮੀ ਮੰਨਦੇ ਸਨ। ਪਰ ਉਸ ਸਮੇਂ ਤੱਕ ਭਗਵਾਨ ਰਾਮ ਨੂੰ ਪਤਾ ਨਹੀਂ ਸੀ ਕਿ ਉਹ ਵਡ-ਵਿਕ੍ਰਮੀ ਮਹਾਨ ਤੱਪਸਵੀ ਸ਼ੂਦਰ ਹੈ। ਉਹ ਕਹਿੰਦੇ ਹਨ-

10,75,15. ਸ੍ਰੀ ਰਾਮ ਚੰਦਰ ਜੀ, ਉਸ ਉੱਤਮ ਤਰੀਕੇ ਨਾਲ ਤਪ ਕਰਨ ਵਾਲੇ ਕੋਲ ਜਾ ਕੇ ਕਹਿਣ ਲੱਗੇ-ਹੇ ਸੁਵਰਤ ਧੰਨ ਹੋ ਤੁਸੀਂ।

10,75,16. ਹੇ ਵਡ-ਵਿਕ੍ਰਮੀ ਤਪੋਵਰਧ! ਭਲਾ ਇਹ ਤਾਂ ਦਸੋ ਕਿ ਤੁਹਾਡੀ ਜਾਤ ਕੀ ਹੈ? ਤੁਹਾਡੇ ਕੋਲੋਂ ਇਹ ਮੈਂ ਉਤਸੁਕਤਾ ਨਾਲ ਪੁੱਛ ਰਿਹਾ ਹਾਂ। ਮੈਂ ਮਹਾਰਾਜ ਦਸਰਥ ਦਾ ਪੁੱਤਰ ਹਾਂ ਅਤੇ ਮੇਰਾ ਨਾਮ ਰਾਮ ਹੈ।[1]

ਬ੍ਰਹਮ-ਰਿਖੀ ਸ਼ੰਭੂਕ ਦਾ ਉੱਤਰ-

10.76.2. ਹੇ ਰਾਮ! ਮੈਂ ਸ਼ੂਦਰ ਹਾਂ। ਸ਼ੂਦਰ ਕੁੱਲ ਵਿੱਚ ਜਨਮ ਹੋਇਆ ਹੈ। ਮੈਂ ਇਸ ਸਰੀਰ ਨਾਲ ਸਵਰਗ ਜਾਣ ਦੀ ਇੱਛਾ ਨਾਲ ਅਜਿਹਾ ਉੱਗਰ ਤਪ ਕਰ ਰਿਹਾ ਹਾਂ।

10.76.4. ਉਸ ਸ਼ੂਦਰ ਦੇ ਮੂੰਹ ਤੋਂ ਇਹ ਬਚਨ ਸੁਣਦੇ ਹੀ ਸ੍ਰੀ ਰਾਮ ਨੇ ਲਸ਼ਕਾਰੇ ਮਾਰਦੀ ਤਲਵਾਰ ਮਿਆਨ ਵਿਚੋਂ ਖਿਚੀ ਅਤੇ ਉਸ ਨਾਲ ਉਸ ਸ਼ੂਦਰ ਦਾ ਸਿਰ ਕੱਟ ਦਿੱਤਾ।[2]

ਜਦੋਂ ਤੱਕ 'ਭਗਵਾਨ' ਰਾਮ ਨੂੰ ਬ੍ਰਹਮ-ਰਿਖੀ ਸ਼ੰਭੂਕ ਦੇ ਸ਼ੂਦਰ ਹੋਣ ਦਾ ਪਤਾ ਨਹੀਂ ਸੀ, ਉਨ੍ਹਾਂ ਨੇ ਬ੍ਰਹਮ-ਰਿਖੀ ਸੰਭੂਕ ਨੂੰ "ਵਿਸ਼ਨੂ ਤੁਲ ਪੂਰਨ ਤਪੱਸਵੀ" ਦੀ ਸੰਗਯਾ ਨਾਲ ਸੰਬੋਧਨ ਕੀਤਾ। ਪਰ ਜਦੋਂ ਸ਼ੂਦਰ ਹੋਣ ਦਾ ਪਤਾ ਲੱਗਾ ਤਾਂ ਗੁਰੂ ਵਸ਼ਿਸ਼ਟ ਦੀ ਸਿੱਖਿਆ ਦਾ ਚਮਤਕਾਰ ਹੋ ਗਿਆ। ਪ੍ਰਤਾਪੀ ਸ਼ਿਸ਼ 'ਭਗਵਾਨ' ਰਾਮ ਨੇ ਵਡ-ਵਿਕ੍ਰਮੀ ਅਰਥਾਤ 'ਵਿਸ਼ਨੂ ਤੁਲ ਪੂਰਨ ਤਪਸਵੀ' ਭਾਵ ਬ੍ਰਹਮ-ਰਿਖੀ ਦਾ ਸਿਰ ਕੱਟ ਦਿੱਤਾ।

ਅਜਿਹੇ ਜਾਤ ਪਾਤ ਦੇ ਕੱਟੜ ਰੱਖਿਅਕ ਮਨੁੱਖਤਾ ਦੇ ਦੁਸ਼ਮਣ ਗੁਰੂ ਗ੍ਰੰਥ ਸਾਹਿਬ ਵਿਚ ਉਪਲੱਬਧ ਨਹੀਂ ਹਨ। ਗੁਰੂ ਗ੍ਰੰਥ ਸਾਹਿਬ ਵਿਚਲਾ ਗੁਰੂ ਤਾਂ ਭੇਦ ਭਾਵ ਤੋਂ ਉਪਰ ਉੱਠ ਕੇ ਮਨੁੱਖਤਾ ਨੂੰ ਪਿਆਰ ਕਰਨ ਵਾਲਾ ਪ੍ਰਭ ਦੀ ਸਿਰਜੀ ਸਮੁੱਚੀ ਸ੍ਰਿਸ਼ਟੀ ਦਾ ਰੱਖਿਅਕ ਹੈ।

ਭਗਵਾਨ ਕ੍ਰਿਸ਼ਨ ਦੇ ਗੁਰੂ ਸੰਦੀਪਨਿ[3] ਸਨ। ਸੰਦੀਪਨਿ ਦਾ ਕਿਰਦਾਰ ਵੀ ਆਪਣੀ

1. ਸ੍ਰੀ ਮਦ ਵਾਲਮੀਕਿ ਰਮਾਇਣ-ਹਿੰਦੀ ਭਾਸ਼ਾ ਅਨੁਵਾਦ ਸਹਿਤ
ਅਨੁਵਾਦਕ ਚਤੁਰਵੇਦੀ ਦੁਆਰਕਾ ਪ੍ਰਸ਼ਾਦ ਸ਼ਰਮਾ
2. ਓਹੀ—
3. ਮਹਾਨ ਕੋਸ਼-183



ਮਿਸਾਲ ਆਪ ਹੀ ਹੈ। ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ ਕਿ ਭਗਵਾਨ ਅਨੁਸਾਰ ਕ੍ਰਿਸ਼ਨ ਜੀ ਦੇ ਗੁਰੂ ਸੰਦੀਪਨਿ ਦੇ ਪੁੱਤਰ ਨੂੰ ਪੰਚਜਨ ਦੈਂਤ ਸਮੁੰਦਰ ਵਿਚ ਲੈ ਗਿਆ ਸੀ ਸੰਦੀਪਨਿ ਨੇ ਗੁਰੂ-ਦਕਸ਼ਣਾ ਵਿਚ ਆਪਣਾ ਪੁੱਤਰ ਵਾਪਸ ਮੰਗਵਾ ਦੇਣ ਲਈ ਕ੍ਰਿਸ਼ਨ ਜੀ ਨੂੰ ਆਖਿਆ। ਇਸ ਲਈ ਕ੍ਰਿਸ਼ਨ ਜੀ ਨੇ ਸਮੁੰਦਰ ਵਿਚ ਜਾ ਕੇ ਪੰਚਜਨ ਨੂੰ ਮਾਰ ਕੇ ਉਸਦਾ ਸੰਖ ਅਤੇ ਗੁਰ-ਪੁਤਰ ਲੈ ਆਂਦਾ। ਇਹ ਸੰਖ ਕ੍ਰਿਸ਼ਨ ਜੀ ਜੰਗ ਵਿਚ ਵਜਾਇਆ ਕਰਦੇ ਸਨ।[1] ਇਸ ਘਟਨਾ ਤੋਂ ਸਪੱਸ਼ਟ ਹੁੰਦਾ ਹੈ ਕਿ ਆਰੀਆ ਗੁਰੂ ਆਪਣਾ ਮਤਲਬ ਹੱਲ ਕਰਨ ਲਈ ਖਤਰਨਾਕ ਤੋਂ ਖਤਰਨਾਕ ਹੁਕਮ ਦੇ ਸਕਦੇ ਸਨ, ਜਿਸ ਨੂੰ ਸ਼ਿਸ਼ ਨੂੰ ਹਰ ਹਾਲਤ ਵਿਚ ਮੰਨਣਾ ਹੀ ਪੈਂਦਾ ਸੀ। ਪਰ ਅਜਿਹਾ ਕਿਰਦਾਰ ਗੁਰੂ ਗ੍ਰੰਥ ਸਾਹਿਬ ਵਿਚ ਸਿਰਜੇ ਗਏ ਗੁਰੂ ਦਾ ਨਹੀਂ ਹੈ।

ਹੁਣ ਗੁਰੂ ਦ੍ਰੋਣਾਚਾਰੀਆ ਦਾ ਖ਼ੂਨੀ ਅਤੇ ਬੁਨਿਆਦੀ ਤੌਰ ਤੇ ਧੋਖੇਬਾਜੀ ਵਾਲਾ ਕਿਰਦਾਰ ਵਾਚੋ। ਉਹ ਪਾਂਡਵਾਂ ਕੌਰਵਾਂ ਦੇ ਗੁਰੂ ਸਨ। ਉਨ੍ਹਾਂ ਨੇ ਪਹਿਲਾ ਧੋਖਾ ਅਰਜਨ ਅਤੇ ਬਾਕੀ ਚੇਲਿਆਂ ਨਾਲ ਕੀਤਾ। ਉਹ ਆਪਣੇ ਪੁੱਤਰ ਨੂੰ ਖੁਲ੍ਹੇ ਮੂੰਹ ਵਾਲਾ ਘੜਾ ਦਿੰਦੇ ਸਨ ਤਾਂ ਕਿ ਛੇਤੀ ਭਰ ਜਾਵੇ ਅਤੇ ਦੂਜਿਆਂ ਨੂੰ ਤੰਗ ਮੂੰਹ ਵਾਲਾ ਕਮੰਡਲ ਦਿੰਦੇ ਸਨ ਤਾਂ ਕਿ ਦੇਰ ਨਾਲ ਭਰੇ। ਇਸ ਤਰ੍ਹਾਂ ਉਨ੍ਹਾਂ ਦਾ ਪੁੱਤਰ ਅਸ਼ਵਥਾਮਾ ਛੇਤੀ ਵਾਪਸ ਆ ਜਾਂਦਾ ਸੀ।

"ਜਦ ਤੀਕ ਦੂਜੇ ਸ਼ਿਸ਼ ਨਹੀਂ ਪਰਤਦੇ ਸਨ, ਤਦ ਤੀਕ ਉਹ ਆਪਣੇ ਪੁੱਤਰ ਅਸ਼ਵਥਾਮਾ ਨੂੰ ਅਸਤਰ ਚਲਾਉਣ ਦੀ ਉੱਤਮ ਵਿਧੀ ਦੱਸਦੇ ਸਨ।"[2]

**ਦੂਜਾ ਧੋਖਾ** :

"ਅਰਜਨ ਨੂੰ ਧਨੁਸ਼ਬਾਣ ਦੇ ਅਭਿਆਸ ਵਿਚ ਨਿਰੰਤਰ ਲੱਗਾ ਹੋਇਆ ਵੇਖ ਦ੍ਰੋਣਾਚਾਰਿਆ ਨੇ ਰਸੋਈਏ ਨੂੰ ਇਕਾਂਤ ਵਿਚ ਬੁਲਾਕੇ ਕਿਹਾ ਤੂੰ ਅਰਜਨ ਦਾ ਕਦੇ ਹਨੇਰੇ ਵਿਚ ਭੋਜਨ ਨ ਪਰੋਸਣਾ ਅਤੇ ਮੇਰੀ ਇਹ ਗੱਲ ਵੀ ਅਰਜਨ ਨੂੰ ਕਦੇ ਨਾ ਕਹਿਣਾ। ਤਦ ਉਪਰੰਤ ਇੱਕ ਦਿਨ ਜਦ ਅਰਜਨ ਭੋਜਨ ਕਰ ਰਹੇ ਸਨ, ਬੜੇ ਜ਼ੋਰ ਨਾਲ ਹਵਾ ਚਲਣ ਲੱਗੀ। ਉਸ ਤੋਂ ਉਥੇ ਦਾ ਜਲਦਾ ਹੋਇਆ ਦੀਵਾ ਬੁਝ ਗਿਆ। ਉਸ ਵੇਲੇ ਵੀ ਅਰਜਨ ਭੋਜਨ ਕਰਦੇ ਹੀ ਰਹੇ। ਉਨ੍ਹਾਂ ਤੇਜਸਵੀ ਅਰਜਨ ਦਾ ਹੱਥ ਅਭਿਆਸ ਵਜੋਂ ਹਨੇਰੇ ਵਿਚ ਵੀ ਚਲਦਾ ਰਿਹਾ। ਉਨ੍ਹਾਂ ਨੂੰ ਅਭਿਆਸ ਦਾ ਚਮਤਕਾਰ ਮੰਨ ਕੇ ਹੀ ਅਰਜਨ ਰਾਤ ਨੂੰ ਵੀ ਧਨੁਸ਼-ਵਿਦਿਆ ਦਾ ਅਭਿਆਸ ਕਰਨ ਲੱਗੇ।"[3]

ਦ੍ਰੋਣ ਨਹੀਂ ਚਾਹੁੰਦੇ ਸਨ ਕਿ ਅਰਜਨ ਹਨੇਰੇ ਵਿਚ ਅਸਤਰ ਚਲਾ ਸਕੇ। ਸੋ ਉਸ ਨੇ ਰਸੋਈਏ ਨੂੰ ਮਨ੍ਹਾਂ ਕਰਕੇ ਰਾਤ ਦੇ ਅਭਿਆਸ ਤੋਂ ਅਣਜਾਣ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਇਹ ਸ਼ਿਸ਼ ਨਾਲ ਧੋਖੇ ਭਰੀ ਬੇਈਮਾਨੀ ਹੈ।

1. ਓਹੀ-570
2. ਮਹਾਂਭਾਰਤ-ਭਾਗ ਦੂਜਾ (ਪੰਜਾਬੀ) 1989, ਪੰਨਾ-121
3. ਓਹੀ-121 (ਪੰਜਾਬੀ) 1989

**ਤੀਜਾ ਧੋਖਾ :**

ਅਜਿਹੇ ਖ਼ੂਨੀ ਧੋਖੇ ਦੀ ਉਦਾਹਰਨ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਮਿਲਦੀ। ਗੁਰੂ ਦਕਸ਼ਣਾ ਉਸ ਏਕੱਲਵਿਯ ਕੋਲੋਂ ਮੰਗੀ ਜਿਸ ਨੂੰ ਸ਼ਿਸ਼ ਬਨਾਉਣ ਤੋਂ ਇਸ ਕਰਕੇ ਇਨਕਾਰ ਕਰ ਦਿੱਤਾ ਕਿ ਉਹ ਨਿਸ਼ਾਦ (ਸ਼ੂਦਰ) ਹੈ। ਜਦ ਹਿੰਦੂ ਧਰਮ ਸ਼ੂਦਰ ਨੂੰ ਅਸਤਰ ਵਿਦਿਆ ਸਿਖਣ ਦਾ ਅਧਿਕਾਰ ਹੀ ਨਹੀਂ ਦਿੰਦਾ, ਫਿਰ ਦਕਸ਼ਣਾ ਲੈਣ ਦਾ ਅਧਿਕਾਰ ਕਿਵੇਂ ਬਣਦਾ ਹੈ? ਗੁਰ-ਦਕਸ਼ਣਾ ਇਸ ਕਰਕੇ ਮੰਗੀ ਗਈ ਕਿਉਂਕਿ ਏਕਲਵਿਯਾ ਦਾ ਅੰਗੂਠਾ ਕੱਟੇ ਬਗੈਰ ਅਰਜਨ ਮਹਾਨ ਅਤੇ ਸਰਵੋਤਮ ਯੋਧਾ ਨਹੀਂ ਸੀ ਬਣ ਸਕਦਾ। ਇਹ ਤੱਥ ਅਰਜਨ ਆਪ ਮੰਨਦਾ ਹੈ,

"ਅਰਜਨ ਨੇ, ਕਿਹਾ-ਆਚਾਰੀਯਾ! ਉਸ ਦਿਨ ਤਾਂ ਤੁਸਾਂ ਮੈਨੂੰ ਇਕੱਲਿਆਂ ਹਿਰਦੇ ਨਾਲ ਲਗਾ ਕੇ ਬੜੇ ਪਿਆਰ ਨਾਲ ਕਿਹਾ ਸੀ ਕਿ ਮੇਰਾ ਕੋਈ ਸ਼ਿਸ਼ ਤੈਥੋਂ ਵੱਧ ਨਹੀਂ ਹੋਵੇਗਾ ਮੁੜ ਤੁਹਾਡਾ ਇਹ ਸ਼ਿਸ਼ ਨਿਸ਼ਾਦ ਰਾਜ ਪੁਤਰ ਅਸਤਰ-ਵਿਦਿਆ ਵਿੱਚ ਮੇਰੇ ਤੋਂ ਵਧ ਕੇ ਹੁਸ਼ਿਆਰ ਅਤੇ ਸੰਪੂਰਣ ਲੋਕਾਂ ਵਿਚ ਵਧੇਰੇ ਪਰਾਕ੍ਰਮੀ ਕਿਵੇਂ ਹੋਇਆ ਹੈ?"[1]

ਦ੍ਰੋਣ ਇਹ ਸੁਣ ਕੇ ਸੋਚਾਂ ਵਿਚ ਪੈ ਗਏ, ਪਰ ਨਿਸ਼ਚਾ ਕਰਕੇ ਏਕੱਲਵਿਯ ਕੋਲ ਆਏ

"ਤਦ ਦ੍ਰੋਣਾਚਾਰੀਯਾ ਨੇ ਏਕਲੱਵਿਯ ਨੂੰ ਇਹ ਗੱਲ ਕਹੀ-ਬੀਰ! ਜੇ ਤੂੰ ਮੇਰਾ ਸ਼ਿਸ਼ ਹੈ ਤਾਂ ਮੈਨੂੰ ਗੁਰੂ ਦਕਸ਼ਣਾ ਦੇ। ਉਸ ਨੇ ਖ਼ੁਸ਼ ਹੋ ਕਿਹਾ ਮੰਗੋ ਜੀ-ਤਦ ਆਚਾਰਯਾ ਦ੍ਰੋਣ ਨੇ ਉਸ ਨੂੰ ਕਿਹਾ ਤੂੰ ਮੈਨੂੰ ਆਪਣੇ ਸੱਜੇ ਹੱਥ ਦਾ ਅੰਗੂਠਾ ਦੇ ਦੇ।

ਬਿਨ੍ਹਾਂ ਕੁਝ ਸੋਚੇ ਵਿਚਾਰੇ ਆਪਣਾ ਸੱਜਾ ਅੰਗੂਠਾ ਕੱਟ ਕੇ ਦ੍ਰੋਣਾਚਾਰਯਾ ਨੂੰ ਦੇ ਦਿੱਤਾ।[2]

ਇਸ ਚਰਚਾ ਤੋਂ ਗੁਰੂ ਪਰੰਪਰਾ ਬਾਰੇ ਇੱਕ ਨਿਰਣਾਇਕ ਫੈਸਲਾ ਵੀ ਜਨਮ ਲੈਂਦਾ ਹੈ।

ਬ੍ਰਹਮ-ਰਿਖੀ ਸ਼ੰਭੂਕ ਦਾ ਗੁਰੂ ਕੋਈ ਨਹੀਂ ਸੀ। ਉਸਦੀ ਪੂਜਾ ਵਿਧੀ ਬ੍ਰਾਹਮਣਾਂ ਤੋਂ ਵੱਖਰੀ ਸੀ-ਪੁੱਠਾ ਲਟਕ ਕੇ ਤਪ ਕਰਨ ਦੀ। ਇਸ ਤਰ੍ਹਾਂ ਉਹ ਆਪ ਇੱਕ ਮਹਾਨ ਗੁਰੂ ਸਨ ਉਨ੍ਹਾਂ ਨੇ ਤਾਂ ਬ੍ਰਾਹਮਣ ਗੁਰੂ ਪਰੰਪਰਾਂ ਨੂੰ ਰੱਦ ਕਰ ਕੇ ਇੱਕ ਨਵੀਂ ਗੁਰੂ ਪਰੰਪਰਾ ਸਿਰਜੀ ਸੀ। ਇਸ ਇਨਕਲਾਬੀ ਅਤੇ ਨਿਆਂਸ਼ੀਲ ਕਾਰਜ ਕਾਰਣ ਹੀ ਉਨ੍ਹਾਂ ਨੂੰ ਮੌਤ ਦੀ ਸਜ਼ਾ ਮਿਲੀ। ਇਸ ਤਰ੍ਹਾਂ ਇਕ ਬ੍ਰਹਮ ਗਿਆਨੀ ਮਨੁੱਖਤਾ ਦੀ ਸੇਵਾ ਕਰਦਾ ਹੋਇਆ ਸ਼ਹੀਦ ਹੋ ਗਿਆ ਅਤੇ ਸ਼ੂਦਰ ਕੌਮ ਇਕ ਮਹਾਨ ਬ੍ਰਹਮ-ਰੂਪ ਰੂਹਾਨੀ ਆਗੂ ਤੋਂ ਮਹਿਰੂਮ ਹੋ ਗਈ, ਅਨਾਥ ਹੋ ਗਈ।

ਪਰ ਸੂਰਬੀਰਾਂ ਦੇ ਸੂਰਬੀਰ ਏਕੱਲਵਿਯ ਨੇ ਭੋਲੇਪਣ ਵਿੱਚ ਗੁਰੂ ਸ਼ਰਧਾ ਅਧੀਨ ਬ੍ਰਾਹਮਣ ਗੁਰੂ ਪਰੰਪਰਾ ਨਾਲ ਸਮਝੌਤਾ ਕਰ ਲਿਆ ਸੀ। ਦੂਜੇ ਦ੍ਰੋਣਾਚਾਰਯਾ ਨੇ ਗੁਰੂ ਦੀਖਿਆ ਦਿੱਤੇ ਬਿਨ੍ਹਾਂ ਹੀ ਅੰਗੂਠਾ ਕਟਵਾ ਕੇ, ਗੁਰ ਦਕਸ਼ਣਾ ਪ੍ਰਾਪਤ ਕੀਤੀ ਸੀ। ਕੀ ਇਸ ਨਾਲ ਹਿੰਦੂ ਧਰਮ ਦੀ ਮਰਿਆਦਾ ਨੂੰ ਭੰਗ ਹੋਣ ਤੋਂ ਬਚਾ ਲਿਆ ਗਿਆ? ਹਿੰਦੂ ਧਰਮ ਦੇ ਨਿਯਮਾਂ ਅਨੁਸਾਰ ਸ਼ੂਦਰ ਏਕੱਲਵਿਯ ਨੇ ਖੱਤਰੀ ਬਣ ਕੇ ਹਿੰਦੂ ਮਰਿਆਦਾ ਭੰਗ ਕੀਤੀ ਸੀ, ਪਰ ਉਸ

(1) ਓਹੀ - 122 (2) ਓਹੀ - 123



ਨੂੰ ਇਸ ਅਪਰਾਧ ਦੀ ਸਜ਼ਾ ਮੌਤ ਕਿਉਂ ਨਹੀਂ ਦਿੱਤੀ ਗਈ? ਕਿਉਂ ਉਸ ਤੋਂ ਗੁਰ-ਦਕਸ਼ਣਾ ਦੀ ਹੀ ਮੰਗ ਕੀਤੀ ਗਈ? ਏਕੱਲਵਿਯ ਨੂੰ ਸ਼ਿਸ਼ ਕਿਉਂ ਪ੍ਰਵਾਨ ਕੀਤਾ ਗਿਆ?

ਆਲੇ ਦੁਆਲੇ ਵਿਚੋਂ ਉਭੱਰ ਰਹੀ ਗਵਾਹੀ ਤੋਂ ਯਕੀਨ ਬੱਝਦਾ ਹੈ ਕਿ ਏਕੱਲਵਿਯ ਨੂੰ ਮੌਤ ਦੀ ਸਜ਼ਾ ਦੇਣਾ ਯੁੱਧ ਛਿੜ ਸਕਦਾ ਸੀ। ਉਹ ਹੁਣ ਫੌਜਾਂ ਦਾ ਮਹਾਨ ਜਰਨੈਲ ਸੀ ਨਿਸ਼ਾਦ ਰਾਜਕੁਮਾਰ ਆਪਣੀ ਰਿਆਸਤ ਨੂੰ ਇਕ ਮਹਾਨ ਰਿਆਸਤ ਬਣਾਉਣ ਵਿਚ ਸਫ਼ਲ ਹੋ ਗਿਆ ਸੀ। ਦੂਜੇ ਦ੍ਰੋਣਾਚਾਰਯਾ ਨੂੰ ਯਕੀਨ ਹੋ ਚੁੱਕਾ ਸੀ ਕਿ ਏਕੱਲਵਿਯ ਨਾਲ ਯੁੱਧ ਕਰਕੇ ਜਿੱਤ ਹਾਸਲ ਨਹੀਂ ਕੀਤੀ ਜਾ ਸਕਦੀ। ਇਸੇ ਕਾਰਣ ਦ੍ਰੋਣਾਚਾਰੀਯਾ ਨੇ ਮਕਾਰੀ ਅਤੇ ਧੋਖੇ ਤੋਂ ਕੰਮ ਲਿਆ। ਬ੍ਰਾਹਮਣ ਦੀ ਮਕਾਰੀ ਉੱਪਰ ਅਧਾਰਤ ਯੁੱਧ ਨੀਤੀ ਏਕਲੱਵਿਯ ਦੀ ਇਖਲਾਕ ਅਧਾਰਤ ਯੁੱਧ ਨੀਤੀ ਨੂੰ ਮਾਤ ਦੇ ਗਈ।

ਸੋ ਦ੍ਰੋਣਾਚਾਰਯਾ ਨੇ ਮੌਤ ਦੀ ਸਜ਼ਾ ਦੀ ਥਾਂ ਗੁਰੂ-ਦਕਸ਼ਣਾ ਦੀ ਮੰਗ ਕਰਨਾ ਹੀ ਉਚਿਤ ਸਮਝਿਆ। ਪਰ ਇਹ ਦ੍ਰੋਣ ਦਾ ਧਾਰਮਿਕ, ਇਖਲਾਕੀ ਅਪਰਾਧ ਜ਼ਰੂਰ ਸੀ, ਜਿਸ ਨੂੰ ਅਣਗੌਲਿਆਂ ਕਰਕੇ ਏਕੱਲਵਿਯ ਨੇ ਗੁਰੂ ਦਕਸ਼ਣਾ ਦਿੱਤੀ ਸੀ।

ਸੋ ਦ੍ਰੋਣਾਚਾਰਯਾ ਨੇ ਇੱਕ ਤੀਰ ਨਾਲ ਦੋ ਸ਼ਿਕਾਰ ਕਰ ਲਏ। ਪਹਿਲਾ ਅਰਜਨ ਮਹਾਨ ਯੋਧਾ ਬਣ ਗਿਆ, ਆਪਣੀ ਮਿਹਨਤ ਨਾਲ ਨਹੀਂ ਏਕੱਲਵਿਯ ਦੇ ਨਿਕਾਰਾ ਹੋਣ ਕਾਰਣ ਦੂਜਾ ਸ਼ੂਦਰਾਂ ਦੇ ਮਹਾਨ ਯੋਧੇ ਨੂੰ ਗੁਰੂ ਦੀ ਕ੍ਰੋਪੀ ਨੇ ਸਦਾ ਲਈ ਨਿਕਾਰਾ ਕਰਕੇ ਸ਼ੂਦਰਾਂ ਦੀ ਉੱਠ ਰਹੀ ਰਾਜ ਸ਼ਕਤੀ ਦਾ ਖ਼ਾਤਮਾ ਕਰ ਦਿੱਤਾ। ਸਿੱਟੇ ਵਜੋਂ ਦ੍ਰੋਣ ਨੇ ਆਪਣੇ ਮੰਤਵ ਨੂੰ ਸਿੱਧ ਕਰਨ ਲਈ ਏਕੱਲਵਿਯ ਨੂੰ ਸ਼ਿਸ਼ ਬਣਾਕੇ ਹਿੰਦੂ ਮਰਿਆਦਾ ਨੂੰ ਭੰਗ ਕਰਨ ਦੀ ਵੀ ਪ੍ਰਵਾਹ ਨਹੀਂ ਕੀਤੀ।

ਕੀ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਬਣਾ ਕੇ, ਸ਼ੂਦਰਾਂ ਨੂੰ ਗੁਰੂ ਰਵਿਦਾਸ ਦੀ ਯੋਗ ਅਗਵਾਈ ਤੋਂ ਵਾਂਝਾ ਰੱਖਣ ਲਈ ਬ੍ਰਾਹਮਣਾਂ ਦੀ ਚਾਲ ਸੀ? ਹਾਂ। ਪਰ ਗੁਰੂ ਰਵਿਦਾਸ ਜੀ ਨੇ ਏਕੱਲਵਿਯਾ ਵਾਂਗ ਧੋਖਾ ਨਹੀਂ ਖਾਧਾ। ਸਗੋਂ ਬ੍ਰਹਮ-ਰਿਖੀ ਸ਼ੰਭੂਕ[1] ਵਾਂਗ ਬ੍ਰਾਹਮਣ ਗੁਰੂ ਪਰੰਪਰਾ ਨੂੰ ਰੱਦ ਕਰ ਦਿੱਤਾ ਸੀ। ਸਿੱਟੇ ਵਜੋਂ ਅੱਜ ਅਸੀਂ ਉਨ੍ਹਾਂ ਦੀ ਦਿੱਤੀ ਕੁਰਬਾਨੀ ਦਾ ਆਨੰਦ ਮਾਣ ਰਹੇ ਹਾਂ। ਉਪਰੋਕਤ ਤੱਥਾਂ ਦੀ ਰੋਸ਼ਨੀ ਵਿੱਚ ਕੁਝ ਪ੍ਰਸ਼ਨ ਉਤਪੰਨ ਹੁੰਦੇ ਹਨ। ਕੀ ਅਜਿਹੇ ਕਿਰਦਾਰ ਦੇ ਧਾਰਨੀ ਬ੍ਰਹਮ-ਗਿਆਨੀ ਹੋ ਸਕਦੇ ਹਨ? ਕੀ ਅਜਿਹੇ ਗੁਰੂ ਮਾਨਵਵਾਦੀ ਸਮਾਜ ਦੀ ਸਿਰਜਣਾ ਕਰਨ ਦੇ ਸਮਰੱਥ ਹਨ? ਉੱਤਰ ਹਰ ਹਾਲਤ ਵਿਚ ਨਾ ਵਿਚ ਹੀ ਹੋਵਗਾ ਕਿਉਂਕਿ ਉਪਰੋਕਤ ਗੁਰੂ ਵਸ਼ਿਸ਼ਟ, ਗੁਰੂ ਸੰਦੀਪਨਿ, ਗੁਰੂ ਦ੍ਰੋਣਾਚਾਰਯਾ ਆਦਿ ਦੀਆਂ ਸਿਖਿਆਵਾਂ ਅਤੇ ਉਨ੍ਹਾਂ ਦੇ ਚੇਲੇ 'ਭਗਵਾਨ ਰਾਮ',

1. ਫੁਟ ਨੋਟ : ਸ਼ਬਰੀ ਸ਼ੂਦਰ ਨਹੀਂ ਸੀ, ਉਹ ਵੈਸ਼ ਸੀ। ਇਸ ਕਾਰਣ ਮਤੰਗ ਆਸ਼ਰਮ ਦੇ ਰਿਸ਼ੀਆਂ ਨੇ ਉਸ ਨੂੰ ਸਵੀਕਾਰ ਕੀਤਾ ਸੀ। ਆਸ਼ਰਮ ਵਿਚ ਰਹਿੰਦਿਆਂ ਉਹ ਆਤਮਕ ਉੱਚਤਾ ਪ੍ਰਾਪਤ ਕਰ ਚੁੱਕੀ ਸੀ। ਉਹ ਮਤੰਗ ਆਸ਼ਰਮ ਦੀ ਸਫ਼ਾਈ ਕਰਦੀ ਸੀ। ਇਸ ਦਾ ਕਾਰਣ ਇਹ ਹੈ ਕਿ ਵੈਸ਼ ਅਤੇ ਸ਼ੂਦਰ ਦੋਹਾਂ ਦੀ ਪ੍ਰਕ੍ਰਿਤੀ ਗੀਤਾ ਅਨੁਸਾਰ ਤਾਮਸੀ ਗੁਣ ਵਾਲੀ ਹੈ। (18/44) ਸੋ ਸ਼ੂਦਰ ਅਤੇ ਵੈਸ਼ ਨੂੰ ਇਕੋ ਪੱਧਰ ਤੇ ਰੱਖ ਕੇ, ਸ਼ਬਰੀ ਤੋਂ ਸਫ਼ਾਈ ਦਾ ਕੰਮ ਲਿਆ ਜਾਂਦਾ ਸੀ।

'ਭਗਵਾਨ ਕ੍ਰਿਸ਼ਨ' ਆਦਿ ਨਾਲ ਸਿਰਜੇ ਗਏ ਸੰਸਕ੍ਰਿਤਕ ਵਾਤਾਵਰਣ ਵਿਚ ਉਪਰੋਕਤ ਵਰਗੀਆਂ ਘਟਨਾਵਾਂ ਵੀ ਵਾਪਰ ਸਕਦੀਆਂ ਸਨ ਅਤੇ ਅੱਜਕਲ ਵੀਹਵੀਂ ਸਦੀ ਵਿਚ ਵੀ ਵਾਪਰ ਰਹੀਆਂ ਹਨ। ਬੁਨਿਆਦੀ ਰੂਪ ਵਿੱਚ ਇਹੋ ਹੀ ਆਰੀਆ ਸੰਸਕ੍ਰਿਤੀ ਹੈ, ਇਹੋ ਹੀ ਹਿੰਦੂ-ਮਤ ਹੈ।

ਫਿਰ ਵੀ ਇਹ ਗੱਲ ਨਿਖੜਵੇਂ ਰੂਪ ਵਿਚ ਧਿਆਨ ਨਾਲ ਸਮਝਣੀ ਹੋਵੇਗੀ ਕਿ ਹਿੰਦੂ ਧਰਮ ਵਿਚ ਬ੍ਰਹਮ-ਗਿਆਨ ਦੀ ਪ੍ਰਾਪਤੀ ਕਿਸ ਵਿਧੀ ਨਾਲ ਹੋ ਸਕਦੀ ਹੈ, ਇਹ ਗੱਲ 'ਭਗਵਾਨ' ਨੂੰ ਗੁਰੂ ਸਮਝਾਉਂਦਾ ਹੈ। ਗੁਰੂ ਦੀ ਮਿਹਰ ਤੋਂ ਬਿਨ੍ਹਾਂ ਇਹ ਗਿਆਨ ਸੰਭਵ ਨਹੀਂ ਹੈ। ਕਿਸੇ ਸਮਾਜ ਵਿਚ ਗੁਰੂ ਦਾ ਇਸ ਤੋਂ ਵੱਧ ਮਹੱਤਵ ਅਤੇ ਇਸ ਤੋਂ ਵੱਧ ਸਤਿਕਾਰ ਹੋਰ ਕੀ ਹੋ ਸਕਦਾ ਹੈ ਜਿਥੇ ਭਗਵਾਨ ਵੀ ਗੁਰੂ ਦੀ ਅਗਵਾਈ ਦਾ ਮੁਥਾਜ ਹੈ। ਸੋ ਗੁਰੂ ਦੀ ਮਹੱਤਤਾ ਅਤੇ ਸਤਿਕਾਰ ਹਿੰਦੂ ਧਰਮ ਵਿਚ ਅਸੀਮ ਹੈ। ਇਸ ਦਾ ਦੁਨੀਆਂ ਦੇ ਇਤਿਹਾਸ ਵਿਚ ਕੋਈ ਮੁਕਾਬਲਾ ਨਹੀਂ ਹੈ ਕਿਉਂਕਿ ਦੁਨੀਆਂ ਦੇ ਬਾਕੀ ਧਰਮਾਂ ਵਿਚ ਭਗਵਾਨ ਸਾਧਕ ਦੀ ਅਗਵਾਈ ਕਰਦਾ ਹੈ ਜਿਹੜਾ ਪਿਛੋਂ ਗੁਰੂ ਬਣਦਾ ਹੈ, ਪਰ ਹਿੰਦੂ ਮੱਤ ਵਿਚ ਬ੍ਰਹਮ ਗੁਰੂ ਨਹੀਂ ਬ੍ਰਾਹਮਣ ਗੁਰੂ, 'ਭਗਵਾਨ' ਦਾ ਗੁਰੂ ਬਣ ਕੇ ਭਗਵਾਨ ਦੀ ਅਗਵਾਈ ਕਰਦਾ ਹੈ ਸੋ ਹਿੰਦੂ-ਮੱਤ ਵਿੱਚ ਬ੍ਰਾਹਮਣ ਗੁਰੂ, ਭਗਵਾਨ ਤੋਂ ਉੱਚਾ ਹੈ। ਸੋ ਬ੍ਰਾਹਮਣ-ਭਗਵਾਨ ਤੋਂ ਉੱਚਾ ਹੈ।

ਐਡੀ ਉੱਚ ਪਦਵੀ ਦੇ ਮਾਲਕ ਇਹ ਗੁਰੂ ਕੌਣ ਸਨ? ਅਤੇ ਇਨ੍ਹਾਂ ਦੀ ਗੁਰੂ ਪੱਧਤੀ ਦਾ ਸ੍ਰੋਤ ਕੀ ਸੀ?

ਵੇਦਾਂ ਅਨੁਸਾਰ ਹੀ ਗੁਰੂ ਦੀ ਉਤਪਤੀ ਹੋਈ ਹੈ ਅਤੇ ਵੇਦਾਂ ਦੀ ਵਿਚਾਰਧਾਰਾ ਅਨੁਸਾਰ ਕੇਵਲ ਬ੍ਰਾਹਮਣ ਹੀ ਜਗਤ ਗੁਰੂ ਹੈ। ਹੋਰ ਕੋਈ ਗੁਰੂ ਬਣ ਹੀ ਨਹੀਂ ਸਕਦਾ-ਖੱਤਰੀ, ਵੈਸ਼, ਸ਼ੂਦਰ ਕੋਈ ਵੀ ਗੁਰੂ ਨਹੀਂ ਬਣ ਸਕਦਾ। ਗੁਰੂ ਤੋਂ ਬਿਨ੍ਹਾਂ ਕਿਸੇ ਕਿਸਮ ਦੀ ਕੋਈ ਵੀ ਕਾਰਵਾਈ ਨਹੀਂ ਹੋ ਸਕਦੀ ਸੀ। ਇਹ ਨਿਯਮ ਰਿਗਵੇਦ, ਰਾਮਾਇਣ, ਗੀਤਾ, ਸਿਮ੍ਰਤੀਆਂ ਆਦਿ ਹਿੰਦੂ ਧਾਰਮਿਕ ਗ੍ਰੰਥਾਂ ਵਿਚ ਮਿਲਦੇ ਹਨ। ਰਿਗ ਵੇਦ ਦੇ ਦਸਵੇਂ ਮੰਡਲ ਵਿਚ ਵਰਣ -ਵਿਵਸਥਾ ਦੀ ਸਿਰਜਣਾ ਦਾ ਸਿਧਾਂਤ ਸ਼ਾਮਲ ਹੈ। ਬ੍ਰਾਹਮਣ ਦੀ ਸਿਰਜਣਾ ਬ੍ਰਹਮਾ ਦੇ ਮੂੰਹ ਵਿਚੋਂ, ਖਤਰੀ ਦੀ ਭੁਜਾ (ਬਾਂਹ) ਵਿਚੋਂ, ਵੈਸ਼ ਦੀ ਪੇਟ ਵਿਚੋਂ ਅਤੇ ਸ਼ੂਦਰ ਦੀ ਉਤਪਤੀ ਪੈਰਾਂ ਵਿਚੋਂ ਹੋਈ ਹੈ। ਯਜੁਰਵੇਦ ਦੇ ਅਧਿਆਇ 31 ਦੇ 11 ਵੇਂ ਮੰਤਰ ਵਿਚ ਵੀ ਉਪਰੋਕਤ ਵਿਚਾਰ ਨਿਰੂਪਤ ਹੈ। ਹਿੰਦੂ-ਮਤ ਦੇ ਧਰਮ-ਗ੍ਰੰਥਾਂ ਵਿਚ ਵਰਣ-ਵਿਵਸਥਾ ਅਨੁਸਾਰ ਉਪਰੋਕਤ ਚਾਰੇ ਵਰਣਾਂ ਦੇ ਕਰਮ ਇਸ ਤਰ੍ਹਾਂ ਹਨ-

ਬ੍ਰਾਹਮਣ ਦੇ ਛੇ ਕਰਮ-ਵੇਦ ਪੜ੍ਹਨਾ, ਪੜ੍ਹਾਉਣਾ, ਯੱਗ ਕਰਨਾ, ਕਰਾਉਣਾ, ਦਾਨ ਦੇਣਾ, ਲੈਣਾ।

ਖੱਤਰੀ ਦੇ ਚਾਰ ਕਰਮ- ਵੇਦ ਪੜ੍ਹਨਾ, ਯੱਗ ਕਰਨਾ, ਦਾਨ ਦੇਣਾ ਅਤੇ ਪਰਜਾ ਦੀ ਰਖਿਆ ਕਰਨੀ।



ਵੈਸ਼ ਦੇ ਤਿੰਨ ਕਰਮ- ਖੇਤੀ ਕਰਨਾ, ਵਣਿਜ ਕਰਨਾ, ਅਤੇ ਪਸ਼ੂਆਂ ਦੀ ਪਾਲਣਾ ਕਰਨੀ।

ਸ਼ੂਦਰ ਦਾ ਇੱਕ ਕਰਮ- ਉਪਰਲੇ ਤਿੰਨਾਂ ਵਰਣਾਂ ਦੀ ਸੇਵਾ ਕਰਨੀ।

ਮਨੂ ਅਨੁਸਾਰ ਇਹ ਵਰਣ ਵੰਡ ਅਤੇ ਕਰਮ-ਵੰਜ ਪ੍ਰਭੂ ਦੀ ਕੀਤੀ ਹੋਈ ਹੈ।

ਅਪਸਤੰਬਾ ਧਰਮ ਸੂਤਰ ਅਨੁਸਾਰ ਜਾਤ ਜਨਮ ਤੋਂ ਹੈ, ਕਰਮ ਤੋਂ ਨਹੀਂ।

ਵਰਣਾਂ ਦੇ ਉਪਰੋਕਤ ਕਰਮਾਂ ਨੂੰ ਹੋਰ ਪੱਕਾ ਕਰਨ ਲਈ ਇੱਕ ਹੋਰ ਮਹੱਤਵਪੂਰਣ ਪਰ ਖ਼ਤਰਨਾਕ ਨਿਯਮ ਦੀ ਸਿਰਜਣਾ ਕੀਤੀ ਗਈ-

"ਪਹਿਲੇ ਤਿੰਨੇ ਵਰਣ ਦਿਵਜ ਕਹੀਦੇ ਹਨ ਕਿਉਂਕਿ ਉਨ੍ਹਾਂ ਦੇ ਦੋ ਜਨਮ ਹਨ- ਇੱਕ ਮਾਤਾ ਦੇ ਉਦਰ ਤੋਂ-ਦੂਜਾ ਧਰਮ ਦੇ ਸੰਸਕਾਰ ਤੋਂ। ਸੰਸਕਾਰ ਧਰਮ ਦਾ ਪਿਤਾ ਗੁਰੂ ਅਤੇ ਮਾਤਾ ਗਾਯਤ੍ਰੀ ਲਿਖੀ ਹੈ।"[1]

ਸੰਖੇਪ ਵਿਚ ਕਿਹਾ ਜਾ ਸਕਦਾ ਹੈ :

1. ਸ਼ੂਦਰ ਦਾ ਧਾਰਮਕ, ਰਾਜਨੀਤਕ ਆਦਿ ਖੇਤਰਾਂ ਵਿੱਚ ਗੁਰੂ ਹੋ ਹੀ ਨਹੀਂ ਸਕਦਾ ਕਿਉਂਕਿ ਦਿਵਜ ਨਹੀਂ ਹੈ।

2. ਸਿੱਟੇ ਵਜੋਂ ਸ਼ੂਦਰ ਇੱਕ ਜਨਮਾ ਹੋਣ ਕਰਕੇ ਬ੍ਰਹਮ ਗਿਆਨ ਜਾਂ ਗਿਆਨ ਗ੍ਰਹਿਣ ਨਹੀਂ ਕਰ ਸਕਦਾ।

3. ਇਹ ਕਿਸੇ ਵੀ ਸੂਰਤ ਵਿਚ ਪ੍ਰਭ ਦੀ ਪੂਜਾ ਨਹੀਂ ਕਰ ਸਕਦਾ।

4. ਸ਼ੂਦਰ, ਪਸ਼ੂ ਵਾਂਗ, ਕੇਵਲ ਤਿੰਨਾ ਦੀ ਸੇਵਾ ਕਰਨ ਦਾ ਹੀ ਅਧਿਕਾਰੀ ਹੈ। ਇਸ ਸੇਵਾ ਬਦਲੇ, ਉਸ ਨੂੰ ਮਿਲਦਾ ਸੀ-ਅਨਿਆਂ ਅਗਿਆਨਤਾ, ਬੇਇੱਜ਼ਤੀ, ਭੁੱਖ ਆਦਿ, ਕਿਉਂਕਿ ਸ਼ੂਦਰ ਨੂੰ ਵਿਦਿਆ, ਅੰਨ ਆਦਿ ਦੇਣ ਦੀ ਸਖ਼ਤ ਮਨਾਹੀ ਸੀ।

ਗੀਤਾ ਇਸ ਨਾਲ ਵੀ ਸੰਤੁਸ਼ਟ ਨਹੀਂ ਹੁੰਦੀ। ਉਸ ਅਨੁਸਾਰ ਬ੍ਰਾਹਮਣ ਖੱਤਰੀ ਆਦਿ ਆਪਣੇ ਕਰਮ ਨਾ ਕਰਨ ਨਾਲ ਪਾਪਾਂ ਦੀ ਭਾਗੀ ਬਣੇਗਾ। ਅਰਜਨ ਨੂੰ ਸੰਬੋਧਨ ਕਰਕੇ ਸਮਝਾਇਆ ਗਿਆ ਹੈ ਕਿ

"ਪਰ ਜੇ ਇਸ ਧਾਰਮਿਕ ਸੰਗ੍ਰਾਮ ਨੂੰ ਨਹੀਂ ਲੜੇਂਗਾ ਤਾਂ ਤੂੰ ਆਪਣਾ ਧਰਮ ਅਤੇ ਸ਼ੋਭਾ ਗੁਆ ਕੇ ਪਾਪਾਂ ਦਾ ਭਾਗੀ ਹੋਵੇਂਗਾ।" 2/32[2]

"ਪੁਰਾਏ ਉੱਤਮ ਧਰਮ ਨਾਲੋਂ ਆਪਣਾ ਧਰਮ, ਗੁਣ ਰਹਿਤ ਭੀ ਅੱਛਾ ਹੈ, ਆਪਣੇ ਸੁਭਾਵਿਕ ਧਰਮ ਦੇ ਕਰਨ ਨਾਲ ਪਾਪ ਨਹੀਂ ਲਗਦਾ।" 18/47[3]

ਇਸ ਵਰਣ ਧਰਮ ਨੂੰ ਹੋਰ ਪਰਪੱਕ ਕਰਨ ਲਈ ਗੀਤਾ ਸਾਰੇ ਹੱਦਾਂ ਬੰਨੇ ਟੱਪ ਜਾਦੀ ਹੈ-

"ਆਪਣਾ ਗੁਣ ਰਹਿਤ ਧਰਮ ਭੀ, ਅੱਛੀ ਤਰ੍ਹਾਂ, ਸੋਧੇ ਹੋਏ ਪਰ-ਧਰਮ ਨਾਲੋਂ ਉੱਤਮ ਹੈ ਆਪਣਾ ਧਰਮ ਪੂਰਾ ਕਰਦਿਆਂ ਮਰਨਾ ਭੀ ਅੱਛਾ ਹੈ, ਪਰ-ਧਰਮ ਵਿਚ ਡਰ ਹੈ।" 3/35[4]

(1) ਮਹਾਨ ਕੋਸ਼-348 (2) ਸ੍ਰੀ ਮਦ ਭਗਵਤ ਗੀਤਾ-10 ਭਾਸ਼ਾ ਵਿਭਾਗ (ਪੰਜਾਬੀ) 1971
(3) ਓਹੀ-83 (4) ਓਹੀ-17

ਉਪਰੋਕਤ ਸ਼ਲੋਕਾਂ ਦਾ ਨਿਚੋੜ ਹੈ–

1. ਬ੍ਰਾਹਮਣ ਤੋਂ ਖੱਤਰੀ ਜਾਂ ਸ਼ੂਦਰ ਤੋਂ ਬ੍ਰਾਹਮਣ ਜਾਂ ਖੱਤਰੀ ਤੋਂ ਸ਼ੂਦਰ ਬਣਨਾ ਪਾਪ ਹੈ

2. ਨਿਸ਼ਚਿਤ ਕਰਮ ਨਾ ਕਰਨ ਨਾਲ ਸ਼ੋਭਾ ਮਿੱਟੀ 'ਚ ਮਿਲ ਜਾਂਦੀ ਹੈ।

3. ਨਿਸ਼ਚਿਤ ਕਰਮ ਭਾਵੇਂ ਭੈੜਾ ਹੈ ਪਰ ਦੂਜੇ ਕਰਮ ਨਾਲੋਂ ਉੱਤਮ ਹੈ। ਇਸ ਦਾ ਭਾਵ ਹੈ ਕਿ ਸ਼ੂਦਰ ਜੇ ਬ੍ਰਾਹਮਣ ਬਣਕੇ ਵਿਦਵਾਨ ਬਣਦਾ ਹੈ ਤਾਂ ਉਹ ਭੈੜਾ ਕਰਮ ਹੈ।

4. ਉਪਰੋਕਤ ਤਿੰਨਾਂ ਨੁਕਤਿਆਂ ਤੋਂ ਸਪੱਸ਼ਟ ਹੋ ਗਿਆ ਹੈ ਕਿ ਬ੍ਰਾਹਮਣ ਤੋਂ ਬਿਨਾਂ ਕੋਈ ਗੁਰੂ ਨਹੀਂ ਬਣ ਸਕਦਾ।

5. ਇਨ੍ਹਾਂ ਤੱਥਾਂ ਤੋਂ ਇਹ ਵੀ ਸਿੱਧ ਹੋ ਗਿਆ ਹੈ। ਕਿ ਬ੍ਰਾਹਮਣ ਸ਼ੂਦਰ ਦਾ ਗੁਰੂ ਨਹੀਂ ਬਣ ਸਕਦਾ, ਅਤੇ ਨਾ ਹੀ ਸ਼ੂਦਰ ਚੇਲਾ ਬਣ ਸਕਦਾ ਹੈ। ਅਜਿਹਾ ਕਰਨ ਨਾਲ ਦੋਵੇਂ ਹੀ ਪਾਪੀ ਬਣ ਜਾਣਗੇ।

ਪਾਪੀਆਂ ਲਈ ਮਨੂ ਸਿਮਰਤੀ ਅਤੇ ਹੋਰ ਹਿੰਦੂ ਗ੍ਰੰਥਾਂ ਨੇ ਸ਼ੂਦਰਾਂ ਲਈ ਬੜੀਆਂ ਖਤਰਨਾਕ ਸਜ਼ਾਵਾਂ ਰਖੀਆਂ ਹਨ।

ਵਰਿਹਸਪਤੀ ਸਿਮਰਤੀ (ਅਧਿਆਇ–12 /12)

ਸ਼ੂਦਰ ਧਰਮ ਦੀਆਂ ਸਿਖਿਆਵਾਂ ਪ੍ਰਚਾਰਦਾ ਹੈ ਜਾਂ ਵੇਦਾਂ ਦੇ ਸ਼ਬਦ ਉਚਾਰਦਾ ਹੈ ਜਾਂ ਬ੍ਰਾਹਮਣ ਦੀ ਬੇਇੱਜ਼ਤੀ ਕਰਦਾ ਹੈ, ਉਸ ਦੀ ਜੀਭ ਕੱਟ ਦੇਣ ਦੀ ਸਜ਼ਾ ਹੈ।[1]

ਗੌਤਮ ਧਰਮ ਸੂਤਰ (20/4–6)

ਜੇ ਸ਼ੂਦਰ ਜਾਣ ਬੁੱਝ ਕੇ ਵੇਦਾਂ ਦਾ ਉਚਾਰਣ ਸੁਣਦਾ ਹੈ, ਉਸ ਦੇ ਕੰਨ ਵਿਚ ਉੱਬਲਦਾ ਸਿੱਕਾ ਜਾਂ ਲਾਖ ਪਾ ਦਿਉ।

ਜੇ ਉਹ ਆਪ ਉਚਾਰਦਾ ਹੈ ਤਾਂ ਜੀਭ ਕੱਟ ਦਿਉ,

ਜੇ ਉਹ ਜ਼ਬਾਨੀ ਯਾਦ ਕਰਦਾ ਹੈ ਤਾਂ ਉਸ ਦੇ ਸਰੀਰ ਨੂੰ ਵਿਚਕਾਰ ਤੋਂ ਦੋ ਫਾੜ ਕਰ ਦਿੱਤਾ ਜਾਵੇ।[2]

ਮਨੂ ਸਿਮਰਤੀ (4 /78–81)

(ਉਚ ਵਰਣ ਵਾਲਾ) ਸ਼ੂਦਰ ਨੂੰ ਕਾਨੂੰਨ ਨਾ ਸਿਖਾਵੇ ਅਤੇ ਨਾ ਹੀ ਉਸ ਨੂੰ ਧਾਰਮਕ ਰੀਤੀ ਰਿਵਾਜ਼ ਦੀ ਪਾਲਣਾ ਦਾ ਆਦੇਸ਼ ਦੇਵੇ। ਜਿਹੜਾ ਅਜਿਹਾ ਕਰੇਗਾ ਉਹ ਅਤੇ ਸ਼ੂਦਰ ਦਾ ਬੇੜਾ ਗਰਕ ਹੋਵੇਗਾ।[3]

ਬ੍ਰਾਹਮਣ ਨੂੰ ਸਜ਼ਾਵਾਂ ਨਾ–ਮਾਤਰ ਹੀ ਹਨ।

ਉਪਰੋਕਤ ਧਾਰਮਕ ਗ੍ਰੰਥਾ ਤੋਂ ਆਸਾਨੀ ਨਾਲ ਇਹ ਸਿੱਟਾ ਨਿਕਲਦਾ ਹੈ ਕਿ

1. ਸ਼ੂਦਰ ਜਾਣ ਬੁੱਝ ਕੇ ਧਾਰਮਿਕ ਵਿਧੀ ਅਨੁਸਾਰ ਪੂਜਾ ਕਰੇ ਤਾਂ ਮੌਤ ਦੀ ਸਜ਼ਾ ਮਿਲੇਗੀ। (ਸ਼ੰਭੂਕ)

(1) ਸ਼ੂਦਰ ਕੌਣ? ਡਾ. ਬਾਬਾ ਸਾਹਿਬ ਅੰਬੇਡਕਰ-ਲਿਖਤਾਂ ਅਤੇ ਭਾਸ਼ਣ-49
(2) ਓਹੀ-49 (3) ਓਹੀ-50



2. ਜੇ ਬ੍ਰਾਹਮਣ ਸ਼ੂਦਰ ਦੀ ਸਹਾਇਤਾ ਕਰਦਾ ਹੈ, ਉਸ ਨੂੰ ਸਮਾਜ ਵਿਚੋਂ ਕੱਢ ਦਿੱਤਾ ਜਾਵੇਗਾ।

ਅਜਿਹੇ ਹਾਲਾਤ ਵਿਚ ਨਾ ਸ਼ੂਦਰ ਹਿੰਦੂ ਮਰਿਆਦਾ ਭੰਗ ਕਰਨ ਦੀ ਹਿੰਮਤ ਕਰੇਗਾ ਅਤੇ ਨਾ ਹੀ ਕੋਈ ਬ੍ਰਾਹਮਣ ਕਿਸੇ ਸ਼ੂਦਰ ਦੀ ਮਦਦ ਕਰਨ ਦਾ ਹੌਂਸਲਾ ਕਰੇਗਾ। ਪਰ ਗੁਰੂ ਰਵਿਦਾਸ ਨੇ ਹਿੰਦੂ ਧਾਰਮਕ ਗ੍ਰੰਥਾ ਦੀ ਮਰਿਆਦਾ ਦੀਆਂ ਧੱਜੀਆਂ ਉੱਡਾ ਦਿੱਤੀਆਂ। ਉਨ੍ਹਾਂ ਨੇ ਮੌਤ ਦੀ ਪ੍ਰਵਾਹ ਨਾ ਕਰਕੇ ਸ਼ੂਦਰ ਧਰਮ–ਕਰਮ ਨੂੰ ਤਿਆਗ ਕੇ ਪ੍ਰਭ–ਪੂਜਾ ਨੂੰ ਸ਼ਰ੍ਹੇਆਮ ਅਪਣਾਇਆ ਅਤੇ ਬ੍ਰਹਮ–ਗਿਆਨੀ ਬਣ ਹਿੰਦੂ ਧਾਰਮਕ ਗ੍ਰੰਥਾਂ ਨੂੰ ਗਲਤ ਸਿੱਧ ਕਰ ਦਿੱਤਾ। ਇਥੇ ਹੀ ਬਸ ਨਹੀਂ ਉਹ ਬ੍ਰਾਹਮਣਾਂ ਦੇ ਗੁਰੂ ਵੀ ਬਣੇ।

ਇਸ ਤੋਂ ਵੀ ਸਿੱਧ ਹੋ ਜਾਂਦਾ ਹੈ ਕਿ ਹਿੰਦੂ ਮਤ ਦੀ ਵਿਚਾਰਧਾਰਾ ਅਨੁਸਾਰ ਸਿਰਜਿਆ ਹੋਇਆ ਬ੍ਰਾਹਮਣ ਗੁਰੂ, ਗੁਰੂ ਰਵਿਦਾਸ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਸਿਰਜੇ ਗੁਰੂ ਦੇ ਬਿਲਕੁਲ ਹੀ ਅਨੁਕੂਲ ਨਹੀਂ ਹੈ ਕਿਉਂਕਿ ਹਿੰਦੂ–ਗੁਰੂ ਜਾਤ ਅਭਿਮਾਨੀ ਹੈ ਅਤੇ ਇਖਕਾਲੀ ਤੌਰ ਤੇ ਮਲੀਨ ਹੈ। ਇਹ ਸਭ ਕੁਝ ਹੋਣ ਦੇ ਬਾਵਜੂਦ ਬ੍ਰਾਹਮਣ ਦੇਵਤਿਆਂ ਤੋਂ ਉਪੱਰ ਹੈ। ਇਥੇ ਹੀ ਬੱਸ ਨਹੀਂ, ਬ੍ਰਾਹਮਣ ਤਾਂ ਭਗਵਾਨਾਂ ਦਾ ਵੀ ਗੁਰੂ ਹੈ। ਸਪੱਸ਼ਟ ਹੈ ਉਹ ਪ੍ਰਭ ਤੋਂ ਵੀ ਉਪਰ ਹੈ ਕਿਉਂਕਿ ਬ੍ਰਾਹਮਣ ਗੁਰੂ, ਪ੍ਰਭ ਦੀ ਹਰ ਖੇਤਰ ਵਿਚ ਅਗਵਾਈ ਕਰਦਾ ਹੈ।

ਇਸ ਕਰਕੇ ਗੁਰੂ ਰਵਿਦਾਸ ਜੀ ਬ੍ਰਾਹਮਣ ਗੁਰੂ ਨੂੰ ਰੱਦ ਕਰਦੇ ਹੋਏ ਬ੍ਰਾਹਮਣੀ ਗੁਰੂ ਪਰੰਪਰਾ ਨੂੰ ਵੀ ਰੱਦ ਕਰ ਦਿੰਦੇ ਹਨ। ਦੂਜੇ ਬ੍ਰਾਹਮਣ ਤਾਂ ਖੁਦ ਪ੍ਰਭ ਦੀ ਸਿਰਜਣਾ ਹੈ, ਫਿਰ ਬ੍ਰਾਹਮਣ ਦਾ ਗਿਆਨ ਸੰਪੂਰਣ ਕਿਵੇਂ ਹੋ ਸਕਦਾ ਹੈ? ਇਹੋ ਕਾਰਣ ਹੈ ਕਿ ਗੁਰੂ ਜੀ ਬ੍ਰਾਹਮਣ ਤੋਂ ਗਿਆਨ ਦੀ ਮੰਗ ਨਹੀਂ ਕਰਦੇ ਸਗੋਂ ਪ੍ਰਭ ਤੋਂ ਬ੍ਰਹਮ ਗਿਆਨ ਦੀ ਮੰਗ ਕਰਦੇ ਹਨ। ਹਿੰਦੂ ਧਰਮ ਦੇ ਗ੍ਰੰਥਾਂ ਬਾਰੇ ਉਪਰੋਕਤ ਚਰਚਾ ਸਪੱਸ਼ਟ ਕਰਦੀ ਹੈ ਕਿ ਇਹ ਵਿਚਾਰਧਾਰਾ ਬ੍ਰਾਹਮਣ ਦੀ ਵਿਚਾਰਧਾਰਾ ਹੈ ਅਤੇ ਨਿੱਜ ਦੇ ਮੰਤਵ ਦੀ ਪੂਰਤੀ ਲਈ ਸਿਰਜੀ ਗਈ। ਇਸੇ ਵਿਚਾਰਧਾਰਾ ਵੱਲ ਸੰਕੇਤ ਕਰਦੇ ਗੁਰੂ ਜੀ ਪ੍ਰਭ ਤੋਂ ਅਗਵਾਈ ਦੀ ਅਰਜੋਈ ਕਰਦੇ ਹਨ–

**ਤੁਮ ਜੁ ਨਾਇਕ ਆਛਹੁ ਅੰਤਰਜਾਮੀ ॥**
**ਪ੍ਰਭ ਤੇ ਜਨੁ ਜਾਨੀਜੈ, ਜਨ ਤੇ ਸੁਆਮੀ ॥੨॥**
**ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥**
**ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥**[1] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 93)**

ਉਪਰੋਕਤ ਦੋਹਾਂ ਬੰਦਾਂ ਵਿਚ ਨਿਰੂਪਤ ਵਿਚਾਰ ਸਪੱਸ਼ਟ ਕਰਦੇ ਹਨ ਕਿ ਪ੍ਰਭ ਸਭ ਦੇ ਮਨਾਂ ਵਿਚ ਵਿਰਾਜਮਾਨ ਹੋਣ ਕਰਕੇ, ਸਭ ਦੇ ਮਨਾਂ ਦੀਆਂ ਜਾਣਦਾ ਹੈ। ਇਸ ਕਰਕੇ ਪ੍ਰਭ ਦਾ ਬ੍ਰਹਮ ਗਿਆਨ ਹੀ ਸਾਧਕ ਦੀ ਅਗਵਾਈ ਕਰਨ ਦੇ ਸਮਰੱਥ ਹੈ। ਅਜਿਹੀ ਅਗਵਾਈ ਅਨੁਸਾਰ ਜੋ ਬਚਨ ਅਤੇ ਕਰਮ ਸਾਧਕ ਕਰਦਾ ਹੈ। ਉਸ ਤੋਂ ਸਾਧਕ ਦੀ ਪਹਿਚਾਣ ਹੁੰਦੀ ਹੈ

(1) ਆਦਿ ਗ੍ਰੰਥ—93

ਕਿ ਉਹ ਪ੍ਰਭ ਰੂਪ ਹੈ। ਅਜਿਹੇ ਪਹਿਚਾਣੇ ਹੋਏ ਪ੍ਰਭ ਰੂਪ ਸਾਧਕ ਤੋਂ ਪ੍ਰਭ ਦਾ ਬ੍ਰਹਮ ਗਿਆਨ ਦ੍ਰਿੜ੍ਹ ਹੋ ਜਾਂਦਾ ਹੈ ਭਾਵ ਪ੍ਰਭ ਦੀ ਪਹਿਚਾਨ ਹੋ ਜਾਂਦੀ ਹੈ ਕਿ ਪ੍ਰਭ ਦਾ ਬ੍ਰਹਮ ਗਿਆਨ ਮਨੁੱਖਾ ਦੀ ਬਰਾਬਰੀ ਅਤੇ ਸੁਤੰਤਰਤਾ 'ਤੇ ਅਧਾਰਤ ਹੈ। ਇਹ ਸਿਧਾਂਤ ਸਮੁੱਚੇ ਗੁਰੂ ਗ੍ਰੰਥ ਵਿਚ ਵੀ ਨਿਰੂਪਤ ਹੈ।

ਸੋ ਉਪਰੋਕਤ ਸਿਧਾਂਤ ਉੱਪਰ ਪਰਖਿਆ ਦ੍ਰਿੜ੍ਹ ਹੋ ਜਾਂਦਾ ਹੈ ਕਿ ਹਿੰਦੂਆਂ ਦੇ ਭਗਵਾਨਾਂ ਤੋਂ ਉਸ ਦੇ ਭਗਤਾਂ ਦਾ ਬੋਧ ਹੁੰਦਾ ਹੈ ਹਿੰਦੂਆਂ ਦਾ ਭਗਵਾਨ, ਬ੍ਰਾਹਮਣ ਗੁਰੂ ਦੀ ਅਗਵਾਈ ਦਾ ਮੁਥਾਜ ਹੈ। ਅਜਿਹੀ ਅਗਵਾਈ ਦਾ ਸਿੱਟਾ ਕੀ ਨਿਕਲਿਆ ਹੈ, ਉਹ ਉਪਰੋਕਤ ਚਰਚਾ ਤੋਂ ਪਤਾ ਲਗਦਾ ਹੈ। ਅੱਗੇ ਗੁਰੂ ਜੀ ਦੱਸਦੇ ਹਨ ਕਿ ਭਗਤਾਂ ਤੋਂ ਉਸ ਦੇ ਮਾਲਕ ਪ੍ਰਭ ਦਾ ਬੋਧ ਹੁੰਦਾ ਹੈ। ਹਿੰਦੂ-ਭਗਤਾਂ ਦੀ ਉਪਰੋਕਤ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਹਿੰਦੂ-ਧਰਮ ਗ੍ਰੰਥਾਂ ਦੇ ਗਿਆਨ ਅਤੇ ਉਸ ਅਨੁਸਾਰ ਕਾਰਗੁਜ਼ਾਰੀ ਤੋਂ ਉਨ੍ਹਾਂ ਦੇ ਭਗਵਾਨ ਦਾ ਪਤਾ ਲੱਗਦਾ ਹੈ। ਕਿ ਉਨ੍ਹਾਂ ਦਾ ਪਰਮਾਤਮਾ ਪੱਖਪਾਤੀ ਹੈ, ਜ਼ਾਲਮ ਹੈ, ਮਨੁੱਖਤਾ ਦਾ ਵੈਰੀ ਹੈ ਜਾਤ ਪਾਤ ਦਾ ਜਨਮ-ਦਾਤਾ ਹੈ, ਘ੍ਰਿਣਾ ਪੈਦਾ ਕਰਨ ਵਾਲਾ ਹੈ, ਨਿਆਂ ਦਾ ਦੁਸ਼ਮਣ ਹੈ, ਕਾਮੀ ਹੈ, ਸ਼ੂਦਰ-ਬ੍ਰਹਮ-ਰਿਸ਼ੀਆਂ ਦਾ ਕਾਤਲ ਹੈ। ਬ੍ਰਾਹਮਣ ਦੇ ਅਧੀਨ ਹੋਣ ਕਰਕੇ ਕਠਪੁਤਲੀ ਹੈ।

ਇਸ ਤੱਥ ਨੂੰ ਗੁਰੂ ਕਬੀਰ ਜੀ ਦ੍ਰਿੜ ਕਰਦੇ ਫਰਮਾਉਂਦੇ ਹਨ -

**ਕਬੀਰ ਬਾਮੁਨ ਗੁਰੂ ਹੈ ਜਗਤ ਕਾ,**
**ਭਗਤਨ ਕਾ ਗੁਰੂ ਨਾਹਿ।**
**ਅਰਝਿ ਉਰਝਿ ਕੈ ਪਚਿ ਮੂਆ,**
**ਚਾਰਹੁ ਬੇਦਹੁ ਮਾਹਿ॥੨੩੭॥** **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1377)**

ਟੀਕਾਕਾਰ ਡਾ. ਸਾਹਿਬ ਸਿੰਘ ਡੀ.ਲਿਟ. ਇਸ ਸਲੋਕ ਦਾ ਟੀਕਾ ਕਰਦੇ ਲਿਖਦੇ ਹਨ-

"ਪਰ, ਹੇ ਕਬੀਰ! (ਆਖ-ਮੈਨੂੰ ਜੋ ਇਹ ਜੀਵਨ ਦਾਤਿ ਮਿਲੀ ਹੈ ਜੀਵਨ ਦਾਤੇ ਸਤਿਗੁਰੂ ਤੋਂ ਮਿਲੀ ਹੈ ਜੋ ਆਪ ਭੀ ਨਾਮ ਦਾ ਰਸੀਆ ਹੈ।) ਜਨੇਊ ਆਦਿਕ ਦੇ ਕੇ ਕਰਮ-ਕਾਂਡ ਦਾ ਰਾਹ ਦੱਸ ਕੇ ਬ੍ਰਾਹਮਣ ਸਿਰਫ਼ ਦੁਨੀਆਂਦਾਰਾਂ ਦਾ ਹੀ ਗੁਰੂ ਅਖਵਾ ਸਕਦਾ ਹੈ, ਭਗਤੀ ਕਰਨ ਵਾਲਿਆਂ ਦਾ ਉਪਦੇਸ਼ ਦਾਤਾ ਬ੍ਰਾਹਮਣ ਨਹੀਂ ਬਣ ਸਕਦਾ, ਕਿਉਂਕਿ ਇਹ ਤਾਂ ਆਪ ਹੀ ਚਹੁੰਆਂ ਵੇਦਾਂ ਦੇ ਜੱਗ ਆਦਿਕ ਕਰਮ-ਕਾਂਡ ਦੀਆਂ ਉਲਝਣਾਂ ਨੂੰ ਸੋਚ ਸੋਚ ਕੇ ਇਹਨਾਂ ਵਿਚ ਹੀ ਖਪ-ਖਪ ਕੇ ਆਤਮਕ ਮੌਤ ਮਰ ਚੁੱਕਾ ਹੈ (ਇਸ ਦੀ ਆਪਣੀ ਹੀ ਜਿੰਦ ਪ੍ਰਭੂ-ਮਿਲਾਪ ਦਾ ਆਨੰਦ ਨਹੀਂ ਮਾਣ ਸਕੀ, ਇਹ ਭਗਤਾਂ ਨੂੰ ਉਹ ਸੁਆਦ ਕਿਵੇਂ ਦਿਵਾ ਸਕਦਾ ਹੈ?)।"[2]

ਸੋ ਗੁਰੂ ਰਵਿਦਾਸ ਜੀ ਪ੍ਰਭ ਨੂੰ ਗੁਰੂ ਪ੍ਰਵਾਨ ਕਰਕੇ ਪ੍ਰਭ ਤੋਂ ਹੀ ਬ੍ਰਹਮ ਗਿਆਨ ਦੀ ਮੰਗ ਕਰਦੇ ਹਨ, ਬ੍ਰਾਹਮਣ ਤੋਂ ਨਹੀਂ ਕਿਉਂਕਿ ਬ੍ਰਾਹਮਣ ਗੁਰੂ ਰਵਿਦਾਸ ਜੀ ਦਾ ਗੁਰੂ ਬਣਨ ਦੇ ਕਾਬਲ ਨਹੀਂ। ਭਗਵਾਨ ਆਪਣੇ ਗੁਰੂ ਦੀ ਕਠਪੁਤਲੀ ਤਾਂ ਹੈ ਹੀ ਉਹ ਬ੍ਰਾਹਮਣ ਰਿਸ਼ੀਆਂ



ਦੀ ਵੀ ਕਠਪੁਤਲੀ ਹਨ। ਕਿਉਂਕਿ ਹਿੰਦੂ ਧਰਮ ਵਿਚ ਬ੍ਰਾਹਮਣ ਜਗਤ ਗੁਰੂ ਹੈ ਇਸ ਲਈ ਹਰ ਬ੍ਰਾਹਮਣ ਭਗਵਾਨ ਦਾ ਵੀ ਗੁਰੂ ਬਣ ਗਿਆ। ਇਥੇ ਹੀ ਬਸ ਨਹੀਂ ਬ੍ਰਾਹਮਣ 'ਭਗਵਾਨ' ਨੂੰ ਹੀ ਸ਼ਰਾਪ ਦੇਣ ਦੀ ਸਮਰੱਥਾ ਰੱਖਦਾ ਹੈ।

ਭਗਵਾਨ ਕ੍ਰਿਸ਼ਨ ਦੀ ਮੌਤ ਦੁਰਬਾਸਾ ਰਿਸ਼ੀ ਦੇ ਸ਼ਰਾਪ ਨਾਲ ਹੋਈ। ਸ਼ਰਾਪ ਦੇਣ ਦਾ ਕਾਰਨ ਵੀ ਕੋਈ ਨਹੀਂ ਸੀ। ਦੁਰਬਾਸਾ ਰਿਸ਼ੀ ਕ੍ਰੋਧੀ ਸੀ। "ਮਹਾਂਭਾਰਤ ਵਿਚ ਲਿਖਿਆ ਹੈ ਕਿ ਇਕ ਵਾਰ ਕ੍ਰਿਸ਼ਨ ਜੀ ਨੇ ਦੁਰਬਾਸਾ ਦਾ ਪ੍ਰੇਮ ਨਾਲ ਸਵਾਗਤ ਕੀਤਾ ਪਰ ਜਿਹੜੇ ਰੋਟੀਆਂ ਦੇ ਟੁਕੜੇ ਪੈਰਾਂ ਵਿਚ ਡਿੱਗ ਪਏ ਸਨ ਕ੍ਰਿਸ਼ਨ ਜੀ ਉਹ ਚੁੱਕਣੇ ਭੁੱਲ ਗਏ।' ਇਸ ਪਰ ਦੁਰਬਾਸਾ ਗੁੱਸੇ ਹੋ ਗਿਆ ਅਤੇ ਆਖਿਆ ਕਿ ਤੂੰ ਫੰਧਕ ਦੇ ਤੀਰ ਨਾਲ ਘਾਇਲ ਹੋ ਕੇ ਪ੍ਰਾਣ ਤਿਆਗੇਗਾ।" (ਮਹਾਨ ਕੋਸ਼ ਪੰਨਾ 483)

ਉਪਰੋਕਤ ਤੱਥ ਤੋਂ ਪ੍ਰਪੱਕ ਤੌਰ ਤੇ ਦ੍ਰਿੜ੍ਹ ਹੋ ਗਿਆ ਕਿ ਬ੍ਰਾਹਮਣ ਰਿਸ਼ੀ ਨੇ ਬਿਨਾਂ ਕਿਸੇ ਕਾਰਨ ਤੋਂ ਸ਼ਰਾਪ ਦੇ ਕੇ 'ਭਗਵਾਨ' ਨੂੰ ਮਾਰਨ ਦਾ ਸ਼ਰਾਪ ਦੇ ਦਿੱਤਾ ਹੈ। ਭਗਵਾਨ ਕ੍ਰਿਸ਼ਨ ਨੂੰ ਸ਼ਰਾਪ ਮਿਲਿਆ ਕਿ ਰੋਟੀਆਂ ਦੇ ਪੈਰਾਂ ਵਿਚ ਡਿੱਗੇ ਟੁਕੜੇ ਭਗਵਾਨ ਕ੍ਰਿਸ਼ਨ ਨੇ ਨਹੀਂ ਚੁੱਕੇ।

(1) ਕੀ ਦੁਰਬਾਸਾ ਰਿਸ਼ੀ ਨੇ ਸ਼ਰਾਪ ਇਸ ਕਰਕੇ ਦਿੱਤਾ ਕਿ ਰੋਟੀ ਦੇ ਟੁਕੜੇ ਭਗਵਾਨ ਕ੍ਰਿਸ਼ਨ ਨੇ ਖਿਲਾਰੇ ਸਨ?

(2) ਕੀ ਰੋਟੀ ਦੇ ਟੁਕੜੇ ਚੁੱਕਣਾ ਭਗਵਾਨ ਕ੍ਰਿਸ਼ਨ ਦਾ ਕੰਮ ਸੀ?

(3) ਕੀ ਰੋਟੀ ਦੇ ਟੁਕੜੇ ਦੁਰਬਾਸਾ ਰਿਸ਼ੀ ਨੇ ਖੁਦ ਖਿਲਾਰੇ ਸਨ?

ਪਹਿਲੇ ਪ੍ਰਸ਼ਨ ਦੇ ਉੱਤਰ ਵਿਚ ਭਗਵਾਨ ਕ੍ਰਿਸ਼ਨ ਤਾਂ ਬੜੇ ਪਿਆਰ ਨਾਲ ਦੁਰਬਾਸਾ ਰਿਸ਼ੀ ਨੂੰ ਭੋਜਨ ਛਕਾ ਰਹੇ ਹਨ ਇਸ ਲਈ ਉਹਨਾਂ ਦਾ ਰੋਟੀ ਦੇ ਟੁਕੜੇ ਖਿਲਾਰਨ ਦਾ ਮਤਲਬ ਹੀ ਪੈਂਦਾ ਨਹੀਂ ਹੁੰਦਾ। ਦੂਜਾ ਪ੍ਰਸ਼ਨ ਭੋਜਨ ਛਕਾਉਣ ਤੋਂ ਪਿਛੋਂ ਸਥਾਨ ਸਾਫ਼ ਕੀਤਾ ਜਾਂਦਾ ਸੀ ਅਤੇ ਦੁਰਬਾਸਾ ਰਿਸ਼ੀ ਨੇ ਭੋਜਨ ਛਕਣ ਵਾਲੀ ਥਾਂ ਆਸਣ ਨਹੀਂ ਸੀ ਲਾਉਣਾ ਇਸ ਲਈ ਇਹ ਦੁਰਬਾਸਾ ਰਿਸ਼ੀ ਦੀ ਸਿਰਦਰਦੀ ਦਾ ਕਾਰਨ ਨਹੀਂ ਸੀ। ਤੀਜਾ ਪ੍ਰਸ਼ਨ ਰੋਟੀਆਂ ਦੇ ਟੁਕੜੇ ਦੁਰਬਾਸਾ ਰਿਸ਼ੀ ਨੇ ਹੀ ਖਿਲਾਰੇ ਸਨ। ਦੁਰਬਾਸਾ ਰਿਸ਼ੀ ਨੂੰ ਭੋਜਨ ਛਕਣਾ ਨਹੀਂ ਸੀ ਆਉਂਦਾ। ਉਪਰੋਂ ਆਪ ਹੀ ਗਲਤੀ ਕਰਕੇ ਆਪ ਹੀ ਦੂਜਿਆਂ ਨੂੰ ਸ਼ਰਾਪ ਦੇਣਾ ਇਹ ਕਿਸੇ ਰਿਸ਼ੀ ਦਾ ਕੰਮ ਨਹੀਂ। ਅਜਿਹਾ ਅਨਿਆਂ ਅਤੇ ਅਸਭਯ ਕੰਮ ਤਾਂ ਕੇਵਲ ਹੰਕਾਰੀ ਦਾ ਹੀ ਨਹੀਂ ਸਗੋਂ ਗੰਵਾਰ ਹੰਕਾਰੀ ਦਾ ਹੀ ਹੈ।

ਸੋ ਰਿਸ਼ੀ ਦੁਰਬਾਸਾ ਨੇ ਬਿਨਾਂ ਕਾਰਨ ਸ਼ਰਾਪ ਦੇ ਕੇ ਅਸਭਯ ਅਨਿਆਂ ਭਰਪੂਰ ਕੰਮ ਕੀਤਾ ਹੈ ਅਤੇ ਉਹ ਵੀ 'ਭਗਵਾਨ' ਵਿਰੁੱਧ। ਭਗਵਾਨ ਕ੍ਰਿਸ਼ਨ ਵਿਰੁੱਧ!!!

ਇਹ ਘਟਨਾ ਤੋਂ ਬ੍ਰਾਹਮਣ ਹੱਥੋਂ ਇਨਸਾਨੀਅਤ ਅਤੇ ਕੁਦਰਤੀ ਇਨਸਾਫ਼ ਕਤਲ ਹੋਣਾ ਤਾਂ ਸਾਬਤ ਹੁੰਦਾ ਹੀ ਹੈ ਇਸ ਘਟਨਾ ਤੋਂ ਇਹ ਵੀ ਸਾਬਤ ਹੋ ਜਾਂਦਾ ਹੈ ਕਿ ਬ੍ਰਾਹਮਣ ਦੇ ਹੱਥੋਂ ਇਨਸਾਨੀਅਤ ਅਤੇ ਇਨਸਾਫ਼ ਨੂੰ ਕਤਲ ਹੋਣ ਤੋਂ ਬਚਾਉਣ ਲਈ ਭਗਵਾਨ ਵੀ

ਬੇਬੱਸ ਹੈ।

ਇਸ ਕਰਕੇ ਗੁਰੂ ਰਵਿਦਾਸ ਜੀ ਵੇਦ ਆਦਿ ਸਾਰੇ ਹਿੰਦੂ ਧਰਮ ਗ੍ਰੰਥਾਂ ਦੀ ਵਿਚਾਰਧਾਰਾ ਨੂੰ ਰੱਦ ਕਰਦੇ ਫਰਮਾਉਂਦੇ ਹਨ –

**ਸਤਜੁਗਿ ਸਤੁ ਤੇਤਾ ਜਗੀ, ਦੁਆਪਰਿ ਪੂਜਾਚਾਰ॥**
**ਤੀਨੌ ਜੁਗ ਤੀਨੌ ਦਿੜੇ, ਕਲਿ ਕੇਵਲ ਨਾਮ ਅਧਾਰ॥੧॥**
**ਪਾਰੁ ਕੈਸੇ ਪਾਇਬੋ ਰੇ॥**
**ਮੋ ਸਉ ਕੋਊ ਨ ਕਹੈ ਸਮਝਾਇ॥**
**ਜਾ ਤੇ ਆਵਾ ਗਵਨੁ ਬਿਲਾਇ॥੧॥ ਰਹਾਉ॥**
**ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ॥**
**ਕਵਨ ਕਰਮ ਤੇ ਛੂਟੀਐ, ਜਿਹ ਸਾਧੇ ਸਭ ਸਿਧਿ ਹੋਇ॥੨॥**
**ਕਰਮ ਅਕਰਮ ਬੀਚਾਰੀਐ, ਸੰਕਾ ਸੁਨਿ ਬੇਦ ਪੁਰਾਨੁ॥**
**ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਆਨੁ॥੩॥**

(**ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ** 346)

ਟੀਕਾਕਾਰ ਡਾ. ਸਾਹਿਬ ਸਿੰਘ ਡੀ. ਲਿਟ. ਇਸ ਸ਼ਬਦ ਦਾ ਟੀਕਾ ਕਰਦੇ ਲਿਖਦੇ ਹਨ–

"ਅਰਥ :– (ਹੇ ਪੰਡਿਤ ਜੀ! ਤੁਸੀਂ ਆਖਦੇ ਹੋ ਕਿ ਹਰੇਕ ਜੁਗ ਵਿਚ ਆਪੋ ਆਪਣਾ ਕਰਮ ਹੀ ਪ੍ਰਧਾਨ ਹੈ, ਇਸ ਅਨੁਸਾਰ ਸਤਜੁਗ ਵਿਚ ਦਾਨ ਆਦਿਕ ਪ੍ਰਧਾਨ ਸੀ, ਤ੍ਰੇਤਾ ਜੁਗ ਜੱਗਾਂ ਵਿਚ ਪ੍ਰਵਿਰਤ ਰਿਹਾ, ਦੁਆਪਰ ਵਿਚ ਦੇਵਤਿਆਂ ਦੀ ਪੂਜਾ ਪ੍ਰਧਮ ਕਰਮ ਸੀ; (ਇਸ ਤਰ੍ਹਾਂ ਤੁਸੀਂ ਆਖਦੇ ਹੋ ਕਿ) ਤਿੰਨੇ ਜੁਗ ਇਹਨਾਂ ਤਿੰਨਾਂ–ਕਰਮਾਂ ਧਰਮਾਂ ਉੱਤੇ ਜ਼ੋਰ ਦੇਂਦੇ ਹਨ; ਤੇ ਹੁਣ ਕਲਜੁਗ ਵਿਚ ਸਿਰਫ਼ (ਰਾਮ) ਨਾਮ ਦਾ ਆਸਰਾ ਹੈ।੧।

ਪਰ, ਹੇ ਪੰਡਿਤ! (ਇਹਨਾਂ ਜੁਗਾਂ ਦੇ ਵੰਡੇ ਹੋਏ ਕਰਮਾਂ ਧਰਮਾਂ ਨਾਲ ਸੰਸਾਰ–ਸਮੁੰਦਰ ਦਾ) ਪਾਰਲਾ ਬੰਨਾ ਕਿਵੇਂ ਲਭੋਗੇ? (ਤੁਹਾਡੇ ਵਿਚੋਂ) ਕੋਈ ਭੀ ਮੈਨੂੰ ਐਸਾ ਕੰਮ ਸਮਝਾ ਕੇ ਨਹੀਂ ਦਸ ਸਕਿਆ, ਜਿਸ ਦੀ ਸਹਾਇਤਾ ਨਾਲ (ਮਨੁੱਖ ਦਾ) ਜਨਮ ਮਰਨ ਦਾ ਗੇੜ ਮੁੱਕ ਸਕੇ।੧। ਰਹਾਉ।

(ਸ਼ਾਸਤ੍ਰਾਂ ਅਨੁਸਾਰ) ਕਈ ਤਰੀਕਿਆਂ ਨਾਲ ਵਰਨਾਂ ਆਸ਼ਰਮਾਂ ਦੇ ਕਰਤਬਾਂ ਦੀ ਹੱਦ–ਬੰਦੀ ਕੀਤੀ ਗਈ ਹੈ; (ਇਹਨਾਂ ਸ਼ਾਸਤ੍ਰਾਂ ਨੂੰ ਮੰਨਣ ਵਾਲਾ) ਸਾਰਾ ਜਗਤ ਇਹੀ ਮਿਥੇ ਹੋਏ ਕਰਮ–ਧਰਮ ਕਰਦਾ ਦਿਸ ਰਿਹਾ ਹੈ। ਪਰ ਕਿਸੇ ਕਰਮ–ਧਰਮ ਦੇ ਕਰਨ ਨਾਲ (ਆਵਾਗਵਨ ਤੋਂ) ਖਲਾਸੀ ਹੋ ਸਕਦੀ ਹੈ? ਉਹ ਕਿਹੜਾ ਕਰਮ ਹੈ ਜਿਸ ਦੇ ਸਾਧਿਆਂ ਜਨਮ–ਮਨੋਰਥ ਦੀ ਸਫਲਤਾ ਹੁੰਦੀ ਹੈ?–(ਇਹ ਗੱਲ ਤੁਸੀਂ ਨਹੀਂ ਦਸ ਸਕੇ)।੨।

ਵੇਦਾਂ ਤੇ ਪੁਰਾਣਾਂ ਨੂੰ ਸੁਣ ਕੇ ਸਗੋਂ ਹੋਰ ਹੋਰ ਸ਼ੰਕਾ ਵੱਧਦਾ ਹੈ। ਇਹੀ ਵਿਚਾਰ ਕਰੀਦੀ ਹੈ ਕਿ ਕਿਹੜਾ ਕਰਮ ਸ਼ਾਸਤ੍ਰਾਂ ਦੇ ਅਨੁਸਾਰ ਹੈ ਤੇ ਕਿਹੜਾ ਕਰਮ ਸ਼ਾਸਤ੍ਰਾਂ ਨੇ ਵਰਜਿਆ ਹੈ (ਵਰਨ ਆਸ਼ਰਮਾਂ ਦੇ ਕਰਮ ਧਰਮ ਕਰਦਿਆਂ ਹੀ ਮਨੁੱਖ ਦੇ) ਹਿਰਦੇ ਵਿਚ ਸਹਿਮ ਤਾਂ



ਟਿਕਿਆ ਹੀ ਰਹਿੰਦਾ ਹੈ (ਫਿਰ) ਉਹ ਕਿਹੜੇ ਕਰਮ–ਧਰਮ (ਤੁਸੀਂ ਦੱਸਦੇ ਹੋ) ਜੋ ਮਨ ਦਾ ਅਹੰਕਾਰ ਦੂਰ ਕਰੇ?।੩।"[1]

ਇਸ ਦਾ ਉੱਤਰ ਨਾ ਤਾਂ ਹਿੰਦੂ ਧਰਮ ਦੇ ਬ੍ਰਾਹਮਣ ਗੁਰੂਆਂ ਕੋਲ ਹੈ ਅਤੇ ਨਾ ਹੀ ਉਨ੍ਹਾਂ ਦੇ ਅਵਤਾਰਾਂ ਪਾਸ ਹੈ। ਇਸ ਕਰਕੇ ਗੁਰੂ ਰਵਿਦਾਸ ਜੀ ਹਿੰਦੂ–ਧਰਮ ਗ੍ਰੰਥਾਂ ਦੀ ਵਿਚਾਰਧਾਰਾ ਨੂੰ ਰੱਦ ਕਰਕੇ ਪ੍ਰਭ ਤੋਂ ਬ੍ਰਹਮ ਗਿਆਨ ਦੀ ਮੰਗ ਕਰਦੇ ਹਨ ਇਸ ਨਾਲ ਬ੍ਰਾਹਮਣ ਗੁਰੂ ਅਤੇ ਬ੍ਰਾਹਮਣੀ ਗੁਰ ਪਰੰਪਰਾ ਵੀ ਆਪਣੇ ਆਪ ਹੀ ਰੱਦ ਹੋ ਜਾਂਦੀ ਹੈ। ਸਪੱਸ਼ਟ ਹੈ ਕਿ ਬ੍ਰਾਹਮਣ ਸੁਆਮੀ ਰਾਮਾਨੰਦ, ਗੁਰੂ ਰਵਿਦਾਸ ਜੀ ਦੇ ਗੁਰੂ ਨਹੀਂ ਹਨ।

(2) ਪੋਥੀ ਦਸਵੀਂ – 280–81

ਨੋਟ – ਇਸ ਸ਼ਬਦ **ਸਤਜੁਗਿ ਸਤੁ ਤੇਤਾ ਜਗੀ** ਦੀ ਉਪਰੋਕਤ ਵਿਆਖਿਆ ਤੋਂ ਕੁਝ ਤਬਦੀਲੀਆਂ ਸਹਿਤ ਕੀਤੀ ਵਿਆਖਿਆ ਮੇਰੀ ਲਿਖੀ ਕਿਤਾਬ 'ਸਟੀਕ ਬਾਣੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ' ਵਿਚੋਂ ਪੜ੍ਹੋ।

(1) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ-ਪੋਥੀ ਦੂਜੀ-੮੦੨੬-੨)

# II. ਗੁਰੂ ਰਵਿਦਾਸ: ਬ੍ਰਾਹਮਣ ਵਿਦਵਾਨਾਂ ਅਨੁਸਾਰ ਉਨ੍ਹਾਂ ਦਾ ਗੁਰੂ

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਗੁਰੂ ਰਵਿਦਾਸ ਜੀ ਪਿਛਲੇ ਅਧਿਆਏ ਵਿਚ ਵਿਚਾਰੀ ਗਈ ਸਥਿਤੀ ਤੋਂ ਪੂਰੀ ਤਰ੍ਹਾਂ ਜਾਣੂ ਸਨ। ਇਸ ਕਰਕੇ ਉਹ ਇੱਜ਼ਤ ਅਤੇ ਅਣਖ ਨੂੰ ਦਾਅ ਤੇ ਨਹੀਂ ਸਨ ਲਾਉਣਾ ਚਾਹੁੰਦੇ। ਇਸ ਲਈ ਉਨ੍ਹਾਂ ਨੇ ਪ੍ਰਭ-ਪੂਜਾ ਲਈ ਇਕ ਨਵੇਂ ਵਿਸ਼ਵ ਧਰਮ ਦੀ ਸਿਰਜਣਾ ਕੀਤੀ, ਜਿਸ ਦਾਂ ਆਧਾਰ ਵਿਸ਼ਵ-ਵਿਆਪੀ-ਵਿਚਾਰਧਾਰਾ ਸੀ। ਇਹ ਕੁਦਰਤੀ ਹੀ ਹਿੰਦੂ ਧਰਮ ਦੀ ਸੀਮਤ, ਖਾਸ ਵਰਗ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਾਲੀ ਪੱਖਪਾਤੀ ਵਿਚਾਰਧਾਰਾ ਦੀ ਵਿਰੋਧੀ ਵਿਚਾਰਧਾਰਾ ਬਣ ਗਈ। ਸਿੱਟੇ ਵਜੋਂ ਬ੍ਰਾਹਮਣ ਗੁਰੂ ਰਵਿਦਾਸ ਦੀ ਜ਼ਿੰਦਗੀ ਲਈ ਬਹੁਤ ਵੱਡਾ ਖਤਰਾ ਬਣ ਗਏ ਸਨ। ਪਰ ਨਵੀਂ ਵਿਚਾਰਧਾਰਾ ਅਨੁਸਾਰ ਗੁਰੂ ਜੀ ਬ੍ਰਹਮ ਗਿਆਨੀ ਬਣ, ਪਾਰਬ੍ਰਹਮ ਦੇ ਦਰਬਾਰੀ ਬਣ ਗਏ ਹੁਣ ਉਹੀ ਬ੍ਰਾਹਮਣ ਜਿਹੜੇ ਉਨ੍ਹਾਂ ਨੂੰ ਨਫ਼ਰਤ ਕਰਦੇ ਸਨ, ਉਨ੍ਹਾਂ ਦੀ ਛਾਂ ਨਾਲ ਭਿੱਟੇ ਜਾਂਦੇ ਸਨ, ਜਿਹੜੇ ਉਨ੍ਹਾਂ ਦੀ ਜਾਨ ਦੇ ਦੁਸ਼ਮਣ ਬਣ ਗਏ ਸਨ, ਉਨ੍ਹਾਂ ਦੀ ਡੰਡਾਉਤ ਕਰਨ ਤੇ ਮਜਬੂਰ ਹੋ ਗਏ। ਇਸ ਬਾਰੇ ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿਚ ਨਿਰਭੈ ਹੋ, ਸਪੱਸ਼ਟ ਤੌਰ ਤੇ ਫਰਮਾਉਂਦੇ ਹਨ –

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ**
**ਨਿਤਹਿ ਬਾਨਾਰਸੀ ਆਸ ਪਾਸਾ॥**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**[1] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293)**

ਸੋ ਪਰਮਾਤਮਾ ਦੀ ਕਿਰਪਾ ਨਾਲ (ਗੁਰੂ) ਰਵਿਦਾਸ ਪ੍ਰਭ ਦਾ ਪਿਆਰਾ ਭਗਤ ਬਣ ਗਿਆ। ਬ੍ਰਹਮ-ਗਿਆਨ ਦੀ ਸੁਗੰਧੀ ਫੈਲਦਿਆਂ ਹੀ ਆਪਣੇ ਧਰਮ-ਕਰਮ ਵਿਚ ਪਰਪੱਕ ਬ੍ਰਾਹਮਣਾਂ ਦੇ ਮੁਖੀ ਬ੍ਰਾਹਮਣ ਗੁਰੂ ਜੀ ਦੇ ਚਰਨੀ ਆ ਪਏ। ਉਲਟੀ ਗੰਗਾ ਵਹਿ ਟੁਰੀ – ਪਹਿਲਾਂ ਬ੍ਰਾਹਮਣ ਸ਼ੂਦਰ ਨੂੰ ਸ਼ਿਸ਼ ਨਹੀਂ ਸੀ ਬਣਾ ਸਕਦਾ। ਇਹ ਹਿੰਦੂ ਧਰਮ ਦਾ ਫਤਵਾ ਸੀ ਪਰ ਹੁਣ ਫਤਵਾ ਦੇਣ ਵਾਲੇ ਮੁਖੀ ਬ੍ਰਾਹਮਣ ਆਪ ਗੁਰੂ ਜੀ ਦੇ ਸ਼ਿਸ਼ ਬਣ ਗਏ ਸਨ।

ਅਜਿਹੀ ਕ੍ਰਾਂਤੀਕਾਰੀ ਚਮਤਕਾਰ ਵਾਲੀ ਸਥਿਤੀ ਨੇ ਬ੍ਰਾਹਮਣ ਵਰਗ ਵਿਚ ਤਰਥੱਲੀ

(1) ਆਦਿ ਗ੍ਰੰਥ-1293



ਮਚਾ ਦਿੱਤੀ। ਬ੍ਰਹਮ-ਰੂਪ ਰਵਿਦਾਸ ਨੂੰ ਉਹ ਕਿਸੇ ਵੀ ਤਰ੍ਹਾਂ ਆਪਣੇ ਅਧੀਨ ਲਿਆਉਣ ਵਿਚ ਸਫ਼ਲ ਨਹੀਂ ਸਨ ਹੋ ਰਹੇ। ਆਖ਼ਰ ਸੋਚ ਵਿਚਾਰ ਕਰਕੇ ਬ੍ਰਾਹਮਣ ਵਿਦਵਾਨਾਂ ਨੇ ਸਲਾਹ ਬਣਾਈ ਕਿ (ਗੁਰੂ) ਰਵਿਦਾਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਬ੍ਰਾਹਮਣ ਸਿੱਧ ਕੀਤਾ ਜਾਵੇ। ਗੁਰੂ ਕਬੀਰ ਨੂੰ ਉਨ੍ਹਾਂ ਨੇ ਆਪਣੀਆਂ ਸਕੀਮਾਂ ਨਾਲ ਬ੍ਰਾਹਮਣ ਬਨਾਉਣ ਲਈ ਸਾਹਿਤ ਵਿਚ ਅਨੇਕਾਂ ਮਨਘੜਤ ਕਹਾਣੀਆਂ ਘੜ ਲਈਆਂ ਸਨ। ਗੁਰੂ ਰਵਿਦਾਸ ਇਸ ਘਟਨਾ ਤੋਂ ਜਾਣੂ ਹੋਣ ਕਰਕੇ ਸੁਚੇਤ ਹੋ ਗਏ ਸਨ। ਸੋ ਉਨ੍ਹਾਂ ਨੇ ਬੜੇ ਫ਼ਖ਼ਰ ਨਾਲ ਆਪਣੀ ਚਮਾਰ ਜਾਤ ਨੂੰ ਆਪਣੀ ਬਾਣੀ ਵਿਚ ਅੰਕਿਤ ਕਰ ਦਿੱਤਾ। ਸੋ ਬ੍ਰਾਹਮਣ ਵਿਦਵਾਨਾਂ ਦੀ ਇਹ ਕੋਸ਼ਿਸ਼ ਵੀ ਗੁਰੂ ਜੀ ਨੇ ਨਾਕਾਮ ਬਣਾ ਦਿੱਤੀ। ਬ੍ਰਾਹਮਣਾਂ ਕੋਲ ਹੋਰ ਕੋਈ ਸਾਧਨ ਹੀ ਨਹੀਂ ਸੀ ਬਚਿਆ ਗੁਰੂ ਰਵਿਦਾਸ ਦੀ ਸਿਰਜੀ ਮਾਨਵਵਾਦੀ ਵਿਚਾਰਧਾਰਾ ਤੋਂ ਬਚਣ ਲਈ। ਸੋ ਉਨ੍ਹਾਂ ਨੇ ਇਕ ਘਿਣਾਉਣੀ ਸਕੀਮ ਅਧੀਨ ਇਕ ਬ੍ਰਾਹਮਣ ਰਾਮਾ ਨੰਦ ਨੂੰ ਉਨ੍ਹਾਂ ਦਾ ਧੱਕੇ ਨਾਲ ਹੀ ਗੁਰੂ ਬਣਾ ਦਿੱਤਾ।

ਸ਼ੂਦਰਾਂ ਨੇ ਰੱਬ ਦੀ ਪੂਜਾ ਕਰਨ ਦੇ ਅਧਿਕਾਰ ਦੀ ਲੜਾਈ ਅਜੇ ਆਰੰਭੀ ਹੀ ਸੀ, ਸਮੁੱਚੇ ਸ਼ੂਦਰ ਵਰਗ ਨੂੰ ਅਜੇ ਪੂਜਾ ਦਾ ਅਧਿਕਾਰ ਨਹੀਂ ਸੀ ਮਿਲਿਆ, ਬ੍ਰਾਹਮਣ ਲੋਕ ਪੂਰੀ ਸ਼ਕਤੀ ਨਾਲ ਆਪਣੇ ਧਰਮ ਨੂੰ ਬਚਾਉਣ ਲਈ ਇਸ ਦਾ ਵਿਰੋਧ ਕਰ ਰਹੇ ਸਨ। ਅਜਿਹੀ ਸਥਿਤੀ ਵਿਚ ਬ੍ਰਾਹਮਣ ਲੋਕ ਬਿਨ੍ਹਾਂ ਕਿਸੇ ਕਾਰਣ ਦੇ ਸ਼ੂਦਰਾਂ ਨੂੰ ਆਪਣੇ ਚੇਲੇ ਬਣਾਉਣ ਲਈ ਕਿਉਂ ਉਤਸੁਕ ਸਨ? ਜਦ ਕਿ ਉਹ ਆਪਣੇ ਧਰਮ ਦੀ ਮਰਿਆਦਾ ਭੰਗ ਹੋਣ ਕਾਰਣ ਸ਼ੂਦਰਾਂ ਨੂੰ ਪੂਜਾ ਕਰਨ ਤੋਂ ਰੋਕਣ ਦਾ ਪੂਰਾ ਟਿੱਲ ਲਾ ਰਹੇ ਸਨ। ਇਸ ਦਾ ਕਾਰਣ ਅਟੱਲ ਸਚਾਈ ਤੇ ਆਧਾਰਤ ਤੱਥ ਹਨ। ਗੁਰੂ ਰਵਿਦਾਸ, ਗੁਰੂ ਕਬੀਰ ਆਦਿ ਨੇ ਪਾਰਬ੍ਰਹਮ ਨਾਲ ਅਭੇਦ ਹੋਣ ਪਿਛੋਂ ਜਦ ਸ਼ਰ੍ਹੇਆਮ ਪ੍ਰਭ ਦਾ ਗੁਣਗਾਨ ਕੀਤਾ ਤਾਂ ਕੁਦਰਤੀ ਹੀ ਹਿੰਦੂ ਧਰਮ ਦੀ ਵਿਚਾਰਧਾਰਾ ਦੀ ਬੁਨਿਆਦ ਡਾਵਾਂ-ਡੋਲ ਹੋ ਗਈ, ਕਿਉਂਕਿ ਇਨ੍ਹਾਂ ਬ੍ਰਹਮ ਗਿਆਨੀਆਂ ਦੀ ਵਿਚਾਰਧਾਰਾ ਸਰਵ-ਸਾਂਝੀ, ਭੇਦ-ਭਾਵ ਤੋਂ ਰਹਿਤ ਸੀ। ਪ੍ਰਭ ਅਤੇ ਰਵਿਦਾਸ ਦੀ ਅਭੇਦਤਾ ਹੋਣ ਕਰਕੇ ਇਹ ਵਿਚਾਰਧਾਰਾ ਸਰਵ ਵਿਆਪਕ ਪ੍ਰਭ ਦੀ ਆਪਣੀ ਸਿਰਜੀ ਵਿਚਾਰਧਾਰਾ ਸੀ।

ਸੋ ਬ੍ਰਾਹਮਣ ਵਰਗ ਨੇ ਹਿੰਦੂ-ਧਰਮ ਦੀ ਵਿਚਾਰਧਾਰਾ ਨੂੰ ਬਚਾਉਣ ਲਈ ਇਨ੍ਹਾਂ ਬ੍ਰਹਮ-ਗਿਆਨੀਆਂ ਨੂੰ ਬ੍ਰਾਹਮਣ ਸਿੱਧ ਕਰਨਾ ਸ਼ੁਰੂ ਕਰ ਦਿੱਤਾ। ਬ੍ਰਾਹਮਣਾਂ ਦਾ ਇਹ ਮੰਨਣਾ ਹੈ ਕਿ ਸ਼ੂਦਰ ਉਨ੍ਹਾਂ ਦੇ ਭਗਵਾਨਾਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਤੇ ਹਮਲਾ ਨਾ ਕਰੇ, ਇਹ ਉਨ੍ਹਾਂ ਦੀ ਬੇਇਜ਼ਤੀ ਦਾ ਕਾਰਣ ਬਣਦੀ ਸੀ। ਪਰ ਜੇਕਰ ਕੋਈ ਬ੍ਰਾਹਮਣ ਅਜਿਹਾ ਕਰਦਾ ਹੈ ਉਨ੍ਹਾਂ ਨੂੰ ਇਸ ਦਾ ਕੋਈ ਦੁੱਖ ਨਹੀਂ ਸੀ ਹੋਣਾ। ਕਿਉਂਕਿ ਪਹਿਲਾਂ ਵੀ ਬ੍ਰਾਹਮਣ ਆਪਣੇ ਹੀ ਭਗਵਾਨਾਂ ਅਤੇ ਵਿਚਾਰਧਾਰਾ ਨੂੰ ਰੱਦ ਕਰਦੇ ਨਵੀਂ ਵਿਚਾਰਧਾਰਾ ਦਿੰਦੇ ਰਹੇ ਸਨ ਜਿਵੇਂ ਚਾਰ ਵਾਕ ਆਦਿ। ਅਜਿਹੀ ਵਿਰੋਧੀ ਵਿਚਾਰਧਾਰਾ ਹਿੰਦੂ-ਮਤ ਵਿਚ ਜਜ਼ਬ ਹੁੰਦੀ ਰਹੀ ਹੈ ਕਿਉਂਕਿ ਦੋਵੇਂ ਹੀ ਧਿਰਾਂ ਬ੍ਰਾਹਮਣ ਸਨ।

ਪਰ ਗੁਰੂ ਰਵਿਦਾਸ ਦੀ ਵਿਚਾਰਧਾਰਾ ਦਾ ਅਧਾਰ ਮਾਨਵਤਾ ਨਾਲ ਪਿਆਰ ਹੋਣ ਕਰਕੇ ਮੂਲੋਂ ਹੀ ਵੱਖਰੀ ਸੀ। ਇਸ ਨੂੰ ਹਿੰਦੂ-ਮਤ ਵਿਚ ਜਜ਼ਬ ਕਰਨਾ ਬ੍ਰਾਹਮਣਾਂ ਦੇ ਵੱਸ ਦਾ ਰੋਗ ਨਹੀਂ ਸੀ ਰਹਿ ਗਿਆ। ਦੂਜੇ ਇਸ ਵਿਚਾਰਧਾਰਾ ਦਾ ਸਿਰਜਣਹਾਰ ਸ਼ੂਦਰ ਸੀ। ਇਸ ਲਈ ਬ੍ਰਾਹਮਣਾਂ ਨੇ ਇਸ ਨੂੰ ਦੋ ਪੱਖਾਂ ਤੋਂ ਠੱਲ ਪਾਉਣ ਦੀ ਕੋਸ਼ਿਸ਼ ਕੀਤੀ ਅਤੇ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ (ੳ) ਗੁਰੂ ਰਵਿਦਾਸ ਵੇਦਾਂ ਦੀ ਵਿਚਾਰਧਾਰਾ ਨੂੰ ਮੰਨਦੇ ਹਨ (ਅ) ਗੁਰੂ ਰਵਿਦਾਸ ਦੇ ਗੁਰੂ ਰਾਮਾ ਨੰਦ ਹਨ। ਇਨ੍ਹਾਂ ਦੋਵੇਂ ਪੱਖਾਂ ਨੂੰ ਪੂਰੀ ਤਰ੍ਹਾਂ ਉਭਾਰਨ ਲਈ ਬ੍ਰਾਹਮਣ ਵਿਦਵਾਨਾਂ ਨੇ ਸੋਚੀ ਸਮਝੀ ਸਕੀਮ ਅਧੀਨ ਗੁਰੂ ਰਵਿਦਾਸ ਨੂੰ ਬ੍ਰਾਹਮਣ ਸਿੱਧ ਕੀਤਾ ਅਤੇ ਫਿਰ ਉਨ੍ਹਾਂ ਨੂੰ ਆਪਣਾ ਚੇਲਾ ਬਣਾ ਲਿਆ ਜਦਕਿ ਗੁਰੂ ਜੀ ਉਨ੍ਹਾਂ ਨੂੰ ਗੁਰੂ ਮੰਨਣ ਲਈ ਹੀ ਤਿਆਰ ਨਹੀਂ ਸਨ।

ਸਥਿਤੀ ਅਜੀਬ ਰੁੱਖ ਧਾਰਨ ਕਰ ਗਈ ਹੈ ਕਿਉਂਕਿ ਬ੍ਰਾਹਮਣਾਂ ਦੀਆਂ ਮਨਘੜਤ ਪੁਰਾਣੀਆਂ ਸਾਖੀਆਂ ਪਰਚੀਆਂ ਅਤੇ ਹੋਰ ਪੁਰਾਤਨ ਸਾਹਿਤ ਵਿਚ ਆਏ ਵਿਚਾਰਾਂ ਕਾਰਣ ਗੁਰੂ ਰਵਿਦਾਸ ਜੀ ਦਾ ਗੁਰੂ ਕੌਣ ਵਾਲਾ ਮਸਲਾ ਬਹੁਤ ਹੀ ਉਲਝਿਆ ਹੋਇਆ ਹੈ। ਇਸ ਉਲਝਣ ਨੂੰ ਅੱਜ ਦੇ ਵਿਦਵਾਨਾਂ ਨੇ ਆਪਣੇ ਮੰਤਵ ਦੀ ਪੂਰਤੀ ਲਈ ਪੁਰਾਣੀਆਂ ਲਿਖਤਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਨਾਲ ਹੋਰ ਵੀ ਪੀਡਾ ਕਰ ਦਿੱਤਾ ਹੈ। ਅਨੇਕਾਂ ਵਿਦਵਾਨਾਂ ਨੇ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਮੰਨਿਆ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਸਭ ਤੋਂ ਪੁਰਾਣੇ ਬਾਣੀ ਸ੍ਰੋਤ -ਗੁਰੂ ਗ੍ਰੰਥ ਸਾਹਿਬ ਵਿਚ ਆਈ ਗੁਰੂ ਜੀ ਦੀ ਬਾਣੀ ਵਲ ਕਿਸੇ ਦਾ ਵੀ ਧਿਆਨ ਨਹੀਂ ਗਿਆ। ਕਿਸੇ ਨੇ ਵੀ ਇਹ ਵਿਚਾਰਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਅਨੁਸਾਰ ਗੁਰੂ ਰਵਿਦਾਸ ਜੀ ਦੇ ਗੁਰੂ ਕੌਣ ਹਨ? ਇਹ ਇਕ ਸਬੂਤ ਹੈ ਜਿਹੜਾ ਬ੍ਰਾਹਮਣਾਂ ਦੀ, ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਬਣਾਉਣ ਦੀ, ਕੋਝੀ ਸਕੀਮ ਦਾ ਪਾਜ ਖੋਲਦਾ ਹੈ।

ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਬਾਣੀ ਦੀ ਪ੍ਰਮਾਣਿਕਤਾ ਸਿੱਧ ਕਰਨ ਲਈ ਜ਼ਰੂਰੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਆਧਾਰ ਬਣਾ ਕੇ ਡੂੰਘਾ ਅਧਿਐਨ ਕੀਤਾ ਜਾਵੇ। ਪਰ ਅਜਿਹਾ ਕੀਤਾ ਨਹੀਂ ਗਿਆ। ਜਿਸ ਨੇ ਵੀ ਇਸ ਵਿਧੀ ਨੂੰ ਅਪਣਾਇਆ ਉਸ ਨੇ ਝਟਪਟ ਹੀ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਮੰਨਣ ਤੋਂ ਇਨਕਾਰ ਕਰ ਦਿੱਤਾ। ਡਾ: ਰਤਨ ਸਿੰਘ ਜੱਗੀ ਭੂਮਿਕਾ ਵਿਚ ਲਿਖਦੇ ਹਨ,

"ਗੁਰੂ ਰਵਿਦਾਸ ਦੇ ਗੁਰੂ ਕੌਣ ਸਨ? ਇਸ ਸੰਬੰਧ ਵਿਚ ਉਨ੍ਹਾਂ ਦੀ ਆਪਣੀ ਬਾਣੀ ਤੋਂ ਕੋਈ ਗਵਾਹੀ ਨਹੀਂ ਮਿਲਦੀ। ਆਮ ਧਾਰਣਾ ਹੈ ਕਿ ਉਨ੍ਹਾਂ ਦੇ ਗੁਰੂ ਰਾਮਾ ਨੰਦ ਜੀ ਹਨ, ਪਰ ਆਧੁਨਿਕ ਖੋਜ ਇਸ ਗੱਲ ਨਾਲ ਸਹਿਮਤ ਨਹੀਂ।"[1]

ਡਾ: ਜੱਗੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਜੀ ਦੀ ਬਾਣੀ ਦੇ ਆਧਾਰ ਤੇ ਤਾਂ ਸੁਆਮੀ ਰਾਮਾ ਨੰਦ ਨੂੰ ਗੁਰੂ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਪਰ ਬਾਹਰਲੇ ਪ੍ਰਮਾਣ-

(1) ਬਾਣੀ ਗੁਰੂ ਰਵਿਦਾਸ—3 ਭਾਸ਼ਾ ਵਿਭਾਗ, ਪੰਜਾਬ



ਸੰਪ੍ਰਦਾਇਕ ਸਾਹਿਤ, ਪਰਚੀਆਂ ਅਤੇ ਹੋਰ ਸੰਤਾਂ ਦੀਆਂ ਬਾਣੀਆਂ ਅਨੁਸਾਰ ਉਨ੍ਹਾਂ ਦੇ ਗੁਰੂ ਸੁਆਮੀ ਰਾਮਾ ਨੰਦ ਹਨ।

ਡਾ: ਰਤਨ ਸਿੰਘ ਜੱਗੀ ਲਿਖਦੇ ਹਨ,

"ਆਧੁਨਿਕ ਖੋਜੀ ਮੰਨਦੇ ਹਨ ਕਿ ਬਨਾਰਸ ਵਿਚ ਰਹਿਣ ਕਰਕੇ ਉਹ ਭਾਵੇਂ ਰਾਮਾਨੰਦ ਦੇ ਸੰਪਰਕ ਵਿਚ ਆਏ ਹੋਣ, ਪਰ ਇਸ ਦਾ ਅਰਥ ਇਹ ਨਹੀਂ ਕਿ ਉਹ ਇਨ੍ਹਾਂ ਦੇ ਚੇਲੇ ਬਣ ਗਏ।"[1]

ਇਹ ਗੱਲ ਬੜੀ ਸਿੱਧੀ ਅਤੇ ਸਪੱਸ਼ਟ ਹੈ ਕਿ ਜਿਹੜਾ ਪੁਰਾਤਨ ਸਾਹਿਤ ਸੁਆਮੀ ਰਾਮਾਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਦਸਦਾ ਹੈ ਉਹ ਸਾਰਾ ਸਾਹਿਤ ਲਗਭਗ ਇਕੋ ਘਟਨਾ ਦਾ ਪ੍ਰਮਾਣ ਦਿੰਦਾ ਹੈ। ਉਹ ਘਟਨਾ ਹੈ-ਗੁਰੂ ਰਵਿਦਾਸ ਦਾ ਪਹਿਲੇ ਜਨਮ ਵਿਚ ਬ੍ਰਾਹਮਣ ਹੋਣਾ ਅਤੇ ਅਪਰਾਧ ਕਾਰਣ ਦੂਜੇ ਜਨਮ ਵਿਚ ਸ਼ੂਦਰ ਘਰ ਜਨਮ ਲੈਣਾ। ਇਹ ਘਟਨਾ ਇਹ ਵੀ ਸਪੱਸ਼ਟ ਕਰਦੀ ਹੈ ਕਿ ਸੁਆਮੀ ਰਾਮਾਨੰਦ ਗੁਰੂ ਜੀ ਦੇ ਗੁਰੂ, ਉਨ੍ਹਾਂ ਦੀ ਇਕ ਦਿਨ ਤੋਂ ਚਾਰ ਕੁ ਦਿਨ ਦੀ ਉਮਰ ਵਿਚਕਾਰ ਬਣੇ। ਇਸ ਉਮਰ ਤੋਂ ਬਿਨਾਂ ਸੁਆਮੀ ਜੀ ਦੇ ਗੁਰੂ ਬਣਨ ਦਾ ਕੋਈ ਸਬੂਤ ਨਹੀਂ ਮਿਲਦਾ। ਬੱਚੇ ਨੂੰ ਸੋਝੀ ਨਹੀਂ, ਨਾਲੇ ਉਹ ਬਿਮਾਰ ਹੈ। ਮਾਂ ਬਾਪ ਕਿਸੇ ਨੂੰ ਗੁਰੂ ਨਹੀਂ ਬਣਾਉਣਾ ਚਾਹੁੰਦੇ। ਪਰ ਮਾਂ-ਬਾਪ ਬੱਚੇ ਦੀ ਜ਼ਿੰਦਗੀ ਲਈ ਮਜਬੂਰਨ ਸੁਆਮੀ ਰਾਮਾਨੰਦ ਨੂੰ ਗੁਰੂ ਮੰਨਦੇ ਹਨ। ਅਜਿਹਾ ਗੁਰੂ, ਗੁਰੂ ਨਹੀਂ ਮੰਨਿਆ ਜਾ ਸਕਦਾ। ਅਜਿਹਾ ਗੁਰੂ ਸਦਾਚਾਰਕ ਅਤੇ ਧਾਰਮਕ ਤੌਰ ਤੇ ਪ੍ਰਵਾਨਤ ਨਹੀਂ ਹੋ ਸਕਦਾ। ਸੋ ਇਸ ਤੇ ਵਿਚਾਰ ਕਰਨਾ ਜ਼ਰੂਰੀ ਹੋ ਜਾਂਦਾ ਹੈ।

ਇਹ ਜੀਵਨ ਕਥਾ ਗੁਰੂ ਰਵਿਦਾਸ ਜੀ ਦੇ ਪ੍ਰਲੋਕ ਸਿਧਾਰਨ ਤੋਂ ਲਗਭਗ 61 ਸਾਲ ਪਿਛੋਂ ਦੀ ਵੈਸ਼ਨਵ ਅਨੰਤ ਦਾਸ ਦੀ ਰਚਨਾ ਹੈ। ਇਸ 'ਪ੍ਰਾਚੀਨ ਜਨਮ ਕਥਾ' ਵਿਚ ਜਨਮ ਮਿਤੀ ਨਹੀਂ ਦਿੱਤੀ ਗਈ। ਮਾਤਾ ਅਤੇ ਪਿਤਾ ਦਾ ਨਾਮ ਵੀ ਨਹੀਂ ਦਿੱਤਾ ਗਿਆ, ਜਨਮ-ਸਥਾਨ ਬਾਰੇ ਕੋਈ ਜ਼ਿਕਰ ਨਹੀਂ। ਸਭ ਤੋਂ ਵੱਧ ਧਿਆਨ ਦੇਣ ਵਾਲੀ ਗੱਲ ਇਹ ਹੈ। ਕਿ ਗੁਰੂ ਰਵਿਦਾਸ ਨੂੰ ਬ੍ਰਹਮਚਾਰੀ ਬ੍ਰਾਹਮਣ ਦੇ ਤੌਰ ਤੇ ਦ੍ਰਿਸ਼ਾਇਆ ਗਿਆ ਹੈ। ਭਾਵ ਉਨ੍ਹਾਂ ਨੇ ਸਾਰੀ ਉਮਰ ਗ੍ਰਿਹਸਤ ਜੀਵਨ ਨਹੀਂ ਅਪਣਾਇਆ।

ਕੁਝ ਸਮਾਂ ਵਾਪਰਨ ਪਿਛੋਂ ਹੀ ਲਿਖੀ ਗਈ ਇਹ ਜੀਵਨ ਕਥਾ ਵਿਚ ਉਪਰੋਕਤ ਜਾਣਕਾਰੀ ਦਾ ਅਭਾਵ ਸਿੱਧ ਕਰਦਾ ਹੈ ਕਿ ਲੇਖਕ ਗੁਰੂ ਰਵਿਦਾਸ ਦੇ ਜੀਵਨ ਬਾਰੇ ਬਹੁਤੀ ਜਾਣਕਾਰੀ ਨਹੀਂ ਰੱਖਦਾ। ਦੂਜੇ, ਸਿੱਟਾ ਇਹ ਵੀ ਨਿਕਲਦਾ ਹੈ ਕਿ ਜੋ ਕੁਝ ਵੀ ਲਿਖਿਆ ਹੈ ਬੇਪ੍ਰਵਾਹੀ ਅਤੇ ਬੇਧਿਆਨ ਹੋ ਕੇ ਲਿਖਿਆ ਹੈ। ਤੀਜੇ, ਜੋ ਕੁਝ ਵੀ ਲਿਖਿਆ ਹੈ ਸੁਣੀ ਸੁਣਾਈ ਗੱਲ ਦੇ ਆਧਾਰ ਤੇ ਹੀ ਲਿਖਿਆ ਹੈ। ਹਾਂ, ਇਨ੍ਹਾਂ ਤੱਥਾਂ ਤੋਂ ਇਹ ਗੱਲ ਭਲੀ-ਭਾਂਤ ਸਾਬਤ ਹੋ ਜਾਂਦੀ ਹੈ ਕਿ ਗੁਰੂ ਰਵਿਦਾਸ ਜੀ ਦੀ ਮਹਿਮਾ ਸਿਖਰਾਂ ਛੋਂਹਦੀ ਸੀ ਅਤੇ ਦੂਰ-ਦੂਰ ਤੱਕ ਫੈਲੀ ਹੋਈ ਸੀ।

(1) ਓਹੀ—3

ਜੇਕਰ ਲੇਖਕ ਨੇ ਪੂਰੀ ਇਮਾਨਦਾਰੀ ਨਾਲ ਇਸ ਲਿਖਤ ਨੂੰ ਲਿਖਿਆ ਹੁੰਦਾ ਤਾਂ ਉਹ ਗੁਰੂ ਜੀ ਦੇ ਜਨਮ-ਅਸਥਾਨ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਦੇ ਮੁੱਖ ਸਥਾਨਾਂ ਤੇ ਪਹੁੰਚ ਕੇ ਤੱਥ ਇਕੱਠੇ ਕਰਦਾ। ਪਰ ਅਜਿਹਾ ਹੋਇਆ ਨਹੀਂ। ਲੇਖਕ ਨੇ ਥੋੜ੍ਹੀ ਜਿਹੀ ਕੋਸ਼ਿਸ਼ ਵੀ ਜੀਵਨ ਨੂੰ ਸਾਰਥਕ ਬਨਾਉਣ ਦੀ ਨਹੀਂ ਕੀਤੀ। ਪਰ ਸਭ ਤੋਂ ਵੱਧ ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜੀ ਮੁੱਖ ਘਟਨਾ ਉਨ੍ਹਾਂ ਦੇ ਜਨਮ ਨਾਲ ਸੰਬੰਧਤ ਹੈ ਅਤੇ ਜਿਸ ਉੱਪਰ ਲੇਖਕ ਨੇ ਸਾਰੀ ਰਚਨਾ ਦੀ ਉਸਾਰੀ ਕੀਤੀ ਹੈ, ਉਸ ਘਟਨਾ ਬਾਰੇ ਵੀ ਲੇਖਕ ਨੂੰ ਨਹੀਂ ਪਤਾ ਕਿ ਸਹੀ ਘਟਨਾ ਕੀ ਹੈ?

ਇਹ ਮੁੱਖ ਘਟਨਾ ਗੁਰੂ ਰਵਿਦਾਸ ਦੇ ਸ਼ੂਦਰ ਘਰ, ਦੂਜਾ ਜਨਮ ਲੈਣ ਦੀ ਹੈ। ਇਸ ਵਿਚ ਸ਼ੂਦਰ ਘਰ ਜਨਮ ਲੈਣ ਦੇ ਕਾਰਣ ਦਰਜ ਹਨ:

**ਸਰੁਤਿ ਸਿਮ੍ਰਿਤਿ ਕਾ ਅਧਿਕਾਰਾ॥ ਤਹਾ ਰੈਦਾਸ ਲਿਯੌ ਔਤਾਰਾ॥**

**ਪੂਰਬ ਜਨਮ ਵਿਪ੍ਰ ਹਿ ਹੋਤਾ॥ ਮਾਸ ਨ ਛਾਡਯੋ ਨਿਸ ਦਿਨ ਸ੍ਰੋਤਾ॥2॥**

**ਤਿਹਿ ਅਪਰਾਧਿ ਨੀਚ ਕੁਲਿ ਦੀਨਾ॥ ਪਾਛਲ ਜਨਮ ਚੀਨੀ ਤਿਨ ਲੀਨਾ॥**

**ਜਾਤਿ ਚਮਾਰ ਪਿਤਾ ਅਰੁ ਮਾਈ॥ ਸਾਖਿਤ ਕੈ ਘਰਿ ਜਨਮਯੋ ਆਈ॥3॥**[1]

ਇਸ ਰਚਨਾ ਤੋਂ ਹੇਠ ਲਿਖੇ ਸਿੱਟੇ ਨਿਕਲਦੇ ਹਨ:

1. ਗੁਰੂ ਰਵਿਦਾਸ ਜੀ ਪਿਛਲੇ ਜਨਮ ਵਿਚ ਬ੍ਰਾਹਮਣ ਸਨ।
2. ਵੇਦਾਂ ਦੇ ਪਾਠ ਕਰਨ ਦਾ ਅਧਿਕਾਰ ਸੀ।
3. ਮਾਸ ਖਾਂਦੇ ਸਨ।
4. ਮਾਸ ਖਾਣ ਦੇ ਅਪਰਾਧ ਕਾਰਣ ਉਨ੍ਹਾਂ ਨੂੰ ਸ਼ੂਦਰ ਕੁਲ ਵਿਚ ਜਨਮ ਲੈਣਾ ਪਿਆ

ਹੁਣ ਸਲੋਕ ਨੰ: 210 ਤੇ ਵੀ ਵਿਚਾਰ ਕਰਨਾ ਜ਼ਰੂਰੀ ਹੈ:

**ਹੋਤ ਹੌ ਵਿਪ੍ਰ ਹਰਿ ਨਹਿ ਜਾਨਯਾ॥**

**ਤਾ ਤੈ ਮੋਹਿ ਸ਼ੂਦਰ ਘਰਿ ਆਨਯਾ॥ 210॥**[2]

ਇਹ ਸਲੋਕ ਵੀ ਜਨਮ ਸੰਬੰਧੀ ਹੀ ਹੈ। ਇਸ ਤੋਂ ਇਹ ਸਿੱਟੇ ਨਿਕਲਦੇ ਹਨ:

1. ਗੁਰੂ ਜੀ ਪਿਛਲੇ ਜਨਮ ਵਿੱਚ ਬ੍ਰਾਹਮਣ ਸਨ।
2. ਉਨ੍ਹਾਂ ਨੂੰ ਬ੍ਰਾਹਮਣ ਹੁੰਦੇ ਹੋਏ ਵੀ ਹਰਿ ਨਹੀਂ ਮਿਲਿਆ।
3. ਹਰਿ ਨੂੰ ਪ੍ਰਾਪਤ ਨਾ ਕਰਨ ਦੇ ਅਪਰਾਧ ਕਾਰਣ ਸ਼ੂਦਰ ਘਰ ਜਨਮ ਲੈਣਾ ਪਿਆ।

ਸਲੋਕ ਨੰ: 2 ਅਤੇ 3 ਅਤੇ ਸਲੋਕ ਨੰ: 210 ਵਿਚ ਆਏ ਸਾਂਝੇ ਵਿਚਾਰ:

1. ਗੁਰੂ ਜੀ ਪਛਿਲੇ ਜਨਮ ਵਿੱਚ ਬ੍ਰਾਹਮਣ ਸਨ।
2. ਦੂਜਾ ਜਨਮ ਸ਼ੂਦਰ ਘਰ ਹੋਇਆ।

ਪਰ ਸ਼ੂਦਰ ਘਰ ਜਨਮ ਲੈਣ ਦੇ ਕਾਰਣ ਵੱਖ-ਵੱਖ ਹਨ:

(1) ਪ੍ਰਾਚੀਨ ਜਨਮ ਕਥਾ ਸ੍ਰੀ ਗੁਰੂ ਰਵਿਦਾਸ ਜੀ-51 (ਸੰਪਾਦਕ ਡਾ. ਧਰਮ ਪਾਲ ਸਿੰਗਲ)
(2) ਓਹੀ-67



1. ਮਾਸ ਖਾਣ ਦਾ ਅਪਰਾਧ।
2. ਬ੍ਰਾਹਮਣ ਹੁੰਦਿਆ ਹੋਇਆਂ ਵੀ ਪ੍ਰਭ ਪ੍ਰਾਪਤੀ ਨਹੀਂ ਹੋਈ।

ਸੋ ਲੇਖਕ ਨੇ ਜਨਮ ਦੀਆਂ ਘਟਨਾਵਾਂ ਦੇ ਦੋ ਅਪਰਾਧ ਦੱਸ ਕੇ ਆਪਣੀ ਬੇਪ੍ਰਵਾਹੀ ਦਾ ਸਬੂਤ ਤਾਂ ਦਿੱਤਾ ਹੀ ਹੈ।

ਉਸ ਨੇ ਜਨਮ ਦੇ ਦੋ ਵੱਖ-ਵੱਖ ਕਾਰਣ ਦੇ ਕੇ ਇਹ ਵੀ ਸਿੱਧ ਕਰ ਦਿੱਤਾ ਹੈ ਕਿ ਰਚਨਾ ਬੇਧਿਆਨੀ ਵਿਚ ਕੀਤੀ ਗਈ ਹੈ ਅਤੇ ਹੈ ਵੀ ਆਧਾਰ ਰਹਿਤ ਅਤੇ ਮਨਘੜਤ।

ਇਸ ਤੱਥ ਦੇ ਸਪੱਸ਼ਟ ਹੋਣ ਨਾਲ ਬਿਨਾਂ ਸ਼ੱਕ ਇਹ ਸਿੱਟਾ ਨਿਕਲਦਾ ਹੈ ਕਿ ਰਚਨਾ ਵਿਸ਼ਵਾਸ ਕਰਨ ਯੋਗ ਨਹੀਂ ਰਹਿ ਗਈ ਹੈ। ਇਸ ਰਚਨਾ ਦੇ ਆਧਾਰ ਤੇ ਅਜਿਹੇ ਹਾਲਾਤ ਵਿਚ ਕਿਸੇ ਵੀ ਸਿੱਟੇ ਤੇ ਪਹੁੰਚਣਾ ਨਿਆਂ-ਪੂਰਣ ਨਹੀਂ ਹੋ ਸਕਦਾ। ਇਥੇ ਹੀ ਬੱਸ ਨਹੀਂ, ਇਹ ਰਚਨਾ ਤਾਂ ਹੋਰ ਵੀ ਸ਼ੱਕੀ ਬਣ ਜਾਂਦੀ ਹੈ, ਜਦੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ:-

**1. ਮਾਸ ਖਾਣ ਦੇ ਅਪਰਾਧ ਕਾਰਣ ਬ੍ਰਾਹਮਣ ਤੋਂ ਸ਼ੂਦਰ-ਕੁਲ ਵਿਚ ਜਨਮ ਲੈਣਾ ਪੈਂਦਾ ਹੈ।**

**2. ਪ੍ਰਭ ਬ੍ਰਾਹਮਣ ਅਤੇ ਸ਼ੂਦਰ ਆਦਿ ਜ਼ਾਤਾਂ ਦਾ ਜਨਮ ਦਾਤਾ ਹੈ।**

**3. ਪ੍ਰਭ ਪ੍ਰਾਪਤੀ ਨਾ ਹੋਣ ਕਾਰਨ ਬ੍ਰਾਹਮਣ ਨੂੰ ਸਜ਼ਾ ਦੇ ਤੌਰ ਤੇ ਸ਼ੂਦਰ-ਘਰ ਜਨਮ ਲੈਣਾ ਪੈਂਦਾ ਹੈ।**

**4. ਬ੍ਰਾਹਮਣ ਨੂੰ ਸ਼ੂਦਰ ਬਣਨ ਦੇ ਡਰ ਤੋਂ, ਭਗਤੀ ਵਿਚ ਅਸਫਲ ਰਹਿਣ ਦੀ ਥਾਂ, ਭਗਤੀ ਨਾ ਕਰਨਾ ਹੀ ਸਵੀਕਾਰ ਹੋਵੇਗਾ।**

**5. ਵੇਦ ਦਿਨ ਰਾਤ ਪੜ੍ਹੇ ਪਰ ਹਰਿ ਨਹੀਂ ਮਿਲਿਆ।**

**6. ਸ਼ੂਦਰ ਜਾਤੀ ਇਕ ਨਵੀਂ ਜੂਨ ਪੈਦਾ ਹੋ ਗਈ। ਇਸ ਤਰ੍ਹਾਂ ਜੂਨਾਂ ਦੀ ਗਿਣਤੀ 84 ਲੱਖ ਤੋਂ ਵੱਧ ਹੋ ਗਈ ਹੈ।**

**7. ਕੀ ਬ੍ਰਾਹਮਣ ਹੋਣ ਕਰਕੇ ਰੱਬ ਦਾ ਮਿਲਣਾ ਜ਼ਰੂਰੀ ਹੈ?**

ਇਹ ਸ਼ੰਕਾ ਹੋਰ ਵੀ ਪੀਡਾ ਹੋ ਜਾਂਦਾ ਹੈ, ਜਦੋਂ ਜਨਮ ਦੀਆਂ ਦੋਵੇਂ ਘਟਨਾਵਾਂ ਇਕ ਦੂਜੇ ਦੀਆਂ ਵਿਰੋਧੀ ਹੋ ਨਿਬੜਦੀਆਂ ਹਨ ਅਤੇ ਆਪਣੀ-ਆਪਣੀ ਥਾਂ ਤੇ ਅਟੱਲ ਜਨਮ ਦਾ ਵੱਖਰਾ-ਵੱਖਰਾ ਕਾਰਣ ਦਸਦੀਆਂ ਹਨ। ਸਲੋਕ ਨੰ: 2-3 ਅਨੁਸਾਰ ਬ੍ਰਾਹਮਣ (ਗੁਰੂ) ਰਵਿਦਾਸ ਦਾ ਜਨਮ ਸ਼ੂਦਰ ਘਰ ਇਸ ਕਰਕੇ ਹੋਇਆ ਕਿਉਂਕਿ ਨੇ ਮਾਸ ਖਾਣ ਦਾ ਅਪਰਾਧ ਕੀਤਾ ਸੀ। ਪਰ ਸਲੋਕ ਨੰ : 210 ਇਸ ਤੱਥ ਨੂੰ ਮੰਨਣ ਨੂੰ ਤਿਆਰ ਨਹੀਂ। ਅਜਿਹਾ ਕਿਉਂ? ਕੀ ਲੇਖਕ ਨੂੰ ਸੋਲਕ ਨੰ: 210 ਤੱਕ ਪਹੁੰਚਦਿਆਂ ਇਹ ਅਹਿਸਾਸ ਹੋ ਗਿਆ ਸੀ ਸਲੋਕ ਨੰ: 2-3 ਵਾਲਾ ਪਹਿਲਾਂ ਦਿੱਤਾ ਤੱਥ ਗਲਤ ਹੈ? ਜੇ ਅਜਿਹਾ ਸੀ ਤਾਂ ਇਨ੍ਹਾਂ ਸਲੋਕਾਂ ਦੀ ਸੋਧ ਕਿਉਂ ਨਹੀਂ ਕੀਤੀ? ਸਪੱਸ਼ਟ ਹੈ ਕਿ ਲੇਖਕ ਦੁਚਿੱਤੀ ਵਿਚ ਹੀ ਰਿਹਾ ਹੈ ਅਤੇ ਮਰਨ ਤੱਕ ਫ਼ੈਸਲਾ ਹੀ ਨਾ ਕਰ ਸਕਿਆ ਕਿ ਕਿਹੜਾ ਤੱਥ ਠੀਕ ਜਚੇਗਾ। ਸੋ ਜਨਮ ਦੀ ਘਟਨਾ ਸ਼ੰਕਿਆਂ ਨਾਲ ਭਰਪੂਰ ਹੈ, ਇਸ ਕਰਕੇ ਇਹ ਮਨਘੜਤ ਰਚਨਾ ਹੈ ਅਤੇ ਅਜਿਹੀ ਰਚਨਾ ਤੇ ਵਿਸ਼ਵਾਸ ਕਰਨਾ ਸੱਚ ਨੂੰ ਅਖੋਂ ਪ੍ਰੋਖ ਕਰਨਾ ਹੈ। ਸੋ ਇਹ ਰਚਨਾ ਨਿੰਦਣਯੋਗ ਹੀ ਹੈ।

ਹੁਣ ਅਸੀਂ ਉਪਰੋਕਤ ਸਲੋਕਾਂ ਵਿਚ ਆਏ ਮੁੱਖ ਵਿਚਾਰਾਂ ਉੱਪਰ ਵੱਖ-ਵੱਖ ਤੌਰ ਤੇ ਪੜਤਾਲ ਕਰਕੇ ਪਰਖਾਂਗੇ ਕਿ ਇਨ੍ਹਾਂ ਦਾ ਸੰਬੰਧ ਹਿੰਦੂ ਧਰਮ ਨਾਲ ਕਿਹੋ ਜਿਹਾ ਸੀ।

**1. ਕੀ ਮਾਸ ਖਾਣਾ ਅਪਰਾਧ ਹੈ, ਜਿਸ ਕਾਰਣ ਬ੍ਰਾਹਮਣ ਨੂੰ ਸ਼ੂਦਰ ਘਰ ਜਨਮ ਲੈਣਾ ਪੈਂਦਾ ਹੈ?**

ਜਾਤ-ਪਾਤ ਰਿਗ ਵੇਦ ਤੋਂ ਲੈਕੇ ਹੁਣ ਤੱਕ ਹਿੰਦੂ ਧਰਮ ਗ੍ਰੰਥਾਂ ਵਿਚ ਪਰਮਾਤਮਾ ਵਲੋਂ ਬਣਾਈ, ਦੱਸੀ ਗਈ ਹੈ। ਪਰ ਇਨ੍ਹਾਂ ਗ੍ਰੰਥਾਂ ਵਿਚ ਕਿਧਰੇ ਵੀ ਇਹ ਨਹੀਂ ਲਿਖਿਆ ਗਿਆ ਕਿ ਮਨੁੱਖ ਮਾਸ ਖਾਣ ਦੇ ਅਪਰਾਧ ਕਾਰਣ ਬ੍ਰਾਹਮਣ ਤੋਂ ਸ਼ੂਦਰ ਘਰ ਜਨਮ ਲਵੇਗਾ। ਹਾਂ, ਹਿੰਦੂ ਧਰਮ ਗ੍ਰੰਥਾਂ ਵਿਚ ਮਾਸ ਖਾਣਾ, ਇਥੋਂ ਤੱਕ ਕਿ ਗਊ ਦਾ ਮਾਸ ਖਾਣਾ ਧਾਰਮਿਕ ਅਤੇ ਸਮਾਜਕ ਤੌਰ ਤੇ ਸਹੀ ਮੰਨਿਆ ਗਿਆ ਹੈ। ਸਬੂਤ ਵਜੋਂ ਕੁਝ ਉਦਾਹਰਣ ਹੇਠ ਦਿੱਤੇ ਹਨ:

"That the Aryans of the Rigveda did kill cows for purposes of food and ate beef is abundantly clear from the rigveda (x.86.14)Indira says "They cook for one 15 plus twenty oxen." The rigveda (x.91.14) says that for agni were sacrificed horses, bulls oxen, barren cows and rams. From the rigveda (X.72.6) it appears that the cow was killed with a sword or axe."

**ਅਨੁਵਾਦ :**

'ਰਿਗਵੇਦ ਦੇ ਸਮੇਂ 'ਚ ਆਰੀਆ ਲੋਕ ਭੋਜਨ ਲਈ ਗਊ ਹੱਤਿਆ ਕਰਦੇ ਸਨ- ਇਹ ਗੱਲ ਰਿਗ ਵੇਦ ਤੋਂ ਇਕ ਦਮ ਸਪੱਸ਼ਟ ਹੈ। ਰਿਗਵੇਦ (10.86.14) ਵਿੱਚ ਇੰਦਰ ਦਾ ਕਹਿਣਾ ਹੈ, ' ਉਹ ਮੇਰੇ ਇਕ ਲਈ 15-20 ਬੈਲ ਰਿੰਨਦੇ ਹਨ।' ਰਿਗਵੇਦ ਦਾ ਹੀ ਕਥਨ ਹੈ ਕਿ ਅਗਨੀ ਦੇਵਤਾ ਵਾਸਤੇ ਘੋੜਿਆਂ, ਬਲਦਾਂ, ਬਾਂਝ ਗਊਆਂ ਅਤੇ ਮੀਢਿਆਂ ਦੀ ਬਲੀ ਦਿੱਤੀ ਜਾਂਦੀ ਸੀ। (10.91.14)। ਰਿਗਵੇਦ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਗਊ ਨੂੰ ਤਲਵਾਰ ਜਾਂ ਕੁਹਾੜੀ ਨਾਲ ਮਾਰਿਆ ਜਾਂਦਾ ਸੀ। (10.72.6)[1]

....Among the Kamyashtis set forth in the Tarttiriya Bramhana not only the sacrifice of oxen and cows are laid down, but we are even told what kind and description of oxen and cows are to be offered to what deities. Thus, a dwarf ox is to be chosen for sacrifice to Vishnu, a drooping horned bull with a blaze on the forehead to indra as the destroyer of vritra; a black cow to pushan; a red cow to Rudra; and so on. The Taittiriya Bramhana

(1) ਅਛੂਤ ਕੌਣ ਅਤੇ ਕਿਵੇਂ? ਡਾ. ਬੀ.ਆਰ. ਅੰਬੇਡਕਰ
ਭੀਮ ਪਤਰਕਾ ਪਬਲੀਕੇਸ਼ਨ (ਪੰਜਾਬੀ) 125



notes another sacrifice called Panchasaradiya –seva the most important element of which the inmolatlion of seventeen five-year old humpless, dwarf bull and as many dwarf heifers under three-year old."

**ਅਨੁਵਾਦ :**

' .. .. .. ਤੈਤਰੀਆਂ ਬ੍ਰਾਹਮਣ ਵਿਚ ਜਿਨ੍ਹਾਂ ਕਾਮੇਸ਼ਟੀ ਯੱਗ ਦਾ ਜ਼ਿਕਰ ਆਉਂਦਾ ਹੈ, ਉਨ੍ਹਾਂ 'ਚ ਨਾ ਸਿਰਫ਼ ਗਊ ਅਤੇ ਬੈਲ ਦੀ ਬਲੀ ਦੇਣ ਦੀ ਆਗਿਆ ਹੈ ਸਗੋਂ ਇਹ ਵੀ ਸਪੱਸ਼ਟ ਹੈ ਕਿ ਕਿਸ ਪ੍ਰਕਾਰ ਦੀ ਗਊ ਤੇ ਕਿਸ ਪ੍ਰਕਾਰ ਦੇ ਬੈਲ ਦੀ ਕਿਸ ਦੇਵਤਾ ਨੂੰ ਬਲੀ ਦੇਣੀ ਚਾਹੀਦੀ ਹੈ। ਵਿਸ਼ਨੂ ਨੂੰ ਬਲੀ ਦੇਣੀ ਹੋਵੇ ਤਾਂ ਬੌਨਾ ਬਲਦ ਚੁਣਨਾ ਚਾਹੀਦਾ ਹੈ। ਵ੍ਰਿਤਰ ਦੇ ਨਾਸ਼ਕ ਇੰਦਰ ਨੂੰ ਬਲੀ ਚੜ੍ਹਾਉਣੀ ਹੋਵੇ ਤਾਂ ਅਜਿਹਾ ਬੈਲ ਚੁਣਨਾ ਚਾਹੀਦਾ ਹੈ ਜਿਸ ਦੇ ਸਿੰਗ ਲਟਕਦੇ ਹੋਣ ਅਤੇ ਜਿਸ ਦੇ ਮੱਥੇ ਤੇ ਟਿੱਕਾ ਹੋਵੇ। ਪੂਸ਼ਣ ਦੇਵਤੇ ਨੂੰ ਕਾਲੀ ਗਊ ਦੀ ਅਤੇ ਰੁਦਰ ਨੂੰ ਲਾਲ ਗਊ ਦੀ ਬਲੀ ਦੇਣੀ ਚਾਹੀਦੀ ਹੈ। ਤੈਤਰੀਆਂ ਬ੍ਰਾਹਮਣ ਵਿਚ 'ਪੰਚਸਰਦੀਆਂ-ਸੇਵਾ' ਨਾਮ ਦੇ ਇਕ ਯੱਗ ਦਾ ਵਰਨਣ ਆਉਂਦਾ ਹੈ। ਉਸ ਦੀ ਸਭ ਤੋਂ ਮਹੱਤਵਪੂਰਣ ਗੱਲ ਇਹ ਸੀ ਕਿ ਉਸ ਵਿਚ ਪੰਜ ਸਾਲ ਦੀ ਉਮਰ ਦੇ 17- ਬੌਨੇ ਬੈਲ ਅਤੇ 17 ਹੀ ਤਿੰਨ ਸਾਲ ਦੀ ਉਮਰ ਦੀਆਂ ਵੱਛੀਆਂ ਮਾਰੀਆਂ ਜਾਂਦੀਆਂ ਸਨ।[1]

"Apastamba Dharam sutra says, "The cow and the bull are sacred and therefore should be eaten." (15,14, 29)

ਅਪਸਤੰਬ ਧਰਮ ਸੂਤਰ ਅਨੁਸਾਰ, ' ਗਊ ਤੇ ਬੈਲ ਪਵਿੱਤਰ ਹਨ, ਇਸ ਲਈ ਇਨ੍ਹਾਂ ਨੂੰ ਖਾਣਾ ਚਾਹੀਦਾ ਹੈ।' (15,14,29)[2]

After listening satapatha Bramhana, Yajnavalkya said, "I for one, eat it, provided that it is tender."

ਸਤਪਥ ਬ੍ਰਾਹਮਣ ਦੇ ਸਵਾਲ ਦੇ ਉੱਤਰ ਵਿੱਚ ਯਾਜਨਵਲਕਿਆ ਨੇ ਕਿਹਾ, 'ਮੈਂ ਤਾਂ ਗਊ ਜਾਂ ਬਲਦ ਦਾ ਮਾਸ ਖਾਂਦਾ ਹਾਂ, ਜੇ ਉਹ ਨਰਮ ਜਿਹਾ ਹੋਵੇ।[3]

In the samyukta Nikoya (III-1-9) we have another description of a yaina performed jby pasenadi, king of kosala. It is said that five hundred bulls, five hundred calves and many heifers, goats and rams were led to the pillars to be sacrificed.

With this evidence no one can doubt that there was a time when Hinuds-both Brahmins and non-Brahmins ate not only flesh but also beef."

(1) ਓਹੀ—125-26 (2) ਓਹੀ—126 (3) ਓਹੀ—130

**ਅਨੁਵਾਦ:**

ਸੰਯੁਕਤ ਨਿਕਾਏ (III-1-9) ਨਾਮੀ ਗ੍ਰੰਥ ਵਿਚ ਕੌਸ਼ਲ ਦੇ ਰਾਜੇ ਪਾਸਨਦੀ ਦੁਆਰਾ ਕੀਤੇ ਗਏ ਇਕ ਯੱਗ ਦਾ ਜ਼ਿਕਰ ਆਉਂਦਾ ਹੈ। ਉਸ ਵਿਚ ਲਿਖਿਆ ਹੈ ਕਿ ਪੰਜ ਸੌ ਸਾਹਨ, ਪੰਜ ਸੌ ਵੱਛੇ ਅਤੇ ਬਹੁਤ ਸਾਰੀਆਂ ਵਛੀਆਂ (ਗਊਆਂ), ਬੱਕਰੀਆਂ ਅਤੇ ਭੇਡੂ ਬਲੀ ਚੜ੍ਹਾਏ ਜਾਣ ਲਈ ਯੱਗ ਲਦੀ ਵੇਦੀ ਵਿਚ ਗੱਡੇ ਖੰਭਿਆਂ ਨਾਲ ਬਨ੍ਹੇ ਗਏ।

ਅਜਿਹੇ ਸਬੂਤਾਂ ਦੇ ਹੁੰਦਿਆਂ ਹੋਇਆਂ ਕਿਸੇ ਨੂੰ ਵੀ ਇਸ ਗੱਲ ਵਿਚ ਸ਼ੱਕ ਨਹੀਂ ਹੋ ਸਕਦੀ ਕਿ ਇਕ ਸਮਾਂ ਸੀ ਜਦ ਹਿੰਦੂ ਉਹ ਭਾਵੇਂ ਬ੍ਰਾਹਮਣ ਹੋਵੇ ਜਾਂ ਗੈਰ ਬ੍ਰਾਹਮਣ, ਨਾ ਕੇਵਲ ਮਾਸਾਹਾਰੀ ਸਨ, ਸਗੋਂ ਗਊ ਮਾਸਹਾਰੀ ਵੀ ਸਨ।[1]

ਉਪਰੋਕਤ ਵਿਚਾਰ ਤੋਂ ਸਪਸ਼ਟ ਹੋ ਜਾਂਦਾ ਹੈ। ਕਿ ਮਾਸ ਖਾਣਾ ਕੋਈ ਅਪਰਾਧ ਨਹੀਂ ਹੈ ਵਿਸ਼ਨੂ, ਇੰਦਰ, ਪੂਸ਼ਣ, ਰੁਦਰ ਆਦਿ ਦੇਵਤੇ ਵੀ ਮਾਸ ਖਾਂਦੇ ਸਨ। ਇਹ ਰਚਨਾ ਜਿਸ ਉਪਰ ਵਿਚਾਰ ਕੀਤੀ ਜਾ ਰਹੀ ਹੈ, ਦਾ ਲੇਖਕ ਅਨੰਤ ਦਾਸ ਖੁਦ ਵੈਸ਼ਣਵ ਹੈ। ਪਰ ਉਸ ਨੂੰ ਇਸ ਗੱਲ ਦਾ ਗਿਆਨ ਨਹੀਂ ਹੈ ਕਿ ਵਿਸ਼ਨੂ ਜਿਸ ਨੇ ਰਾਮ ਦੇ ਰੂਪ ਵਿਚ ਅਵਤਾਰ ਧਾਰਿਆ, ਜਿਸ ਦੇ ਉਹ ਪੂਜਕ ਹਨ ਖੁਦ ਬੌਣੇ ਬਲਦ ਦਾ ਮਾਸ ਖਾਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਵਿਸ਼ਨੂ ਦੇ ਮਾਸ ਖਾਣ ਦੇ ਅਪਰਾਧ ਕਾਰਣ, ਸਜ਼ਾ ਦੇ ਤੌਰ ਤੇ ਉਸ ਦਾ ਸ਼ੂਦਰ ਕੁਲ ਵਿਚ ਜਨਮ ਲੈਣ ਦਾ ਕਿਧਰੇ ਕੋਈ ਜ਼ਿਕਰ ਨਹੀਂ ਹੈ। ਇਥੇ ਹੀ ਬਸ ਨਹੀਂ, ਖੁਦ ਵਿਸ਼ਨੂ ਦਾ ਅਵਤਾਰ 'ਭਗਵਾਨ' ਰਾਮ ਵੀ ਮਾਸ ਖਾਂਦਾ ਸੀ, ਇਹ ਵਾਲਮਕਿ ਰਾਮਾਇਣ ਵਿਚ ਦਰਜ ਹੈ।

"……. The food, according to Valmiki, consisted of all kinds of delicious viands. They included flesh and fruits and liquor. Rama was not a teetotaler. He drank liquor copiously and valmiki records that rama saw to it that sita joined with him in his drinking bouts…. (uttara kanda sarga-42 Sloka -8)"[2]

**ਅਨੁਵਾਦ**

ਭਗਵਾਨ ਵਾਲਮੀਕੀ ਜੀ ਅਨੁਸਾਰ (ਰਾਮ ਦਾ) ਖਾਣਾ ਸਾਰੀ ਕਿਸਮ ਦੇ ਭੋਜਨ ਪਦਾਰਥ ਨਾਲ ਭਰਪੂਰ ਹੁੰਦਾ ਸੀ। ਉਸ ਵਿਚ ਮਾਸ, ਫਲ ਅਤੇ ਸ਼ਰਾਬ ਸ਼ਾਮਲ ਸਨ। ਰਾਮ ਨਸ਼ਿਆਂ ਦਾ ਵਿਰੋਧੀ ਨਹੀਂ ਸੀ। ਉਹ ਸ਼ਰਾਬ ਬਹੁਤ ਪੀਂਦਾ ਸੀ ਅਤੇ ਭਗਵਾਨ ਵਾਲਮੀਕੀ ਜੀ ਲਿਖਦੇ ਹਨ ਕਿ ਰਾਮ ਇਸ ਗੱਲ ਦਾ ਖਿਆਲ ਰਖਦਾ ਸੀ ਕਿ ਸੀਤਾ ਉਸ ਦੇ ਸ਼ਰਾਬ ਪੀਣ ਦੇ ਦੌਰ ਵਿਚ ਸ਼ਾਮਲ ਹੋਵੇ। (ਉੱਤਰ ਕਾਂਡ, ਸਰਗ-42 ਸਲੋਕ-8)

ਜਦੋਂ ਬ੍ਰਾਹਮਣ ਦੇਵਤੇ ਅਤੇ ਭਗਵਾਨ ਮਾਸ ਖਾਂਦੇ ਹਨ, ਪਰ ਉਹ ਅਪਰਾਧੀ ਨਹੀਂ ਹਨ, ਤਾਂ ਫਿਰ ਗੁਰੂ ਰਵਿਦਾਸ ਜੀ ਹੀ ਅਪਰਾਧੀ ਕਿਉਂ? ਫਿਰ ਕਿਉਂ ਗੁਰੂ ਜੀ ਹੀ ਬ੍ਰਾਹਮਣ ਕੁਲ

(1) ਓਹੀ—132 (2) **Riddles in Hinduism—331** **By Dr. B.R. Ambedkar.**



ਤੋਂ ਸ਼ੂਦਰ ਕੁੱਲ ਵਿੱਚ ਪੈਦਾ ਹੋਏ, ਬ੍ਰਾਹਮਣ ਦੇਵਤੇ ਅਤੇ ਭਗਵਾਨ ਕਿਉਂ ਸ਼ੂਦਰ ਕੁੱਲ ਵਿਚ ਪੈਦਾ ਨਹੀਂ ਹੋਏ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਕਿਸੇ ਪਾਸ ਨਹੀਂ ਹੈ। ਸੋ ਕੁਦਰਤੀ ਹੀ ਇਹ ਸਿੱਧ ਹੋ ਜਾਂਦਾ ਹੈ ਕਿ ਇਹ ਕਹਾਣੀ ਮਨਘੜਤ ਹੈ। ਇਸ ਦਾ ਗੁਰੂ ਜੀ ਦੀ ਜ਼ਿੰਦਗੀ ਨਾਲ ਕੋਈ ਸੰਬੰਧ ਨਹੀਂ ਹੈ। ਸੋ ਨਾ ਤਾਂ ਮਾਸ ਖਾਣ ਕਰਕੇ ਵਿਸ਼ਨੂੰ ਇੰਦਰ ਆਦਿ ਅਪਰਾਧੀ ਸਨ ਅਤੇ ਨਾ ਹੀ ਗੁਰੂ ਰਵਿਦਾਸ ਜੀ। ਦੂਜੇ ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚ ਕਿਤੇ ਵੀ ਮਾਸ ਖਾਣ ਦਾ ਜ਼ਿਕਰ ਨਹੀਂ ਹੈ, ਸਗੋਂ ਉਹ ਤਾਂ ਮੁਸਲਮਾਨਾਂ ਦੁਆਰਾ ਦਿੱਤੀ ਜਾਂਦੀ ਗਊ ਦੀ ਕੁਰਬਾਨੀ ਦੇ ਵਿਰੁੱਧ ਲਿਖਦੇ ਹਨ:

**ਜੀ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ, ਮਾਨੀਅਹਿ ਸੇਖ ਸਹੀਦ ਪੀਰਾ॥**
**ਜਾ ਕੈ ਬਾਪ ਵੈਸੀ ਕਰੀ, ਪੂਤ ਐਸੀ ਸਰੀ, ਤਿਹੂ ਰੇ ਲੋਕ ਪਰਸਿਧ ਕਬੀਰਾ॥੨॥**[1]

**(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293)**

ਸੋ ਮਾਸ ਖਾਣਾ ਅਪਰਾਧ ਨਹੀਂ ਹੈ ਅਤੇ ਨਾ ਹੀ ਗੁਰੂ ਰਵਿਦਾਸ ਜੀ ਨੇ ਮਾਸ ਖਾਧਾ ਹੈ ਜਦੋਂ ਗੁਰੂ ਜੀ ਨੇ ਅਪਰਾਧ ਕੀਤਾ ਹੀ ਨਹੀਂ ਤਾਂ ਫਿਰ ਸਰਾਪ ਤਾਂ ਦਿੱਤਾ ਹੀ ਨਹੀਂ ਜਾ ਸਕਦਾ। ਜਦ ਸਰਾਪ ਦਿੱਤਾ ਹੀ ਨਹੀਂ ਗਿਆ ਤਾਂ ਸ਼ੂਦਰ ਕੁੱਲ ਵਿਚ ਜਨਮ ਲੈਣ ਦਾ ਮਤਲਬ ਹੀ ਨਹੀਂ ਰਹਿ ਜਾਂਦਾ।

ਮੁਕਦੀ ਗੱਲ, ਨਾ ਤਾਂ ਅਪਰਾਧ ਕਾਰਣ ਗੁਰੂ ਰਵਿਦਾਸ ਜੀ ਦਾ ਸ਼ੂਦਰ ਕੁੱਲ ਵਿਚ ਜਨਮ ਹੋਇਆ ਹੈ ਅਤੇ ਨਾ ਹੀ ਸੁਆਮੀ ਰਾਮਾਨੰਦ, ਗੁਰੂ ਰਵਿਦਾਸ ਦੇ ਗੁਰੂ ਹਨ। ਸੋ ਪ੍ਰਮਾਣਿਤ ਹੋ ਗਿਆ ਹੈ ਕਿ ਸੁਆਮੀ ਰਾਮਾਨੰਦ, ਗੁਰੂ ਜੀ ਦੇ ਗੁਰੂ ਨਹੀਂ ਸਨ।

**2. ਕੀ ਪ੍ਰਭ ਬ੍ਰਾਹਮਣ ਅਤੇ ਸ਼ੂਦਰ ਆਦਿ ਜ਼ਾਤਾਂ ਦਾ ਜਨਮ ਦਾਤਾ ਹੈ?**

ਹਿੰਦੂ ਧਰਮ ਅਨੁਸਾਰ ਪ੍ਰਭ ਜ਼ਾਤਾਂ ਦਾ ਸਿਰਜਣਹਾਰ ਹੈ। ਦੁਨੀਆਂ ਦੇ ਹੋਰ ਕਿਸੇ ਧਰਮ ਵਿਚ ਵਰਣ ਵਿਵਸਥਾ ਨਹੀਂ ਹੈ।

ਰਿਗਵੇਦ ਦੇ ਦਸਵੇਂ ਮੰਡਲ ਅਨੁਸਾਰ ਜ਼ਾਤ-ਪਾਤ ਦੀ ਰਚਨਾ ਪਰਮਾਤਮਾ ਨੇ ਕੀਤੀ ਹੈ। ਵਾਲਮੀਕੀ ਰਾਮਾਇਣ ਵਿਚ ਭਗਵਾਨ ਰਾਮ ਚੰਦਰ, ਬ੍ਰਹਮ-ਰਿਸ਼ੀ ਸੰਭੂਕ ਦਾ ਸਿਰ ਇਸ ਕਰਕੇ ਕੱਟਦੇ ਹਨ ਕਿ ਸ਼ੂਦਰ ਹੁੰਦਿਆਂ ਹੋਇਆਂ ਉਹ ਰੱਬ ਦੀ ਭਗਤੀ ਕਰਦਾ ਹੈ। ਹਿੰਦੂ ਧਰਮ ਅਤੇ ਉਨ੍ਹਾਂ ਦੇ ਰੱਬ ਅਨੁਸਾਰ ਸ਼ੂਦਰ ਨੂੰ ਭਗਤੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ 'ਭਗਵਾਨ' ਰਾਮ ਦੇ ਇਸ ਘਿਨਾਉਣੇ ਕਤਲ ਲਈ ਦੇਵਤਿਆਂ ਨੇ ਸਵਰਗ ਵਿਚੋਂ ਫੁੱਲ ਵਰਸਾਏ ਅਤੇ ਕਿਹਾ ਕਿ ਸ਼ੂਦਰ ਸ਼ੰਭੂਕ ਦਾ ਸਿਰ ਕੱਟਕੇ ਉਸ ਨੂੰ ਸਵਰਗ ਵਿਚ ਆਉਣੋਂ ਰੋਕ ਕੇ ਪੁੰਨ ਖੱਟਿਆ ਹੈ। ਗੀਤਾ ਅਨੁਸਾਰ 'ਭਗਵਾਨ' ਕ੍ਰਿਸ਼ਨ ਨੇ ਜ਼ਾਤ-ਪਾਤ ਬਣਾਈ ਹੈ। ਮਨੂ ਸਿਮ੍ਰਤੀ ਆਦਿ ਅਨੇਕਾਂ ਗ੍ਰੰਥਾਂ ਵਿਚ ਵੀ ਅਜਿਹੇ ਹਵਾਲੇ ਮਿਲਦੇ ਹਨ।

ਇਹੋ ਕਾਰਣ ਹੈ ਕਿ ਵੈਸ਼ਨਵ ਅਨੰਤ ਦਾਸ ਵੀ ਪਰਮਾਤਮਾ ਨੂੰ ਜ਼ਾਤ-ਪਾਤ ਦਾ ਜਨਮ ਦਾਤਾ ਮੰਨਦਾ ਹੈ।

(1) ਆਦਿ ਗ੍ਰੰਥ—1293

ਅਸਲ ਵਿਚ ਪਰਮਾਤਮਾ ਨੇ ਜ਼ਾਤ-ਪਾਤ ਬਣਾ ਕੇ ਮਨੁੱਖ ਦੀ ਵੰਡ ਨਹੀਂ ਪਾਈ ਦੁਨੀਆਂ ਦਾ ਹੋਰ ਕੋਈ ਵੀ ਧਰਮ ਜ਼ਾਤ-ਪਾਤ ਦੀ ਗਵਾਹੀ ਨਹੀਂ ਭਰਦਾ। ਸਗੋਂ ਇਸ ਦੇ ਉਲਟ ਪਰਮਾਤਮਾ ਨੂੰ ਸਾਰੇ ਜੀਵਾਂ ਦਾ ਪਿਤਾ ਕਿਹਾ ਗਿਆ ਹੈ:

**ਸੋਈ ਮੁਕੰਦੁ ਮੁਕਤਿ ਕਾ ਦਾਤਾ**
**ਸੋਈ ਮੁਕੰਦੁ ਹਮਰਾ ਪਿਤ ਮਾਤਾ॥**[1] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 875)**

ਸੋ ਗੁਰੂ ਰਵਿਦਾਸ ਜੀ ਸਪਸ਼ੱਟ ਕਰਦੇ ਹਨ ਕਿ ਪ੍ਰਭ ਦੇ ਵਿਧਾਨ ਵਿਚ ਜ਼ਾਤ-ਪਾਤ ਨਹੀਂ ਹੈ। ਉਹ ਤਾਂ ਬ੍ਰਾਹਮਣ, ਸ਼ੂਦਰ ਆਦਿ ਦਾ ਪਿਤਾ ਹੈ। ਪਿਤਾ ਲਈ ਸਾਰੇ ਬੱਚੇ ਬਰਾਬਰ ਹੁੰਦੇ ਹਨ। ਇਸ ਕਰਕੇ ਹਿੰਦੂ-ਧਰਮ ਅਨੁਸਾਰ, ਜਿਨ੍ਹਾਂ ਦੇ ਛੋਹਣ ਨਾਲ ਸੰਸਾਰ ਦੇ ਲੋਕ ਭਿੱਟੇ ਜਾਂਦੇ ਹਨ, ਪ੍ਰਭ ਉਨ੍ਹਾਂ ਤੇ ਕ੍ਰਿਪਾ ਕਰਕੇ ਆਪਣੇ ਦਰਬਾਰੀ ਬਣਾ ਲੈਂਦਾ ਹੈ। ਅਜਿਹਾ ਕਰਦੇ ਸਮੇਂ ਪ੍ਰਭ ਕਿਸੇ ਤੋਂ ਨਹੀਂ ਡਰਦਾ।

**ਜਾ ਕੀ ਛੋਤਿ ਜਗਤ ਕਉ ਲਾਗੈ**
**ਤਾ ਪਰ ਤੁਹੀ ਢਰੈ॥**
**ਨੀਚਹ ਊਚ ਕਰੈ ਮੇਰਾ ਗੋਬਿੰਦ,**
**ਕਾਹੂ ਤੇ ਨ ਡਰੈ॥**[2] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1106)**

ਜ਼ਾਹਰ ਹੈ ਕਿ ਪਰਮਾਤਮਾ ਨੇ ਜ਼ਾਤ-ਪਾਤ ਨਹੀਂ ਬਣਾਈ। ਇਹ ਮਨੁੱਖ ਦੀ ਬਣਾਈ ਹੋਈ ਹੈ। ਇਸ ਨੂੰ ਅਗਿਆਨੀਆਂ, ਹੰਕਾਰੀਆਂ ਅਤੇ ਬੇਅਸੂਲਿਆਂ ਨੇ ਪ੍ਰਭ ਦੇ ਨਾਉਂ ਨਾਲ ਜੋੜ ਕੇ ਕੁਝ ਵਰਗਾਂ ਨੂੰ ਆਪਣੇ ਮਤਲਬ ਲਈ ਵਰਤਣ ਵਾਸਤੇ ਅਜਿਹਾ ਢੌਂਗ ਰਚਾਇਆ ਹੈ। ਇਸ ਢੌਂਗ ਦਾ ਪਰਦਾਫਾਸ਼ ਕਰਕੇ ਗੁਰੂ ਜੀ ਨੇ ਸਾਬਤ ਕੀਤਾ ਕਿ ਪ੍ਰਭ ਨੇ ਜ਼ਾਤਾਂ ਨਹੀਂ ਬਣਾਈਆ। ਜੇ ਅਜਿਹਾ ਹੁੰਦਾ ਤਾਂ ਕਦੇ ਵੀ ਸਰਵ ਗੁਰੂ ਨਾਮਦੇਵ, ਕਬੀਰ, ਸਧਨਾ ਆਦਿ ਨੂੰ ਪਰਮਾਤਮਾ ਸਵੀਕਾਰ ਨਾ ਕਰਦਾ। ਪਰ ਪ੍ਰਭ ਨੇ ਤਾਂ ਇਨ੍ਹਾਂ ਨੂੰ ਬ੍ਰਹਮ ਗਿਆਨੀ ਬਣਾ ਆਪਣੇ ਗਲ ਨਾਲ ਲਾ ਲਿਆ। ਇਥੇ ਹੀ ਬਸ ਨਹੀਂ, ਪਰਮਾਤਮਾ ਨੇ ਉੱਚੀ ਜ਼ਾਤ ਵਾਲਿਆਂ ਬ੍ਰਾਹਮਣਾਂ ਦਾ ਹੰਕਾਰ ਤੋੜਨ ਲਈ ਬ੍ਰਾਹਮਣਾਂ ਨੂੰ ਉਨ੍ਹਾਂ ਸ਼ੂਦਰ ਦੇ ਪੈਰਾਂ ਵਿਚ ਡੰਡਉਤ ਕਰਨ ਤੇ ਮਜਬੂਰ ਕਰ ਦਿੱਤਾ, ਜਿਹੜੇ ਹਰ ਰੋਜ਼ ਮਰੇ ਹੋਏ ਪਸ਼ੂਆਂ ਦਾ ਚੰਮ ਕੁੱਟਦੇ ਅਤੇ ਵੱਢਦੇ ਸਨ। ਗੁਰੂ ਰਵਿਦਾਸ ਨੇ, ਪਰਮਾਤਮਾ ਦੀ ਇਸ ਮਹਾਨ ਕ੍ਰਿਪਾ ਨਾਲ ਆਪਣੀ ਨੀਵੀਂ ਅਤੇ ਭੈੜੀ ਸਮਝੀ ਜਾਣ ਵਾਲੀ ਜਾਤ ਨੂੰ ਮਹਾਨ ਬਣਾ ਕੇ ਹਿੰਦੂ ਧਰਮ ਦੀ ਬੁਨਿਆਦ, ਜਾਤ-ਵਿਵਸਥਾ ਨੂੰ ਮੂਲੋਂ ਹੀ ਤਬਾਹ ਕਰ ਦਿੱਤਾ।

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ,**
**ਨਿਤਹਿ ਬਾਨਾਰਸੀ ਆਸ ਪਾਸਾ॥**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**[3] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293)**

(1) ਓਹੀ—875 (2) ਓਹੀ—1106 (3) ਓਹੀ—1293



ਗੁਰੂ ਰਵਿਦਾਸ ਬੇਝਿਜਕ ਕਹਿੰਦੇ ਹਨ, ਹੇ ਨਗਰ ਦੇ ਲੋਕੋ! ਮੇਰੀ ਜਾਤ ਤਾਂ ਚਮਾਰ ਹੈ ਮੇਰੇ ਹਿਰਦੇ ਵਿਚ ਹਰ ਸਮੇਂ ਪਰਮਾਤਮਾ ਦਾ ਸਿਮਰਨ ਹੁੰਦਾ ਰਹਿੰਦਾ ਹੈ। ਪ੍ਰਭ ਨੇ ਕਿਰਪਾ ਕਰਕੇ ਮੈਨੂੰ ਆਪਣਾ ਬਣਾ ਲਿਆ ਹੈ।

ਪ੍ਰਤੱਖ ਹੈ ਕਿ ਜਾਤ-ਪਾਤ ਪਰਮਾਤਮਾ ਨੇ ਨਹੀਂ ਬਣਾਈ। ਇਹ ਤਾਂ ਕਿਸੇ ਸ਼ਰਾਰਤੀ ਮਨ ਦੀ ਦੇਣ ਹੈ। ਇਸੇ ਤਰ੍ਹਾਂ ਪਰਚਈ ਰੈਦਾਸ ਵੀ ਸ਼ਰਾਰਤ ਕਾਰਣ ਹੀ ਰਚੀ ਗਈ ਇਕ ਮਨਘੜਤ ਅਤੇ ਤਰਕ ਰਹਿਤ ਰਚਨਾ ਹੈ। ਸੋ ਸੁਆਮੀ ਰਾਮਾਨੰਦ ਦੇ ਗੁਰੂ ਰਵਿਦਾਸ ਦਾ 'ਗੁਰੂ' ਹੋਣ ਵਾਲੀ ਕਹਾਣੀ ਵੀ ਮਨਘੜਤ ਅਤੇ ਤਰਕਹੀਣ ਹੈ। ਸੋ ਸੁਆਮੀ ਰਾਮਾਨੰਦ, ਗੁਰੂ ਰਵਿਦਾਸ ਦੇ ਗੁਰੂ ਨਹੀਂ ਹਨ।

**3. ਕੀ ਪ੍ਰਭ ਦੀ ਪੂਜਾ ਕਰਨਾ ਵੀ ਅਪਰਾਧ ਹੈ ਜਿਸ ਵਿੱਚ ਅਸਫਲ ਰਹਿ ਜਾਣ ਕਾਰਨ ਸਜ਼ਾ ਦੇ ਤੌਰ ਤੇ ਬ੍ਰਾਹਮਣ ਕੁਲ ਤੋਂ ਸ਼ੂਦਰ ਕੁਲ ਵਿਚ ਜਨਮ ਲੈਣਾ ਪੈਂਦਾ ਹੈ?**

ਹਿੰਦੂ ਧਰਮ ਤੋਂ ਬਿਨ੍ਹਾਂ ਸਾਰੇ ਧਰਮ ਪੂਰੇ ਜ਼ੋਰ-ਸ਼ੋਰ ਨਾਲ ਸਭ ਨੂੰ ਪੂਜਾ ਕਰਨ ਦੀ ਪ੍ਰੇਰਨਾ ਦਿੰਦੇ ਹਨ। ਪੂਜਾ ਤੋਂ ਬਿਨਾਂ ਜੀਵ 84 ਲੱਖ ਜੂਨਾਂ ਦੇ ਚੱਕਰ ਵਿਚੋਂ ਨਹੀਂ ਨਿਕਲ ਸਕਦਾ ਇਸ ਲਈ ਹਰ ਮਨੁੱਖ ਇਹੋ ਚਾਹੁੰਦਾ ਹੈ ਕਿ ਉਹ ਨਿਰਵਾਣ-ਪਦ ਪ੍ਰਾਪਤ ਕਰੇ। ਅਣਗਿਣਤ ਲੋਕ ਮੁਕਤੀ ਪ੍ਰਾਪਤੀ ਲਈ ਪ੍ਰਭ ਦੀ ਭਗਤੀ ਕਰਦੇ ਹਨ। ਪਰ ਭਗਤੀ ਵਿਚ ਸਫ਼ਲਤਾ ਜਾਂ ਅਸਫ਼ਲਤਾ ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਪ੍ਰਭ ਦੀ ਕ੍ਰਿਪਾ ਦ੍ਰਿਸ਼ਟੀ ਤੇ ਆਧਾਰਤ ਹੈ। ਜੇ ਜੀਵ ਦੇ ਕਰਮ ਅਜਿਹੇ ਨਹੀਂ ਹਨ ਜਿਹੜੇ ਉਸ ਨੂੰ 84 ਦੇ ਚੱਕਰ ਤੋਂ ਮੁਕਤ ਨਹੀਂ ਕਰਵਾ ਸਕਦੇ, ਤਾਂ ਪ੍ਰਭ ਦੀ ਕਿਰਪਾ ਦ੍ਰਿਸ਼ਟੀ ਵੀ ਨਹੀਂ ਹੋ ਸਕਦੀ। ਇਸ ਲਈ ਭਗਤੀ ਵਿਚ ਅਸਫਲਤਾ ਕਾਰਣ, ਮੁੜ ਮਨੁੱਖਾ ਜਨਮ ਪ੍ਰਾਪਤ ਕਰਨ ਲਈ 84 ਲੱਖ ਜੂਨਾਂ ਦਾ ਭਰਮਣ ਜ਼ਰੂਰੀ ਹੋ ਜਾਂਦਾ ਹੈ।

**ਬਹੁਤ ਜਨਮ ਬਿਛੁਰੇ ਥੇ ਮਾਧਉ**
**ਇਹੁ ਜਨਮੁ ਤੁਮਾਰੇ ਲੇਖੇ॥**[1] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 694)**

ਪਰਮਾਤਮਾ ਦੇ ਵਿਧਾਨ ਅਨੁਸਾਰ 84 ਲੱਖ ਜੂਨ ਦਾ ਇਕ ਚੱਕਰ ਹੈ, ਜਿਸ ਵਿਚੋਂ ਨਿਕਲਣ ਲਈ ਪ੍ਰਭ ਨੇ ਮਨੁਖਾ ਜੂਨ ਵਿਚ ਹਰ ਜੀਵ ਨੂੰ ਮੌਕਾ ਦਿੱਤਾ ਹੈ। ਜਿਹੜਾ ਇਸ ਚੱਕਰ ਵਿਚੋਂ ਨਿਕਲਣ ਵਿੱਚ ਅਸਫਲ ਰਹਿੰਦਾ ਹੈ ਉਹ ਕਰਮਾਂ ਮਾਰਿਆ, ਉਸੇ ਚੱਕਰ ਵਿੱਚ ਫਸਿਆ ਘੁੰਮਦਾ ਰਹਿੰਦਾ ਹੈ, ਉਸ ਦਾ ਆਪਣੇ ਅਸਲੇ-ਪਰਮਾਤਮਾ ਨਾਲ ਮਿਲਣ ਦਾ ਅਵਸਰ ਖੁੰਝ ਜਾਂਦਾ ਹੈ।

ਸੋ ਇਹ ਅਪਰਾਧ ਨਹੀਂ ਹੈ, ਸਗੋਂ ਕੁਦਰਤ ਦਾ ਵਿਧਾਨ ਹੈ। ਇਸ ਤਰ੍ਹਾਂ ਬ੍ਰਾਹਮਣ ਕੁਲ ਤੋਂ ਸ਼ੂਦਰ ਕੁਲ ਵਿੱਚ ਜਨਮ ਲੈਣ ਦਾ ਪ੍ਰਸ਼ਨ ਹੀ ਨਿਰਮੂਲ ਬਣ ਕੇ ਰਹਿ ਜਾਂਦਾ ਹੈ। ਹਾਂ, ਜਨਮ-ਮਰਨ ਦਾ ਚੱਕਰ ਜ਼ਰੂਰ ਚਲਦਾ ਰਹਿੰਦਾ ਹੈ, ਪਰ ਇਸ ਦਾ ਆਧਾਰ ਬ੍ਰਾਹਮਣ ਤੋਂ ਸ਼ੂਦਰ ਬਣਨ ਦਾ ਪਾਖੰਡ ਨਹੀਂ ਹੈ।

(1) ਓਹੀ—694

ਇਸ ਲਈ, ਪ੍ਰਭ ਪੂਜਾ ਵਿਚ ਅਸਫਲਤਾ ਕਾਰਣ ਸਜ਼ਾ ਦੇ ਤੌਰ ਤੇ ਬ੍ਰਾਹਮਣ ਕੁਲ ਤੋਂ ਸ਼ੂਦਰ ਕੁਲ ਵਿਚ ਜਨਮ ਲੈਣ ਦਾ ਸਿਧਾਂਤ ਆਧਾਰ ਰਹਿਤ ਅਤੇ ਤਰਕ ਤੋਂ ਕੋਰਾ ਹੈ ਅਤੇ ਨਾ ਹੀ ਦੁਨੀਆਂ ਦੇ ਕਿਸੇ ਹੋਰ ਧਾਰਮਿਕ ਗ੍ਰੰਥ ਵਿਚ ਅਜਿਹੇ ਸਿਧਾਂਤ ਦੀ ਗਵਾਹੀ ਮਿਲਦੀ ਹੈ। ਸਪੱਸ਼ਟ ਹੈ ਕਿ ਕਹਾਣੀ ਮਨਘੜਤ ਹੈ, ਜਿਸ ਦਾ ਕੋਈ ਅਰਥ ਅਤੇ ਆਧਾਰ ਨਹੀਂ ਹੈ। ਸੋ ਤੱਥ ਸਪੱਸ਼ਟ ਕਰਦੇ ਹਨ ਕਿ ਸੁਆਮੀ ਰਾਮਾਨੰਦ, ਗੁਰੂ ਰਵਿਦਾਸ ਜੀ ਦੇ ਗੁਰੂ ਨਹੀਂ ਸਨ।

4. **ਕੀ ਬ੍ਰਾਹਮਣ ਭਗਤੀ ਵਿਚ ਅਸਫਲਤਾ ਦੇ ਡਰ ਕਾਰਣ ਸ਼ੂਦਰ ਕੁਲ ਵਿਚ ਜਨਮ ਲੈਣ ਦੇ ਡਰ ਤੋਂ ਭਗਤੀ ਕਰਨਾ ਛੱਡ ਦੇਵੇਗਾ?**

ਵੈਸ਼ਨਵ ਅਨੰਤ ਦਾਸ ਅਨੁਸਾਰ ਬ੍ਰਾਹਮਣ ਬ੍ਰਹਮਚਾਰੀ ਨੂੰ ਭਗਤੀ ਵਿਚ ਅਸਫਲ ਰਹਿਣ ਕਾਰਣ ਸ਼ੂਦਰ ਕੁਲ ਵਿਚ ਜਨਮ ਲੈਣਾ ਪਿਆ।

**ਹੋਤਾ ਹੌ ਵਿਪ੍ਰ ਹਰਿ ਨਹਿ ਜਾਨਯ॥**
**ਤਾਂ ਤੈ ਮੋਹਿ ਸੂਦ੍ਰ ਘਰ ਆਨਯਾ॥ (ਸਲੋਕ**-210)

ਇਸ ਸਲੋਕ ਦੇ ਬ੍ਰਾਹਮਣਾਂ ਲਈ ਗੰਭੀਰ ਅਤੇ ਖਤਰਨਾਕ ਸਿੱਟੇ ਨਿਕਲਦੇ ਹਨ। ਬ੍ਰਾਹਮਣ ਸ਼ੂਦਰ ਬਣਨ ਦੇ ਡਰੋ ਭਗਤੀ ਹੀ ਕਰਨੀ ਛੱਡ ਦੇਵੇਗਾ ਕਿਉਂਕਿ ਹਿੰਦੂ ਧਰਮ ਅਨੁਸਾਰ ਸ਼ੂਦਰ ਪਸ਼ੂ ਤੋਂ ਵੀ ਭੈੜਾ ਹੈ। ਉਸ ਦੀ ਛਾਂ ਦਾ ਪੈ ਜਾਣਾ ਹੀ ਹਿੰਦੂ ਧਰਮ ਨੂੰ ਨਸ਼ਟ ਕਰਨ ਦੀ ਸਮਰੱਥਾ ਰਖਦਾ ਹੈ। ਸ਼ੂਦਰ ਨੂੰ ਵੇਦ ਪੜ੍ਹਨ ਅਤੇ ਸੁਣਨ ਦੀ ਮਨਾਹੀ ਹੈ। ਬ੍ਰਾਹਮਣ ਤੋਂ ਸ਼ੂਦਰ ਬਣਿਆ ਜੀਵ ਵੇਦਾਂ ਨਾਲ ਸੰਬੰਧਤ ਸਾਰੇ ਅਧਿਕਾਰ ਖੋ ਬੈਠੇਗਾ। ਉਸ ਨੂੰ ਪਸ਼ੂਆਂ ਤੋਂ ਵੀ ਭੈੜਾ ਜੀਵਨ ਬਤੀਤ ਕਰਨਾ ਪਵੇਗਾ ਕਿਉਂਕਿ ਉਸ ਦੀ ਅਣਖ, ਇੱਜ਼ਤ ਹੀ ਕੋਈ ਨਹੀਂ ਹੈ। ਵੇਦ ਪੜ੍ਹਨ ਸੁਣਨ ਅਤੇ ਜ਼ੁਬਾਨੀ ਕੰਠ ਕਰਨ ਦੀਆਂ ਸਜ਼ਾਵਾਂ ਕੰਨਾਂ ਵਿਚ ਸਿੱਕਾ ਜਾਂ ਲਾਖ ਢਾਲ ਪਾਉਣ ਅਤੇ ਸਰੀਰ ਨੂੰ ਦੋ ਫਾੜ ਕਰਨਾ ਹਨ। ਕੀ ਬ੍ਰਾਹਮਣ ਨੂੰ ਇਹ ਸਵੀਕਾਰ ਹੋਵੇਗਾ? ਕਦੇ ਵੀ ਨਹੀਂ। ਸ਼ੂਦਰ ਜਾਇਦਾਦ ਨਹੀਂ ਰੱਖ ਸਕਦਾ। ਬ੍ਰਾਹਮਣਾਂ ਵਾਲੀ ਭਾਸ਼ਾ ਨਹੀਂ ਬੋਲ ਸਕਦਾ। ਗੈਰ-ਸ਼ੂਦਰਾਂ ਦਾ ਬਚਿਆ ਅਤੇ ਬਾਹਰ ਸੁੱਟਿਆ ਖਾਣਾ ਖਾਣਾ ਪਵੇਗਾ, ਫਟੇ ਪੁਰਾਣੇ, ਗੰਦੇ, ਲੀਰਾਂ ਹੋਏ ਕਪੜੇ ਪਹਿਨਣੇ ਪੈਣਗੇ। ਘਰ ਤੋਂ ਬਾਹਰ ਨਿਕਲਣ ਲਗਿਆਂ ਥੁੱਕਣ ਲਈ ਗਲ ਵਿਚ ਕੁੱਜਾ, ਹੱਥ ਵਿਚ ਵਜਾਉਣ ਲਈ ਟੱਲੀ, ਪੈਰਾਂ ਦੇ ਨਿਸ਼ਾਨ ਸਾਫ਼ ਕਰਨ ਲਈ ਪਿੱਠ ਪਿੱਛੇ ਝਾੜੀ ਜ਼ਰੂਰੀ ਹਨ ਅਤੇ ਅਨੇਕਾਂ ਅਜਿਹੀਆਂ ਹੋਰ ਘਿਨਾਉਣੀਆਂ ਗੈਰ-ਮਨੁੱਖੀ ਗੱਲਾਂ ਕਰਨੀਆਂ ਪੈਣਗੀਆਂ ਜਿਵੇਂ ਪਿੰਡ ਤੋਂ ਬਾਹਰ ਗੰਦੀਆਂ ਬਸਤੀਆਂ ਵਿਚ ਰਹਿਣਾ ਅਤੇ ਬ੍ਰਾਹਮਣਾਂ ਦੇ ਡਰ ਤੋਂ ਮਨੱਖਤਾ ਤੋਂ ਗਿਰੇ ਹੋਏ ਕੰਮ ਕਰਨ ਲਈ ਮਜਬੂਰ ਹੋਣਾ ਆਦਿ। ਕੀ ਬ੍ਰਾਹਮਣ ਭਗਤੀ ਵਿਚ ਅਸਫਲਤਾ ਕਾਰਣ ਅਜਿਹਾ ਨਰਕ ਭੋਗਣਾ ਚਾਹੇਗਾ? ਕਦਾਚਿਤ ਨਹੀਂ।

ਫਿਰ ਇਹ ਰਚਨਾ ਤਾਂ ਬ੍ਰਾਹਮਣਾਂ ਨੂੰ ਭਗਤੀ ਤੋਂ ਰੋਕਣ ਦਾ ਜ਼ਬਰਦਸਤ ਸਾਧਨ ਬਣ ਗਈ ਹੈ, ਉਨ੍ਹਾਂ ਨੂੰ ਬ੍ਰਹਮ ਗਿਆਨੀ ਨਹੀਂ ਸਗੋਂ ਮੂਰਖ ਅਗਿਆਨੀ ਬਣਨ ਲਈ ਮਜਬੂਰ ਕਰਦੀ ਹੈ। ਇਹ ਖਤਰਨਾਕ ਸਿੱਟਾ ਵੈਸ਼ਨਵ ਅਨੰਤ ਦਾਸ ਦੀ ਦਲੀਲ ਰਹਿਤ ਰਚਨਾ ਦੀ



ਮਿਹਰਬਾਨੀ ਸਦਕਾ ਹੀ ਸੰਭਵ ਹੋ ਸਕਿਆ ਹੈ। ਬ੍ਰਾਹਮਣ ਅਜਿਹਾ ਕਰਨ ਦਾ ਕਿਆਸ ਤੱਕ ਕਰਨ ਲਈ ਤਿਆਰ ਨਹੀਂ ਹੈ। ਇਸ ਤਰ੍ਹਾਂ ਬ੍ਰਾਹਮਣ ਖੁਦ ਹੀ ਇਸ ਰਚਨਾ ਨੂੰ ਮੰਨਣ ਤੋਂ ਇਨਕਾਰੀ ਹੋ ਜਾਂਦਾ ਹੈ। ਸੋ ਵੈਸਨਵ ਅਨੰਤ ਦਾਸ ਆਪਣੇ ਜਾਲ ਵਿਚ ਆਪ ਹੀ ਫਸ ਗਏ ਹਨ। ਜੇ ਵੈਸ਼ਨਵ ਜੀ ਨੂੰ ਇਸ ਨਤੀਜੇ ਦੇ ਨਿਕਲਣ ਦਾ ਪਤਾ ਹੁੰਦਾ, ਉਹ ਕਦੇ ਵੀ ਅਜਿਹੀ ਰਚਨਾ ਦੀ ਸਿਰਜਣਾ ਕਰਨ ਦੀ ਮੂਰਖਤਾ ਨਾ ਕਰਦੇ। ਸੋ ਇਸ ਚਰਚਾ ਤੋਂ ਪਰਪੱਕ ਹੋ ਗਿਆ ਹੈ ਕਿ ਘਟਨਾ ਮਨਘੜਤ ਹੈ, ਗਲਤ ਹੈ। ਭਗਤੀ ਵਿੱਚ ਅਸਫਲਤਾ ਨਾਲ ਸੰਬੰਧਤ ਅਜਿਹਾ ਵਿਚਾਰ ਕਿਸੇ ਵੀ ਧਰਮ ਵਿਚ ਉਪਲਬਧ ਨਹੀਂ ਹੈ। ਇਸ ਕਰਕੇ ਇਹ ਰਚਨਾ ਅਰਥ ਹੀਣ ਹੋ ਜਾਂਦੀ ਹੈ। ਇਸ ਪੱਖੋਂ ਵੀ ਵੈਸ਼ਨਵ ਅਨੰਤ ਦਾਸ, ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਸਿੱਧ ਕਰਨ ਵਿਚ ਸਫ਼ਲ ਨਹੀਂ ਹੋ ਸਕਿਆ ਹੈ।

5. **ਵੇਦ ਦਿਨ ਰਾਤ ਪੜ੍ਹੇ, ਪਰ ਹਰਿ ਨਹੀਂ ਮਿਲਿਆ।**

ਵੇਦ ਪੜ੍ਹਨ ਨਾਲ ਪ੍ਰਭ ਪ੍ਰਾਪਤੀ ਹੋ ਨਹੀਂ ਸਕਦੀ ਕਿਉਂਕਿ ਵੇਦਾਂ ਵਿਚ ਅਜਿਹਾ ਕੁਝ ਹੈ ਹੀ ਨਹੀਂ, ਜਿਹੜਾ ਪ੍ਰਭ ਪ੍ਰਾਪਤੀ ਦਾ ਸਾਧਨ ਬਣਦਾ ਹੈ।

ਆਧੁਨਿਕ ਲੇਖਕਾਂ ਨੇ ਵਿਚਾਰ ਪ੍ਰਗਟ ਕੀਤੇ ਹਨ ਕਿ ਵੇਦਾਂ ਵਿਚ ਅਧਿਆਤਮਕ ਕਦਰਾਂ-ਕੀਮਤਾਂ ਨਹੀਂ ਹਨ। ਪ੍ਰੋ: ਮਿਉਰ ਲਿਖਦੇ ਹਨ:

The whole character of these compositions and the circumstances under which, from internal evidence, they appear to have arisen, are in harmony with the supposition that they were nothing more than the natural expression of the personal hopes and feelings of ancient bards of whom they were first recited. In these songs the Aryan sages celebrated the praises of their ancestral gods( while at the same time they sought to conciliate their goodwill by a variety of oblations supposed to be acceptable to them) and besought of them all the blessings which men in general desiered-health, wealth, long life, cattle, offspring, victory over enemies foregivenness of sin and in some cases also celestial felicity. Muir Sanskrit text vol.III (page not mentioned)"[1]

**ਅਨੁਵਾਦ:**

'ਇਨ੍ਹਾਂ (ਵੇਦਾਂ) ਦੀਆਂ ਰਚਨਾਵਾਂ ਦਾ ਸਮੁੱਚਾ ਸੁਭਾਉ ਅਤੇ ਵਾਤਾਵਰਣ, ਜਿਸ ਤੋਂ ਇਹ ਸਿਰਜੀਆਂ ਗਈਆਂ ਸਨ, ਇਸ ਕਿਆਸ ਨਾਲ ਮੇਲ ਖਾਂਦੀਆਂ ਸਨ ਕਿ ਇਨ੍ਹਾਂ ਪੁਰਾਣੇ

(1) **Riddles in Hinduism—37** **By Dr. B.R. Ambedkar.**

ਕਬੀਲੇ ਦੇ ਗਵੱਈਆਂ ਦੀਆਂ ਭਾਵਨਾਵਾਂ ਅਤੇ ਜ਼ਾਤੀ ਇੱਛਾਵਾਂ ਦਾ ਕੁਦਰਤੀ ਪ੍ਰਗਟਾਅ ਸਨ, ਜਿਨ੍ਹਾਂ ਲਈ ਇਹ ਸਭ ਤੋਂ ਪਹਿਲਿਾਂ ਗਾਈਆਂ ਗਈਆਂ ਸਨ। ਇਨ੍ਹਾਂ ਰਚਨਾਵਾਂ ਵਿਚ ਆਰੀਆ ਰਿਸ਼ੀਆਂ ਨੇ ਆਪਣੇ ਜੱਦੀ ਦੇਵਤਿਆਂ ਦੇ ਸਨਮਾਨ ਹਿਤ ਉਸਤਤ ਕੀਤੀ ਸੀ (ਨਾਲ ਦੀ ਨਾਲ ਉਹ, ਉਨ੍ਹਾਂ ਦੀ ਖੁਸ਼ੀ ਪ੍ਰਾਪਤ ਕਰਨ ਲਈ ਅਨੇਕ ਵਿਧੀਆਂ ਨਾਲ ਮਨੌਤਾਂ ਮੰਨਦੇ ਸਨ ਜਿਹੜੀਆਂ ਦੇਵਤਿਆਂ ਨੂੰ ਪ੍ਰਵਾਨ ਹੋਣ) ਅਤੇ ਉਨ੍ਹਾਂ ਤੋਂ ਰਹਿਮਤਾਂ ਮੰਗਦੇ ਸਨ ਜਿਹੜੀਆਂ ਆਮ ਮਨੁੱਖਾਂ ਵਰਗੀਆਂ ਹੁੰਦੀਆਂ ਸਨ- ਸਿਹਤ, ਸੰਪਤੀ, ਲੰਮੀ ਉਮਰ, ਪਸ਼ੂ ਬੱਚੇ, ਦੁਸ਼ਮਣਾਂ ਉੱਪਰ ਫਤਿਹ, ਪਾਪਾਂ ਦੀ ਮੁਆਫ਼ੀ ਅਤੇ ਕੁਝ ਹਾਲਤਾਂ ਵਿਚ ਸਵਰਗੀ ਅਨੰਦ ਵੀ।'

ਮਾਧਵ ਆਚਾਰੀਆ ਅਨੁਸਾਰ ਬ੍ਰਹਿਸਪਤੀ ਦਲੀਲ ਦਿੰਦਾ ਹੈ,

"There is no heaven, no final liberation, nor any soul in another world, nor do the actions of the four castes, order etc. produce any real effect. The Agnihotra, the three Vedas, the ascetic's three stages and smearing one's self with ashes...... were made by nature as the livehood of those destitute of knowledge and manliness, if a beast slain in the jyotishtoma rite will itself go to heaven, why then does not the sacrifice forth with offer his own father. (sarva Darshan sangraha (page not mentioned)[1]

ਉਥੇ ਕੋਈ ਸਵਰਗ ਨਹੀ, ਕੋਈ ਮੁਕਤੀ ਨਹੀਂ, ਅਗਲੀ ਦੁਨੀਆਂ ਵਿਚ ਕੋਈ ਆਤਮਾ ਨਹੀਂ ਹੈ। ਨਾ ਹੀ ਚਾਰਾਂ ਜਾਤਾਂ ਦੇ ਕਰਮ ਕੋਈ ਪ੍ਰਭਾਵ ਪਾਉਂਦੇ, ਹਨ। ਅਹੂਤੀ, ਤਿੰਨ ਵੇਦ, ਤਿਆਗ ਦੇ ਤਿੰਨ ਪੱਧਰ ਅਤੇ ਆਪਣੇ ਆਪ ਉਤੇ ਸੁਆਹ ਮਲਣੀ-ਉਨ੍ਹਾਂ ਗਿਆਨ ਤੋਂ ਕੋਰੇ ਅਤੇ ਬੁਜ਼ਦਿਲਾਂ ਲਈ ਉਪਜੀਵਕਾ ਦਾ ਸਾਧਨ ਸਨ। ਜੇਕਰ ਜਿਉਤਿਸ਼ ਹੋਮ ਰੀਤੀ ਵਿੱਚ ਜਾਨਵਰ ਦੀ ਕੁਰਬਾਨੀ ਦੇਣ ਨਾਲ ਜਾਨਵਰ ਆਪਣੇ ਆਪ ਸਵਰਗ ਵਿਚ ਚਲਾ ਜਾਵੇਗਾ ਤਾਂ ਕੁਰਬਾਨੀ ਕਰਨ ਵਾਲਾ ਆਪਣੇ ਪਿਤਾ ਦੀ ਕੁਰਬਾਨੀ ਕਿਉਂ ਨਹੀਂ ਦਿੰਦਾ।

As to morality there is hardly any discussion about it in the Rig Veda. Nor does the Rigveda contain elevating examples of moral life.[2]

'ਜਿਥੋਂ ਤੱਕ ਇਖ਼ਲਾਕ ਦਾ ਸੰਬੰਧ ਹੈ ਰਿਗਵੇਦ ਵਿਚ ਇਖ਼ਲਾਕੀ ਜ਼ਿੰਦਗੀ ਬਾਰੇ ਵਿਚਾਰ ਵਟਾਂਦਰਾ ਨਹੀਂ ਮਿਲਦਾ ਅਤੇ ਨਾ ਹੀ ਇਖ਼ਲਾਕੀ ਜ਼ਿੰਦਗੀ ਨੂੰ ਉਭਾਰਨ ਦੀ ਕੋਈ ਉਦਾਹਰਣ ਹੈ।

ਹਾਂ, ਅਨੇਕਾਂ ਹੀ ਗੈਰ-ਇਖ਼ਲਾਕੀ ਉਦਾਹਰਣਾਂ ਮਿਲ ਜਾਂਦੀਆਂ ਹਨ। ਕੁਝ ਕੁ

(1) ਓਹੀ—38 (2) ਓਹੀ—41



ਉਦਾਹਰਣਾਂ ਹੇਠ ਦਿੱਤੀਆਂ ਜਾਂਦੀਆਂ ਹਨ:

ਇਹ ਗੱਲਬਾਤ ਭੈਣ ਅਤੇ ਭਰਾ, ਯਮਾ ਯਮੀ ਵਿਚਕਾਰ ਹੈ:

("Yami speaks) Alas, Yama, thou art feeble, we under- stand not thy mind or thy heart. Some other female embraces thee as a girth a horse or as a creeper a tree.

(Yama speaks) Do thou, Yami, embrace other, and let another embrace thee as a creeper a tree, seek his affection, let him seek thine and make a happy union."[1]

**ਅਨੁਵਾਦ**

(ਯਮੀ ਕਹਿੰਦੀ ਹੈ) ਅਫੋਸਸ! ਤੂੰ ਕਮਜ਼ੋਰ ਹੈਂ, ਅਸੀਂ ਤੇਰੇ ਮਨ ਜਾਂ ਦਿਲ ਨੂੰ ਨਹੀਂ ਸਮਝਿਆ। ਕਿਸੇ ਹੋਰ ਇਸਤਰੀ ਨੇ ਤਾਂ ਤੈਨੂੰ ਘੋੜੇ ਦੇ ਤੰਗ ਜਾਂ ਵੇਲ ਦੇ ਦਰਖ਼ਤ ਨੂੰ ਕਸਣ ਵਾਂਗ, ਆਪਣੀ ਜੱਫ਼ੀ ਵਿਚ ਕਸ ਲੈਣਾ ਸੀ।

(ਯਮਾ ਕਹਿੰਦਾ ਹੈ) ਤੂੰ ਯਮੀ ਕਿਸੇ ਹੋਰ ਨੂੰ ਜੱਫ਼ੀ ਪਾ ਅਤੇ ਕਿਸੇ ਹੋਰ ਨੂੰ ਦਰਖਤ ਦੀ ਵੇਲ ਵਾਂਗ ਕਸ ਕੇ ਜੱਫ਼ੀ ਪਾਉਣ ਦੇ । ਤੂੰ ਕਿਸੇ ਹੋਰ ਦਾ ਪਿਆਰ ਮਾਣ ਅਤੇ ਕੋਈ ਹੋਰ ਤੇਰਾ ਪਿਆਰ ਮਾਣੇ ਅਤੇ ਦੋਵੇਂ ਖੁਸ਼ੀ ਨਾਲ ਆਨੰਦ ਮਾਣੋ।

ਰਿਗਵੇਦ ਵਿਚ ਭਜਨ ਜਾਂ ਪ੍ਰਾਰਥਨਾਂ ਇਉਂ ਹੈ:

[ਵਾਯੂ ਦੇਵਤਾ ਨੂੰ ਸੋਮ ਰਸ ਪੀਣ ਲਈ ਪ੍ਰਾਰਥਨਾ ਕੀਤੀ ਹੈ (R.V.1.1.2.1)"

"ਇੰਦਰ ਦੇਵਤਾ ਨੂੰ ਦੌਲਤ ਲਿਆ ਕੇ ਦੇਣ ਅਤੇ ਦੁਸ਼ਮਣਾਂ ਨੂੰ ਮਾਰਨ ਵਿਚ ਮਦਦ ਲਈ ਪ੍ਰਾਰਥਨਾ ਹੈ। (1.1.8.1)"

"ਹੇ ਅਗਨੀ ਕਿਰਪਾ ਕਰਕੇ ਦੇਵਤਿਆਂ ਦੀਆਂ ਪਤਨੀਆਂ ਅਤੇ ਤਵਾਸਤਾ ਜਿਹੜੀਆਂ ਸੋਮ ਰਸ ਪੀਣ ਲਈ ਕਾਹਲੀਆਂ ਹਨ, ਲੈ ਕੇ ਆਉ। (R.V.29.9)"

"ਹੇ ਇੰਦਰ! ਤੂੰ ਬਹਾਦਰ ਹੈ। ਆ ਅਤੇ ਸਾਡਾ ਤਿਆਰ ਕੀਤਾ ਹੋਇਆ ਸੋਮਰਸ ਪੀ ਅਤੇ ਸਾਨੂੰ ਦੌਲਤ ਨਾਲ ਭਰਪੂਰ ਕਰ। ਜਿਹੜੇ ਤੇਰੀ ਪੂਜਾ ਨਹੀਂ ਕਰਦੇ ਉਨ੍ਹਾਂ ਦੀ ਦੌਲਤ ਲੁੱਟ ਕੇ ਸਾਨੂੰ ਦੇ। (1.81-8-9)"][2]

ਇਹੋ ਜਿਹੀਆਂ ਗੱਲਾਂ ਨਾਲ ਰਿਗਵੇਦ ਭਰਿਆ ਪਿਆ ਹੈ।

"ਮੈਂ (ਅੰਬੇਡਕਰ) ਅਜਿਹੇ ਬਹੁਤ ਸਾਰੇ ਅਸ਼ਲੀਲ ਪੈਰੇ ਛੱਡ ਦਿੱਤੇ ਹਨ, ਜਿਹੜੇ ਰਿਗਵੇਦ ਅਤੇ ਯਜੁਰਵੇਦ ਵਿਚ ਮਿਲਦੇ ਹਨ- ਜਿਵੇਂ ਸੂਰੀਆ ਅਤੇ ਪੂਸ਼ਨ ਦੀ ਗਲਬਾਤ (R.V. 10.85.37) ਇੰਦਰ ਅਤੇ ਇੰਦਰਾਨੀ ਵਿਚਕਾਰ (R.V.X. 86.6) ਅਤੇ ਹੋਰ ਅਸ਼ਲੀਲਤਾ ਯਜੁਰਵੇਦ ਦੇ ਅਸ਼ਵਮੇਧ ਵਾਲੇ ਹਿੱਸੇ ਵਿਚ ਲੱਭੀ ਜਾ ਸਕਦੀ ਹੈ।"[3]

"Leaving these obscenities aside and confining oneself to

(1) ਓਹੀ—42 (2) ਓਹੀ—43 (3) ਓਹੀ—44

the prayer position of the Rigveda can any one say that there are morally or spiritually elevating prayers?"[1]

**ਅਨੁਵਾਦ :**

ਅਸ਼ਲੀਲਤਾ ਨੂੰ ਇਕ ਪਾਸੇ ਰਖਕੇ ਵੀ ਜੇ ਅਸੀਂ ਰਿਗਵੇਦ ਦੇ ਪ੍ਰਾਰਥਨਾ ਸੰਬੰਧੀ ਹੀ ਵਿਚਾਰ ਕਰੀਏ ਤਾਂ ਕੀ ਕੋਈ ਕਹਿ ਸਕਦਾ ਹੈ ਕਿ ਇਹ ਪ੍ਰਾਰਥਨਾ ਸਦਾਚਾਰਕ ਜਾਂ ਅਧਿਆਤਮਕ ਤੌਰ ਤੇ ਉੱਚਾ ਚੁੱਕ ਸਕਦੀਆਂ ਹਨ?

……The Atharva Veda is nothing but a collection of sorcery, black magic and medicine."[2]

**ਅਨੁਵਾਦ:**

ਅਥਰਵ ਵੇਦ-ਕਾਲਾ ਜਾਦੂ, ਮੰਤਰ ਤੰਤਰ ਅਤੇ ਦਵਾਈਆਂ ਤੋਂ ਬਿਨ੍ਹਾਂ ਕੁਝ ਵੀ ਨਹੀਂ ਹੈ।

Enough has been extracted from the vedas to show that they contain nothing that can be said to be spiritually or morally elevating.[3]

**ਅਨੁਵਾਦ:**

"ਇਹ ਸਾਬਤ ਕਰਨ ਲਈ ਵੇਦਾਂ ਤੋਂ ਕਾਫੀ ਕੁਝ ਸਾਰ-ਤੱਤ ਕੱਢ ਲਿਆ ਗਿਆ ਹੈ ਕਿ ਉਨ੍ਹਾਂ ਵਿਚ ਅਧਿਆਤਮਕ ਜਾਂ ਸਦਾਚਾਰਕ ਉਥਾਨ ਲਈ ਕੁਝ ਵੀ ਨਹੀਂ ਹੈ।"

ਪੁਰਾਤਨ ਲਿਖਾਰੀਆਂ ਦੀਆਂ ਵਿਚਾਰਾਂ ਤੋਂ ਅਤੇ ਵੇਦਾਂ ਦੀਆਂ ਅੰਦਰਲੀਆਂ ਗਵਾਹੀਆਂ ਤੋਂ ਇਹ ਸਿੱਧ ਹੋ ਗਿਆ ਹੈ ਕਿ ਵੇਦਾਂ ਵਿੱਚ ਅਜਿਹਾ ਕੁਝ ਨਹੀਂ ਹੈ, ਜਿਸ ਨਾਲ ਪਰਮਾਤਮਾ ਦੀ ਪ੍ਰਾਪਤੀ ਹੋ ਸਕੇ।

ਗੁਰੂ ਰਵਿਦਾਸ ਜੀ ਵੀ ਉਪਰੋਕਤ ਵਿਚਾਰਾਂ ਦੀ ਹੀ ਪੁਸ਼ਟੀ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਆਈ ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਵੇਦਾਂ ਦਾ ਜ਼ਿਕਰ ਕਈ ਥਾਂਵਾਂ ਤੇ ਆਇਆ ਹੈ। ਗੁਰੂ ਜੀ ਆਪਣੀ ਬਾਣੀ ਵਿੱਚ ਵੇਦਾਂ ਅਤੇ ਹੋਰ ਧਾਰਮਿਕ ਸ਼ਾਸਤਰਾਂ ਦਾ ਖੰਡਨ ਕਰਕੇ ਨਾਮ-ਸਿਮਰਣ ਰਾਹੀਂ ਪਰਮਾਤਮਾ ਦੇ ਦਰਬਾਰੀ ਬਣੇ ਸਨ। ਨਾਮ-ਸਿਮਰਨ ਪੰਜਾਂ ਵਿਕਾਰਾਂ ਨੂੰ ਕਾਬੂ ਕਰਦਾ ਹੈ ਅਤੇ ਪਰਮਾਤਮਾ ਇਨ੍ਹਾਂ ਨੂੰ ਵੱਸ ਕੀਤੇ ਬਿਨਾਂ ਦਰਸ਼ਨ ਨਹੀਂ ਦਿੰਦਾ ਕਿਉਂਕਿ ਇਹ ਵਿਕਾਰ ਹੀ ਦੁੱਖਾਂ ਦਾ ਕਾਰਣ ਹਨ ਅਤੇ ਮਨੁੱਖ ਨੂੰ ਪ੍ਰਭ ਤੋਂ ਦੂਰ ਕਰਦੇ ਹਨ। ਵੇਦ ਆਦਿ ਧਾਰਮਿਕ ਪੁਸਤਕਾਂ ਵਿਚ ਅਹੱਲਿਆ, ਇੰਦਰ, ਬ੍ਰਹਮਾ, ਸ਼ਿਵ ਆਦਿ ਦੀਆਂ ਘਿਨਾਉਣੀਆਂ ਕਰਤੂਤਾਂ ਦੀ ਗਵਾਹੀ ਮਿਲਦੀ ਹੈ। ਪਰ ਵੇਦ ਆਦਿ ਧਾਰਮਿਕ ਗ੍ਰੰਥ ਇਨ੍ਹਾਂ ਵਿਕਾਰਾਂ ਨੂੰ ਖਤਮ ਕਰਨ ਦੀ ਵਿਧੀ ਨਹੀਂ ਦੱਸਦੇ। ਇਸ ਕਾਰਣ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰੂ ਰਵਿਦਾਸ ਜੀ ਦਾ ਕਥਨ ਹੈ:

(1) ਓਹੀ—44 (2) ਓਹੀ—50 (3) ਓਹੀ—52



**ਬਹੁ ਬਿਧਿ ਧਰਮ ਨਿਰੂਪੀਐ, ਕਰਤਾ ਦੀਸੈ ਸਭ ਲੋਇ॥**
**ਕਵਨ ਕਰਮ ਤੇ ਛੂਟੀਐ, ਜਿਹ ਸਾਧੇ ਸਭ ਸਿਧਿ ਹੋਇ॥**
**ਕਰਮ ਅਕਰਮ ਬੀਚਾਰਐ, ਸੰਕਾ ਸੁਨਿ ਬੇਦ ਪੁਰਾਨ॥**
**ਸੰਸਾ ਸਦ ਹਿਰਦੈ ਬਸੈ, ਕਉਨੁ ਹਿਰੈ ਅਭਿਮਾਨੁ॥**[1] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346)**

"ਵੇਦਾਂ, ਪੁਰਾਣਾਂ ਆਦਿ ਸ਼ਾਸਤਰਾਂ ਅਨੁਸਾਰ ਕਈ ਤਰੀਕਿਆਂ ਨਾਲ ਵਰਣ-ਆਸ਼ਰਮਾਂ ਦੇ ਕਰਤਬਾਂ ਦੀ ਹੱਦਬੰਦੀ ਕੀਤੀ ਗਈ ਹੈ, ਵੇਦ ਪੁਰਾਣ ਆਦਿ ਸ਼ਾਸਤਰਾਂ ਨੂੰ ਮੰਨਣ ਵਾਲਾ ਸਾਰਾ ਜਗਤ ਇਹੀ ਮਿੱਥੇ ਹੋਏ ਕਰਮ, ਧਰਮ ਕਰਦਾ ਦਿਸ ਰਿਹਾ ਹੈ। ਪਰ ਕਿਸ ਕਰਮ, ਧਰਮ ਦੇ ਕਰਨ ਨਾਲ ਆਵਾਗਵਨ ਤੋਂ ਖਲਾਸੀ ਹੋ ਸਕਦੀ ਹੈ? ਉਹ ਕਿਹੜਾ ਕਰਮ ਹੈ ਜਿਸ ਦੇ ਸਾਧਿਆਂ ਜਨਮ-ਮਨੋਰਥ ਦੀ ਸਫ਼ਲਤਾ ਹੁੰਦੀ ਹੈ? ਇਹ ਗੱਲ ਸ਼ਾਸਤਰ ਨਹੀਂ ਦੱਸ ਸਕੇ। ਵੇਦਾਂ ਅਤੇ ਪੁਰਾਣਾਂ ਨੂੰ ਸੁਣ ਕੇ ਸਗੋਂ ਹੋਰ ਸ਼ੰਕਾ ਵਧਦਾ ਹੈ। ਇਹੀ ਵਿਚਾਰ ਕਰੀਦੀ ਹੈ ਕਿ ਕਿਹੜੇ ਕਰਮ ਸ਼ਾਸਤਰਾਂ ਦੇ ਅਨੁਸਾਰ ਹਨ ਅਤੇ ਕਿਹੜੇ ਕਰਮ (ਵਰਣ-ਆਸ਼ਰਮ) ਸ਼ਾਸਤਰਾਂ ਨੇ ਵਰਜੇ ਹਨ। ਵਰਣ-ਆਸ਼ਰਮਾਂ ਦੇ ਕਰਮ-ਧਰਮ ਕਰਦਿਆਂ ਹੋਇਆਂ ਵੀ ਮਨੁੱਖ ਦੇ ਹਿਰਦੇ ਵਿਚੋਂ ਸੰਸਾ ਅਤੇ ਹੰਕਾਰ ਨਹੀਂ ਨਿਕਲਦੇ। ਫਿਰ ਉਹ ਕਿਹੜਾ ਕਰਮ, ਧਰਮ ਹੈ ਜੋ ਮਨ ਦਾ ਹੰਕਾਰ ਦੂਰ ਕਰੇ?" (ਟੀਕਾ ਡਾ: ਸਾਹਿਬ ਸਿੰਘ ਭਗਤ ਬਾਣੀ ਸਟੀਕ-ਹਿੱਸਾ ਦੂਜਾ)

ਗੁਰੂ ਰਵਿਦਾਸ ਜੀ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਵੇਦ ਆਦਿ ਸ਼ਾਸਤਰਾਂ ਦਾ ਖੰਡਨ ਕੀਤਾ ਹੈ। ਇਸ ਵਿਚ ਸ਼ੱਕ ਨਹੀਂ ਰਹਿਣ ਦਿੱਤੀ ਕਿ ਵੇਦਾਂ, ਪੁਰਾਣਾਂ ਅਨੁਸਾਰ ਪਰਮਾਤਮਾ ਨਹੀਂ ਮਿਲ ਸਕਦਾ। ਵੇਦ, ਪੁਰਾਣ ਤਾਂ ਮਨੁੱਖ ਨੂੰ ਕਰਮ ਅਕਰਮ ਦੇ ਚੱਕਰ ਵਿਚ ਹੀ ਫਸਾ ਦਿੰਦੇ ਹਨ, ਫਿਰ ਉਹ ਪਰਮਾਤਮਾ ਨੂੰ ਕਿਵੇਂ ਪ੍ਰਾਪਤ ਕਰ ਸਕਦਾ ਹੈ? ਸੋ ਵੇਦ ਸ਼ਾਸਤਰ ਪ੍ਰਭ-ਪ੍ਰਾਪਤੀ ਲਈ ਨਕਾਰਾ ਹਨ, ਅਰਥਹੀਣ ਹਨ।

ਵੇਦਾਂ, ਸ਼ਾਸਤਰਾਂ ਦੇ ਪ੍ਰਸੰਗਾਂ ਅਤੇ ਵਿਧੀਆਂ ਬਾਰੇ ਗੁਰੂ ਰਵਿਦਾਸ ਜੀ ਸਮਝਾਉਂਦੇ ਹਨ:

**ਨਾਨਾ ਖਿਆਨ ਪੁਰਾਨ, ਬੇਦ ਬਿਧਿ**
**ਚਉਤੀਸ ਅਖਰ ਮਾਂਹੀ॥**
**ਬਿਆਸ ਬਿਚਾਰਿ ਕਹਿਓ ਪਰਮਾਰਥੁ**
**ਰਾਮ ਨਾਮ ਸਰਿ ਨਾਹੀ॥੨॥**[2] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658)**

ਪੁਰਾਣਾਂ ਦੇ ਅਨੇਕਾਂ ਪ੍ਰਕਾਰ ਦੇ ਪ੍ਰਸੰਗ ਅਤੇ ਵੇਦਾਂ ਵਿੱਚ ਦੱਸੀਆਂ ਅਨੇਕਾਂ ਪ੍ਰਕਾਰ ਦੀਆਂ ਵਿਧੀਆਂ ਅਤੇ ਹੋਰ ਸ਼ਾਸਤਰਾਂ ਦੀ ਖੋਜ ਕਰਨ ਪਿਛੋਂ ਵਿਆਸ ਨੇ ਇਹੋ ਹੀ ਪਰਮ-ਤੱਤ ਦਸਿਆ ਹੈ ਕਿ ਇਨ੍ਹਾਂ ਸ਼ਾਸਤਰਾਂ ਦੇ ਪਾਠ ਪ੍ਰਭ ਦੇ ਸਿਮਰਣ ਕਰਨ ਦੀ ਬਰਾਬਰੀ ਨਹੀਂ ਕਰ ਸਕਦੇ। ਭਾਵ ਪਰਮਾਤਮਾ ਦਾ ਸਿਮਰਨ ਕਿਸੇ ਵਿਧੀ, ਪ੍ਰਸੰਗ ਜਾਂ ਕਿਸੇ ਕਰਮ-ਕਾਂਡ ਦਾ ਮੁਹਤਾਜ ਨਹੀਂ ਹੈ। ਇਸ ਲਈ ਵੇਦ ਆਦਿ ਸ਼ਾਸਤਰਾਂ ਦੀ ਕੋਈ ਜ਼ਰੂਰਤ ਨਹੀਂ ਹੈ।

ਹੁਣ ਜਦੋਂ ਵਿਆਸ ਵਰਗਾ ਮਹਾਂ ਪੰਡਤ ਵੇਦਾਂ ਦਾ ਲੇਖਕ ਖੁਦ ਹੀ ਵੇਦਾਂ-ਸ਼ਾਸਤਰਾਂ

(1) ਆਦਿ ਗ੍ਰੰਥ—346 (2) ਓਹੀ—658

ਦਾ ਖੰਡਨ ਕਰਦਾ ਹੈ, ਉਨ੍ਹਾਂ ਦੇ ਪ੍ਰਸੰਗਾਂ ਅਤੇ ਵਿਧੀਆਂ ਨੂੰ ਸਵੀਕਾਰ ਨਹੀਂ ਕਰਦਾ ਤਾਂ ਫਿਰ ਹੋਰ ਕੌਣ ਸਵੀਕਾਰ ਕਰੇਗਾ?

ਗੁਰੂ ਰਵਿਦਾਸ ਜੀ ਨੇ ਵਿਆਸ ਵਰਗੇ ਵਿਦਵਾਨ ਪਾਸੋਂ ਹੀ ਵੇਦਾਂ-ਸ਼ਾਸਤਰਾਂ ਨੂੰ ਰੱਦ ਕਰਵਾਕੇ, ਇਹ ਸਿੱਧ ਕਰ ਦਿੱਤਾ ਹੈ ਕਿ ਇਨ੍ਹਾਂ ਅਨੁਸਾਰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰੂ ਜੀ ਨੇ ਇਸ ਵਿਚਾਰ ਨੂੰ ਹੋਰ ਵੀ ਪਰਪੱਕ ਕਰ ਦਿੱਤਾ ਹੈ ਅਤੇ ਸ਼ੱਕ ਦੀ ਗੁੰਜਾਇਸ਼ ਹੀ ਖਤਮ ਕਰ ਦਿੱਤੀ ਹੈ ਜਦੋਂ ਉਹ ਦ੍ਰਿੜ ਕਰਦੇ ਹਨ ਕਿ ਜਦੋਂ ਵੇਦਾਂ-ਸ਼ਾਸਤਰਾਂ ਦੇ 'ਭਗਵਾਨ' ਬ੍ਰਹਮਾ, ਇੰਦਰ ਆਦਿ ਖੁਦ ਹੀ ਵਿਕਾਰਾਂ ਦੇ ਪੰਜੇ ਤੋਂ ਨਹੀਂ ਬਚ ਸਕੇ ਤਾਂ ਜਨ ਸਾਧਾਰਣ ਕਿਵੇਂ ਵੇਦਾਂ-ਸ਼ਾਸਤਰਾਂ ਰਾਹੀਂ ਪ੍ਰਭ-ਪ੍ਰਾਪਤੀ ਕਰ ਸਕਦਾ ਹੈ? ਬ੍ਰਹਮਾ ਆਪਣੀ ਧੀ ਤੇ ਮੋਹਿਤ ਹੈ। ਉਸ ਦੀ ਕਾਮ ਦੀ ਅਤਿ ਕਾਰਣ ਸ਼ਿਵ ਬ੍ਰਹਮਾ ਦਾ ਸਿਰ ਕੱਟਦਾ ਹੈ, ਇੰਦਰ ਗੌਤਮ ਦੀ ਵਹੁਟੀ ਨਾਲ ਵਿਭਚਾਰ ਕਰਦਾ ਹੈ ਅਤੇ ਗੌਤਮ ਸਰਾਪ ਦੇ ਕੇ ਇੰਦਰ ਦੇ ਸਰੀਰ ਤੇ ਹਜ਼ਾਰਾਂ ਭਗਾਂ (ਇਸਤਰੀ ਦੇ ਗੁਪਤ ਅੰਗ) ਦਿੰਦਾ ਹੈ। ਵੇਦਾਂ-ਸ਼ਾਸਤਰਾਂ ਦੇ ਭਗਵਾਨਾਂ ਅਤੇ ਰਿਸ਼ੀਆਂ ਦੀ ਇਹ ਕਾਰਗੁਜ਼ਾਰੀ ਮਨੁੱਖ ਨੂੰ ਕਿੱਧਰ ਲੈ ਕੇ ਜਾਵੇਗੀ?

**ਗੋਤਮ ਨਾਰਿ ਉਮਾਪਤਿ ਸ੍ਵਾਮੀ॥**
**ਸੀਸੁ ਧਰਨਿ ਸਹਸ ਭਗ ਗਾਂਮੀ॥**[1]

ਵੇਦਾਂ-ਸ਼ਾਸਤਰਾਂ ਦੇ 'ਭਗਵਾਨਾਂ' ਨੂੰ ਤਾਂ ਉਨ੍ਹਾਂ ਦੇ ਕੁਕਰਮ ਕਰਕੇ ਨਰਕ ਨਹੀਂ ਮਿਲਿਆ। ਫਿਰ ਵੇਦਾਂ ਨੂੰ ਪੜ੍ਹ ਕੇ ਹਰਿ ਨਾ ਮਿਲਣ ਕਰਕੇ ਬ੍ਰਾਹਮਣ ਕੁਲ ਤੋਂ ਸ਼ੂਦਰ ਕੁਲ ਵਿਚ ਜਨਮ ਲੈਣ ਦਾ ਨਰਕ ਕਿਵੇਂ ਮਿਲ ਸਕਦਾ ਹੈ? ਇਹ ਅਨਿਆਂ ਕਿਉਂ? ਸਰਵ-ਸ਼ਕਤੀਮਾਨ ਪਰਮਾਤਮਾ ਅਜਿਹਾ ਨਹੀਂ ਕਰਦਾ। ਉਸਦੇ ਨਿਆਂ ਵਿੱਚ ਫਰਕ ਆ ਹੀ ਨਹੀਂ ਸਕਦਾ। ਜਦ ਵੇਦ ਪੜ ਕੇ ਪਰਮਾਤਮਾ ਮਿਲ ਹੀ ਨਹੀਂ ਸਕਦਾ, ਫਿਰ ਸ਼ੂਦਰ ਘਰ ਜਨਮ ਲੈਣ ਦਾ ਤਾਂ ਅਰਥ ਹੀ ਨਹੀਂ ਰਹਿ ਜਾਂਦਾ ਅਤੇ ਨਾ ਹੀ ਸੁਆਮੀ ਰਾਮਾਨੰਦ ਦੇ 'ਗੁਰੂ' ਬਣਨ ਦਾ ਮੰਤਵ ਹੀ ਬਾਕੀ ਰਹਿ ਜਾਂਦਾ ਹੈ। ਸੋ ਕਹਾਣੀ ਮਨਘੜਤ ਹੈ। ਸੁਆਮੀ ਰਾਮਾ ਨੰਦ ਗੁਰੂ ਜੀ ਦੇ 'ਗੁਰੂ' ਹੀ ਨਹੀਂ ਹਨ।

**6. ਕੀ ਸ਼ੂਦਰ ਜ਼ਾਤੀ ਇੱਕ ਨਵੀਂ ਜੂਨ ਸਿਰਜੀ ਗਈ ਹੈ? ਅਤੇ ਇਸ ਤਰ੍ਹਾਂ ਜੂਨਾਂ ਦੀ ਗਿਣਤੀ 84 ਲੱਖ ਤੋਂ ਵੱਧ ਗਈ ਹੈ?**

ਇਸ ਪੁਸਤਕ ਤੇ ਕੀਤੀ ਚਰਚਾ ਅਤੇ ਇਸ ਅਧਿਆਏ ਦੀਆਂ ਅਗਲੀਆਂ ਪੁਸਤਕਾਂ ਦੇ ਤੱਥਾਂ ਅਨੁਸਾਰ ਸੁਆਮੀ ਰਾਮਾਨੰਦ ਪਰਮਾਤਮਾ ਦਾ ਸੇਵਕ ਨਹੀਂ ਸ਼ਰੀਕ ਬਣ ਗਿਆ ਹੈ। ਸ਼ਰੀਕ ਵੀ ਅਜਿਹਾ ਜਿਸ ਨੇ ਆਪਣੇ ਜ਼ਾਤੀ ਅਭਿਮਾਨ ਵਿਚ ਆ ਕੇ ਪਰਮਾਤਮਾ ਦੇ ਪ੍ਰਬੰਧ-ਵਿਧਾਨ ਦੀਆਂ ਧੱਜੀਆਂ ਉਡਾ ਦਿੱਤੀਆਂ। ਪਰਮਾਤਮਾ ਨੂੰ ਜ਼ੀਰੋ ਬਣਾ ਕੇ ਆਪ ਹੀ ਨਵੀਆਂ ਜੂਨਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ। ਜਿਸ ਸ੍ਰੋਤ ਤੋਂ ਸੁਆਮੀ ਜੀ ਨੇ ਸ਼ਕਤੀ ਪ੍ਰਾਪਤ ਕੀਤੀ ਸੀ, ਨੂੰ ਉਸ ਦੀ ਥਾਂ, ਖੁਦ ਆਪ ਹੀ, ਸ੍ਰੋਤ ਬਣ ਬੈਠਾ। ਪਰਮਾਤਮਾ ਦੇ

(1) ਓਹੀ—710



ਵਿਧਾਨ ਨੂੰ ਤਬਾਹ ਕਰਕੇ ਮਨੁੱਖ ਜਾਤੀ ਦੀਆਂ ਹੀ ਦੋ ਜੂਨਾਂ ਬਣਾ ਦਿੱਤੀਆਂ -ਸ਼ੂਦਰ ਅਤੇ ਬ੍ਰਾਹਮਣ। ਅਸੀਂ ਉਪਰਲੇ ਨੁਕਤੇ ਵਿਚ ਵਿਚਾਰ ਕਰ ਚੁੱਕੇ ਹਾਂ ਕਿ ਲੇਖਕ ਨੇ ਪ੍ਰਭ ਨੂੰ ਹੀ ਜਾਤ-ਪਾਤ ਦਾ ਕਰਤਾ ਕਰਾਰ ਦੇ ਦਿੱਤਾ ਹੈ, ਪਰਮਾਤਮਾ ਨੂੰ ਪੱਖਪਾਤੀ, ਨਿਰਦਈ, ਅਨਿਆਈ, ਦਲੀਲ-ਰਹਿਤ ਆਦਿ ਬਣਾ ਕੇ ਕਲੰਕਤ ਕਰ ਦਿੱਤਾ ਹੈ। ਅਜਿਹਾ ਲੇਖਕ ਨੇ ਸਿਰਫ ਗੁਰੂ ਰਵਿਦਾਸ ਨੂੰ ਬ੍ਰਾਹਮਣ ਸਿੱਧ ਕਰਨ ਲਈ ਹੀ ਕੀਤਾ ਹੈ ਤਾਂ ਕਿ ਗੁਰੂ ਰਵਿਦਾਸ ਨੂੰ ਸੁਆਮੀ ਰਾਮ ਨੰਦ ਦਾ ਸ਼ਿਸ਼ ਬਣਾਉਣ ਨਾਲ ਹਿੰਦੂ-ਧਰਮ ਦੀ ਮਰਿਆਦਾ ਭੰਗ ਨਾ ਹੋਵੇ।

ਗੁਰੂ ਰਵਿਦਾਸ ਜੀ ਦੀ ਆਪਣੀ ਬਾਣੀ ਹੀ ਇਸ ਸੰਕਲਪ ਨੂੰ ਰੱਦ ਕਰ ਦਿੰਦੀ ਹੈ। ਭਗਤ ਦਾ, ਪਰਮਾਤਮਾ ਦਾ ਸ਼ਰੀਕ ਬਣਨਾ ਤਾਂ ਰਿਹਾ ਇੱਕ ਪਾਸੇ, ਭਗਤ ਤਾਂ ਉਸਦੇ ਦਰਸ਼ਨਾਂ ਲਈ, ਪਰਮਾਤਮਾ ਦੇ ਤਰਲੇ ਕਰਦਾ ਹੈ:

1. **ਰਾਮ ਗੁਸਾਈਆ ਜੀਅ ਕੇ ਜੀਵਨਾ॥**
   **ਮੋਹਿ ਨੇ ਬਿਸਾਰਹੁ ਮੈ ਜਨੁ ਤੇਰਾ॥੧॥ ਰਹਾਉ॥**[1]
   (**ਸ੍ਰੀ ਗੁਰੂ ਗ੍ਰੰਥ ਸਾਹਿਬ**, **ਪੰਨਾ** 345)
2. **ਸਗਲ ਭਵਨ ਕੇ ਨਾਇਕਾ॥**
   **ਇਕੁ ਛਿਨੁ ਦਰਸੁ ਦਿਖਾਇ ਜੀ॥ ਰਹਾਉ॥**[2] (**ਸ੍ਰੀ ਗੁਰੂ ਗ੍ਰੰਥ ਸਾਹਿਬ**, **ਪੰਨਾ** 346)
3. **ਕਹਿ ਰਵਿਦਾਸ ਆਸ ਲਗਿ ਜੀਵਉ**
   **ਚਿਰ ਭਇਓ ਦਰਸਨੁ ਦੇਖੇ॥੨॥੧॥** (**ਸ੍ਰੀ ਗੁਰੂ ਗ੍ਰੰਥ ਸਾਹਿਬ**, **ਪੰਨਾ 694**)

ਸੋ ਭਗਤ ਦਾ ਪਰਮਾਤਮਾ ਦਾ ਸ਼ਰੀਕ ਬਣਨ ਦਾ ਤਾਂ ਸਵਾਲ ਹੀ ਨਹੀਂ ਉਠਦਾ। ਉਨ੍ਹਾਂ ਅਨੁਸਾਰ ਤਾਂ ਭਗਤ ਪ੍ਰਭ ਦਾ ਨਿਮਾਣਾ ਜਿਹਾ ਸੇਵਕ ਹੈ। ਭਗਤ ਦਾ ਅਭਿਆਨੀ ਹੋ ਕੇ ਪ੍ਰਭ ਦੇ ਵਿਧਾਨ ਨੂੰ ਤੋੜਨ ਦਾ ਤਾਂ ਕਿਆਸ ਤੱਕ ਨਹੀਂ ਕੀਤਾ ਜਾ ਸਕਦਾ ਕਿਉਂਕਿ ਜਾਤ-ਅਭਿਆਨੀ ਦਾ ਤਾਂ ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਵੀ ਪ੍ਰਸ਼ਨ ਨਹੀਂ ਉੱਠਦਾ। ਜਦੋਂ ਸੁਆਮੀ ਰਾਮਾ ਨੰਦ ਨੇ ਪ੍ਰਭ-ਪ੍ਰਾਪਤੀ ਕੀਤੀ ਹੀ ਨਹੀਂ, ਫਿਰ ਉਹ ਤਾਂ ਬ੍ਰਾਹਮਣ ਨੂੰ ਸ਼ੂਦਰ -ਕੁਲ ਵਿਚ ਪੈਦਾ ਕਰਨ ਦੀ ਸਮਰੱਥਾ ਹੀ ਨਹੀਂ ਰੱਖਦਾ।

ਇਹ ਤਾਂ ਠੀਕ ਹੈ ਕਿ "**ਭਗਤ ਜਨਾ ਕਾ ਕਰੇ ਕਰਾਇਆ**" ਪਰ ਭਗਤ ਵੀ ਉਹੀ ਹੋ ਸਕਦਾ ਹੈ ਜਿਹੜਾ ਪਰਮਾਤਮਾ ਦੀ ਰਜ਼ਾ ਵਿਚ ਰਹਿ ਕੇ ਉਸ ਦੇ ਹੁਕਮ ਦੀ ਪਾਲਣਾ ਕਰਦਾ ਹੈ। ਜਿਹੜਾ ਪਰਮਾਤਮਾ ਦੇ ਹੁਕਮ ਅੰਦਰ ਨਹੀਂ ਚਲਦਾ, ਉਹ ਭਗਤ ਤੋਂ ਵਡਿਆਈ ਖੋਹ ਲੈਂਦਾ ਹੈ। ਭਾਵ ਪਰਮਾਤਮਾ ਨੂੰ, ਭਗਤ ਦਾ ਸ਼ਰੀਕ ਬਣਨਾ ਉੱਕਾ ਹੀ ਮੰਨਜ਼ੂਰ ਨਹੀਂ ਹੈ। ਭਗਤ ਜੋ ਕੁਝ ਵੀ ਪਰਮਾਤਮਾ ਤੋਂ ਕਰਵਾਉਂਦਾ ਹੈ, ਨਿਮਾਣਾ ਬਣ ਕੇ ਕਰਾਉਂਦਾ ਹੈ, ਹੰਕਾਰੀ ਬਣਕੇ ਨਹੀਂ। ਭਗਤਾਂ ਦੇ ਕਹਿਣ ਤੇ ਪ੍ਰਭ ਜੋ ਵੀ ਕਰਦਾ ਹੈ। ਮਨੁੱਖਤਾ ਦੇ ਭਲੇ ਲਈ ਕਰਦਾ ਹੈ, ਉਨ੍ਹਾਂ ਦੀ ਨਿੱਜੀ ਹੈਂਕੜ ਨੂੰ ਪੂਰਾ ਕਰਨ ਲਈ ਨਹੀਂ ਕਰਦਾ।

ਇਸ ਵਿਚਾਰ-ਚਰਚਾ ਤੋਂ ਸ਼ਪਸ਼ਟ ਹੈ ਕਿ ਨਾਂ ਤਾਂ ਪ੍ਰਭ ਨੇ ਸੁਆਮੀ ਜੀ ਦੇ ਕਹਿਣ ਤੇ

(1) ਓਹੀ-345 (2) ਓਹੀ-346

(ਗੁਰੂ) ਰਵਿਦਾਸ ਨੂੰ ਬ੍ਰਾਹਮਣ ਕੁਲ ਤੋਂ ਸ਼ੂਦਰ ਕੁਲ ਵਿਚ ਜਨਮ ਦਿੱਤਾ ਹੈ ਅਤੇ ਨਾ ਹੀ ਕੋਈ ਨਵੀਂ ਜੂਨ ਦੀ ਸਿਰਜਣਾ ਕੀਤੀ ਹੈ। ਇਹ ਕਹਾਣੀ ਹੀ ਮਨਘੜਤ ਹੈ। ਇਸ ਦਾ ਗੁਰੂ ਰਵਿਦਾਸ ਜੀ ਦੀ ਜ਼ਿੰਦਗੀ ਨਾਲ ਕੋਈ ਸੰਬੰਧ ਨਹੀਂ ਹੈ। ਇਸ ਤਰ੍ਹਾਂ ਸੁਆਮੀ ਰਾਮਾਨੰਦ ਗੁਰੂ ਰਵਿਦਾਸ ਜੀ ਦੇ ਗੁਰੂ ਨਹੀਂ ਹਨ।

ਇਸ ਪ੍ਰਾਚੀਨ ਜੀਵਨ ਕਥਾ ਦਾ ਆਖਰੀ ਨੁਕਤਾ ਹੈ ਕਿ

**7. ਕੀ ਬ੍ਰਾਹਮਣ ਹੋਣ ਕਰਕੇ ਰੱਬ ਦਾ ਮਿਲਣਾ ਜ਼ਰੂਰੀ ਹੈ?**

ਵੈਸ਼ਨਵ ਅਨੰਤ ਦਾਸ ਨੇ ਸਪੱਸ਼ਟ ਤੌਰ ਤੇ ਲਿਖਿਆ ਹੈ:

**ਹੌਤ ਹੌਂ ਹਰਿ ਵਿਪ੍ਰ ਨਹੀ ਜਾਨਯਾ॥** ਭਾਵ ਬ੍ਰਾਹਮਣ ਹੁੰਦਿਆਂ ਹੋਇਆਂ ਰੱਬ ਨੂੰ ਜਾਣ ਨਹੀਂ ਸਕਿਆ। ਉੱਪਰ ਵਿਚਾਰ ਕਰ ਆਏ ਹਾਂ ਕਿ ਪ੍ਰਮਾਤਮਾ ਦੇ ਵਿਧਾਨ ਵਿਚ ਜਾਤ ਵਿਵਸਥਾ ਨਹੀਂ ਹੈ ਇਸ ਲਈ ਬ੍ਰਾਹਮਣ ਹੋਵੇ ਜਾਂ ਸ਼ੂਦਰ ਪ੍ਰਮਾਤਮਾ ਲਈ ਉਹ ਕੇਵਲ ਇਕ ਮਨੁੱਖ ਹੈ। ਜਾਤਾਂ ਰੱਬ ਨੇ ਨਹੀਂ ਮਨੁੱਖ ਨੇ ਬਣਾਈਆਂ ਹਨ। ਗੁਰੂ ਰਵਿਦਾਸ ਜੀ ਫ਼ੁਰਮਾਉਂਦੇ ਹਨ–

**ਦੋਮ ਨ ਸੇਮ, ਏਕ ਸੋ ਆਹੀ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 345)

ਉਥੇ ਕੋਈ ਦੂਜਾ, ਤੀਜਾ ਨਹੀਂ ਹੈ, ਸਭ ਇੱਕੋ ਹੀ ਹਨ। ਪਰਮਾਤਮਾ ਸਭ ਨੂੰ ਬਰਾਬਰ ਦੀਆਂ ਦਾਤਾਂ ਪ੍ਰਦਾਨ ਕਰਦਾ ਹੈ ਜਿਵੇਂ ਹਵਾ, ਪਾਣੀ ਧੁੱਪ ਆਦਿ। ਮਨੁੱਖ ਦੇ ਸਰੀਰ ਦਾ ਰਚਨਾ ਵੀ ਇੱਕੋ ਜਿਹੀ ਹੀ ਹੈ ਅਤੇ ਪੰਜਾਂ ਤੱਤਾਂ ਦੀ ਬਣੀ ਹੋਈ ਹੈ।

**ਜਲ ਕੀ ਭੀਤਿ, ਪਵਨ ਕਾ ਥੰਭਾ, ਰਕਤ ਬੁੰਦ ਕਾ ਗਾਰਾ॥**
**ਹਾਡ ਮਾਸ ਨਾੜੀ ਕੋ ਪਿੰਜਰੁ, ਪੰਖੀ ਬਸੈ ਬਿਚਾਰਾ॥੧॥**[1]

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 659)

ਗੁਰੂ ਜੀ ਨੇ ਇਹ ਵੀ ਸਪੱਸ਼ਟ ਤੌਰ ਤੇ ਨਿਖੇੜ ਕੇ ਕਿਹਾ ਹੈ ਕਿ ਰੱਬ ਦੀ ਭਗਤੀ ਲਈ ਜਾਤ-ਪਾਤ ਦੀ ਕੋਈ ਮਹੱਤਤਾ ਨਹੀਂ ਹੈ। ਇਸ ਲਈ ਇਹ ਜ਼ਰੂਰੀ ਨਹੀਂ ਹੈ ਕਿ ਜਿਹੜਾ ਬ੍ਰਾਹਮਣ ਹੈ, ਉਸ ਨੂੰ ਹਰਿ ਦੀ ਪ੍ਰਾਪਤੀ ਜ਼ਰੂਰੀ ਹੈ। ਸੋ ਗੁਰੂ ਰਵਿਦਾਸ ਜੀ ਜਾਤ-ਪਾਤ ਦੇ ਵਿਚਾਰ ਨੂੰ ਜੜ੍ਹੋਂ ਹੀ ਪੁੱਟ ਦਿੰਦੇ ਹਨ ਅਤੇ ਫਰਮਾਉਂਦੇ ਹਨ ਕਿ ਹਰਿ ਦੇ ਸਿਮਰਣ ਨਾਲ ਮਨੁੱਖ ਪਵਿੱਤਰ ਹੋ ਜਾਂਦਾ ਹੈ ਭਾਵੇਂ ਮਲੇਛ ਮਨ ਹੀ ਕਿਉਂ ਨਾ ਹੋਵੇ। ਜੇ ਬ੍ਰਾਹਮਣ ਮਲੇਛ ਮਨ ਵਾਲਾ ਹੈ ਅਤੇ ਉਸ ਨੇ ਹਰਿ ਦਾ ਸਿਮਰਣ ਨਹੀਂ ਕੀਤਾ, ਉਹ ਨਿਰਵਾਣ ਪਦ ਪ੍ਰਾਪਤ ਨਹੀਂ ਕਰ ਸਕਦਾ। ਮਹੱਤਵ ਤਾਂ ਪਰਮਾਤਮਾ ਦੇ ਨਾਮ ਸਿਮਰਨ ਦਾ ਹੈ:

**ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ,**
**ਡੋਮ ਚੰਡਾਰ ਮਲੇਛ ਮਨ ਸੋਇ॥**
**ਹੋਇ ਪੁਨੀਤ ਭਗਵੰਤ ਭਜਨ ਤੇ,**
**ਆਪੁ ਤਾਰਿ ਤਾਰੇ ਕੁਲ ਦੋਇ॥੧॥**[2] (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 858)

(1) ਓਹੀ—659 (2) ਓਹੀ—858



ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਰੱਬ ਦੀ ਪ੍ਰਾਪਤੀ ਲਈ ਬ੍ਰਾਹਮਣ ਹੋਣਾ ਮਹੱਤਵਪੂਰਨ ਨਹੀਂ। ਮਹੱਤਵ ਤਾਂ ਰੱਬ ਦੇ ਸਿਮਰਨ ਵਿੱਚ ਹੈ, ਜਿਸ ਦੀ ਸ਼ਕਤੀ ਨਾਲ ਮਲੇਛ ਵੀ ਪਵਿੱਤਰ ਹੋ, ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ। ਇਸ ਤਰ੍ਹਾਂ ਇਹ ਵਿਚਾਰ ਵੀ ਗਲਤ ਸਿੱਧ ਹੋ ਗਿਆ ਹੈ ਕਿ ਬ੍ਰਾਹਮਣ ਹੁੰਦਿਆਂ ਹੋਇਆਂ ਪ੍ਰਭ ਪ੍ਰਾਪਤੀ ਜ਼ਰੂਰੀ ਹੈ। ਸੋ ਬ੍ਰਾਹਮਣ ਹੋਣ ਕਰਕੇ ਹਰਿ ਪ੍ਰਾਪਤ ਨਾ ਹੋਣ ਦੇ ਅਪਰਾਧ ਕਾਰਣ ਸ਼ੂਦਰ ਘਰ ਜਨਮ ਲਿਆ ਇਹ ਵੀ ਗਲਤ ਸਿੱਧ ਹੋ ਗਿਆ ਹੈ। ਇਸ ਵਿਚਾਰ ਦੀ ਰਚਨਾ ਘਿਨਾਉਣੀ ਸਾਜ਼ਿਸ਼ ਅਧੀਨ ਗੁਰੂ ਰਵਿਦਾਸ ਨੂੰ ਬ੍ਰਾਹਮਣ ਬਣਾਉਣ ਅਤੇ ਵੇਦਾਂ ਦੀ ਮਹੱਤਤਾ ਸਿੱਧ ਕਰਨ ਲਈ ਹੀ ਕੀਤੀ ਗਈ ਹੈ। ਸਿੱਧ ਹੋ ਗਿਆ ਹੈ ਕਿ ਇਹ ਘਟਨਾ ਮਨਘੜਤ ਹੈ, ਅਰਥ ਹੀਣ ਹੈ ਕਿਉਂਕਿ ਇਹ ਕਿਸੇ ਵੀ ਕਸੌਟੀ ਤੇ ਪੂਰੀ ਨਹੀਂ ਉਤਰਦੀ।

ਸਮੁੱਚੀ ਚਰਚਾ ਪਿਛੋਂ ਇੱਕ ਹੋਰ ਮਹੱਤਵਪੂਰਨ ਨੁਕਤੇ ਤੇ ਵਿਚਾਰ ਕਰਨਾ ਬਹੁਤ ਜ਼ਰੂਰੀ ਹੈ। ਵੈਸ਼ਨਵ ਅਨੰਤ ਦਾਸ ਦੀ ਰਚਨਾ "ਰੈਦਾਸ ਪਰਚਈ" ਦੇ ਹੇਠ ਲਿਖੇ ਬੰਦਾਂ ਦੇ ਅਧਿਐਨ ਤੋਂ ਸਿੱਧ ਹੁੰਦਾ ਹੈ ਕਿ ਸੁਆਮੀ ਜੀ ਗੁਰੂ ਰਵਿਦਾਸ ਜੀ ਦੇ ਗੁਰੂ ਨਹੀਂ ਸਨ:

**ਪਹਰ ਯੇਕ ਲਗਿ ਕਥਯੋ ਗਯਾਨੂੰ॥**
**ਟੀਕੈ ਭਯੋ ਕਬੀਰ ਕੇ ਧਯਾਨੂੰ॥**
**ਨਿਰਗੁਨ ਕਥਨ ਭਯੋ ਮਨ ਬੀਰੂ॥**
**ਗੁਰੂ ਸਮਾਨ ਕਰਿ ਥਪੈ ਕਬੀਰੂ॥152॥**

.. .. ..   .. .. ..   .. .. .. ..

**ਤਬ ਨਿਰਗੁਨ ਧਯਾਨ ਗਹਯੋ ਰੈਦਾਸਾ॥**
**ਛੂਟਿ ਗਏ ਅੰਜਨ ਭ੍ਰਮ ਪਾਸਾ॥**
**ਕਥਾ ਕੀਰਤਨ ਸੁਮਿਰਨ ਲਾਗੈ॥**
**ਅੰਤਰ ਜਾਮੀ ਅੰਤਰ ਜਾਗੈ॥155॥**

.. .. ..   .. .. ..   .. .. ..

**ਜਿਹਿ ਬਿਧਿ ਸੁਕਦੇਵ ਸ਼ੰਕਰ ਸੇਸੂ॥**
**ਯੋ ਕਬੀਰ ਦੀਨੋਂ ਉਪਦੇਸ਼ੂ॥**

**ਜਬ ਮਨ ਚਢਯੋ ਉਪਲੀ ਪੈੜੀ॥**
**ਤਉ ਨੀਚੈ ਕੇ ਨਜ਼ਰਿ ਨ ਹੇਰੀ॥156॥**

.. .. .. .. .. .. .. .. .. .. ..

**ਤਬ ਰੈਦਾਸ ਬਿਚਾਰੀ ਬਾਤਾ॥**
**ਗੁਰੂ ਸਮਾਨ ਕਬੀਰ ਬਡ਼ ਭ੍ਰਾਤਾ॥**
**ਤਾ ਕੋ ਬੂਝਨ ਪ੍ਰਾਤ ਪਧਾਰੈ॥**

**ਕਬੀਰ ਆਦਰ ਕਰ ਸਬ ਬੈਠਾਰੈ ॥165॥**[1]

ਉਪਰੋਕਤ ਗਵਾਹੀਆਂ ਤੋਂ ਹੇਠ ਲਿਖੇ ਵਿਚਾਰ ਦ੍ਰਿਸ਼ਟੀਗੋਚਰ ਹੁੰਦੇ ਹਨ:

1. ਗੁਰੂ ਕਬੀਰ ਨੇ ਗੁਰੂ ਵਾਂਗ ਗੁਰੂ ਰਵਿਦਾਸ ਨੂੰ ਥਾਪੜਾ ਦਿੱਤਾ। ਨਿਰਗੁਣ ਕਥਨ ਸੁਣ ਕੇ ਮਨ ਕਬੀਰ ਹੋ ਗਿਆ।

2. ਫਿਰ ਗੁਰੂ ਰਦਿਵਾਸ ਨੇ ਨਿਰਗੁਣ ਦਾ ਸਿਮਰਣ ਕੀਤਾ ਅਤੇ ਸਾਰੇ ਭਰਮ ਦੂਰ ਹੋ ਗਏ।

3. ਗੁਰੂ ਕਬੀਰ ਨੇ ਉਪਦੇਸ਼ ਦਿੱਤਾ।

4. ਗੁਰੂ ਸਮਾਨ ਵੱਡੇ ਭਰਾ ਕਬੀਰ ਨਾਲ ਰਵਿਦਾਸ ਸਲਾਹ ਕਰਨ ਗਏ।

ਉਪਰੋਕਤ ਵਿਚਾਰਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਸਮਾਨ ਵੱਡੇ ਭਰਾ ਕਬੀਰ ਨਿਰਗੁਣ ਦੇ ਉਪਦੇਸ਼ ਕਾਰਣ ਰਵਿਦਾਸ ਦਾ ਮਨ ਟਿਕਾ ਵਿੱਚ ਆ ਗਿਆ ਅਤੇ ਆਪਨੇ ਨਿਰਗੁਣ ਨਿਰਾਕਾਰ ਤੇ ਧਿਆਨ ਧਰ ਕੇ ਸਿਮਰਣ ਕਰਕੇ ਪ੍ਰਭ ਪ੍ਰਾਪਤ ਕੀਤਾ।

ਵੈਸ਼ਨਵ ਅਨੰਤ ਦਾਸ ਉਪਰੋਕਤ ਵਿਚਾਰਾਂ ਕਾਰਣ ਆਤਮ-ਵਿਰੋਧੀ ਹੋ ਜਾਂਦੇ ਹਨ। ਸੁਆਮੀ ਰਾਮਾਨੰਦ ਸਰਗੁਣ-ਸਾਕਾਰ ਦੇ ਪੂਜਕ ਸਨ ਪਰ ਗੁਰੂ ਕਬੀਰ ਨਿਰਗੁਣ-ਨਿਰਾਕਾਰ ਦੇ ਪੂਜਕ ਸਨ। ਬਚਪਨ ਵਿਚ ਦਿੱਤਾ ਉਪਦੇਸ਼ ਅਰਥਹੀਣ ਹੈ ਕਿਉਂਕਿ ਚਾਰ ਕੁ ਦਿਨ ਦੇ ਬੱਚੇ ਨੂੰ ਗੁਰੂ ਦਾ ਉਪਦੇਸ਼ ਦੇਣਾ ਮੰਨਿਆ ਨਹੀਂ ਜਾ ਸਕਦਾ, ਜਦ ਕਿ ਜਵਾਨੀ ਵਿਚ ਗੁਰੂ ਸਮਾਨ ਵੱਡੇ ਭਰਾ (ਗੁਰੂ) ਕਬੀਰ ਦਾ ਉਪਦੇਸ਼ ਅਰਥ ਭਰਪੂਰ ਹੈ, ਮੰਨਣਯੋਗ ਹੈ। ਸੋ ਬਾਲਕ ਰਵਿਦਾਸ ਨੂੰ ਸੁਆਮੀ ਰਾਮਾਨੰਦ ਨੇ ਸਰਗੁਣ-ਸਾਕਾਰ ਦਾ ਉਪਦੇਸ਼ ਦਿੱਤਾ ਜਦਕਿ ਜਵਾਨੀ ਵਿਚ (ਗੁਰੂ) ਰਵਿਦਾਸ ਨੂੰ ਨਿਰਗੁਣ-ਨਿਰਾਕਾਰ ਦਾ ਉਪਦੇਸ਼ (ਗੁਰੂ) ਕਬੀਰ ਨੇ ਦਿੱਤਾ। ਇਸ ਸਥਿਤੀ ਵਿਚ ਗੁਰੂ ਕਬੀਰ ਦਾ ਉਪਦੇਸ਼ ਦਲੀਲ ਤੇ ਵੀ ਪੂਰਾ ਉੱਤਰਦਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਵੀ ਅਨੁਕੂਲ ਹੈ। ਇਸ ਵਿਗਿਆਨਕ ਪਹੁੰਚ ਅਨੁਸਾਰ ਵੈਸ਼ਨਵ ਅਨੰਤ ਦਾਸ ਦੀ ਆਪਣੀ ਗਵਾਹੀ ਹੀ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦੇ ਗੁਰੂ ਨਹੀਂ ਮੰਨਦੀ। ਸੋ ਸੁਆਮੀ ਜੀ ਗੁਰੂ ਰਵਿਦਾਸ ਜੀ ਦੇ ਗੁਰੂ ਨਹੀਂ ਸਨ।

ਗੁਰੂ ਕਬੀਰ ਵੀ ਗੁਰੂ ਰਵਿਦਾਸ ਦੇ ਗੁਰੂ ਨਹੀਂ ਸਨ, ਕਿਉਂਕਿ ਵੈਸ਼ਨਵ ਅਨੰਤ ਦਾਸ ਅਨੁਸਾਰ ਗੁਰੂ ਰਵਿਦਾਸ ਉਨ੍ਹਾਂ ਨੂੰ ਵੱਡੇ ਭਰਾ ਦੇ ਤੌਰ ਤੇ ਸਤਿਕਾਰ ਦਿੰਦੇ ਸਨ। ਉਹ ਗੁਰੂ ਵਰਗਾ ਸਤਿਕਾਰ ਦਿੰਦੇ ਸਨ, ਪਰ ਗੁਰੂ ਨਹੀਂ ਸਨ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਰਵਿਦਾਸ ਜੀ ਦੀ ਬਾਣੀ ਅਨੁਸਾਰ ਵੀ ਉਨ੍ਹਾਂ ਦਾ ਕੋਈ ਦੇਹਧਾਰੀ ਗੁਰੂ ਨਹੀਂ ਸੀ।

ਸੋ ਵੈਸ਼ਨਵ ਅਨੰਤ ਦਾਸ ਦੀ ਇਹ ਰਚਨਾ ਸ਼ਰਾਰਤ ਪੂਰਣ ਹੈ। ਇਸ ਦੀ ਹਰ ਸਤਰ ਦੀ ਸਿਰਜਣਾ ਸ਼ਰਾਰਤ ਅਤੇ ਝੂਠ ਤੇ ਆਧਾਰਤ ਹੈ। ਇਸ ਲਈ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਬਣਾਉਣਾ ਵੀ ਇੱਕ ਘਿਨਾਉਣੀ ਸ਼ਰਾਰਤ ਹੈ। ਸੋ ਉਪਰੋਕਤ ਚਰਚਾ ਤੋਂ ਕਿਸੇ ਵੀ ਤਰ੍ਹਾਂ ਸੁਆਮੀ ਰਾਮਾਨੰਦ ਗੁਰੂ ਰਵਿਦਾਸ ਜੀ ਦੇ ਗੁਰੂ ਸਿੱਧ ਨਹੀਂ ਹੁੰਦੇ।

(1) ਰੈਦਾਸ ਪਰਚਈ—62-63



ਵੈਸ਼ਨਵ ਅਨੰਤ ਦਾਸ ਦੀ 'ਪਰਚੀ' ਤੋਂ ਪਿਛੋਂ ਪੁਰਾਤਨ ਗ੍ਰੰਥ "ਭਗਤ ਮਾਲ" ਕਰਤਾ ਸ੍ਰੀ ਨਾਰਾਇਣ ਦਾਸ ਨਾਭਾ ਹੈ। ਉਹ ਸ਼ਬਦ ਨੰ:59 ਵਿਚ ਗੁਰੂ ਰਵਿਦਾਸ ਜੀ ਬਾਰੇ ਜਾਣਕਾਰੀ ਦਿੰਦੇ ਹਨ:

**ਸੰਦੇਹ ਗ੍ਰੰਥਿ ਖੰਡਨ ਨਿਪੁਨ ਬਾਨਿ ਬਿਮਲ ਰੈਦਾਸ ਕੀ॥**
**ਸਦਾਚਾਰ ਸਰੁਤਿ ਸ਼ਾਸਤ੍ਰ ਵਚਨ ਅਬਰੁਧ ਉਚਾਰਯੋ॥**
**ਨੀਰ ਖੀਰ ਬਿਬਰਣ ਪਰਮ ਹੰਸਨਿ ਉਰ ਧਾਰਯੋ॥**
**ਭਗਵਤ ਕ੍ਰਿਪਾ ਪ੍ਰਸਾਦਿ ਪਰਮ ਗਤਿ ਇਹਿ ਤਨ ਪਾਈ॥**
**ਰਾਜ ਸਿੰਗਾਸਨ ਬੈਠਿ ਗਯਾਤਿ ਪਰਤੀਤਿ ਦਿਖਾਈ॥**
**ਵਰਣਾਸ਼੍ਰਮ ਅਭਿਮਾਨ ਤਜਿ, ਪਦ ਰਜ ਬੰਦਹਿ ਜਾਸੁ ਕੀ॥**
**ਸੰਦੇਹ ਗ੍ਰੰਥਿ ਖੰਡਨ ਨਿਪੁਨ, ਬਾਨਿ ਬਿਮਲ ਰੈਦਾਸ ਕੀ॥59॥**

ਇਸ ਸ਼ਬਦ ਵਿਚ ਗੁਰੂ ਰਵਿਦਾਸ ਜੀ ਦੇ ਗੁਰੂ ਬਾਰੇ ਤਾਂ ਨਹੀਂ ਕਿਹਾ ਗਿਆ। ਇਸ ਦ੍ਰਿਸ਼ਟੀ ਤੋਂ ਇਸ ਦੀ ਕੋਈ ਮਹੱਤਤਾ ਨਹੀਂ ਹੈ। ਪਰ ਇਸ ਸ਼ਬਦ ਵਿਚ ਵੈਸ਼ਨਵ ਅਨੰਤ ਦਾਸ ਦੀ ਪਰਚੀ ਦੇ ਸਲੋਕ ਨੰ. 2 ਅਤੇ ਸਲੋਕ ਨੰ: 210 ਨਾਲ ਡੂੰਘਾ ਸੰਬੰਧ ਹੈ। ਸਲੋਕ ਨੰ: 2 ਅਨੁਸਾਰ ਪਹਿਲੇ ਜਨਮ ਵਿਚ (ਗੁਰੂ) ਰਵਿਦਾਸ ਨੂੰ ਬ੍ਰਾਹਮਣ ਹੋਣ ਕਰਕੇ ਵੇਦ ਪੜ੍ਹਨ ਦਾ ਅਧਿਕਾਰ ਸੀ। ਸਲੋਕ ਨੰ: 210 ਅਨੁਸਾਰ ਬ੍ਰਾਹਮਣ ਹੁੰਦਿਆਂ ਹੋਇਆਂ ਵੀ ਹਰਿ ਨਹੀਂ ਮਿਲਿਆ, ਸੋ ਇਸ ਕਰਕੇ ਸ਼ੂਦਰ ਘਰ ਜਨਮ ਹੋਇਆ। ਦੋਵੇਂ ਸਲੋਕ ਗੁਰੂ ਰਵਿਦਾਸ ਨੂੰ ਅਪਰਾਧੀ ਬਨਾਉਣ ਦਾ ਸਾਧਨ ਬਣਦੇ ਹਨ।

ਇਸ ਸ਼ਬਦ ਨੰ: 59 ਦੀਆਂ ਪਹਿਲੀਆਂ ਦੋ ਸਤਰਾਂ ਦੀ ਬਰੀਕੀ ਨਾਲ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ। ਪਹਿਲੀ ਸਤਰ ਦੇ ਅਰਥਾਂ ਵਿਚ ਵਿਦਵਾਨਾਂ ਦਾ ਇੱਕ ਮੱਤ ਨਹੀਂ ਹੈ। ਡਾ. ਧਰਮ ਪਾਲ ਸਿੰਗਲ ਲਿਖਦੇ ਹਨ:

".. ਜਿਸ ਵਿਚ (ਸ਼ਬਦ ਨੰ: 59 ਵਿਚ) ਉਨ੍ਹਾਂ ਦੀ ਬਾਣੀ ਨੂੰ ਸਾਫ ਸੁਥਰਾ, ਪਾਵਨ ਪਵਿੱਤਰ, ਸ਼ੰਕੇ ਤੇ ਸੰਸੇ ਪੈਦਾ ਕਰਨ ਵਾਲੇ ਗ੍ਰੰਥਾਂ ਦਾ ਖੰਡਨ ਕਰਨ ਵਾਲੀ ਬਹੁਤ ਹੀ ਨਿਪੁੰਨ ਜਾਂ ਪੱਕੀ ਜਾਂ ਸੋਧੀ ਹੋਈ ਕਿਹਾ ਗਿਆ ਹੈ॥"[1]

ਪਰ ਸ੍ਰੀ ਜਗਬੀਰ ਸਿੰਘ ਜੀ ਦੇ ਅਰਥ ਡਾ: ਸਿੰਗਲ ਨਾਲੋਂ ਬੁਨਿਆਦੀ ਤੌਰ ਤੇ ਭਿੰਨ ਹਨ। ਸ੍ਰੀ ਜਗਬੀਰ ਸਿੰਘ ਜੀ ਲਿਖਦੇ ਹਨ,

"...ਸ੍ਰੀ ਰਵਿਦਾਸ ਜੀ ਮਹਾਰਾਜ ਕੀ ਨਿਰਮਲ ਬਾਣੀ ਹਰਦਯ ਮੇਂ ਅੜੀ ਹੋਈ ਸੰਦੇਹ ਕੀ ਗ੍ਰੰਥੀਯੋਂ ਕਾ ਖੰਡਨ ਕਰਨੇ ਕੇ ਨਿਮਿਤ ਅਤਿਅੰਤ ਅਮੋਘ ਸ਼ਾਸ਼ਤਰ ਕੇ ਸਮਾਨ ਹੈ।"[2]

"ਗ੍ਰੰਥਿ" ਸ਼ਬਦ ਦੇ ਅਰਥ ਬੁਨਿਆਦੀ ਤੌਰ ਤੇ ਡਾ: ਸਿੰਗਲ ਠੀਕ ਨਹੀਂ ਕਰਦੇ। ਸ੍ਰੀ ਜਗਬੀਰ ਸਿੰਘ ਜੀ ਦੇ ਅਰਥ ਠੀਕ ਹਨ, ਪਾਠ ਨਾਲ ਵੀ ਢੁਕਵੇਂ ਹਨ ਅਤੇ ਸ੍ਰ: ਕਾਹਨ ਸਿੰਘ ਨਾਭਾ ਦੇ ਅਰਥਾਂ ਦੀ ਵੀ ਸ੍ਰੀ ਜਗਬੀਰ ਸਿੰਘ ਜੀ ਪ੍ਰੋੜ੍ਹਤਾ ਕਰਦੇ ਹਨ। ਕਾਹਨ ਸਿੰਘ

(1) ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ—69 (2) ਸੰਤ ਰਵਿਦਾਸ ਮਹਾਤਮਯ—125

ਨਾਭਾ 'ਗ੍ਰੰਥਿ' ਦੇ ਅਰਥ ਕਰਦੇ ਹਨ, "ਮਾਇਆ ਜਾਲੈ"। "ਗ੍ਰੰਥਿ" ਦੇ ਅਰਥ 'ਪੁਸਤਕ' ਉਨ੍ਹਾਂ ਨੇ ਨਹੀਂ ਕੀਤੇ। ਸੋ ਸ੍ਰੀ ਜਗਬੀਰ ਸਿੰਘ ਜੀ ਦੇ ਅਰਥਾਂ ਨੂੰ ਸਹੀ ਮੰਨਦੇ ਹਾਂ।

ਦੂਜੀ ਸਤਰ ਦੇ ਅਰਥ ਹਨ: ਗੁਰੂ ਰਵਿਦਾਸ ਜੀ ਦੀ ਬਾਣੀ ਵੇਦਾਂ-ਸ਼ਾਸਤਰਾਂ ਦੀ ਵਿਚਾਰਧਾਰਾ ਅਤੇ ਇਸ ਅਨੁਸਾਰ ਸਿਰਜੇ ਸਦਾਚਾਰ ਦੇ ਅਨੁਕੂਲ ਹੈ, ਇਸ ਦਾ ਵਿਰੋਧ ਨਹੀਂ ਕਰਦੀ। ਵੈਸ਼ਨਵ ਅਨੰਤ ਦਾਸ ਦੇ ਸਲੋਕ ਨੰ: 2 ਅਤੇ 210 ਤੋਂ ਪ੍ਰੇਰਨਾ ਲੈ ਕੇ ਨਾਭਾ ਦਾਸ ਜੀ ਨੇ ਵੇਦਾਂ ਬਾਰੇ ਬੜੀ ਦ੍ਰਿੜਤਾ ਨਾਲ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਨਾਭਾ ਜੀ ਦਾ ਇਹ ਵਿਚਾਰ ਦੇਣ ਦਾ ਕਾਰਣ ਇਹ ਸੀ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਵੇਦਾਂ-ਸ਼ਾਸਤਰਾਂ ਦੇ ਅਨੁਕੂਲ ਸਿੱਧ ਕੀਤੇ ਬਿਨ੍ਹਾਂ ਸੁਆਮੀ ਰਾਮਾਨੰਦ ਨੂੰ ਉਨ੍ਹਾਂ ਦਾ ਗੁਰੂ ਸਿੱਧ ਨਹੀਂ ਸੀ ਕੀਤਾ ਜਾ ਸਕਦਾ।

ਹੁਣ ਪ੍ਰਸ਼ਨ ਉੱਠਦਾ ਹੈ ਕਿ ਕੀ ਨਾਭਾ ਜੀ ਦੇ ਇਹ ਵਿਚਾਰ ਗੁਰੂ ਰਵਿਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੇ ਅਨੁਕੂਲ ਹਨ? ਇਸ ਦੇ ਉੱਤਰ ਵਿਚ ਡਾ: ਪਦਮ ਗੁਰਚਰਨ ਸਿੰਘ ਲਿਖਦੇ ਹਨ;

"ਉਨ ਕੇ (ਗੁਰੂ ਰਵਿਦਾਸਾ ਜੀ ਕੇ) ਚਿੰਤਨ ਕਾ ਸ੍ਰੋਤ ਕੋਈ ਗ੍ਰੰਥ ਯਾ ਪਰੰਪਰਾ ਨਹੀਂ ਥੀ ਵਹ ਉਨਕੇ ਆਪਨੇ ਅਨੁਭਵ ਮੇਂ ਥਾਂ, ਸਮਾਜਕ ਪਰਸਿਥਤੀਆਂ ਐਂਥ ਅਕਾਂਕਸਾਯੋ ਮੇਂ ਥਾ ਉਨਕੀ ਦ੍ਰਿਸ਼ਟੀ ਗ੍ਰੰਥ ਪਰਕ ਨਾ ਥੀ, ਵਰਨ ਸਮਾਜਕਪਰਕ ਥੀ, ਲੋਕਵਾਦੀ ਥੀ।"[1]

ਡਾ. ਪਦਮ ਨੇ ਉਪਰੋਕਤ ਕਥਨ ਲਿਖਕੇ ਗੁਰੂ ਰਵਿਦਾਸ ਜੀ ਦੀ ਬਾਣੀ ਦੀ ਪ੍ਰੋੜਤਾ ਕੀਤੀ ਹੈ। ਗਵਾਹੀ ਦੇ ਤੌਰ ਤੇ ਹੇਠ ਲਿਖਿਆ ਸ਼ਬਦ ਪੜ੍ਹੋ :

**"ਕਰਮ ਅਕਰਮ ਬੀਚਾਰੀਐ**
**ਸੰਕਾ ਸੁਨਿ ਬੇਦ ਪੁਰਾਨ ॥**
**ਸੰਸਾ ਸਦ ਹਿਰਦੈ ਬਸੈ**
**ਕਉਨੁ ਹਿਰੈ ਅਭਿਮਾਨੁ ॥੩॥"**[2] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346)**

ਗੁਰੂ ਰਵਿਦਾਸ ਜੀ ਦਾ ਕਥਨ ਹੈ ਕਿ ਵੇਦਾਂ-ਪੁਰਾਣਾਂ ਆਦਿ ਗ੍ਰੰਥਾਂ ਵਿਚ ਦਰਜ ਕਰਮਾਂ ਅਤੇ ਅਕਰਮਾਂ ਉੱਤੇ ਵਿਚਾਰ ਕਰਦਿਆਂ ਮਨ ਵਿਚ ਸ਼ੰਕੇ ਅਤੇ ਸੰਸੇ ਪੈਦਾ ਹੁੰਦੇ ਹਨ ਕਿ ਕਿਹੜਾ ਕਰਮ ਸ਼ਾਸਤਰਾਂ ਨੇ ਕਰਨ ਲਈ ਕਿਹਾ ਹੈ ਅਤੇ ਕਿਹੜੇ ਕਰਮ ਨੂੰ ਕਰਨ ਤੋਂ ਵਰਜਿਆ ਹੈ। ਸੋ ਸ਼ੰਕੇ ਮਨੁੱਖ ਦੇ ਮਨ ਵਿੱਚ ਸਹਿਮ ਪੈਦਾ ਕਰਦੇ ਹਨ। ਇਸ ਤਰ੍ਹਾਂ ਮਨੁੱਖ ਅਭਿਮਾਨ ਤੋਂ ਛੁਟਕਾਰਾ ਨਹੀਂ ਪਾ ਸਕਦਾ। ਸਿੱਟੇ ਵਜੋਂ ਪਰਮ ਅਵਸਥਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸੇ ਹੀ ਸ਼ਬਦ ਦੇ ਬੰਦ ਨੰ: 6 ਅਤੇ 7 ਵਿਚ ਗੁਰੂ ਰਵਿਦਾਸ ਜੀ ਵੇਦਾਂ-ਸ਼ਾਸਤਰਾਂ ਆਦਿ ਦੇ ਪੈਦਾ ਕੀਤੇ ਸ਼ੰਕਿਆਂ ਨੂੰ ਦੂਰ ਕਰਨ ਦਾ ਸਾਧਨ ਦੱਸਦੇ ਹਨ:

**ਪਰਮ ਪਰਸ ਗੁਰੁ ਭੇਟੀਐ, ਪੂਰਬ ਲਿਖਤ ਲਿਲਾਟ ॥**

(1) ਯੁਗ ਪ੍ਰਵਰਤਕ ਸੰਤ ਗੁਰੂ ਰਵਿਦਾਸ—193 (ਹਿੰਦੀ) ਸੰਪਾਦਨ-ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ
(2) ਆਦਿ ਗ੍ਰੰਥ—346



**ਉਨਮਨ ਮਨ, ਮਨ ਹੀ ਮਿਲੇ, ਛੁਟਕਤ ਬਜਰ ਕਪਾਟ ॥੬॥**
**ਭਗਤਿ ਜੁਗਤਿ ਮਤਿ ਸਤਿ ਕਰੀ, ਭ੍ਰਮ ਬੰਧਨ ਕਾਟਿ ਬਿਕਾਰ ॥**
**ਸੋਈ ਬਸਿ ਰਸਿ ਮਨ ਮਿਲੇ, ਗੁਨ ਨਿਰਗੁਨ ਏਕ ਬਿਚਾਰ ॥੭॥**[1]

**(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346)**

ਗੁਰੂ ਜੀ ਫਰਮਾਉਂਦੇ ਹਨ ਕਿ ਗੁਰੂਆਂ ਦੇ ਗੁਰੂ ਭਾਵ ਬ੍ਰਹਮ-ਗੁਰੂ ਦੇ ਮਿਲਣ ਨਾਲ ਪ੍ਰਭ ਅੰਤਰ-ਆਤਮੇ ਹੀ ਮਿਲ ਪੈਂਦਾ ਹੈ ਅਤੇ ਮਨ ਗਿਆਨ ਨਾਲ ਪ੍ਰਕਾਸ਼ਮਾਨ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਭਗਤੀ ਵਿਚ ਜੁੜਨ ਨਾਲ ਮਨੁੱਖ ਭਕਟਣਾ, ਵਿਕਾਰਾਂ ਅਤੇ ਬੰਧਨਾਂ ਤੋਂ ਛੁਟਕਾਰਾ ਪਾ ਲੈਂਦਾ ਹੈ ਅਤੇ ਉਹ "ਇੱਕ" ਪ੍ਰਭ-ਜਿਹੜਾ ਮਾਇਆ ਦੇ ਗੁਣਾਂ ਤੋਂ ਪਰੇ ਹੈ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਤਰ੍ਹਾਂ ਗੁਰੂ ਜੀ ਨੇ ਵੇਦਾਂ-ਸ਼ਾਸਤਰਾਂ ਨੂੰ ਰੱਦ ਕਰਕੇ ਇਕ ਪ੍ਰਭ ਦੀ ਭਗਤੀ ਦਾ ਨਵਾਂ ਸਿਧਾਂਤ ਦਿੱਤਾ ਹੈ। ਇਸ ਨਾਲ ਵੇਦਾਂ-ਸ਼ਾਸਤਰਾਂ ਅਨੁਸਾਰ ਕੀਤੇ ਜਾਂਦੇ ਕਰਮ-ਕਾਂਡਾਂ ਦਾ ਵੀ ਆਪਣੇ ਆਪ ਹੀ ਖੰਡਨ ਹੋ ਜਾਂਦਾ ਹੈ।

ਇਸ ਪੱਧਰ ਤੇ ਆ ਕੇ ਸ੍ਰੀ ਜਗਬੀਰ ਸਿੰਘ ਜੀ ਦੇ ਅਰਥ ਹੋਰ ਵੀ ਢੁਕਵੇਂ ਅਤੇ ਸਾਰਥਕ ਸਿੱਧ ਹੁੰਦੇ ਹਨ ਕਿਉਂਕਿ ਇਸ ਸ਼ਬਦ ਦੀ ਪਹਿਲੀ ਅਤੇ ਦੂਜੀ ਸਤਰ ਨਾਲ ਅੰਤਰ-ਵਿਰੋਧ ਪੈਦਾ ਨਹੀਂ ਹੁੰਦਾ। ਜੇਕਰ ਡਾ: ਸਿੰਗਲ ਦੇ ਅਰਥਾਂ ਨੂੰ ਮੰਨ ਲਿਆ ਜਾਵੇ ਤਾਂ ਪਹਿਲੀਆਂ ਦੋਵੇਂ ਸਤਰਾਂ ਅੰਤਰ-ਵਿਰੋਧੀ ਬਣ ਜਾਂਦੀਆਂ ਹਨ। ਇਸ ਤਰ੍ਹਾਂ ਸ਼ਬਦ ਦੇ ਬਾਕੀ ਪਾਠ ਨਾਲ ਵੀ ਵਿਰੋਧ ਪੈਦਾ ਹੋ ਜਾਂਦਾ ਹੈ। ਇਸ ਲਈ ਡਾ: ਸਿੰਗਲ ਦੇ ਅਰਥ ਢੁਕਵੇਂ ਅਤੇ ਸਹੀ ਨਹੀਂ ਹਨ

ਸੋ ਨਾਭਾ ਦਾਸ ਨੇ ਗੁਰੂ ਰਵਿਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਅਧਿਐਨ ਕੀਤੇ ਬਿਨਾਂ ਹੀ ਇਸ ਨੂੰ ਵੇਦਾਂ-ਪੁਰਾਣਾਂ ਦੇ ਅਨੁਕੂਲ ਦਸਿਆ ਹੈ। ਪਰ ਉਪਰੋਕਤ ਚਰਚਾ ਕਰਨ ਪਿਛੋਂ ਉਨ੍ਹਾਂ ਦੇ ਵਿਚਾਰ ਮੂਲੋਂ ਹੀ ਰੱਦ ਹੋ ਗਏ ਹਨ। ਨਾਲ ਦੀ ਨਾਲ ਉਨ੍ਹਾਂ ਦੀ ਗੁਰੂ ਰਵਿਦਾਸ ਜੀ ਨੂੰ ਸੁਆਮੀ ਰਾਮਾਨੰਦ ਦਾ ਸ਼ਿਸ਼ ਬਨਾਉਣ ਦੀ ਸਾਜ਼ਿਸ਼ ਵੀ ਤੀਲਾ ਤੀਲਾ ਹੋ ਜਾਂਦੀ ਹੈ।

ਵੈਸ਼ਨਵ ਅਨੰਤ ਦਾਸ ਅਤੇ ਨਾਭਾ ਦਾਸ ਪਿਛੋਂ ਸ੍ਰੀ ਪ੍ਰਿਯਾਦਾਸ ਦੇ ਭਗਤ ਮਾਲ ਦੇ ਟੀਕੇ ਦਾ ਅਧਿਐਨ ਕਰਦੇ ਹਾਂ। ਉਸ ਨੇ ਭਗਤ ਮਾਲ ਦਾ ਟੀਕਾ ਕਰਦਿਆਂ ਕੁਝ ਨਵੇਂ ਤੱਥਾਂ ਦਾ ਵੀ ਜ਼ਿਕਰ ਕੀਤਾ ਹੈ। ਉਸ ਨੇ ਗੁਰੂ ਰਵਿਦਾਸ ਦੇ ਬ੍ਰਾਹਮਣ ਕੁਲ ਤੋਂ ਸ਼ੂਦਰ ਕੁਲ ਵਿੱਚ ਜਨਮ ਲੈਣ ਦਾ ਬਿਲਕੁਲ ਨਵਾਂ ਕਾਰਣ ਦੱਸਿਆ ਹੈ ਜਿਹੜਾ ਵੈਸ਼ਨਵ ਅਨੰਤ ਦਾਸ ਦੇ ਕਾਰਣਾਂ ਤੋਂ ਬਿਲਕੁਲ ਭਿੰਨ ਹੈ। ਇਨ੍ਹਾਂ ਜਨਮ ਲੈਣ ਦੇ ਭਿੰਨ-ਭਿੰਨ ਕਾਰਣਾਂ ਕਰਕੇ ਸ਼ੂਦਰ ਕੁਲ ਵਿਚ ਜਨਮ ਲੈਣ ਵਾਲੇ ਤੱਥ ਦੀ ਸਾਰਥਕਤਾ ਖੀਣ ਹੋ ਜਾਂਦੀ ਹੈ ਅਤੇ ਤੱਥ ਮਨਘੜਤ ਸਿੱਧ ਹੋ ਜਾਂਦਾ ਹੈ। ਸ੍ਰੀ ਪ੍ਰਿਯਾਦਾਸ ਲਿਖਦੇ ਹਨ:

**"ਰਾਮਾਨੰਦ ਜੂ ਕੋ ਸਿਖ ਬ੍ਰਹਮਚਾਰੀ ॥**
**ਰਹੈ ਏਕ ਗਹਿ ਵ੍ਰਿਤਿ ਚੁਟਕੀ ਕੀ ਕਹੈ ਤਾਸੋ ਵਾਨਿਯੈ ॥**

(1) ਆਦਿ ਗ੍ਰੰਥ—346

ਕਰੋ ਅੰਗੀਕਾਰ ਸੀਧੋ ਕਹੀ ਦਸ ਬੀਸੰਬਾਰ॥
ਬਰਖੈ ਪ੍ਰਬਲਧਾਰ ਤਾ ਮੈ ਵਾ ਪੈ ਆਨਯੋਂ॥
ਭੋਗ ਕੋ ਲਗਾਵੈ ਪ੍ਰਭੁ ਧਿਆਨ ਨਹਿ ਆਵੈ (ਅਰੇ)
ਕੈਸੇ ਕਰਿ ਲਯਾਵੈ ਜਾਇ ਪੂਛ ਨੀਚ ਮਾਨਿਯੋ॥
ਦਿਯੋ ਸ੍ਰਾਪ ਭਾਰੀ ਵਾਤ ਸੁਨੀ
ਨਹਿ ਮਾਰੀ ਘਟ ਕੁਲ ਮੈ ਉਤਾਰੀ॥
ਦੇਹ ਸੋਈ ਮਾ ਕੋ ਜਾਨਿਯੋਂ॥
ਮਾਤਾ ਦੂਧ ਪਯਾਵੈ ਯਾਕੋ ਸੁਧਯੋ ਹੂੰ ਨ ਭਾਵੈ ਸੁਧਿ ਆਵੈ
ਸੇਵ ਪਾਛਿਲੀ ਸੁ ਸੇਵਾ ਕੋ ਪ੍ਰਤਾਪ ਹੈ॥
ਭਈ ਨਭ ਬਾਨੀ ਰਾਮਾਨੰਦ ਜੂ ਨੇ ਮਾਂਨੀ
ਬਡੋ ਦੰਡ ਦੀਯੋ ਜਾਨੀ ਬੇਗ ਆਏ ਚਲੇ ਆਪ ਹੈ॥
ਦੁਖੀ ਪਿਤ ਮਾਤਾ ਦੇਖਿ ਧਾਮ ਲਪਟਾਯੇ ਪਾਇ
ਕੀਜਿਯੇ ਉਪਾਯੇ ਕਿਯੋ ਸਿਖ ਗਿਯੋ ਪਾਪ ਹੈ॥
ਸਤਨ ਪਾਨ ਕੀਯੋ ਜੀਯੋ ਲੀਯੋ ਉਨੋ ਈ ਸਮਾਨ ਨਿਪਟ
ਅਜਾਨ ਫੇਰ ਭੂਲਯੋ ਭਯੋ ਤਾਪ ਹੈ॥
ਬਡੇ ਈ ਰੈਦਾਸ ਹਰਿ ਦਾਸਨਿ ਸੇ ਪ੍ਰੀਤਿ ਕਰੀ
ਪਿਤਾ ਨੁ ਸੁਹਾਇ ਦਈ ਫੋਰ ਪਿਛਾਵਰ ਹੀ॥56॥[1]

ਸ੍ਰੀ ਪ੍ਰਿਯਾਦਾਸ ਦੇ ਉਪਰੋਕਤ ਕਥਨ ਅਨੁਸਾਰ ਸਾਰ-ਤੱਤ ਇਹ ਹੈ; ਸੁਆਮੀ ਰਾਮਨੰਦ ਦਾ ਇਕ ਬ੍ਰਹਮਚਾਰੀ ਸ਼ਿਸ਼ ਹਰ ਰੋਜ਼ ਬ੍ਰਾਹਮਣਾਂ ਦੇ ਘਰ ਘਰ ਜਾ ਕੇ ਭਿਖਿਆ ਮੰਗ ਕੇ ਆਪਣੇ ਸੁਆਮੀ ਨੂੰ ਭੋਜਨ ਛਕਾਉਂਦਾ ਸੀ। ਇਕ ਦਿਨ ਪਰਲੋ ਆ ਗਈ। ਬਹੁਤ ਜ਼ੋਰ ਦੇ ਮੀਂਹ ਅਤੇ ਹਨੇਰੀ ਕਾਰਣ ਬ੍ਰਹਮਚਾਰੀ ਪ੍ਰਤਿਗਿਆ ਮੁਤਾਬਿਕ ਭੀਖਿਆ ਨਾ ਮੰਗ ਸਕਿਆ।

ਇਕ ਬਾਣੀਏ ਦੇ ਦਸ ਵੀਹ ਵਾਰ ਕਹਿਣ ਤੇ ਬ੍ਰਹਮਚਾਰੀ ਨੇ ਬਾਣੀਏ ਦਾ ਸੀਧਾ (ਭਿਖਿਆ) ਅੰਗੀਕਾਰ ਕਰ ਲਿਆ। ਪਰ ਸੁਆਮੀ ਜੀ ਨੇ ਜਦ ਭੋਗ ਲਾਇਆ ਪ੍ਰਭ ਦੇ ਦਰਸ਼ਨ ਨਾ ਹੋਏ, ਸਮਾਧੀ ਭੰਗ ਹੋ ਗਈ। ਪੜਤਾਲ ਕਰਨ ਤੋਂ ਪਤਾ ਲਗਾ ਤਾਂ ਸੁਆਮੀ ਜੀ ਗੁੱਸੇ ਵਿਚ ਆ ਕੇ ਬੋਲੇ, ਅਰੇ! ਉਸ ਨੀਚ ਬਾਣੀਏ ਤੋਂ ਸੀਧਾ ਕਿਉਂ ਲਿਆਂਦਾ- ਜਾ ਕੇ ਪਤਾ ਕਰ, ਉਸ ਨੂੰ ਤਾਂ ਸਾਰੀ ਦੁਨੀਆਂ ਨੀਚ ਕਹਿੰਦੀ ਹੈ। ਉਹ ਨੀਚ ਇਸ ਕਰਕੇ ਹੈ ਕਿ ਉਸ ਦਾ ਨੀਚਾਂ ਨਾਲ ਮਿਲਵਰਤਣ ਹੈ। ਗੁੱਸੇ ਵਿਚ ਭਰੇ ਪੀਤੇ ਸੁਆਮੀ ਜੀ ਨੇ ਸਰਾਪ ਦੇ ਦਿੱਤਾ ਕਿ ਇਸ ਨੀਚ ਕਰਮ ਕਰਕੇ ਤੂੰ ਨੀਚ ਕੁਲ ਦੀ ਮਾਂ ਦੇ ਪੇਟੋਂ ਜਨਮ ਲਵੇਂ।

ਉਸ ਬ੍ਰਹਮਚਾਰੀ ਦਾ ਨੀਚ ਕੁਲ ਵਿੱਚ ਜਨਮ ਹੋਇਆ ਪਰ ਇਸ ਸਰਾਪੇ ਹੋਏ ਬੱਚੇ ਨੇ ਭਿੱਟੇ ਜਾਣ ਦੇ ਡਰੋਂ ਅਤੇ ਦੁਬਾਰਾ ਫੇਰ ਨੀਚ-ਚਮਾਰੀ ਮਾਂ ਦਾ ਦੁੱਧ ਪੀਣ ਕਾਰਣ ਦੰਡ ਤੋਂ

(1) ਭਗਤ ਰਵਿਦਾਸ ਸ੍ਰੋਤ ਪੁਸਤਕ 257-258 (ਜਸਬੀਰ ਸਿੰਘ ਸਾਬਰ)



ਡਰ ਕੇ ਦੁੱਧ ਨਾ ਪੀਤਾ। ਸੁਆਮੀ ਰਾਮਾਨੰਦ ਨੂੰ ਅਕਾਸ਼ਬਾਣੀ ਹੋਈ ਅਤੇ ਉਹ ਸਰਾਪ ਕਾਰਣ ਚਮਾਰ ਕੁਲ ਵਿਚ ਜਨਮ ਲੈਣ ਵਾਲੇ ਬੱਚੇ ਦੇ ਘਰ ਗਏ ਅਤੇ ਕਸੂਰ ਮੁਆਫ਼ ਕਰ ਦਿੱਤਾ। ਬੱਚੇ ਨੇ ਚਮਾਰੀ ਮਾਂ ਦਾ ਦੁੱਧ ਪੀ ਲਿਆ।

ਪਰ ਇਸ ਘਟਨਾ ਵਿੱਚ ਵੈਸ਼ਨਵ ਅਨੰਤ ਦਾਸ ਵਾਂਗ ਗੁਰੂ ਦਕਸ਼ਣਾ ਨਹੀਂ ਦਿੱਤੀ ਗਈ। ਹਾਂ, ਇਹ ਜ਼ਰੂਰ ਲਿਖਿਆ ਹੈ ਕਿ ਦੋ ਦਿਨ ਦੇ ਬੱਚੇ ਨੇ ਹਰੀ ਦੇ ਦਾਸ ਸੁਆਮੀ ਰਾਮਾਨੰਦ ਨਾਲ ਪ੍ਰੀਤ ਕਰ ਲਈ। ਇਸ ਪਿਛੋਂ ਪ੍ਰਿਯਾਦਾਸ ਜੀ ਨੇ ਸੁਆਮੀ ਜੀ ਦਾ ਗੁਰੂ ਰਵਿਦਾਸ ਨਾਲ ਮਿਲਾਪ ਹੋਇਆ ਨਹੀਂ ਦੱਸਿਆ। ਸੋ ਸਿੱਟਾ ਸਪੱਸ਼ਟ ਹੈ ਕਿ ਗੁਰੂ ਰੂਪ ਵਿੱਚ ਸੁਆਮੀ ਜੀ ਨੇ ਗੁਰੂ ਰਵਿਦਾਸ ਜੀ ਦੀ ਕਦੇ ਆਤਮਕ ਅਗਵਾਈ ਨਹੀਂ ਕੀਤੀ। ਇਸ ਤਰ੍ਹਾਂ ਬੇਝਿਜਕ ਕਿਹਾ ਜਾ ਸਕਦਾ ਹੈ ਕਿ ਸੁਆਮੀ ਜੀ ਗੁਰੂ ਰਵਿਦਾਸ ਜੀ ਦੇ ਗੁਰੂ ਨਹੀਂ ਸਨ।

ਉਪਰੋਕਤ ਘਟਨਾ ਵਿਚ ਬਾਣੀਏ ਦੇ ਨੀਚ ਹੋਣ ਦਾ ਕਾਰਨ ਸਪੱਸ਼ਟ ਨਹੀਂ ਹੈ। ਗਿਆਨੀ ਬਰਕਤ ਸਿੰਘ 'ਅਨੰਦ' ਇਸ ਸੰਬੰਧੀ ਫੁਟ ਨੋਟ ਵਿੱਚ ਲਿਖਦੇ ਹਨ:

"...ਇਕ ਦਿਨ ਇਕ ਬਾਣੀਏ ਕੋਲੋਂ ਰਸਦ ਲੈ ਕੇ ਰਵਿਦਾਸ ਨੇ ਰਸੋਈ ਤਿਆਰ ਕੀਤੀ। ਇਹ ਬਾਣੀਆ ਚਮਿਆਰ ਜਾਤ ਦੇ ਸ਼ਾਹੂਕਾਰ ਕੋਲੋਂ ਰਾਸ ਲੈ ਕੇ ਵਰਤਦਾ ਸੀ...."[1]

ਬਾਕੀ ਸਾਰੀ ਘਟਨਾ ਸ੍ਰੀ ਪ੍ਰਿਯਾਦਾਸ ਵਾਲੀ ਹੀ ਹੈ।

ਇਸ ਘਟਨਾ ਤੋਂ ਮੋਟਾ ਜਿਹਾ ਪਰ ਪੱਕਾ ਹਿਸਾਬ ਲਗਦਾ ਹੈ ਕਿ ਬਾਣੀਏ ਦਾ ਸ਼ਾਹੂਕਾਰ ਚਮਾਰ ਹੋਣ ਕਰਕੇ, ਉਸ ਤੋਂ ਪ੍ਰਾਪਤ ਸੀਧੇ ਕਾਰਣ ਸੁਆਮੀ ਰਾਮਾਨੰਦ ਦਾ ਪਰਮਾਤਮਾ ਨਰਾਜ਼ ਹੋ ਗਿਆ। ਇਸੇ ਕਾਰਣ ਸੁਆਮੀ ਜੀ ਨੂੰ ਪ੍ਰਭ ਦੇ ਦਰਸ਼ਨ ਨਹੀਂ ਹੋਏ। ਇਸ ਦਾ ਅਰਥ ਇਹ ਹੋਇਆ ਕਿ ਪਰਮਾਤਮਾ ਦੇ ਘਰ ਵੀ ਜ਼ਾਤ-ਪਾਤ ਹੈ ਅਤੇ ਉਸ ਉੱਪਰ ਸਖ਼ਤੀ ਨਾਲ ਅਮਲ ਵੀ ਕੀਤਾ ਜਾਂਦਾ ਹੈ। ਸੋ ਵੇਦਾਂ-ਸ਼ਾਸਤਰਾਂ ਦੀ ਗੁਰ-ਪਰੰਪਰਾ ਨੂੰ ਵੈਸ਼ਨਵ ਅਨੰਤ ਦਾਸ ਅਤੇ ਪ੍ਰਿਯਾਦਾਸ ਨੇ ਪੂਰੀ ਮਿਹਨਤ ਨਾਲ ਅੱਗੇ ਤੋਰਿਆ ਹੈ।

ਆਰੀਆ ਸੰਸਕ੍ਰਿਤੀ ਦੇ ਆਦਿ ਤੋਂ ਲੈ ਕੇ ਸ੍ਰੀ ਪ੍ਰਿਯਾਦਾਸ ਤੱਕ ਸ਼ੂਦਰ ਨਾਲ ਅਤਿ ਦਰਜੇ ਦੀ ਘਿਰ੍ਣਾ ਕੀਤੀ ਗਈ ਹੈ। ਸੁਆਮੀ ਰਾਮਾਨੰਦ ਦਾ ਭਗਵਾਨ ਤਾਂ ਕੇਵਲ ਇਸ ਲਈ ਨਰਾਜ਼ ਹੈ ਕਿ ਉਸ ਬਾਣੀਏ ਦੇ ਸੀਧੇ ਦਾ ਭੋਗ ਉਸ ਨੂੰ ਕਿਉਂ ਲਾਇਆ ਗਿਆ। ਪ੍ਰਸ਼ਨ ਉੱਠਦਾ ਹੈ ਕਿ ਜੇਕਰ ਬਾਣੀਏ ਦਾ ਚਮਾਰਾਂ ਨਾਲ ਕੇਵਲ ਸ਼ਾਹੂਕਾਰਾ ਹੋਣ ਕਾਰਣ ਹੀ ਦਿੱਤੀ ਗਈ ਭੀਖ ਨਾਲ ਬਣੇ ਭੋਜਨ ਖਾਣ ਨਾਲ ਸਮਾਧੀ ਭੰਗ ਹੋ ਜਾਂਦੀ ਹੈ ਅਤੇ ਭਗਵਾਨ ਦੇ ਵੀ ਦਰਸ਼ਨ ਨਹੀਂ ਹੁੰਦੇ, ਫਿਰ ਇੱਕ ਚਮਾਰ ਨੂੰ ਆਪਣਾ ਚੇਲਾ ਬਣਾ ਕੇ ਸੁਆਮੀ ਜੀ ਨੇ ਸਦਾ ਲਈ ਭਗਵਾਨ ਤੋਂ ਵਿਛੜਨ ਦਾ ਰੋਗ ਕਿਉਂ ਸਹੇੜ ਲਿਆ? ਫਿਰ (ਗੁਰੂ) ਰਵਿਦਾਸ ਦੇ ਸੁਆਮੀ ਜੀ ਦਾ ਚੇਲਾ ਬਣਦਿਆਂ ਹੀ ਅਗਿਆਨੀ ਬਣ ਗਏ ਕਿਉਂਕਿ ਭਗਵਾਨ ਨਰਾਜ਼ ਹੋ ਕੇ ਸਦਾ ਲਈ ਸੁਆਮੀ ਜੀ ਤੋਂ ਦੂਰ ਹੋ ਗਏ। ਅਜਿਹੀ ਸਥਿਤੀ ਵਿਚ ਉਹ ਆਪਣੇ ਨਵੇਂ ਬਣੇ ਚੇਲੇ (ਗੁਰੂ) ਰਵਿਦਾਸ ਨੂੰ ਬ੍ਰਹਮ-ਗਿਆਨ ਕਿਵੇਂ ਦੇ ਸਕਦੇ ਸਨ? ਚੇਲੇ ਨੂੰ ਗਿਆਨ-

(1) ਜਨਮ ਸਾਖੀ ਸ੍ਰੀ ਰਵਿਦਾਸ ਭਗਤ ਦੀ-28 (2033)

ਵਿਹੂਣਾ ਗੁਰੂ ਨਹੀਂ ਲੋੜੀਂਦਾ। ਅਜਿਹੇ ਗੁਰੂ ਦੀ ਭਗਤੀ ਲਈ ਕੀ ਸਾਰਥਕਤਾ ਹੈ?

ਇੱਕ ਹੋਰ ਮਹੱਤਵਪੂਰਣ ਦ੍ਰਿਸ਼ਟੀ ਤੋਂ ਵੀ ਇਸ ਦਾ ਅਧਿਐਨ ਕਰਨਾ ਜ਼ਰੂਰੀ ਹੋ ਗਿਆ ਹੈ। 'ਭਗਵਾਨ' ਰਾਮ ਨੇ ਆਪਣੇ ਰਾਜ ਨੂੰ ਅਖੌਤੀ ਅਗਿਆਨਤਾ ਤੋਂ ਬਚਾਉਣ ਲਈ ਬ੍ਰਹਮ-ਰਿਖੀ ਸ਼ੰਭੂਕ ਨੂੰ ਕਤਲ ਕਰ ਦਿੱਤਾ ਸੀ ਕਿਉਂਕਿ ਸ਼ੂਦਰ ਹਿੰਦੂ ਧਾਰਮਿਕ ਗ੍ਰੰਥਾਂ ਅਨੁਸਾਰ ਤਪ ਨਹੀਂ ਸੀ ਕਰ ਸਕਦਾ। ਸ੍ਰੀ ਰਾਮ ਚੰਦਰ, ਭਗਵਾਨ ਵਿਸ਼ਨੂੰ ਦਾ ਅਵਤਾਰ ਹੈ, ਸੁਆਮੀ ਰਾਮਾਨੰਦ 'ਰਾਮ-ਭਗਤ' ਹੈ। ਪਰ ਰਾਮ-ਭਗਤ ਰਾਮਾ ਨੰਦ ਆਪਣੇ ਧਾਰਮਕ ਗ੍ਰੰਥਾਂ ਅਤੇ 'ਭਗਵਾਨ' ਰਾਮ ਦੇ ਆਦੇਸ਼ਾਂ ਵਿਰੁਧ ਇੱਕ ਚਮਾਰ ਨੂੰ ਚੇਲਾ ਕਿਵੇਂ ਬਣਾ ਸਕਦਾ ਸੀ? **ਇਸ ਕਰਕੇ ਹੀ ਵੈਸ਼ਨਵ ਸੰਪਰਦਾਇ ਦੇ ਪ੍ਰਾਚੀਨ ਅਤੇ ਮਹਾਨ ਧਾਰਮਿਕ ਗ੍ਰੰਥ 'ਰਾਮ ਪਟਲ' ਵਿਚ ਚੇਲਿਆਂ ਦੀ ਸੂਚੀ ਵਿਚ ਗੁਰੂ ਰਵਿਦਾਸ ਦਾ ਨਾਮ ਨਹੀਂ ਹੈ।**

ਵਿਚਾਰਣਯੋਗ ਇੱਕ ਤੱਥ ਹੋਰ ਵੀ ਹੈ। ਕਿ ਸੁਆਮੀ ਰਾਮਾਨੰਦ ਦੀ ਵਿਚਾਰਧਾਰਾ ਨਾਲ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਦੂਰ ਦਾ ਵੀ ਸੰਬੰਧ ਨਹੀਂ ਹੈ। ਗੁਰੂ ਰਵਿਦਾਸ ਜੀ ਉਸ ਭਗਵਾਨ ਦਾ ਖੰਡਨ ਕਰਦੇ ਹਨ ਜਿਸ ਭਗਵਾਨ ਦੀ ਪੂਜਾ ਸੁਆਮੀ ਰਾਮਾ ਨੰਦ ਕਰਦੇ ਹਨ। ਸੁਆਮੀ ਰਾਮਾ ਨੰਦ ਦਾ ਇਸ਼ਟ ਸਹੀ ਅਰਥਾਂ ਵਿਚ ਵਿਸ਼ਨੂੰ ਭਗਵਾਨ ਹੈ। ਗੁਰੂ ਜੀ ਵਿਸ਼ਨੂੰ ਨੂੰ ਭਗਵਾਨ ਹੀ ਨਹੀਂ ਮੰਨਦੇ, ਸਗੋਂ ਉਹ ਖੰਡਨ ਕਰਦੇ ਫਰਮਾਉਂਦੇ ਹਨ ਕਿ ਬ੍ਰਹਮਾ, ਵਿਸ਼ਨੂੰ, ਮਹੇਸ਼ ਤਾਂ ਪ੍ਰਭ ਦੇ ਭਗਤ ਦੇ ਬਰਾਬਰ ਵੀ ਨਹੀਂ ਹਨ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦਾ ਰੁਤਬਾ ਯਕੀਨਨ ਹੀ ਇਨ੍ਹਾਂ ਅਖੌਤੀ ਭਗਵਾਨਾਂ ਤੋਂ ਉੱਪਰ ਹੈ। ਗੁਰੂ ਜੀ ਦਾ ਕਥਨ ਹੈ:

**ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ**
**ਤਾਸ ਸਮ ਤੁਲਿ ਨਹੀ ਆਨ ਕੋਊ।**
**ਏਕ ਹੀ ਏਕ ਅਨੇਕ ਹੋਇ ਬਿਸਥਰਿਓ**
**ਆਨ ਰੇ ਆਨ ਭਰਪੂਰਿ ਸੋਊ ॥੧॥ ਰਹਾਉ ॥**[1] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293)**

ਜਿਹੜੇ ਹਰੀ ਜਪਦੇ ਹਨ, ਉਨ੍ਹਾਂ ਦੇ ਬਰਾਬਰ ਵਿਸ਼ਨੂੰ, ਸ਼ਿਵ ਅਤੇ ਨਾ ਕੋਈ ਹੋਰ (ਬ੍ਰਹਮਾ) ਹੋ ਸਕਦਾ ਹੈ। ਪ੍ਰਭ ਕੇਵਲ ਤੇ ਕੇਵਲ ਇਕ ਹੈ ਅਤੇ ਸ੍ਰਿਸ਼ਟੀ ਦੇ ਹਰ ਕਿਨਕੇ ਵਿਚ ਬਿਰਾਜਮਾਨ ਹੈ-ਬ੍ਰਹਮਾ, ਵਿਸ਼ਨੂੰ, ਮਹੇਸ਼ ਵਿਚ ਵੀ। ਫਿਰ ਗੁਰੂ ਰਵਿਦਾਸ, ਜਿਸ ਇਸ਼ਟ ਦਾ ਖੰਡਨ ਕਰਦੇ ਹਨ, ਉਨ੍ਹਾਂ ਦੇ ਹੀ ਚੇਲੇ ਕਿਵੇਂ ਹੋ ਸਕਦੇ ਹਨ?

ਸੋ ਉਪਰੋਕਤ ਸਾਰੀ ਚਰਚਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕਹਾਣੀ ਮਨਘੜਤ ਹੈ ਬ੍ਰਹਮ-ਸਰੂਪ ਗੁਰੂ ਰਵਿਦਾਸ ਜੀ ਨੂੰ ਬ੍ਰਾਹਮਣ-ਸਿੱਧ ਕਰਕੇ ਆਪਣਾ ਬਣਾਉਣ ਦਾ ਅਸਫਲ ਉਪਰਾਲਾ ਹੈ। ਸੋ ਗੁਰੂ ਰਵਿਦਾਸ ਜੀ ਕਿਸੇ ਤਰ੍ਹਾਂ ਵੀ ਸੁਆਮੀ ਰਾਮਾਨੰਦ ਦੇ ਚੇਲੇ ਸਿੱਧ ਨਹੀਂ ਹੁੰਦੇ।

ਸ੍ਰੀ ਪ੍ਰਿਯਾਦਾਸ ਪਿਛੋਂ ਜਿੰਨੇ ਵੀ ਵਿਦਵਾਨਾਂ ਨੇ ਸੁਆਮੀ ਰਾਮਾਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਸਿੱਧ ਕੀਤਾ ਹੈ- ਥੋੜ੍ਹੇ ਬਹੁਤ ਫਰਕ ਨਾਲ ਵੈਸ਼ਨਵ ਅਨੰਤ ਦਾਸ, ਨਾਭਾ ਜੀ

(1) ਆਦਿ ਗ੍ਰੰਥ—1293



ਅਤੇ ਪ੍ਰਿਯਾਦਾਸ ਜੀ ਮੁਤਾਬਕ ਹੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਉਦਾਹਰਣ ਦੇ ਤੌਰ ਤੇ "ਗੁਰੂ ਭਗਤ-ਮਾਲ" ਅਗਿਆਤ ਨਿਰਮਲੇ ਸੰਤ ਦੀ ਰਚਨਾ ਅਤੇ 'ਸਿਖ ਰਿਲਿਜਨ' ਮੈਕਾਲਿਫ ਸਾਹਿਬ ਦੀ ਰਚਨਾ ਹੈ, ਜਿਹੜੀ ਅੰਗਰੇਜ਼ੀ ਵਿਚ ਲਿਖੀ ਹੋਈ ਹੈ। ਇਸ ਘਟਨਾ ਪ੍ਰਤੀ ਡਾ: ਸਾਹਿਬ ਸਿੰਘ ਡੀ.ਲਿਟ. ਦੇ ਵਿਚਾਰ ਉਨ੍ਹਾਂ ਦੇ ਹੀ ਸ਼ਬਦਾਂ ਵਿਚ ਦੇ ਕੇ ਆਧੁਨਿਕ ਵਿਦਵਾਨਾਂ ਦੇ ਵਿਚਾਰਾਂ ਤੇ ਚਰਚਾ ਕਰਾਂਗੇ।

".. ਕਈ ਸ਼ਬਦਾਂ ਵਿਚ ਪਰਮਾਤਮਾ ਦੇ ਦਰ ਤੇ (ਗੁਰੂ) ਰਵਿਦਾਸ ਜੀ ਅਰਦਾਸ ਕਰਦੇ ਹਨ ਤੇ ਆਖਦੇ ਹਨ ਕਿ ਹੇ ਪ੍ਰਭੂ! ਮੇਰੇ ਮਨ ਦੇ ਵਿਕਾਰ ਦੂਰ ਕਰ, ਪਰ ਕਿਤੇ ਭੀ ਉਨ੍ਹਾਂ ਆਪਣੀ ਇਸ ਪਿਛਲੇ ਜਨਮ ਦੀ ਹੱਡ-ਬੀਤੀ ਦਾ ਹਵਾਲਾ ਦੇ ਕੇ ਨਹੀਂ ਆਖਿਆ ਕਿ ਭੁੱਲਾਂ ਦੇ ਕਾਰਣ ਹੀ ਮੈਂ ਬ੍ਰਾਹਮਣ ਜਨਮ ਤੋਂ ਡਿੱਗ ਕੇ ਚਮਾਰ ਜਾਤੀ ਵਿਚ ਅਪੜਿਆ। ਸਰਾਪ ਦੀ ਖ਼ਬਰ ਸਿਰਫ਼ ਦੋ ਜਣਿਆਂ ਨੂੰ ਹੀ ਸੀ। ਰਾਮਾਨੰਦ ਨੂੰ ਅਤੇ ਉਸ ਦੇ ਬ੍ਰਹਮਚਾਰੀ ਨੂੰ। ਚਮਾਰ ਦੇ ਘਰ ਜੰਮ ਕੇ ਪਹਿਲਾਂ ਪਹਿਲਾਂ ਅਜੇ ਉਸ ਬਾਲ ਨੂੰ ਚੇਤਾ ਭੀ ਸੀ ਮੈਂ ਬ੍ਰਾਹਮਣ ਤੋਂ ਚਮਾਰ ਬਣਿਆ ਹਾਂ। ਜੇ ਰਾਮਾਨੰਦ ਜੀ ਨੇ ਸਰਾਪ ਵਾਲੀ ਵਾਰਤਾ ਕਿਸੇ ਨੂੰ ਭੀ ਨਹੀਂ ਸੁਣਾਈ, ਤਾਂ 'ਗੁਰ ਭਗਤ-ਮਾਲ' ਦੇ ਲਿਖਾਰੀ ਨੂੰ ਕਿਥੋਂ ਸੂਹ ਲਗ ਗਈ? ਇਹ ਗਲ ਐਸੀ ਅਨੋਖੀ ਸੀ ਕਿ ਕਿਸੇ ਇੱਕ ਧਿਰ ਨੂੰ ਭੀ ਜੇ ਰਾਮਾਨੰਦ ਜੀ ਦੱਸ ਦੇਂਦੇ ਤਾਂ ਸਾਰੇ ਸ਼ਹਿਰ ਵਿਚ ਕਾਂਵਾਂ ਰੌਲੀ ਪੈ ਜਾਂਦੀ, ਤੇ ਲੋਕ ਹੁੱਮ ਹੁਮਾ ਕੇ ਉਸ ਅਨੋਖੇ ਬਾਲ ਨੂੰ ਵੇਖਣ ਤੁਰ ਪੈਂਦੇ ਤੇ, (ਗੁਰੂ) ਰਵਿਦਾਸ ਨੂੰ ਸਾਰੀ ਉਮਰ ਲੋਕ ਉਸ ਦੀ ਹੱਡ-ਬੀਤੀ ਚੇਤੇ ਕਰਾਉਂਦੇ ਰਹਿੰਦੇ। ਪਰ (ਗੁਰੂ) ਰਵਿਦਾਸ ਜੀ ਸਦਾ ਇਹੀ ਆਖਦੇ ਰਹੇ—

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥** - - - - -
**ਮੇਰੀ ਜਾਤਿ ਕੁਟ ਬਾਂਢਲਾ ਢੋਰ ਢਵੰਤਾ**
**ਨਿਤਹਿ ਬਾਨਾਰਸੀ ਆਸ ਪਾਸਾ॥**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**[1] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293)**

ਚਰਚਾ ਅਧੀਨ ਨੁਕਤੇ ਨੂੰ ਅਸੀਂ ਇੱਕ ਹੋਰ ਦ੍ਰਿਸ਼ਟੀ ਤੋਂ ਪਰਖਦੇ ਹਾਂ। ਉਹ ਕਿਹੜਾ ਸ੍ਰੋਤ ਹੈ ਜਿਸ ਨਾਲ ਵੈਸ਼ਨਵ ਅਨੰਤਦਾਸ ਨੂੰ ਅਤੇ ਸ੍ਰੀ ਪ੍ਰਿਯਾਦਾਸ ਨੂੰ ਪਤਾ ਲਗਦਾ ਹੈ ਕਿ (ਗੁਰੂ) ਰਵਿਦਾਸ ਨੇ ਸਰਾਪ ਕਾਰਣ ਬ੍ਰਾਹਮਣ ਕੁਲ ਤੋਂ ਸ਼ੂਦਰ ਕੁਲ ਵਿਚ ਜਨਮ ਲਿਆ ਹੈ? ਸੁਆਮੀ ਰਾਮਾਨੰਦ ਨੇ ਆਪਣੀ ਰਚਨਾ ਵਿੱਚ ਇਸ ਘਟਨਾ ਦਾ ਜ਼ਿਕਰ ਨਹੀਂ ਕੀਤਾ ਅਤੇ ਨਾ ਹੀਂ ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਇਸ ਦਾ ਜ਼ਿਕਰ ਆਇਆ ਹੈ। ਸਾਫ਼ ਜ਼ਾਹਰ ਹੈ ਕਿ ਇਹ ਘਟਨਾ ਦਲੀਲ ਤੇ ਪੂਰੀ ਨਹੀਂ ਉੱਤਰਦੀ। ਇਸ ਕਰਕੇ ਇਹ ਮੂਲੋਂ ਹੀ ਮਨਘੜਤ ਕਹਾਣੀ ਹੈ।

ਡਾ. ਸਾਹਿਬ ਸਿੰਘ ਚਮਾਰੀ ਮਾਂ ਦਾ ਦੁੱਧ ਨਾ ਪੀਣ ਦੀ ਘਟਨਾ ਦਾ ਵਰਣਨ ਕਰਦਿਆਂ

(1) ਭਗਤ ਬਾਣੀ ਸਟੀਕ ਹਿੱਸਾ ਦੂਜਾ—34-35 (ਬਾਣੀ ਭਗਤ ਰਵਿਦਾਸ ਜੀ)

ਸੁਆਮੀ ਰਾਮਾਨੰਦ ਦੇ ਸਰਾਪ ਬਾਰੇ ਲਿਖਦੇ ਹਨ:

"ਕੀ ਭਗਤੀ ਦਾ ਨਤੀਜਾ ਇਹੀ ਨਿਕਲਣਾ ਚਾਹੀਦਾ ਹੈ ਕਿ ਭਗਤ ਆਪ ਹੁਦਰੀਆਂ ਕਰਨ ਲਗ ਪੈਣ? ਤੇ, ਕੀ ਜੋ ਜੋ ਅਨਰਥ ਅਜਿਹੇ ਭਗਤ, ਜਗਤ ਵਿਚ ਕਰਨਾ-ਕਰਾਣਾ ਚਾਹੁਣ, ਰੱਬ ਨੂੰ ਜ਼ਰੂਰ ਕਰਨ ਪੈਂਦੇ ਹਨ? ਇਹ ਤਾਂ ਠੀਕ ਹੈ ਕਿ "**ਭਗਤ ਜਨਾ ਕਾ ਕਰੇ ਕਰਾਇਆ**" ਪਰ ਭਗਤ ਭੀ ਉਹੀ ਹੋ ਸਕਦਾ ਹੈ ਜੋ ਪਰਮਾਤਮਾ ਦੀ ਪੂਰਨ ਰਜ਼ਾ ਵਿਚ ਰਹਿੰਦਾ ਹੈ। ਭਗਤ ਕੋਈ ਐਸੀ ਗੱਲ ਚਿਤਵਦਾ ਹੀ ਨਹੀਂ ਜੋ ਪਰਮਾਤਮਾ ਦੀ ਮਰਜ਼ੀ ਅਨੁਸਾਰ ਨਾ ਹੋਵੇ।

ਇਸ ਕਹਾਣੀ ਵਿਚੋਂ ਇਕੋ ਗੱਲ ਸਾਫ ਦਿਸ ਰਹੀ ਹੈ ਕਿ ਇਸ ਦੇ ਘੜਨ ਵਾਲੇ ਨੂੰ ਚਮਾਰ ਆਦਿਕ ਨੀਵੀਂ ਜਾਤੀ ਵਾਲਿਆਂ ਤੋਂ ਨਫ਼ਰਤ ਹੈ, ਤੇ ਪਰਮਾਤਮਾ ਦੀ ਭਗਤੀ ਉਸਨੂੰ ਬ੍ਰਾਹਮਣ ਦਾ ਹੀ ਹੱਕ ਦਿੱਸਦਾ ਹੈ।[1]

ਇਸ ਚਰਚਾ ਤੋਂ ਇਹ ਸਿੱਟਾ ਕੁਦਰਤੀ ਹੀ ਨਿਕਲਦਾ ਹੈ ਕਿ ਉਪਰੋਕਤ ਕਹਾਣੀ ਦੀ ਰਚਨਾ ਮਨਘੜਤ ਹੈ, ਪਖੱਪਾਤੀ ਹੈ। ਇਹ ਵੀ ਸਿੱਧ ਹੋ ਗਿਆ ਹੈ ਕਿ ਵੈਸ਼ਨਵ ਅਨੰਤਦਾਸ ਕ੍ਰਿਤ "ਅਬ ਗ੍ਰੰਥ ਰੈਦਾਸ ਪਰਚਈ" ਜਿਸ ਦੀ ਸੰਪਾਦਨਾ ਡਾ. ਧਰਮ ਸਿੰਗਲ ਨੇ ਕੀਤੀ - ਇੱਕ ਸ਼ਰਾਰਤ ਪੂਰਣ ਪੁਸਤਕ ਹੈ। ਇਸ ਦਾ ਆਧਾਰ ਕੋਰਾ ਝੂਠ ਹੈ। ਇਸ ਸ਼ਰਾਰਤ ਦਾ, ਇਸ ਝੂਠ ਦਾ ਇਸ ਚਰਚਾ ਨੇ ਪਰਦਾ ਫਾਸ਼ ਕਰ ਦਿੱਤਾ ਹੈ। ਨਾਲ ਦੀ ਨਾਲ 'ਭਗਤ ਮਾਲ ਦਾ ਟੀਕਾ' ਪੁਸਤਕਾਂ ਵੀ ਰੱਦ ਹੋ ਗਈਆਂ ਹਨ। ਇਸ ਤਰ੍ਹਾਂ ਹਰ ਪੱਖ ਤੋਂ ਸਿੱਧ ਹੋ ਗਿਆ ਹੈ ਕਿ ਗੁਰੂ ਰਵਿਦਾਸ ਦਾ ਗੁਰੂ ਸੁਆਮੀ ਰਾਮਾਨੰਦ ਨਹੀਂ ਹੈ।

(1) ਓਹੀ—35-36



# III. ਗੁਰੂ ਰਵਿਦਾਸ: ਬ੍ਰਾਹਮਣਵਾਦੀ-ਵਿਦਵਾਨਾਂ ਅਨੁਸਾਰ ਉਨ੍ਹਾਂ ਦਾ ਗੁਰੂ

ਪਿਛਲੇ ਅਧਿਆਏ ਵਿੱਚ ਅਸੀਂ ਬ੍ਰਾਹਮਣ ਵਿਦਵਾਨਾਂ ਦੇ ਵਿਚਾਰਾਂ ਬਾਰੇ ਚਰਚਾ ਕੀਤੀ ਸੀ ਜਿਸ ਤੋਂ ਸਿੱਧ ਹੋ ਗਿਆ ਹੈ ਕਿ ਵੈਸ਼ਨਵ ਅਨੰਤਦਾਸ ਦੀ ਰਚਨਾ "ਅਬ ਗ੍ਰੰਥ ਰੈਦਾਸ ਪਰਚਈ" ਇੱਕ ਸ਼ਰਾਰਤਪੂਰਣ ਪੁਸਤਕ ਹੈ, ਜਿਸ ਦਾ ਆਧਾਰ ਕੋਰਾ ਝੂਠ ਹੈ। ਇਸ ਅਧਿਆਏ ਵਿੱਚ ਬ੍ਰਾਹਮਣਵਾਦੀ ਵਿਦਵਾਨਾਂ ਦੇ, ਗੁਰੂ ਰਵਿਦਾਸ ਜੀ ਦੇ ਗੁਰੂ ਬਾਰੇ ਵਿਚਾਰਾਂ ਤੇ ਚਰਚਾ ਕਰਾਂਗੇ। ਬ੍ਰਾਹਮਣਵਾਦੀ ਵਿਦਵਾਨ ਉਹ ਹਨ ਜਿਹੜੇ ਬ੍ਰਾਹਮਣ ਵਿਦਵਾਨਾਂ ਦੀ ਲੀਹ ਨੂੰ ਅੱਗੇ ਤੋਰਦੇ ਹਨ, ਭਾਵੇਂ ਉਹ ਬ੍ਰਾਹਮਣ ਹੈ ਜਾਂ ਖੱਤਰੀ, ਵੈਸ਼ ਹੈ ਜਾਂ ਸ਼ੂਦਰ, ਭਾਵੇਂ ਉਹ ਸਿੱਖ ਹੋਵੇ ਜਾਂ ਇਸਾਈ।

ਗੁਰੂ ਰਵਿਦਾਸ ਜੀ, ਗੁਰੂ ਕਬੀਰ ਜੀ ਆਦਿ ਬ੍ਰਹਮ-ਗਿਆਨੀ, ਬ੍ਰਾਹਮਣ ਵਿਦਵਾਨਾਂ ਅਤੇ ਬ੍ਰਾਹਮਣੀ ਸਮਾਜ ਨਾਲ, ਇਕੱਲੇ ਹੀ ਡੱਟ ਕੇ ਮੁਕਾਬਲਾ ਕਰ ਰਹੇ ਸਨ। ਪਰ ਉਸ ਸਮੇਂ ਵਿਚਰ ਰਹੀਆਂ ਵਿਰੋਧੀ ਪ੍ਰਸਥਿਤੀਆਂ ਦੇ ਹਾਵੀ ਹੋਣ ਕਰਕੇ ਅਜੇ ਸੰਭਾਵੀ ਸਿੱਟੇ ਨਹੀਂ ਸਨ ਨਿਕਲ ਰਹੇ। ਪਰ ਬ੍ਰਾਹਮਣ ਵਿਦਵਾਨ ਵੇਦਾਂ ਦੀ ਤਿੜਕ ਰਹੀ ਵਿਚਾਰਧਾਰਾ ਤੇ ਚਿੰਤਤ ਜ਼ਰੂਰ ਸਨ ਕਿਉਂਕਿ ਗੁਰੂ ਰਵਿਦਾਸ ਆਦਿ ਦੁਆਰਾ ਚਲਾਈ ਜਾ ਰਹੀ ਭਗਤੀ-ਲਹਿਰ ਦਾ ਪ੍ਰਭਾਵ ਆਪਣੇ ਰੰਗ ਦਿਖਾਉਣ ਲਗ ਪਿਆ ਸੀ। ਬੜੇ ਬੜੇ ਰਾਜਪੂਤ ਰਾਜੇ, ਰਾਣੀਆਂ ਅਤੇ ਬ੍ਰਾਹਮਣ, ਗੁਰੂ ਰਵਿਦਾਸ ਜੀ ਦੇ ਚੇਲੇ ਬਣ ਰਹੇ ਸਨ, ਜਿਵੇਂ ਮੀਰਾਂ ਬਾਈ, ਝਾਲੀ ਬਾਈ, ਚਤੌੜ ਦੇ ਰਾਜੇ ਆਦਿ। ਸੰਤ ਮਹਾਤਮਾ ਤਾਂ ਗੁਰੂ ਜੀ ਦੇ ਸ਼ਕਤੀਸ਼ਾਲੀ ਤਰਕ ਆਧਾਰਤ ਵਿਚਾਰਧਾਰਾ ਅਨੁਸਾਰ ਖੁਲ੍ਹੇ ਆਮ ਵੇਦਾਂ ਦੀ ਵਿਚਾਰਧਾਰਾ ਦਾ ਖੰਡਨ ਕਰ ਰਹੇ ਸਨ। ਜਿਵੇਂ ਗੁਰੂ ਕਬੀਰ, ਗੁਰੂ ਧੰਨਾ, ਗੁਰੂ ਨਾਨਕ ਜੀ ਆਦਿ। ਸੋ ਬ੍ਰਾਹਮਣ ਵਿਦਵਾਨਾਂ ਨੇ ਮਨਘੜਤ ਕਹਾਣੀਆਂ ਘੜਕੇ ਇਨ੍ਹਾਂ ਸ਼ੂਦਰ ਬ੍ਰਹਮ-ਗਿਆਨੀਆਂ ਨੂੰ ਬ੍ਰਾਹਮਣ ਸਿੱਧ ਕੀਤਾ ਅਤੇ ਇਨ੍ਹਾਂ ਦੀਆਂ ਬਾਣੀਆਂ ਨੂੰ ਧਾਰਮਿਕ ਉਤਸਵਾਂ ਵਿਚ, ਗੋਸ਼ਟੀਆਂ ਰਾਹੀਂ ਅਤੇ ਲਿਖਤਾਂ ਰਾਹੀਂ ਵੇਦਾਂ ਅਨੁਕੂਲ ਹੋਣ ਦਾ ਪ੍ਰਚਾਰ ਕਰਨਾ ਅਰੰਭ ਦਿੱਤਾ। ਇਸ ਤਰਕ-ਰਹਿਤ ਪ੍ਰਚਾਰ ਦਾ ਆਧਾਰ ਵੈਦਿਕ ਸੰਸਕ੍ਰਿਤੀ ਦੇ ਵੇਲੇ ਦੇ ਗੁਰੂ ਪਰੰਪਰਾ ਵਾਲਾ ਦਾਗੀ ਸਦਾਚਾਰ ਅਤੇ ਕੋਰਾ ਝੂਠ ਸੀ। ਭਾਵੇਂ ਇਹ ਹਥਿਆਰ ਉੱਕਾ ਹੀ ਕਾਰਗਰ ਨਹੀਂ ਸੀ ਪਰ ਵੇਦਾਂ ਦੀ ਵਿਚਾਰਧਾਰਾ ਨੂੰ ਬਚਾਉਣ ਲਈ ਆਮ ਜਨਤਾ ਨੂੰ ਇੱਕ ਹਥਿਆਰ ਜ਼ਰੂਰ ਮਿਲ ਗਿਆ। ਇਸ ਨਾਲ ਹਿੰਦੂ ਧਰਮ ਦੀ ਪਸ਼ੂ ਬਣਾਈ ਗਈ ਸ਼ੂਦਰ ਜਨਤਾ, ਜਿਸ ਨੂੰ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ

ਦੀ ਅਤਿਅੰਤ ਲੋੜ ਸੀ, ਆਸਾਨੀ ਨਾਲ ਇਸ ਜਾਲ ਵਿੱਚ ਫਸ ਗਈ ਅਤੇ ਵੀਹਵੀਂ ਸਦੀ ਵਿਚ ਵੀ ਇਸ ਵਿਚੋਂ ਨਿਕਲ ਨਹੀਂ ਸਕੀ।

ਪਰ ਇਨ੍ਹਾਂ ਬ੍ਰਾਹਮਣ ਵਿਦਵਾਨਾਂ ਨੇ ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਮਿਲਾਵਟ ਕਰਨ ਦਾ ਉਪਰਾਲਾ ਨਹੀਂ ਸੀ ਕੀਤਾ ਕਿਉਂਕਿ ਉਸ ਸਮੇਂ ਤਾਂ ਬ੍ਰਾਹਮਣੀ ਸਮਾਜ ਇਨ੍ਹਾਂ ਬ੍ਰਹਮ-ਗਿਆਨੀਆਂ ਦੀ ਰਚਨਾ ਨੂੰ ਨਸ਼ਟ ਕਰ ਰਿਹਾ ਸੀ। ਫਿਰ ਵੀ ਕੁਝ ਕੁ ਬਾਣੀ ਤਬਾਹੀ ਦੇ ਕ੍ਰੋਪ ਤੋਂ ਬਚ ਗਈ ਸੀ ਜਿਹੜੀ ਵੀਹਵੀਂ ਸਦੀ ਦੇ ਵਿਦਵਾਨਾਂ ਨੇ ਖੋਜ ਕੇ ਪ੍ਰਗਟ ਕੀਤੀ ਹੈ।

1604 ਵਿਚ 'ਆਦਿ ਗ੍ਰੰਥ' ਦਾ ਹੋਂਦ ਵਿਚ ਆਉਣਾ, ਇਕ ਬਹੁਤ ਮਹੱਤਵਪੂਰਣ ਚਮਤਕਾਰ ਸੀ। ਗੁਰੂ ਨਾਨਕ ਦੇਵ ਜੀ ਨੇ ਜਿਹੜੀ ਬਾਣੀ -ਗੁਰੂ ਰਵਿਦਾਸ ਜੀ ਤੋਂ ਪ੍ਰਾਪਤ ਕੀਤੀ ਸੀ, ਉਹ ਇਸ ਮਹਾਨ ਗ੍ਰੰਥ ਦਾ ਸ਼ਿੰਗਾਰ ਬਣ ਗਈ ਸੀ। 'ਆਦਿ ਗ੍ਰੰਥ' ਦੀ ਵਿਚਾਰਧਾਰਾ ਨਿਰੋਲ, ਨਵੀਂ, ਮੌਲਿਕ ਅਤੇ ਕ੍ਰਾਂਤੀਕਾਰੀ ਹੈ, ਪ੍ਰਭ ਇੱਕ ਹੈ, ਉਹ ਸਾਰੇ ਜੀਵਾਂ ਦਾ ਮਾਂ-ਪਿਉ ਹੈ, ਉਸ ਦੇ ਵਿਧਾਨ ਵਿਚ ਕੋਈ ਜ਼ਾਤ-ਪਾਤ ਨਹੀਂ।

ਇਸ ਤੋਂ ਇਹ ਨਿਰਣਾ ਵੀ ਸਪੱਸ਼ਟ ਭਾਂਤ ਤੈਅ ਹੋ ਜਾਂਦਾ ਹੈ ਕਿ 'ਆਦਿ ਗ੍ਰੰਥ' ਦੀ ਵਿਚਾਰਧਾਰਾ ਤੋਂ ਵੱਖਰੀ ਵਿਚਾਰਧਾਰਾ ਰੱਖਣ ਵਾਲੇ, 'ਆਦਿ ਗ੍ਰੰਥ' ਵਿਚ ਬਿਰਾਜਮਾਨ ਮਹਾਂਪੁਰਸ਼ਾਂ ਦਾ ਗੁਰੂ ਨਹੀਂ ਹੋ ਸਕਦਾ ਕਿਉਂਕਿ ਵਿਚਾਰਧਾਰਾ ਆਪਸੀ ਵਿਰੋਧ ਕਾਰਣ ਅਜਿਹਾ ਵਾਪਰਨਾ ਮੂਲੋਂ ਹੀ ਸੰਭਵ ਨਹੀਂ ਹੈ।

ਇਸ ਮਹਾਨ ਚਮਤਕਾਰ ਕਾਰਣ ਵੀਹਵੀਂ ਸਦੀ ਦੇ ਬ੍ਰਾਹਮਣਵਾਦੀ ਵਿਦਵਾਨਾਂ ਲਈ ਪਹਿਲੀਆਂ ਮਨਘੜਤ ਕਹਾਣੀਆਂ ਦਾ ਸਹਾਰਾ ਲੈ ਕੇ ਸੁਆਮੀ ਰਾਮਾਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਬਣਾਈ ਰੱਖਣਾ ਕਠਿਨ ਬਣ ਗਿਆ ਸੀ। ਇਸ ਲਈ ਡਾ: ਬਦਰੀ ਪ੍ਰਸਾਦ ਸ਼ਰਮਾ ਨੇ ਬਾਹਰਲੀ ਬਾਣੀ ਵਿਚ ਮਿਲਾਵਟ ਕਰਕੇ ਇਕ ਖਤਰਨਾਕ ਇਖਲਾਕ ਤੋਂ ਗਿਰੀ ਹੋਈ ਘਿਨਾਉਣੀ ਸ਼ਰਾਰਤ ਘੜ ਕੇ ਨਵੀਂ ਸਾਜ਼ਸ਼ ਨੂੰ ਜਨਮ ਦਿੱਤਾ। ਇਸ ਸ਼ਰਾਰਤ ਨੂੰ ਗੁਰੂ ਰਵਿਦਾਸ ਚੇਅਰ ਦੇ ਪ੍ਰੋਫੈਸਰ ਅਤੇ ਮੁਖੀ ਡਾ: ਧਰਮ ਪਾਲ ਸਿੰਗਲ ਨੇ ਪੂਰੇ ਜ਼ੋਰ ਸ਼ੋਰ ਨਾਲ ਉਭਾਰਿਆ ਅਤੇ ਇਸ ਘਿਨਾਉਣੀ ਸਾਜ਼ਸ਼ ਨੂੰ ਪੂਰੀ ਸ਼ਕਤੀ ਨਾਲ ਹਵਾ ਦਿੱਤੀ। ਇਸ ਤਰ੍ਹਾਂ ਡਾ: ਬੀ.ਪੀ. ਸ਼ਰਮਾ, ਡਾ: ਧਰਮ ਪਾਲ ਸਿੰਗਲ ਆਦਿ ਨੇ ਇਕ ਨਵੀਂ ਨੀਤੀ ਨੂੰ ਜਨਮ ਦਿੱਤਾ। ਇਨ੍ਹਾਂ ਵਿਦਵਾਨਾਂ ਨੇ ਹੇਠ ਲਿਖੀ ਸਕੀਮ ਬਣਾਈ ਜਿਹੜੀ ਵੈਦਿਕ ਸੰਸਕ੍ਰਿਤੀ ਦੇ ਬ੍ਰਾਹਮਣ ਵਿਦਵਾਨਾਂ ਨਾਲੋਂ ਵੀ ਵੱਧ-ਇਖਲਾਕੀ, ਝੂਠ ਅਤੇ ਧੋਖੇਬਾਜ਼ੀ 'ਤੇ ਆਧਾਰਤ ਸੀ-

1. ਪਹਿਲੀਆਂ ਮਨਘੜਤ ਕਹਾਣੀਆਂ ਦਾ ਆਧਾਰ ਜਾਤ-ਪਾਤ ਸੀ, ਇਸ ਕਰਕੇ ਇਨ੍ਹਾਂ ਨੂੰ ਲਗਭਗ ਤਿਆਗ ਦਿੱਤਾ ਗਿਆ।

2. ਗੁਰੂ ਰਵਿਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਬਾਣੀ ਵਿਚ ਮਿਲਾਵਟ ਕਰਕੇ ਸੁਆਮੀ ਰਾਮਾਨੰਦ ਨੂੰ ਉਨ੍ਹਾਂ ਦਾ ਗੁਰੂ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ।



3. ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਵੇਦਾਂ-ਸ਼ਾਸਤਰਾਂ ਦੇ ਅਨੁਕੂਲ ਸਿੱਧ ਕਰਨ ਲਈ ਬਾਹਰਲੀ ਬਾਣੀ ਵਿਚ ਮਿਲਾਵਟ ਕੀਤੀ ਗਈ।

ਡਾ. ਬੀ.ਪੀ. ਸ਼ਰਮਾ ਨੇ ਆਪਣੀ 'ਸੰਤ ਗੁਰੂ ਰਵਿਦਾਸ ਬਾਣੀ' (ਸੰਮਤ ੨੦੩੫ ਸੰਨ) ਵਿਚ ਹੇਠ ਲਿਖੇ ਪਦਾਂ ਵਿੱਚ ਮਿਲਾਵਟ ਕੀਤੀ:

(1) ਸੁਆਮੀ ਰਾਮਾਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਸਿੱਧ ਕਰਨ ਲਈ ਮਿਲਾਵਟ ਵਾਲੇ ਪਦ ਹਨ ਪਦ ਨੰ: 162, 153, 140,141 ਅਤੇ 92.

(2) ਪਦ ਨੰ:90 ਵਿਚ ਮਿਲਾਵਟ ਕਰਕੇ ਗੁਰੂ ਰਵਿਦਾਸ ਨੂੰ ਵੇਦਾਂ ਦੇ ਮੰਨਣ ਵਾਲਾ ਸਿੱਧ ਕੀਤਾ ਗਿਆ ਹੈ।

ਪਰ ਹੈਰਾਨੀ ਦੀ ਗੱਲ ਹੈ ਕਿ ਡਾ. ਬੀ.ਪੀ. ਸ਼ਰਮਾ ਨੇ ਗੁਰੂ ਰਵਿਦਾਸ ਜੀ ਦੇ 'ਗੁਰੂ' ਸੁਆਮੀ ਰਾਮਾਨੰਦ ਹਨ-ਨੂੰ ਪ੍ਰਮਾਣਿਤ ਕਰਨ ਲਗਿਆਂ ਆਪਣੀ ਪੁਸਤਕ ਵਿਚ ਦਰਜ ਉਪਰੋਕਤ ਪਦਾਂ ਦਾ ਸਹਾਰਾ ਨਹੀਂ ਲਿਆ। ਉਹ ਤਾਂ ਸੁਆਮੀ ਜੀ ਨੂੰ ਗੁਰੂ ਰਵਿਦਾਸ ਜੀ ਦਾ 'ਗੁਰੂ' ਪ੍ਰਮਾਣਿਤ ਹੀ ਨਹੀਂ ਕਰਦੇ। ਉਹ ਕੇਵਲ ਹੇਠ ਲਿਖੀ ਇਕ ਸਤਰ ਲਿਖਕੇ, ਸੁਆਮੀ ਰਾਮਾਨੰਦ ਦੇ ਚੇਲਿਆਂ ਦੀ, ਵੈਸ਼ਨਵ ਅਨੰਤ ਦਾਸ ਅਨੁਸਾਰ ਲਿਸਟ ਦੇਣੀ ਸ਼ੁਰੂ ਕਰ ਦਿੰਦੇ ਹਨ:

" ਰੈਦਾਸ, ਕਬੀਰ ਦੋਨੋਂ ਸੁਆਮੀ ਰਾਮਾਨੰਦ ਕੇ ਸਮਕਾਲੀਨ ਐਂਬ ਉਨ ਕੇ ਸ਼ਿਸ਼ ਥੇ, ਇਸ ਮੇਂ ਕਈ ਸੰਦੇਹ ਕੀ ਗੁੰਜਾਇਸ਼ ਨਹੀਂ ਹੈ।

ਰਾਮਾਨੰਦ ਕੇ ਸ਼ਿਸ਼ ਕਬੀਰ.. .. .."[1]

ਡਾ. ਬੀ.ਪੀ. ਸ਼ਰਮਾ ਨੇ ਆਪਣੀ ਉਪਰੋਕਤ ਪੁਸਤਕ ਵਿੱਚ ਪੰਜ ਪਦਾਂ ਵਿਚ ਸਪੱਸ਼ਟ ਤੌਰ 'ਤੇ ਗੁਰੂ ਰਵਿਦਾਸ ਜੀ ਦੇ ਗੁਰੂ ਸੁਆਮੀ ਰਾਮਾਨੰਦ ਨੂੰ ਦਰਜ ਕੀਤਾ ਹੈ। ਫਿਰ ਉਨ੍ਹਾਂ ਨੇ ਸੁਆਮੀ ਜੀ ਨੂੰ 'ਗੁਰੂ' ਪ੍ਰਮਾਣਿਤ ਕਰਨ ਲਈ ਉਨ੍ਹਾਂ ਪਦਾਂ ਦੀ ਵਰਤੋਂ ਕਿਉਂ ਨਾ ਕੀਤੀ? ਕਾਰਣ ਬੜਾ ਸਪੱਸ਼ਟ ਹੈ, ਉਨ੍ਹਾਂ ਨੂੰ ਆਪਣੀ ਕੀਤੀ ਮਿਲਾਵਟ ਦਾ ਪਾਲਾ ਮਾਰ ਰਿਹਾ ਸੀ। ਇਸ ਲਈ ਉਨ੍ਹਾਂ ਨੂੰ ਇਨ੍ਹਾਂ ਪਦਾਂ ਦੀ ਵਰਤੋਂ ਕਰਨ ਦੀ ਹਿੰਮਤ ਨਾ ਪਈ ਜਦਕਿ ਇਹ ਗਵਾਹੀ ਨਵੀਨ ਤਰਕ ਆਧਾਰਤ ਅਤੇ ਮੰਨਣਯੋਗ ਬਣ ਜਾਣੀ ਸੀ।

ਪਰ ਡਾ. ਧਰਮ ਪਾਲ ਸਿੰਗਲ ਨੇ 1983 ਵਿਚ 'ਸੰਤ ਸ਼ਿਰੋਮਣੀ ਰਵਿਦਾਸ' ਦੀ ਰਚਨਾ ਕੀਤੀ। ਉਸ ਵਿਚ ਉਨ੍ਹਾਂ ਨੇ ਸੁਆਮੀ ਰਾਮਾਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਦਸਦੇ ਹੋਏ ਸਬੂਤ ਵਜੋਂ ਡਾ. ਬੀ.ਪੀ. ਸ਼ਰਮਾ ਦੀ ਪੁਸਤਕ 'ਸੰਤ ਗੁਰੂ ਰਵਿਦਾਸ ਬਾਣੀ' ਦੇ ਉਹੋ ਹੀ ਸਾਰੇ ਪਦ ਵਰਤੇ ਹਨ, ਜਿਨ੍ਹਾਂ ਨੂੰ ਡਾ. ਸ਼ਰਮਾ ਨੇ ਖ਼ੁਦ ਨਹੀਂ ਵਰਤਿਆ। ਡਾ. ਧਰਮ ਪਾਲ ਸਿੰਗਲ ਲਿਖਦੇ ਹਨ:

"..ਇਸ ਗੱਲ ਦੀ ਬਾਹਰਲੀ ਗਵਾਹੀ ਤਾਂ ਮਿਲਦੀ ਹੀ ਹੈ, ਖ਼ੁਦ ਰਵਿਦਾਸ ਬਾਣੀ ਵਿਚ ਇਸ ਬਾਰੇ ਭਰਪੂਰ ਹਵਾਲੇ ਮਿਲਦੇ ਹਨ। ਕੁਝ ਦੇਖੋ:

(1) ਸੰਤ-ਗੁਰੂ ਰਵਿਦਾਸ-ਬਾਣੀ—24

1. ਮਾਯਾ ਮੋਹਲਾ ਕਾਨ੍ਹਾ-ਪਦ ਨੰ: 92

2. ਅਨਿਕ ਬਾਰ ਜੰਮੇ-ਪਦ ਨੰ : 153

3. ਅਹੋ ਦੇਵ ਤੇਰੀ -ਪਦ ਨੰ: 162

4. ਰੰ ਰਾਮ ਮੋਹਿ-ਪਦ ਨੰ: 140

5. ਰੇ ਪਾਯੋ ਰੇ-ਪਦ ਨੰ: 141"[1]

ਹੈਰਾਨੀ ਦੀ ਗੱਲ ਹੈ ਕਿ ਗੁਰੂ ਰਵਿਦਾਸ ਜੀ ਦੇ ਗੁਰੂ ਬਾਰੇ ਵਿਚਾਰ ਕਰਦਿਆਂ ਡਾ. ਸਿੰਗਲ ਨੇ ਵੈਸ਼ਨਵ ਅਨੰਤ ਦਾਸ ਆਦਿ ਰਚਨਾਵਾਂ ਦਾ ਸਹਾਰਾ ਨਹੀਂ ਲਿਆ। ਇਸ ਤੋਂ ਸਿੱਧ ਹੁੰਦਾ ਹੈ ਕਿ ਮਿਲਾਵਟ ਡਾ. ਬੀ.ਪੀ. ਸ਼ਰਮਾ ਨੇ ਕੀਤੀ ਅਤੇ ਮਿਲਾਵਟ ਨੂੰ ਸ਼ਕਤੀਸ਼ਾਲੀ ਢੰਗ ਨਾਲ ਹਵਾ ਡਾ: ਧਰਮ ਪਾਲ ਸਿੰਗਲ ਨੇ ਦਿੱਤੀ ਅਤੇ ਅੱਗੇ ਤੋਰਿਆ। ਡਾ. ਸਿੰਗਲ ਨੇ ਗੁਰੂ ਰਵਿਦਾਸ ਚੇਅਰ ਤੇ ਬਿਰਾਜਮਾਨ ਹੁੰਦਿਆਂ ਹੀ ਡਾ: ਬੀ.ਪੀ.ਸ਼ਰਮਾ ਦੀ ਪੁਸਤਕ ਵਿਚੋਂ ਉਪਰੋਕਤ ਸਾਰੇ ਪਦ ਚੇਅਰ ਦੇ ਨਾਮ ਹੇਠ ਸੰਪਾਦਿਕ ਕੀਤੀ (1986) ਪੁਸਤਕ 'ਬਾਣੀ ਸ੍ਰੀ ਗੁਰੂ ਰਵਿਦਾਸ ਜੀ' ਵਿੱਚ ਦਰਜ ਕਰ ਦਿੱਤੇ। ਇਸ ਤਰ੍ਹਾਂ ਗੁਰੂ ਰਵਿਦਾਸ ਚੇਅਰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੁਆਰਾ ਛਾਪੀ ਪੁਸਤਕ "ਬਾਣੀ ਸ੍ਰੀ ਗੁਰੂ ਰਵਿਦਾਸ ਜੀ" ਨੂੰ ਪੰਜਾਬ ਯੂਨੀਵਰਸਿਟੀ ਅਤੇ ਪੰਜਾਬ ਸਰਕਾਰ ਦੀ ਮਾਨਤਾ ਵੀ ਮਿਲ ਗਈ।

ਇਸ ਤਰ੍ਹਾਂ ਡਾ. ਸਿੰਗਲ ਨੇ ਡਾ. ਬੀ.ਪੀ. ਸ਼ਰਮਾ ਦਾ ਅਧੂਰਾ ਕੰਮ ਪੂਰੇ ਸਰਕਾਰੀ ਸਨਮਾਨਾਂ ਨਾਲ ਪੂਰਾ ਕਰ ਲਿਆ। "ਬਾਣੀ ਸ੍ਰੀ ਗੁਰੂ ਰਵਿਦਾਸ ਜੀ" ਵਿੱਚ ਸੁਆਮੀ ਰਾਮਾਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਬਣਾਉਣ ਵਾਲੇ ਉਹੋ ਹੀ ਪਦ ਹਨ ਜਿਹੜੇ ਡਾ. ਸ਼ਰਮਾ ਦੀ ਪੁਸਤਕ ਵਿਚ ਦਰਜ ਹਨ ਅਤੇ ਉਹ ਵੀ ਪਦ ਸ਼ਾਮਿਲ ਹਨ ਜਿਹੜੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਵੇਦਾਂ ਦੇ ਅਨੁਕੂਲ ਸਿੱਧ ਕਰਦੇ ਹਨ। ਸੋ ਦੋਹਾਂ ਵਿਚੋਂ ਇਕ ਪੁਸਤਕ ਤੇ ਵਿਚਾਰ ਕਰਨ ਨਾਲ ਦੋਹਾਂ ਹੀ ਪੁਸਤਕਾਂ ਤੇ ਵਿਚਾਰ ਹੋ ਜਾਵੇਗਾ। ਪਰ ਇਨ੍ਹਾਂ ਨੂੰ ਅਗਲੇ ਪੰਨਿਆਂ ਵਿਚ ਵਿਚਾਰਾਂਗੇ।

ਇਸ ਤੋਂ ਪਹਿਲਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਡਾ. ਧਰਮ ਪਾਲ ਸਿੰਗਲ ਨੇ ਗੁਰੂ ਰਵਿਦਾਸ ਚੇਅਰ ਦੇ ਮੁਖੀ ਦੇ ਤੌਰ ਤੇ ਗੁਰੂ ਰਵਿਦਾਸ ਜੀ ਦਾ 'ਗੁਰੂ ਕੌਣ' ਵੈਸ਼ਨਵ ਅਨੰਤ ਦਾਸ, ਨਾਭਾ ਜੀ ਅਤੇ ਪ੍ਰਿਯਾਦਾਸ ਦੀਆਂ ਅਤੇ ਇਨ੍ਹਾਂ ਤੋਂ ਇਲਾਵਾ ਹੋਰ ਰਚਨਾਵਾਂ ਵਿਚ ਆਏ ਵਿਚਾਰਾਂ ਨੂੰ ਕਿਵੇਂ ਨਜਿਠਿਆ ਹੈ। ਇਹ ਅਸੀਂ ਇਸ ਕਰਕੇ ਕਰ ਰਹੇ ਹਾਂ ਕਿ ਹੁਣ ਗੁਰੂ ਰਵਿਦਾਸ ਸੰਬੰਧੀ ਬੁਹਤੀ ਰਚਨਾ ਗੁਰੂ ਰਵਿਦਾਸ ਚੇਅਰ ਅਧੀਨ ਹੋ ਰਹੀ ਹੈ। ਬਾਕੀ ਦੇ ਵਿਦਵਾਨ ਲਗਭਗ ਚੇਅਰ ਅਨੁਸਾਰ ਹੀ ਸਿਰਜਣਾ ਕਰਦੇ ਪ੍ਰਤੀਤ ਹੁੰਦੇ ਹਨ। ਖਾਸ ਕਰਕੇ ਗੁਰੂ ਰਵਿਦਾਸ ਜੀ ਦੇ 'ਗੁਰੂ' ਬਾਰੇ। ਇਸ ਲਈ ਅਸੀਂ ਡਾ. ਸਿੰਗਲ ਦੀਆਂ ਕ੍ਰਿਤਾਂ ਅਤੇ ਉਨ੍ਹਾਂ ਦੀ ਨਿਗਰਾਨੀ ਹੇਠ ਬਤੌਰ ਨਿਗਰਾਨ ਪਾਸ ਹੋਏ ਥੀਸਸਾਂ ਤੇ ਹੀ ਚਰਚਾ ਕਰਾਂਗੇ। ਸੋ ਚਾਰ ਪੱਖਾਂ ਤੋਂ ਵਿਚਾਰ ਕਰਨਾ ਬਣਦਾ ਹੈ:

(1) ਪੰਨਾ—34-36



**I**. ਡਾ. ਸਿੰਗਲ ਦੀਆਂ ਸੰਪਾਦਿਤ ਪੁਸਤਕਾਂ ਦੇ ਪ੍ਰਸਤਾਵਨਾ, ਭੂਮਿਕਾ ਅਤੇ ਉਥਾਨ ਆਦਿ।

**II**. ਡਾ. ਸਿੰਗਲ ਦੇ ਨਿਗਰਾਨ ਦੇ ਤੌਰ ਤੇ ਆਪਣੀ ਅਗਵਾਈ ਵਿੱਚ ਲਿਖੇ ਗਏ ਪੀ. ਐਚ.ਡੀ. ਦੇ ਥੀਸਸ।

**III**. ਡਾ. ਸਿੰਗਲ ਦੀ ਸੰਪਾਦਿਤ ਪੁਸਤਕ- "ਬਾਣੀ ਗੁਰੂ ਰਵਿਦਾਸ ਜੀ"।

**IV**. ਗੁਰੂ ਰਵਿਦਾਸ ਦਰਪਣ (ਟੀਕਾ)

1. ਡਾ. ਸਿੰਗਲ ਨੇ 1985 ਵਿੱਚ "ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ" ਦੀ ਸੰਪਾਦਨਾ ਕੀਤੀ ਹੈ। ਉਸ ਦੀ ਭੂਮਿਕਾ ਵਿੱਚ ਉਹ ਲਿਖਦੇ ਹਨ:

"ਅਸਲ ਵਿਚ ਸੁਆਮੀ ਰਾਮਾਨੰਦ ਵਲੋਂ ਚਲਾਈ ਵੈਸ਼ਣਵ ਭਗਤੀ-ਲਹਿਰ ਦਾ ਇੱਕ ਮਾਤਰ ਉਦੇਸ਼ ਰਾਮ-ਭਗਤੀ ਰਾਹੀਂ ਜਾਤ-ਪਾਤ ਦਾ ਭੇਦ-ਭਾਵ ਮਿਟਾ ਕੇ ਭਾਰਤ ਦੀਆਂ ਵੱਖ-ਵੱਖ ਜ਼ਾਤਾਂ, ਵਰਗਾਂ ਵਿਚ ਭਾਵਾਤਮਕ ਏਕਤਾ ਪੈਦਾ ਕਰਨਾ, ਭਾਰਤੀ ਧਰਮ ਤੇ ਸਭਿਆਚਾਰ ਦੀ ਰਖਿਆ ਅਤੇ ਦੇਸ਼-ਭਗਤੀ ਰਿਹਾ ਹੈ।"[1]

1. ਵੈਸ਼ਨਵ, ਦਸਰਥ ਪੁਤਰ ਭਗਵਾਨ ਰਾਮ ਦੀ ਭਗਤੀ ਕਰਦੇ ਹਨ। ਕੀ ਗੁਰੂ ਰਵਿਦਾਸ ਵੀ ਦਸਰਥ ਪੁਤਰ ਭਗਵਾਨ ਰਾਮ ਦੀ ਭਗਤੀ ਕਰਦੇ ਹਨ? ਨਹੀਂ ਫਿਰ ਸੁਆਮੀ ਰਾਮਾਨੰਦ ਵੈਸ਼ਨਵ ਗੁਰੂ ਰਵਿਦਾਸ ਦੇ ਗੁਰੂ ਕਿਵੇਂ ਹੋ ਸਕਦੇ ਹਨ?

2. ਰਾਮ-ਭਗਤੀ ਰਾਹੀਂ ਜਾਤ-ਪਾਤ ਦਾ ਭੇਦ-ਭਾਵ ਮਿਟਾਉਣਾ: ਕੀ ਵੈਸ਼ਨਵ-ਇਸ਼ਟ, 'ਅਵਤਾਰ' ਰਾਮ ਨੇ ਸੰਭੂਕ ਨੂੰ ਇਸ ਕਰਕੇ ਕਤਲ ਨਹੀਂ ਸੀ ਕੀਤਾ ਕਿ ਉਹ ਸ਼ੂਦਰ ਹੈ? ਕੀ ਸੁਆਮੀ ਰਾਮਾਨੰਦ ਨੇ ਸਰਾਪ ਦੇ ਕੇ ਆਪਣੇ ਬ੍ਰਹਮਚਾਰੀ ਚੇਲੇ ਨੂੰ ਨੀਚ ਕੁਲ ਵਿਚ ਜਨਮ ਲੈਣ ਤੇ ਮਜ਼ਬੂਰ ਨਹੀਂ ਸੀ ਕੀਤਾ? ਸੋ ਸੁਆਮੀ ਜੀ ਜਾਤ-ਪਾਤ ਦੇ ਕਟੜ ਮੁੱਦਈ ਸਨ। ਫਿਰ ਉਹ ਜ਼ਾਤ-ਪਾਤ ਦਾ ਭੇਦ ਮਿਟਾਉਣ ਦੀ ਗੱਲ ਸੋਚਣ ਦੀ ਗਲਤੀ ਕਿਵੇਂ ਕਰ ਸਕਦੇ ਸਨ?

3. ਭਾਰਤੀ ਧਰਮ ਦਾ ਭਾਵ ਹਿੰਦੂ ਧਰਮ ਹੈ ਕਿਉਂਕਿ ਭਾਰਤੀ ਧਰਮ, ਭਾਰਤ ਵਿਚ ਹੈ ਹੀ ਨਹੀਂ। ਦੂਜੇ ਉਸ ਸਮੇਂ ਹੋਰ ਧਰਮ ਨਾ ਮਾਤਰ ਹੀ ਪ੍ਰਭਾਵ ਰਖਦੇ ਸਨ। ਵੈਸ਼ਣਵ ਧਰਮ ਹਿੰਦੂ ਧਰਮ ਦਾ ਹੀ ਤਾਂ ਪ੍ਰਚਾਰਕ ਸੀ। ਹਿੰਦੂ-ਧਰਮ ਅਤੇ ਸਭਿਆਚਾਰ ਬਾਰੇ ਅਸੀਂ ਪਿਛਲੇ ਅਧਿਆਏ ਵਿਚ ਵਿਚਾਰ ਕਰ ਆਏ ਹਾਂ। ਫਿਰ ਡਾ. ਸਿੰਗਲ ਕਿਹੜੀ ਦੇਸ਼-ਭਗਤੀ ਦੀ ਗੱਲ ਕਰਦੇ ਹਨ ਜਿਸ ਦਾ ਵੈਸ਼ਣਵ ਪ੍ਰਚਾਰ ਕਰਦੇ ਸਨ?

ਸੋ ਇਸ ਚਰਚਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਡਾ. ਸਿੰਗਲ ਅਸੰਭਵ ਨੂੰ ਸੰਭਵ ਬਣਾਉਣ ਤੇ ਤੁਲੇ ਹੋਏ ਹਨ। ਜਦ ਕਿ ਅਜਿਹਾ ਕਿਸੇ ਤਰ੍ਹਾਂ ਵੀ ਨਹੀਂ ਹੋ ਸਕਦਾ। ਪਿਛਲੇ ਅਧਿਆਏ ਵਿਚ ਅਸੀਂ ਅਨੰਤ ਦਾਸ ਦੀਆਂ ਪਰਚੀਆਂ ਤੇ ਵਿਚਾਰ ਕਰ ਆਏਂ ਹਾਂ। ਜਿਸ ਦਾ ਸਿੱਟਾ-ਸਾਡਾ ਤੇ ਡਾ. ਸਾਹਿਬ ਸਿੰਘ ਜੀ ਦਾ ਇਕੋ ਹੀ ਹੈ ਕਿ ਉਪਰੋਕਤ ਪਰਚੀਆਂ ਦਾ ਕਰਤਾ

(1) ਪੰਨਾ—7

ਵੈਸ਼ਣਵ ਨੀਵੀਂ ਜਾਤ ਵਾਲਿਆਂ ਨੂੰ ਨਫ਼ਰਤ ਕਰਦਾ ਹੈ। ਇਹੋ ਹੀ ਵੈਸ਼ਣਵ ਸੰਪਰਦਾ ਦੀ ਬੁਨਿਆਦ ਹੈ।

ਉਥਾਨਕਾ ਵਿੱਚ ਡਾ. ਸਿੰਗਲ ਲਿਖਦੇ ਹਨ:

"....ਇਹੋ ਕਾਰਣ ਹੈ ਕਿ ਉਨ੍ਹਾਂ ਦੇ ਦੇਸ਼ ਦੇ ਆਖੇ ਜਾਂਦੇ ਨਿਰਬਲ ਤੇ ਹੀਣੇ ਵਰਗਾਂ ਵਿਚੋਂ ਕਬੀਰ, ਰਵਿਦਾਸ ਅਤੇ ਸੇਨ ਆਦਿ ਨੂੰ ਆਪਣੇ ਮਹਾਨ ਜਨ-ਅੰਦੋਲਨ ਵਿਚ ਬਰਾਬਰ ਦਾ ਭਾਗੀਦਾਰ ਬਣਾਇਆ ਅਤੇ ਫੇਰ ਖੁਦ ਗੁਰੂ ਰਵਿਦਾਸ ਦੀ ਬਾਣੀ ਵਿਚ ਹੀ ਇਕ ਨਹੀਂ ਕਈ ਥਾਂਈ ਰਾਮਾਨੰਦ ਨੂੰ ਗੁਰੂ ਮੰਨਿਆ ਹੈ ਜਿਵੇਂ:

1. **ਦਾਸ ਰਵਿਦਾਸ ਯਹੁ ਕਾਲ ਵਯਾਕੁਲ ਭਯੋ**
   **ਤ੍ਰਾਹਿ ਤ੍ਰਾਹਿ ਗੁਰੂ ਰਾਮਾ ਆਲੰਬਨ ਮੋਰੇ॥**
2. **ਰੇ ਰਾਮ ਮੋਹਿ ਗੁਰੂ ਰਾਮਾ ਦੀਨਹੋ**
   **ਨਾਹਿ ਇਹ ਮੰਤਰ ਵਿਸਾਰਉ॥**
   **ਕਹੈ ਰਵਿਦਾਸ ਰੰਰਕਾਰ ਜਪਤਹਿੰ**
   **ਭੌ ਸਾਗਰ ਤਰਿ ਜਾਉਂ॥**

"ਇਕ ਸਜਣ ਨੇ ਤਾਂ 'ਰਾਮ' ਤੇ 'ਸਤਿਨਾਮ' ਦਾ ਸਹਾਰਾ ਲੈ ਕੇ ਦੱਸਣ ਦਾ ਯਤਨ ਕੀਤਾ ਹੈ ਕਿ ਗੁਰੂ ਰਵਿਦਾਸ 'ਰਾਮ' ਨਹੀਂ ਸਗੋਂ ਸਤਿਨਾਮ ਦੇ ਮੰਤਰ ਦੇ ਉਪਾਸਕ ਸਨ। ਜਾਪਦਾ ਹੈ ਕਿ ਸਾਡੇ ਵੀਰ ਆਪਣੇ ਮਤ ਦੀ ਸਥਾਪਨਾ ਲਈ ਅਸਲੀਅਤ ਨੂੰ ਵੀ ਪਛਾਣਨ ਲਈ ਤਿਆਰ ਨਹੀਂ ਹਨ ਅਤੇ ਖੂਹ ਦੇ ਡੱਡੂ ਵਾਂਗ ਬਾਹਰਲੇ ਪ੍ਰਕਾਸ਼ਮਾਨ ਗੁਰੂ-ਖ਼ਜ਼ਾਨੇ ਵਲ ਨਜ਼ਰ ਮਾਰਨਾ ਹੀ ਨਹੀਂ ਚਾਹੁੰਦੇ। ਗੁਰੂ ਰਵਿਦਾਸ ਜੀ ਲਈ ਰਾਮ, ਕੇਸੋ, ਵਿਠਲ, ਮਾਧਵ, ਹਰਿ ਸਾਲਿਗਰਾਮ, ਮਾਧਓ ਤੇ ਸਤਿਨਾਮ ਵਿਚ ਕੋਈ ਅੰਤਰ ਨਹੀਂ ਸੀ। ਅਫੋਸਸ ਹੈ ਕਿ ਅਸੀਂ ਆਪਣੀਆਂ ਐਨਕਾਂ ਦੇ ਸ਼ੀਸ਼ੇ ਹੀ ਬਦਲ ਲਏ ਹਨ। ਗੁਰੂ ਰਵਿਦਾਸ ਜੀ ਗੁਰੂ ਦੀ ਪ੍ਰਾਪਤੀ ਉੱਤੇ ਤਾਂ ਬਲ ਦਿੰਦੇ ਹੀ ਹਨ ਪਰ ਖੁਦ ਵੀ ਬੇ-ਗੁਰੇ ਨਹੀਂ ਸਨ, ਇਹ ਗੱਲ ਪੂਰੇ ਵਿਸ਼ਵਾਸ਼ ਨਾਲ ਕਹੀ ਜਾ ਸਕਦੀ ਹੈ।"[1]

ਡਾ. ਸਿੰਗਲ ਬਹੁਤ ਹੀ ਜ਼ਿਆਦਾ ਭਾਵੁਕ ਹੋ ਗਏ ਹਨ ਦੂਜੇ ਵਿਦਵਾਨਾਂ ਦਾ ਖੰਡਨ ਕਰਦਿਆਂ। ਭਾਵੁਕਤਾ ਦੇ ਵਹਾ ਵਿੱਚ ਡਾ. ਸਿੰਗਲ ਬਹੁਤ ਖੁਸ਼ ਸਨ ਕਿਉਂਕਿ ਉਨ੍ਹਾਂ ਨੇ ਪਹਿਲੀ ਵਾਰ ਬਾਹਰਲੀ ਬਾਣੀ ਦਾ ਹਵਾਲਾ ਦੇ ਕੇ ਸੁਆਮੀ ਰਾਮਾਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਪ੍ਰਮਾਣਿਤ ਕੀਤਾ ਸੀ। ਉਨ੍ਹਾਂ ਲਈ ਇਹ ਪ੍ਰਾਪਤੀ ਇਕ ਅਦਭੁਤ ਚਮਤਕਾਰ ਸੀ। ਪਰ ਇਸ ਭਾਵੁਕਤਾ ਵਿਚ ਡਾ. ਬੀ.ਪੀ. ਸ਼ਰਮਾ ਨੇ ਉਨ੍ਹਾਂ ਪਦਾਂ ਦੀ ਵਰਤੋਂ ਕਿਉਂ ਨਾ ਕੀਤੀ? ਸੋ ਭਾਵੁਕਤਾ ਵਿਚ ਜੋ ਕੁਝ ਕਿਹਾ ਗਿਆ ਹੁੰਦਾ ਹੈ ਉਹ ਆਮ ਤੌਰ ਤੇ ਸਹੀ ਨਹੀਂ ਹੁੰਦਾ। ਇਸ ਸਥਿਤੀ ਵਿਚ ਵੀ ਇਹੋ ਹੀ ਵਾਪਰਿਆ ਹੈ। ਕੋਈ ਵੀ ਨੁਕਤਾ ਤਰਕਯੁਕਤ ਨਹੀਂ ਹੈ, ਜਿਵੇਂ :

(1) ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ—11



ਗੁਰੂ ਰਵਿਦਾਸ ਜੀ ਨੇ ਖੁਦ ਸੁਆਮੀ ਰਾਮਾਨੰਦ ਨੂੰ ਗੁਰੂ ਮੰਨਿਆ ਹੈ-

ਉਪਰੋਕਤ ਤੱਥਾਂ ਨੂੰ ਡਾ. ਸਿੰਗਲ ਨੇ ਨਿਗਰਾਨ ਦੇ ਤੌਰ ਤੇ ਆਪ ਡਾ. ਹਰਨੇਕ ਸਿੰਘ ਕਲੇਰ ਨੂੰ ਉਨ੍ਹਾਂ ਦੇ ਥੀਸਸ ਵਿੱਚ ਅਗਵਾਈ ਦੇ ਕੇ ਰੱਦ ਕੀਤਾ ਹੈ। ਸੋ ਡਾ. ਸਿੰਗਲ ਨੇ ਕਿਸੇ ਸਾਜ਼ਸ਼ ਅਧੀਨ ਭਾਵਕ ਹੋ ਕੇ ਹੀ ਗੁਰੂ ਰਵਿਦਾਸ ਜੀ ਦੇ ਗੁਰੂ ਦਾ ਐਲਾਨ ਕਰ ਦਿੱਤਾ - ਬਿਨ੍ਹਾਂ ਕਿਸੇ ਖੋਜ ਦੇ, ਬਿਨ੍ਹਾਂ ਤਰਕ ਤੋਂ।

ਜਦੋਂ ਗੁਰੂ ਰਵਿਦਾਸ ਜੀ ਦਾ ਗੁਰੂ ਸੁਆਮੀ ਰਾਮਾਨੰਦ ਹੈ ਹੀ ਨਹੀਂ, ਫਿਰ ਗੁਰ-ਮੰਤਰ ਦਾ ਤਾਂ ਪ੍ਰਸ਼ਨ ਹੀ ਨਹੀਂ ਉਠੱਦਾ। ਡਾ. ਸ਼ੇਰ ਸਿੰਘ ਲਿਖਦੇ ਹਨ,

"ਇਸ ਤਰ੍ਹਾਂ ਗੁਰ-ਮੰਤਰ ਉਹ ਸ਼ਬਦ, ਵਾਕੰਸ਼ ਜਾਂ ਵਾਕ ਹੋਇਆ ਜਿਹੜਾ ਗੁਰੂ ਆਪਣੇ ਸਿੱਖ ਨੂੰ ਮੁਰਸ਼ਦ ਆਪਣੇ ਮੁਰੀਦ ਨੂੰ, ਜੋਗੀ ਆਪਣੇ ਚੇਲੇ ਨੂੰ ਮੁਕਤੀ, ਗਿਆਨ, ਅਨੰਦ, ਸਹਜ, ਸੁੱਖ ਪ੍ਰਾਪਤੀ ਲਈ ਕਿਸੇ ਖਾਸ ਰਸਮ ਜਾਂ ਢੰਗ ਨਾਲ ਅਭਿਆਸ ਕਰਨ ਦਿੰਦਾ ਜਾਂ ਦਸਦਾ ਹੈ।"[1]

ਇਸ ਕਥਨ ਅਨੁਸਾਰ ਤਾਂ ਸੁਆਮੀ ਜੀ ਗੁਰੂ ਬਣ ਹੀ ਨਹੀਂ ਸਕਦੇ ਕਿਉਂਕਿ ਦੋ ਦਿਨ ਦੇ ਬਾਲਕ ਨੂੰ ਉਪਦੇਸ਼ ਨਹੀਂ ਦਿੱਤਾ ਜਾ ਸਕਦਾ। ਬਾਲ-ਬੁਧ ਹੋਣ ਕਾਰਣ ਮੰਤਰ ਉਹ ਸਮਝ ਨਹੀਂ ਸਕਦਾ ਕਿਉਂਕਿ ਬੋਲੀ ਉਸ ਨੂੰ ਸਮਝ ਨਹੀਂ ਆਉਂਦੀ। ਇਸ ਘਟਨਾ ਪਿਛੋਂ ਸੁਆਮੀ ਜੀ ਦਾ ਗੁਰੂ ਰਵਿਦਾਸ ਜੀ ਨਾਲ ਮੇਲ ਹੋਇਆ ਨਹੀਂ ਦੱਸਿਆ ਗਿਆ। ਸੋ ਸੁਆਮੀ ਜੀ ਇਸ ਦ੍ਰਿਸ਼ਟੀ ਤੋਂ ਵੀ ਗੁਰੂ ਸਿੱਧ ਨਹੀਂ ਹੁੰਦੇ।

ਗੁਰੂ ਗ੍ਰੰਥ ਸਾਹਿਬ ਵਿਚਲੀ ਗਵਾਹੀ ਤੋਂ ਸਪੱਸ਼ਟ ਹੈ ਕਿ ਗੁਰੂ ਰਵਿਦਾਸ ਜੀ ਦਾ ਕੋਈ ਦੇਹਧਾਰੀ ਗੁਰੂ ਨਹੀਂ ਹੈ। ਉਹ ਸਪੱਸ਼ਟ ਤੌਰ ਤੇ ਕਹਿੰਦੇ ਹਨ ਕਿ **"ਮੋ ਸਉ ਕੋਊ ਨ ਕਹੈ ਸਮਝਾਇ॥"** ਜੇ ਉਨ੍ਹਾਂ ਦਾ ਦੇਹਧਾਰੀ ਗੁਰੂ ਹੁੰਦਾ ਤਾਂ ਉਹ ਅਜਿਹਾ ਕਥਨ ਨਾ ਕਰਦੇ। ਸੋ ਜੇ ਗੁਰ-ਮੰਤਰ ਪ੍ਰਭ ਨੇ ਆਪ ਹੀ ਦੇਣਾ ਹੈ ਤਾਂ 'ਸਤਿਨਾਮ' ਹੀ ਪ੍ਰਦਾਨ ਕਰਦਾ ਹੈ 'ਰਾਮ' ਨਹੀਂ ਕਿਉਂਕਿ ਆਰਤੀ ਕਰਦਿਆਂ ਗੁਰੂ ਰਵਿਦਾਸ ਜੀ ਸਤਿਨਾਮ-ਗੁਰਮੰਤਰ ਦਾ ਹੀ ਸਿਮਰਣ ਕਰਦੇ ਹਨ। ਸਤਿਨਾਮ ਗੁਰ-ਮੰਤਰ ਹੈ ਇਸ ਵਿਚ ਸ਼ੱਕ ਨਹੀਂ ਹੈ। ਭਾਈ ਕਾਹਨ ਸਿੰਘ ਨਾਭਾ ਇਸ ਤੱਥ ਨੂੰ ਹੋਰ ਸਪੱਸ਼ਟ ਕਰਦੇ ਹਨ, "ਜਪ ਮੰਤ੍ਰ ਕੇਵਲ 'ਸਤਿ" ਹੈ। ਨਾਮ ਸ਼ਬਦ ਇਦੰਤ ਬੋਧਕ ਹੈ, ਜਿਵੇਂ ਹਰਿਨਾਮ, ਰਾਮ ਨਾਮ ਆਦਿਕ ਸ਼ਬਦਾਂ ਵਿਚ ਵੇਖੀਦਾ ਹੈ।[2] ਸੋ ਰਾਮ ਨਹੀਂ ਸਤਿਨਾਮ ਹੀ ਗੁਰਮੰਤਰ ਹੈ। ਇਸ ਗੁਰਮੰਤਰ ਨੂੰ ਦ੍ਰਿੜ੍ਹ ਕਰਦਿਆਂ ਭਾਈ ਕਾਹਨ ਸਿੰਘ ਜੀ ਲਿਖਦੇ ਹਨ "ਸਤਿਨਾਮ-ਸੰਗਯਾ ਗੁਰਮੰਤਰ ਦਾ ਮੂਲ ਮੰਤਰ, ਜਿਸ ਦਾ ਅਰਥ ਹੈ ਤਿੰਨ ਕਾਲ ਵਿਚ ਇਕ ਰਸ ਹੋਣ ਵਾਲਾ ਪ੍ਰਸਿੱਧ ਪਾਰਬ੍ਰਹਮ। ਇਸ ਲਈ ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ

**ਕਹੈ ਰਵਿਦਾਸੁ ਨਾਮੁ ਤੇਰੋ ਆਰਤੀ॥**
**ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥੪॥੩॥**[3]

(1) ਜਪੁਜੀ ਦਰਸ਼ਨ—64 (2) ਮਹਾਨ ਕੋਸ਼ ਦੇ ਨਵੇਂ ਵਾਧੇ—14 (3) ਆਦਿ ਗ੍ਰੰਥ—694

ਇਹ ਹੇਠ ਲਿਖੇ ਤੱਥਾਂ ਤੋਂ ਵੀ ਸਾਬਤ ਹੁੰਦਾ ਹੈ।

**"ਕਿਰਤਮ ਨਾਮ ਕਥੇ ਤੇਰੇ ਜਿਹਬਾ**
**ਸਤਿ ਨਾਮੁ ਤੇਰਾ ਪਰਾ ਪੂਰਬਲਾ॥"**[1]

**(ਮਾਰੂ ਸੋਹਲੇ ਮ:੫, ਪੰਨਾ 1082)**

ਇਹ ਹੇਠਾਂ ਲਿਖੇ ਤੱਥਾਂ ਤੋਂ ਵੀ ਸਾਬਤ ਹੁੰਦਾ ਹੈ :

(1) **ਨਮਸਕਾਰ ਗੁਰਦੇਵ ਕੋ**
**ਸਤਿਨਾਮ ਜਿਸ ਮੰਤਰ ਸੁਣਾਇਆ॥**

**(ਭਾਈ ਗੁਰਦਾਸ ਪਹਿਲੀ ਵਾਰ ਦੀ ਪਹਿਲੀ ਪਉੜੀ)**

(2) **ਕਲਿਯੁਗ ਬਾਬੇ ਤਾਰਿਆ**
**ਸਤਿਨਾਮੁ ਪੜ੍ਹ ਮੰਤਰ ਸੁਣਾਇਆ॥**

ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਭ ਦੇ ਅਨੇਕਾਂ ਨਾਮ ਹਨ, ਜਿਨ੍ਹਾਂ ਵਿਚੋਂ ਇਕ ਸਤਿਨਾਮੁ ਵੀ ਹੈ। ਕਿਉਂਕਿ ਸਾਬਤ ਹੋ ਗਿਆ ਹੈ ਕਿ ਸੁਆਮੀ ਰਾਮਾਨੰਦ ਗੁਰੂ ਰਵਿਦਾਸ ਦਾ ਗੁਰੂ ਨਹੀਂ ਹੈ। ਇਸ ਲਈ ਇਹ ਸਪੱਸ਼ਟ ਹੈ ਕਿ ਵੈਸ਼ਣਵ ਮਤ ਦਾ ਦਸਰਥ ਪੁੱਤਰ ਰਾਮ ਗੁਰੂ ਰਵਿਦਾਸ ਦਾ ਗੁਰੂ-ਮੰਤਰ ਨਹੀਂ ਹੈ ਕਿਉਂਕਿ ਗੁਰੂ ਰਵਿਦਾਸ ਜੀ ਤਾਂ 'ਭਗਵਾਨ' ਕ੍ਰਿਸ਼ਨ ਦਾ ਨਾਮ ਵੀ ਜਪਦੇ ਹਨ, ਹਰਿ ਦਾ ਵੀ ਅਤੇ ਅਨੇਕਾਂ ਹੋਰ ਬ੍ਰਹਮ-ਗਿਆਨੀ ਮਹਾਂ-ਪੁਰਸ਼ਾਂ ਦਾ ਵੀ। ਪਰ ਗੁਰੂ ਰਵਿਦਾਸ ਨੇ ਸਭ ਤੋਂ ਵੱਧ ਨਾਮ 'ਹਰਿ' ਦਾ ਸਿਮਰਿਆ ਹੈ 'ਰਾਮ' ਦਾ ਨਹੀਂ। ਜੇ ਉਨ੍ਹਾਂ ਦਾ ਇਨ੍ਹਾਂ ਵਿਚੋਂ ਹੀ ਕੋਈ ਇਸ਼ਟ ਹੁੰਦਾ ਹੈ ਤਾਂ ਉਹ ਉਸੇ ਦਾ ਹੀ ਨਾਮ ਜਪਦੇ। ਪਰ ਉਨ੍ਹਾਂ ਦਾ ਤਾਂ ਅਵਤਾਰੀ ਇਸ਼ਟ ਹੈ ਹੀ ਨਹੀਂ। ਫਿਰ ਉਹ ਉਸ ਦੀ ਪੂਜਾ ਕਿਵੇਂ ਕਰ ਸਕਦੇ ਹਨ? ਅਤੇ ਕਿਸੇ ਹੋਰ ਤੋਂ ਗੁਰ-ਮੰਤਰ ਕਿਵੇਂ ਪ੍ਰਾਪਤ ਕਰ ਸਕਦੇ ਹਨ?

ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਬਾਣੀ ਤਾਂ ਡਾ. ਕਲੇਰ ਨੇ ਰੱਦ ਕਰ ਦਿੱਤੀ। ਬਾਕੀ ਨੁਕਤੇ ਵੀ ਕਸੌਟੀ ਤੇ ਪੂਰੇ ਨਹੀਂ ਉਤਰੇ। ਸੋ ਸਿੱਟਾ ਸਪੱਸ਼ਟ ਹੈ ਕਿ ਗੁਰੂ ਰਵਿਦਾਸ ਜੀ ਦਾ ਗੁਰੂ ਸੁਆਮੀ ਰਾਮਾਨੰਦ ਨਹੀਂ ਹੈ। ਨਾ ਹੀ 'ਰਾਮ' ਉਨ੍ਹਾਂ ਦਾ ਗੁਰ-ਮੰਤਰ ਹੈ। ਉਨ੍ਹਾਂ ਦਾ ਗੁਰ-ਮੰਤਰ "ਸਤਿਨਾਮੁ" ਹੈ :-

**"ਕਹੈ ਰਵਿਦਾਸ ਨਾਮੁ ਤੇਰੋ ਆਰਤੀ।**
**ਸਤਿ ਨਾਮ ਹੈ ਹਰਿ ਭੋਗ ਤੁਹਾਰੇ॥੪॥੩॥"**

ਗੁਰੂ ਰਵਿਦਾਸ ਜੀ ਬੇ-ਗੁਰੇ ਨਹੀਂ ਸਨ। ਅਸੀਂ ਇਸ ਕਥਨ ਨਾਲ ਸਹਿਮਤ ਹਾਂ।

ਯੁਗ ਪ੍ਰਵਰਤਕ-ਸੰਤ ਗੁਰੂ ਰਵਿਦਾਸ (ਹਿੰਦੀ) 1983 ਸੰਪਾਦਕ ਅਚਾਰੀਆ ਪ੍ਰਿਥਵੀ ਸਿੰਘ ਅਜ਼ਾਦ

ਇਹ ਪੁਸਤਕ "ਯੁਗ ਪ੍ਰਵਰਤਕ ਸੰਤ ਗੁਰੂ ਰਵਿਦਾਸ" (ਹਿੰਦੀ) ਭਾਵੇਂ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਦੀ ਸੰਪਾਦਿਤ ਕੀਤੀ ਹੋਈ ਹੈ। ਦਰਅਸਲ ਸਹੀ ਅਰਥਾਂ ਵਿਚ

(1) ਮਹਾਨ ਕੋਸ਼—112



ਇਸਦੀ ਸੰਪਾਦਨਾ ਡਾ. ਬੀ.ਪੀ. ਸ਼ਰਮਾ ਅਤੇ ਡਾ. ਧਰਮਪਾਲ ਸਿੰਗਲ ਦੀ ਕੀਤੀ ਹੋਈ ਹੈ। ਆਜ਼ਾਦ ਜੀ "ਅਮੁਖ" ਵਿਚ ਲਿਖਦੇ ਹਨ :

"ਹਮ ਅਪਨੇ ਆਦਰਣੀਆ ਭਾਈ ਡਾ. ਬੀ.ਪੀ. ਸ਼ਰਮਾ, ਆਦਰਣੀਆ ਭਾਈ ਡਾ. ਧਰਮਪਾਲ ਸਿੰਗਲ ਔਰ ਪ੍ਰਿਯਾ ਕਨਹੀਆ ਲਾਲ ਪਰਾਸ਼ਰ ਕੇ ਅਤਿਅੰਤ ਅਭਾਰੀ ਹੈਂ, ਜਿਹਨੋਂ ਨੇ ਇਨ ਸੋਧ ਪਤਰੋਂ ਕੋ ਜੋ ਇਸ ਪੁਸਤਕ ਕੀ ਸ਼ੋਭਾ ਬੜਾ ਰਹੇ ਹੈਂ, ਠੀਕ ਰੂਪ ਦੇਨੇ ਔਰ ਪਰੂਫ਼ ਪੜ੍ਹਨੇ ਮੇਂ ਹਮਾਰੀ ਪੂਰਣ ਸਹਾਇਤਾ ਕੀ ਹੈ।"[1]

ਉਪਰੋਕਤ ਤੱਥਾਂ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਇਸ ਪੁਸਤਕ ਦੀ ਸੰਪਾਦਨਾ ਸਹੀ ਅਰਥਾਂ ਵਿਚ ਇਨ੍ਹਾਂ ਦੋਹਾਂ ਵਿਦਵਾਨਾਂ ਦੀ ਹੀ ਮੰਨਦੇ ਹਾਂ।

ਯੁਗ ਪ੍ਰਵਰਤਕ ਵਿਚ ਆਏ ਲੇਖ "ਰਾਜ ਗੁਰੂ ਸੰਤ ਰਵਿਦਾਸ" ਡਾ. ਸੁਧਾਕਰ ਪਾਂਡੇ ਦੀ ਕ੍ਰਿਤ ਹੈ। ਪਾਂਡੇ ਜੀ ਦਾ ਗੁਰੂ ਰਵਿਦਾਸ ਜੀ ਬਾਰੇ ਕਥਨ ਕੁਝ ਵੱਖ ਧਿਆਨ ਦੀ ਮੰਗ ਕਰਦਾ ਹੈ-

"ਹਮ ਨੇ ਰਵਿਦਾਸ ਕੋ ਵਿਪ੍ਰਵੰਸ਼ੀਆ ਸੁਆਮੀ ਰਾਮਾਨੰਦ ਦੁਆਰਾ ਦੀਕਸ਼ਿਤ ਹੋਨੇ ਕੇ ਕਾਰਣ ਔਰ ਗੁਰੂ-ਰਵਿਦਾਸ ਦੁਆਰਾ ਬ੍ਰਹਮ-ਗਿਆਨ ਹੋ ਜਾਨੇ ਕੇ ਕਾਰਨ 'ਬ੍ਰਾਹਮਣ' ਹੀ ਮਾਨਾ ਹੈ। ਅਤ: ਜਬ ਵਹ ਬ੍ਰਾਹਮਣ ਮਾਨ ਲੀਏ ਗਏ ਹੈ ਤੋਂ ਜਗਤ ਪੂਜਯ ਹੋ ਗਏ।"[2]

ਪ੍ਰੋ. ਪਾਂਡੇ ਨੇ ਸੁਆਮੀ ਜੀ ਦੇ (ਗੁਰੂ) ਰਵਿਦਾਸ ਦਾ ਗੁਰੂ ਬਣਨ ਦਾ ਕਾਰਣ ਨਹੀਂ ਦੱਸਿਆ। ਸਰਾਪ ਵਾਲੀ ਕਹਾਣੀ ਦਾ ਵੀ ਸਹਾਰਾ ਨਹੀਂ ਲਿਆ। ਕੇਵਲ ਉਪਰੋਕਤ ਵਿਚਾਰ ਹੀ ਪ੍ਰਗਟ ਕੀਤੇ ਹਨ, ਜਿਹੜੇ ਜਾਤ-ਪਾਤ ਦੀ ਕੱਟੜਤਾ ਦਾ ਭਰਵਾਂ ਅਹਿਸਾਸ ਕਰਵਾਉਂਦੇ ਹਨ। ਉਹ ਦ੍ਰਿੜ੍ਹ ਕਰਦੇ ਹਨ ਕਿ ਬ੍ਰਾਹਮਣ-ਵੰਸੀ ਸੁਆਮੀ ਰਾਮਾਨੰਦ ਦੁਆਰਾ ਬ੍ਰਹਮ-ਗਿਆਨੀ ਬਣੇ ਰਵਿਦਾਸ ਹੁਣ "ਬ੍ਰਾਹਮਣ" ਬਣ ਗਏ ਹਨ। ਇਸ ਲਈ ਉਹ ਜਗਤ ਪੂਜਯ ਹੋ ਗਏ। ਬ੍ਰਾਹਮਣ ਬਣਨ ਤੋਂ ਬਿਨਾਂ ਪਾਂਡੇ ਰਵਿਦਾਸ ਨੂੰ ਪੂਜਯ ਨਹੀਂ ਮੰਨਦੇ ਕਿਉਂਕਿ ਹਿੰਦੂ ਧਰਮ ਅਨੁਸਾਰ ਕੇਵਲ ਬ੍ਰਾਹਮਣ ਹੀ ਗੁਰੂ ਬਣ ਸਕਦਾ ਹੈ ਅਤੇ ਉਹੋ ਹੀ ਪੂਜਯ ਹੋ ਸਕਦਾ ਹੈ। ਜੇ (ਗੁਰੂ) ਰਵਿਦਾਸ ਬ੍ਰਹਮ-ਗਿਆਨੀ ਤਾਂ ਬਣ ਗਏ ਹਨ ਪਰ ਹਿੰਦੂ ਧਰਮ ਅਨੁਸਾਰ ਬ੍ਰਾਹਮਣ ਨਹੀਂ ਬਣੇ, ਤਾਂ ਪ੍ਰੋ. ਪਾਂਡੇ ਅਨੁਸਾਰ ਉਹ ਪੂਜਯ ਨਹੀਂ ਹੋ ਸਕਦੇ। ਇਹ ਕੁਦਰਤ ਦੇ ਨਿਯਮ ਦੇ ਉਲਟ ਹੈ, ਮਨੁੱਖਤਾ ਨਾਲ ਵੈਰ ਹੈ। ਅਜਿਹਾ ਗੁਰੂ ਕੇਵਲ ਸੁਆਮੀ ਜੀ ਦੀ ਵਿਚਾਰਧਾਰਾ ਸਦਕਾ ਹੀ ਪ੍ਰਗਟ ਹੋ ਸਕਦਾ ਹੈ। ਪਰ ਗੁਰੂ ਰਵਿਦਾਸ ਦੀ ਆਪਣੀ ਬਾਣੀ ਇਸ ਤਰ੍ਹਾਂ ਦੇ ਗੁਰੂ ਦੀ ਸਿਰਜਣਾ ਨਹੀਂ ਕਰਦੀ। ਉਹ ਤਾਂ ਜਾਤ-ਪਾਤ ਦਾ ਖੰਡਨ ਕਰਦੀ ਹੈ।

ਸੋ ਪ੍ਰੋ. ਪਾਂਡੇ ਦੀ ਦਲੀਲ ਮੰਨਣਯੋਗ ਨਹੀਂ ਹੈ। ਇਸ ਤੋਂ ਇਲਾਵਾ ਪ੍ਰੋ. ਪਾਂਡੇ ਨੇ ਸੁਆਮੀ ਜੀ ਦੇ ਗੁਰੂ ਹੋਣ ਦਾ ਕੋਈ ਵੀ ਸਬੂਤ ਨਹੀਂ ਦਿੱਤਾ। ਕੇਵਲ ਇਹ ਕਹਿ ਦੇਣਾ ਕਿ ਸੁਆਮੀ ਜੀ ਨੇ ਗੁਰੂ ਦਕਸ਼ਣਾ ਦਿੱਤੀ ਸੀ, ਗੁਰੂ ਰਵਿਦਾਸ ਜੀ ਦਾ ਗੁਰੂ ਹੋਣ ਦਾ ਸਬੂਤ ਨਹੀਂ ਹੈ। ਇਸ ਦੇ ਉਲਟ ਨਾ ਤਾਂ ਗੁਰੂ ਰਵਿਦਾਸ ਜੀ ਦੀ ਬਾਣੀ ਸੁਆਮੀ ਜੀ ਨੂੰ ਗੁਰੂ ਮੰਨਦੀ ਹੈ ਅਤੇ ਨਾ

(1) ਪੰਨਾ—14 (2) ਓਹੀ—28

ਹੀ ਸੁਆਮੀ ਜੀ ਦੀ ਰਚਨਾ ਉਨ੍ਹਾਂ ਨੂੰ ਆਪਣਾ ਚੇਲਾ ਮੰਨਦੀ ਹੈ। ਸੋ ਕਿਸੇ ਤਰ੍ਹਾਂ ਵੀ ਸੁਆਮੀ ਜੀ 'ਗੁਰੂ' ਸਿੱਧ ਨਹੀਂ ਹੁੰਦੇ। ਹਾਂ, ਇਹ ਜ਼ਰੂਰ ਸਿੱਧ ਹੋ ਜਾਂਦਾ ਹੈ ਕਿ ਹਿੰਦੂ ਧਰਮ ਦਾ ਪਰਮਾਤਮਾ ਬ੍ਰਾਹਮਣ ਨੂੰ ਹੀ ਗੁਰੂ ਬਣਨ ਦਾ ਅਧਿਕਾਰ ਦਿੰਦਾ ਹੈ।

ਇਸੇ ਪੁਸਤਕ ਵਿੱਚ ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਆਪਣੇ ਲੇਖ 'ਸੰਤ ਗੁਰੂ ਰਵਿਦਾਸ ਏਕ ਪ੍ਰੀਚਿਯ' ਵਿੱਚ ਲਿਖਦੇ ਹਨ ਕਿ ਸੁਆਮੀ ਜੀ ਗੁਰੂ ਰਵਿਦਾਸ ਜੀ ਦੇ ਗੁਰੂ ਸਨ। ਸਬੂਤ ਉਹ ਡਾ. ਬੀ.ਪੀ. ਸ਼ਰਮਾ ਦੀ ਪੁਸਤਕ "ਸੰਤ ਗੁਰੂ ਰਵਿਦਾਸ ਬਾਣੀ" ਵਿੱਚੋਂ ਹੀ ਦਿੰਦੇ ਹਨ। ਇਹ ਸਬੂਤ ਵਾਲੇ ਪਦ ਤਾਂ ਡਾ. ਧਰਮ ਪਾਲ ਸਿੰਗਲ ਨੇ ਗੁਰੂ ਰਵਿਦਾਸ ਚੇਅਰ ਦੇ ਨਾਮ ਤੇ ਸੰਪਾਦਤ ਕੀਤੀ ਪੁਸਤਕ ਵਿੱਚ ਸ਼ਾਮਲ ਕਰ ਲਏ ਹਨ। ਇਸ ਲਈ ਇਨ੍ਹਾਂ ਦਾ ਨਿਰਣਾ ਬਾਅਦ ਵਿੱਚ ਕਰਾਂਗੇ।

ਡਾ. ਰਾਮ ਮੂਰਤੀ ਸ਼ਰਮਾ ਇੱਕ ਨਵਾਂ ਵਿਚਾਰ ਦੇ ਕੇ ਗੁਰੂ ਰਵਿਦਾਸ ਨੂੰ ਸੁਆਮੀ ਜੀ ਦਾ ਚੇਲਾ ਬਣਾਉਂਦੇ ਹਨ। ਉਨ੍ਹਾਂ ਅਨੁਸਾਰ ਗੁਰੂ ਰਵਿਦਾਸ ਜੀ ਅਦਵੈਤ-ਵੈਦਾਂਤ-ਵਿਸ਼ਯਕ ਵਿਚਾਰਧਾਰਾ ਤੋਂ ਪ੍ਰਭਾਵਿਤ ਸਨ ਅਤੇ ਵੈਸ਼ਣਵ ਦਰਸ਼ਨ ਤੋਂ ਵੀ। ਇਸ ਕਰਕੇ ਸੁਆਮੀ, ਗੁਰੂ ਰਵਿਦਾਸ ਜੀ ਦੇ ਗੁਰੂ ਬਣਦੇ ਹਨ ਜਿਸ ਨੂੰ ਰਵਿਦਾਸ ਨੇ ਪਰਮਾਤਮਾ ਰੂਪ ਮੰਨਿਆ ਹੈ।"[1]

ਹੈਰਾਨੀ ਦੀ ਗੱਲ ਹੈ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚ ਪ੍ਰਭਾਵ ਲਿਆ ਗਿਆ ਸਾਬਤ ਕਰਕੇ ਝਟ ਸੁਆਮੀ ਜੀ ਨੂੰ ਗੁਰੂ ਬਣਾ ਦਿੱਤਾ। ਪ੍ਰਭਾਵ ਤਾਂ ਅਨੇਕਾਂ ਮਹਾਂਪੁਰਸ਼ਾਂ ਨੇ ਕਬੂਲੇ ਹੋਣਗੇ, ਪਰ ਇਸ ਤਰ੍ਹਾਂ ਕਿਸੇ ਉਪਰ ਕੋਈ ਗੁਰੂ ਨਹੀਂ ਮੜ੍ਹਿਆ ਗਿਆ। ਸੋ ਅਜਿਹੀ ਹਾਸੋ-ਹੀਣੀ ਦਲੀਲ ਕਿਸੇ ਠੋਸ ਸਬੂਤ ਦੇ ਨਾ ਹੋਣ ਦਾ ਪ੍ਰਮਾਣ ਹੈ। ਸੋ ਐਵੇਂ ਹੀ ਬਿਨਾਂ ਆਧਾਰ ਗੁਰੂ ਨਹੀਂ ਮੰਨਿਆ ਜਾ ਸਕਦਾ।

"ਗੁਰੂ ਰਵਿਦਾਸਃ ਜੀਵਨ ਅਤੇ ਵਿਚਾਰਧਾਰਾ" ਵਿੱਚ ਡਾ. ਮਨਮੋਹਨ ਸਹਿਗਲ ਵੀ ਸੁਆਮੀ ਰਾਮਾਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਨਹੀਂ ਮੰਨਦੇ। ਉਨ੍ਹਾਂ ਦਾ ਤਰਕ ਵਜ਼ਨੀ ਹੈ ਅਤੇ ਹੈ ਵੀ ਮਹੱਤਵਪੂਰਣ। ਉਹ ਲਿਖਦੇ ਹਨਃ

"ਵਿਭਿੰਨ ਵਿਦਵਾਨਾਂ ਨੇ ਉਨ੍ਹਾਂ (ਸੁਆਮੀ ਰਾਮਾਨੰਦ) ਦੀ ਜਨਮ ਮਿਤੀ ਨਿਸ਼ਚਿਤ ਕਰਨ ਦੇ ਪ੍ਰਯਤਨ ਕੀਤੇ ਹਨ। ਆਚਾਰੀਆ ਸ਼ੁਕਲ ਨੇ ਉਨ੍ਹਾਂ ਦਾ ਜੀਵਨ ਕਾਲ ਸੰਮਤ 1475-1575 ਵਿਚਕਾਰ ਮੰਨਿਆ ਹੈ। ਆਚਾਰੀਆ ਪਰਸ਼ੂਰਾਮ ਚਤੁਰਬੇਦੀ ਨੇ ਸੰਮਤ 1656 ਮੰਨਿਆ ਹੈ, ਜਦਕਿ ਬਲਦੇਵ ਉਪਾਧਿਆਇ ਸੁਆਮੀ ਰਾਮਾਨੰਦ ਦਾ ਆਗਮਨ ਸੰਃ 1467 ਵਿੱਚ ਮੰਨਦੇ ਹਨ। ... ਖੁਦ ਰਾਮਾਨੰਦ ਨੇ ਆਪਣੀ ਸੰਸਕ੍ਰਿਤ ਰਚਨਾ "ਸ਼੍ਰੀ ਰਾਮ ਚਰਨ ਮਸਤੀ" ਵਿੱਚ ਆਪਣੀ ਗੁਰ-ਪ੍ਰੰਪਰਾ ਦਰਜ ਕੀਤੀ ਹੈ। ਸੰਮਤ 1494 ਵਿੱਚ ਸੁਆਮੀ ਰਾਮਾਨੰਦ ਜੀ ਦਾ ਹੋਣਾ ਨਿਸ਼ਚਿਤ ਬਣਦਾ ਹੈ।"[2]

ਉਪਰੋਕਤ ਜਨਮ ਮਿਤੀਆਂ ਵਿੱਚ ਪਰਸ਼ੂਰਾਮ ਚਤੁਰਬੇਦੀ ਦੀ ਮਿਤੀ ਦਾ ਦੂਜੀਆਂ ਮਿਤੀਆਂ ਨਾਲੋਂ ਲਗਭਗ 200 ਸਾਲ ਦਾ ਫਰਕ ਹੈ। ਅਸੀਂ ਇਸ ਨੂੰ ਰੱਦ ਕਰਦੇ ਹਾਂ। ਬਾਕੀ

(1) ਓਹੀ—105 (2) ਗੁਰੂ ਰਵਿਦਾਸ : ਜੀਵਨ ਤੇ ਵਿਚਾਰਧਾਰਾ—24



ਤਿੰਨ ਹਨ :

(1) ਆਚਾਰੀਆ ਸ਼ੁਕਲ – 1475 ਸੰਮਤ

(2) ਉਪਾਧਿਆਇ – 1467 ਸੰਮਤ

(3) ਗੁਰੂ-ਪਰੰਪਰਾ = 1494 ਸੰਮਤ

ਇਨ੍ਹਾਂ ਤਿੰਨਾਂ ਮਿਤੀਆਂ ਵਿੱਚ ਅਚਾਰੀਆ ਸ਼ੁਕਲ ਦੀ ਮਿਤੀ ਸੰਮਤ 1475 ਠੀਕ ਜਚਦੀ ਹੈ। ਇਹ ਬਾਕੀ ਦੋਹਾਂ ਮਿਤੀਆਂ ਦੇ ਵਿਚਕਾਰ ਆ ਜਾਂਦੀ ਹੈ।

ਇਸ ਲੇਖਕ ਨੇ ਆਪ ਗੁਰੂ ਰਵਿਦਾਸ ਜੀ ਦੇ ਜਨਮ ਬਾਰੇ ਨਹੀਂ ਲਿਖਿਆ। ਗੁਰੂ ਜੀ ਦੀ ਜਨਮ ਮਿਤੀ, ਬਹੁਤੇ ਵਿਦਵਾਨ 1433 ਸੰਮਤ ਨਾਲ ਸਹਿਮਤ ਹਨ। ਸੋ ਸਾਰੀ ਚਰਚਾ ਦਾ ਸਾਰ-ਤੱਤ ਇਹ ਹੈ ਕਿ ਗੁਰੂ ਰਵਿਦਾਸ ਜੀ, ਸੁਆਮੀ ਰਾਮਾਨੰਦ ਨਾਲੋਂ 42 ਸਾਲ ਵੱਡੇ ਸਨ।

ਫਿਰ ਸੁਆਮੀ ਰਾਮਾਨੰਦ ਗੁਰੂ ਰਵਿਦਾਸ ਜੀ ਦੇ ਗੁਰੂ ਕਿਵੇਂ ਬਣ ਸਕਦੇ ਸਨ? ਉਸ ਸਮੇਂ ਤੱਕ ਤਾਂ ਗੁਰੂ ਜੀ ਪਾਰਬ੍ਰਹਮ ਨੂੰ ਪ੍ਰਾਪਤ ਕਰ ਚੁੱਕੇ ਸਨ। ਸੋ ਇਹ ਦ੍ਰਿੜ ਹੋ ਗਿਆ ਹੈ ਕਿ ਸੁਆਮੀ ਜੀ ਗੁਰੂ ਰਵਿਦਾਸ ਜੀ ਦੇ ਗੁਰੂ ਨਹੀਂ ਸਨ।

ਇਨ੍ਹਾਂ ਪੁਸਤਕਾਂ ਦੀ ਚਰਚਾ ਤੋਂ ਇਹੋ ਹੀ ਸਿੱਧ ਹੁੰਦਾ ਹੈ ਕਿ ਬਹੁਤਿਆਂ ਵਿਦਵਾਨਾਂ ਨੇ ਗੁਰੂ ਰਵਿਦਾਸ ਜੀ 'ਗੁਰੂ' ਬਾਰੇ ਚਰਚਾ ਨਹੀਂ ਕੀਤੀ। ਜਿਹੜੇ ਵਿਦਵਾਨਾਂ ਨੇ ਕੀਤੀ ਹੈ ਉਨ੍ਹਾਂ ਨੇ ਨਾਭਾ ਜੀ ਅਤੇ ਪ੍ਰਿਯਾਦਾਸ ਜੀ ਦੀਆਂ ਲੀਹਾਂ 'ਤੇ ਹੀ ਕੀਤੀ ਹੈ।

II- ਡਾ. ਧਰਮਪਾਲ ਸਿੰਗਲ ਨੇ ਨਿਗਰਾਨ (Guide) ਦੇ ਤੌਰ 'ਤੇ ਕੀਤੀ ਅਗਵਾਈ ਵਿੱਚ ਗੁਰੂ ਰਵਿਦਾਸ ਚੇਅਰ ਵੱਲੋਂ 1994 ਤੱਕ ਦੇ ਪੀ.ਐਚ.ਡੀ. ਦੇ ਥੀਸਸਾਂ ਵਿੱਚੋਂ ਅਸੀਂ 10 ਦਾ ਅਧਿਐਨ ਕੀਤਾ ਹੈ। ਸਾਰੇ ਵਿਦਵਾਨਾਂ ਨੇ ਗੁਰੂ ਰਵਿਦਾਸ ਦੇ ਗੁਰੂ ਬਾਰੇ ਚਰਚਾ ਕੀਤੀ ਹੈ, ਭਾਵੇਂ ਉਨ੍ਹਾਂ ਦੇ ਵਿਸ਼ੇ ਨਾਲ ਸਬੰਧ ਹੋਵੇ ਜਾਂ ਨਾਂ, ਜਿਵੇਂ ਡਾ. ਕਰਨੈਲ ਸਿੰਘ ਦਾ ਵਿਸ਼ਾ ਹੈ "ਗੁਰੂ ਰਵਿਦਾਸ ਦੀ ਬਾਣੀ ਵਿੱਚ ਰਹਸ ਅਨੁਭੂਤੀ", ਡਾ. ਅਮਰਜੀਤ ਕੌਰ "ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੀ ਬਾਣੀ ਦਾ ਸਮਾਜਿਕ ਸੰਦਰਭ ਵਿੱਚ ਤੁਲਨਾਤਮਕ ਅਧਿਐਨ" ਆਦਿ।

ਗੁਰੂ ਰਵਿਦਾਸ ਚੇਅਰ ਵੱਲੋਂ ਪਲੇਠੀ ਪੀ.ਐਚ.ਡੀ. ਡਿਗਰੀ ਪ੍ਰਾਪਤ ਕਰਨ ਦਾ ਮਾਣ ਡਾ. ਸ਼ਿਵ ਦੱਤ ਸ਼ਰਮਾ ਨੂੰ ਜਾਂਦਾ ਹੈ। ਪਰ ਅਫਸੋਸ ਹੈ ਕਿ ਉਨ੍ਹਾਂ ਦਾ ਥੀਸਸ ਸਾਨੂੰ ਉਪਲਬਧ ਨਹੀਂ ਹੋ ਸਕਿਆ। ਹਾਂ, ਇਹ ਅਸੀਂ 100% ਵਿਸ਼ਵਾਸ ਨਾਲ ਕਹਿ ਸਕਦੇ ਹਾਂ ਕਿ ਉਨ੍ਹਾਂ ਨੇ ਗੁਰੂ ਰਵਿਦਾਸ ਜੀ ਦੇ ਗੁਰੂ ਬਾਰੇ ਚਰਚਾ ਜ਼ਰੂਰ ਕੀਤੀ ਹੈ ਅਤੇ ਸੁਆਮੀ ਰਾਮਾ ਨੰਦ ਨੂੰ ਉਨ੍ਹਾਂ ਦਾ ਗੁਰੂ ਮੰਨਿਆ ਹੈ।

ਦੂਜੀ ਡਿਗਰੀ ਡਾ. ਸ੍ਰੀਮਤੀ ਕ੍ਰਿਸ਼ਨਾ ਕਲਸੀਆ ਨੂੰ ਲਗਭਗ 1986 ਵਿੱਚ ਪ੍ਰਦਾਨ ਕੀਤੀ ਗਈ। ਉਨ੍ਹਾਂ ਦੇ ਨਿਗਰਾਨ ਸਨ। ਡਾ. ਧਰਮ ਪਾਲ ਸਿੰਗਲ ਉਨ੍ਹਾਂ ਦਾ ਵਿਸ਼ਾ ਸੀ- "ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ।" ਉਹ ਲਿਖਦੇ ਹਨ-

"ਗੁਰੂ ਰਵਿਦਾਸ ਜੀ ਦੇ ਗੁਰੂ ਰਾਮਾਨੰਦ ਵੀ ਮਹਿਮਾ ਦੇ ਪਾਤਰ ਹਨ, ਜਿਨ੍ਹਾਂ ਨੇ ਆਪਣੇ

ਸ਼ਿਸ਼ ਨੂੰ ਸ਼ਬਦ ਗੁਪਤ ਰੱਖਣ ਲਈ ਨਹੀਂ ਕਿਹਾ। ਗੁਰੂ ਜੀ ਸਪੱਸ਼ਟ ਲਿਖਦੇ ਹਨ ਕਿ ਇਹ ਮੰਤਰ ਮੈਨੂੰ ਆਪਣੇ ਗੁਰੂ ਤੋਂ ਪ੍ਰਾਪਤ ਹੋਇਆ। ਇਸ ਦਾ ਮੇਰੀ ਰਸਨਾ ਨਿਤ ਜਾਪ ਕਰਦੀ ਹੈ ਅਤੇ ਇਸ ਤੋਂ ਮੈਨੂੰ ਅਮੀ ਰਸ ਜਾਂ ਰਾਮ ਰਸ ਦੀ ਪ੍ਰਾਪਤੀ ਹੁੰਦੀ ਹੈ। ਹੁਣ ਮੇਰਾ ਦੁਰਲਭ ਜਨਮ ਵਿਰਥਾ ਨਹੀਂ ਜਾਵੇਗਾ। ਮੈਂ ਭੌਂ-ਸਾਗਰ ਨੂੰ ਤਰ ਜਾਵਾਂਗਾ।

(ੳ) **ਰਾ-ਰੰ ਰਾਮ ਮੋਹੇ ਗੁਰੂ ਦੀਨਹੋ ਨਹਿ ਇਹ ਮੰਤਰ ਬਿਸਰਾਉ॥**
**ਕਹੈ ਰਵਿਦਾਸ ਰੰਰਕਾਰ ਜਪਤਿੰਹ**
**ਭੌ ਸਾਗਰ ਤਰਿ ਜਾਊ॥**
(ਅ) **ਰੇ ਪਇਰੇ ਰਾਮ ਅਮੀ ਰਸ॥ ਟੇਕ॥**
**ਰਸ ਜਿਨਿ ਮਗਨ ਹੈਵ ਰਹਿਯ**
**ਰੰਰਕਾਰ ਤਾਸ ਨਿਤ ਰਸਨਾ॥**
**ਇਹੁ ਰਸ ਪੀਬ ਰਾਮ ਰਸ ਬੂਝੇ**
**ਅਪੁ ਮਗਨ ਰਹਿ ਹਵੈ ਦਿਨ ਰੈਨਾ॥**[1]

ਗੁਰੂ ਰਵਿਦਾਸ ਜੀ ਦਾ ਗੁਰੂ ਸੁਆਮੀ ਰਾਮਾਨੰਦ ਨੂੰ ਐਲਾਨ ਕਰਨ ਵਾਲੇ ਤਿੰਨ ਹੋਰ ਸ਼ਬਦ ਹਨ, ਜਿਨ੍ਹਾਂ ਦਾ ਡਾ. ਕਲਸੀਆ ਨੇ ਉਲੇਖ ਨਹੀਂ ਕੀਤਾ। ਉਨ੍ਹਾਂ ਨੇ ਐਡਾ ਵੱਡਾ ਫੈਸਲਾ ਲੈਣ ਤੋਂ ਪਹਿਲਾਂ ਗਵਾਹੀ ਦੇ ਤੌਰ 'ਤੇ ਵਰਤੇ ਗਏ ਸ਼ਬਦਾਂ ਦੀ ਖੋਜ ਨਹੀਂ ਕੀਤੀ। ਇਹ ਸ਼ਬਦ ਗੁਰੂ ਗਰੰਥ ਸਾਹਿਬ ਤੋਂ ਬਾਹਰਲੀ ਬਾਣੀ ਦੇ ਹਨ। ਇਸ ਲਈ ਇਨ੍ਹਾਂ ਸ਼ਬਦਾਂ ਦੀ ਪ੍ਰਮਾਣਿਕਤਾ ਅਜੇ ਤਹਿ ਕਰਨੀ ਬਾਕੀ ਸੀ। ਇਨ੍ਹਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਇਨ੍ਹਾਂ ਦੀ ਪ੍ਰਮਾਣਿਕਤਾ ਸਿੱਧ ਕਰਨੀ ਬਹੁਤ ਜ਼ਰੂਰੀ ਸੀ ਕਿਉਂਕਿ ਸ਼੍ਰੋਮਣੀ ਗੁਰੂ ਰਵਿਦਾਸ ਜੀ ਦੇ ਗੁਰੂ ਦਾ ਫੈਸਲਾ ਕਰਨਾ ਕੋਈ ਛੋਟੀ-ਮੋਟੀ ਘਟਨਾ ਨਹੀਂ ਹੈ। ਹੋ ਸਕਦਾ ਹੈ ਪ੍ਰਮਾਣਿਕਤਾ ਦੀ ਕਸੌਟੀ ਤੇ ਇਹ ਸ਼ਬਦ ਪੂਰੇ ਨਾ ਉੱਤਰਨ, ਫਿਰ ਅਜਿਹੀ ਖੋਜ ਦਾ ਕੀ ਅਰਥ ਰਹਿ ਜਾਵੇਗਾ। ਸੋ ਕਿਸੇ ਨਵੀਂ ਸੰਭਾਵਨਾ ਨੂੰ ਪ੍ਰਗਟ ਕਰਨ ਲਈ, ਉਸ ਨੁਕਤੇ ਦਾ ਡੂੰਘਾਈ ਨਾਲ ਅਤੇ ਤਰਕ ਅਧਾਰਿਤ ਅਧਿਐਨ ਜ਼ਰੂਰੀ ਹੈ।

ਡਾ. ਕਲਸੀਆ ਦੇ ਥੀਸਸ ਲਿਖਣ ਦੇ ਆਰੰਭ ਵਿੱਚ ਹੀ ਡਾ. ਜਸਬੀਰ ਸਿੰਘ ਸਾਬਰ ਦੀ ਪੁਸਤਕ "ਭਗਤ ਰਵਿਦਾਸ ਸ੍ਰੋਤ ਪੁਸਤਕ" ਛਪ ਚੁੱਕੀ ਸੀ ਅਤੇ ਭਾਸ਼ਾ ਵਿਭਾਗ ਪੰਜਾਬ ਦੀ ਪੁਸਤਕ "ਬਾਣੀ ਗੁਰੂ ਰਵਿਦਾਸ" ਵੀ ਛਪ ਚੁੱਕੀ ਸੀ। ਦੋਵੇਂ ਪੁਸਤਕਾਂ 1984 ਵਿੱਚ ਛਪੀਆਂ ਸਨ। ਇਨ੍ਹਾਂ ਦੋਹਾਂ ਪੁਸਤਕਾਂ ਵਿੱਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰਲੀ ਬਾਣੀ ਦਰਜ ਹੈ। ਪਤਾ ਨਹੀਂ ਡਾ. ਸਾਹਿਬਾ ਨੇ ਇਨ੍ਹਾਂ ਪੁਸਤਕਾਂ ਦਾ ਅਧਿਐਨ ਕਰਨ ਦੀ ਖੇਚਲ ਕਿਉਂ ਨਹੀਂ ਕੀਤੀ? ਜੇ ਉਹ ਇਨ੍ਹਾਂ ਪੁਸਤਕਾਂ ਦਾ ਅਧਿਐਨ ਕਰ ਲੈਂਦੇ ਤਾਂ ਉਹ ਕਦੇ ਵੀ ਸੁਆਮੀ ਰਾਮਾਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਸਵੀਕਾਰ ਨਾ ਕਰਦੇ ਕਿਉਂਕਿ ਉਪਰੋਕਤ ਦੋਹਾਂ ਪੁਸਤਕਾਂ ਵਿੱਚ ਇਹ ਸ਼ਬਦ ਦਰਜ ਨਹੀਂ ਹਨ। ਸਪੱਸ਼ਟ ਹੈ ਕਿ 1984 ਤੱਕ ਦੇ ਬਾਹਰਲੀ

(1) ਪੰਨਾ—144



ਬਾਣੀ ਦੇ ਉਪਲਭਧ ਖਰੜਿਆਂ ਵਿੱਚ ਇਹ ਸ਼ਬਦ ਨਹੀਂ ਹਨ। ਇਸ ਦਾ ਅਰਥ ਇਹ ਹੋਇਆ ਕਿ ਇਹ ਸ਼ਬਦ ਕਿਸੇ ਵਿਅਕਤੀ ਨੇ ਆਪ ਹੀ ਗੁਰੂ ਰਵਿਦਾਸ ਜੀ ਦੇ ਨਾਉਂ ਲਿਖ ਕੇ ਪਾ ਦਿੱਤੇ ਹਨ। ਕਿਉਂਕਿ ਇਹ ਪਹਿਲੀ ਵਾਰ ਡਾ. ਬੀ.ਪੀ. ਸ਼ਰਮਾ ਦੀ ਪੁਸਤਕ "ਸੰਤ ਗੁਰੂ ਰਵਿਦਾਸ" ਵਿੱਚ ਉਪਲੱਬਧ ਹਨ, ਇਸ ਕਰਕੇ ਇਹ ਮਿਲਾਵਟ ਉਨ੍ਹਾਂ ਨੇ ਹੀ ਕੀਤੀ ਹੈ, ਜਿਸ ਨੂੰ ਡਾ. ਧਰਮ ਪਾਲ ਸਿੰਗਲ ਨੇ ਬਿਨ੍ਹਾਂ ਖੋਜ ਕੀਤੇ ਹੀ ਗੁਰੂ ਰਵਿਦਾਸ ਚੇਅਰ ਦੇ ਨਾਮ ਹੇਠ "ਬਾਣੀ ਸ੍ਰੀ ਗੁਰੂ ਰਵਿਦਾਸ ਜੀ" ਵਿੱਚ ਦਰਜ ਕਰ ਲਿਆ ਹੈ। ਇਸ ਚਰਚਾ ਪਿੱਛੋਂ ਆਸਾਨੀ ਨਾਲ ਇਹ ਸਿੱਟਾ ਨਿਕਲਦਾ ਹੈ ਕਿ ਡਾ. ਕਲਸੀਆ ਦਾ ਆਧਾਰ ਹੀ ਮਿਲਾਵਟ ਤੇ ਟਿਕਿਆ ਹੋਇਆ ਹੈ। ਇਸ ਕਰਕੇ ਸੁਆਮੀ ਰਾਮਾਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਨਹੀਂ ਮੰਨਿਆ ਜਾ ਸਕਦਾ।

ਡਾ. ਹਾਕਮ ਸਿੰਘ 1987 ਵਿੱਚ ਡਿਗਰੀ ਮਿਲੀ। ਉਨ੍ਹਾਂ ਦਾ ਵਿਸ਼ਾ ਸੀ, "ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਬਾਣੀ ਦੀ ਵਿਸ਼ੇਸ਼ਤਾ।" ਉਨ੍ਹਾਂ ਦੇ ਨਿਗਰਾਨ ਸਨ ਡਾ. ਧਰਮ ਪਾਲ ਸਿੰਗਲ। ਇਸ ਵਿਸ਼ੇ ਅਧੀਨ ਗੁਰੂ ਰਵਿਦਾਸ ਦੇ ਗੁਰੂ ਬਾਰੇ ਵਿਚਾਰ ਕਰਨਾ ਢੁਕਵਾਂ ਨਹੀਂ ਹੈ। ਇਹੋ ਕਾਰਣ ਹੈ ਕਿ ਮਜਬੂਰੀ ਵੱਸ ਡਾ. ਹਾਕਮ ਸਿੰਘ ਨੇ ਕੇਵਲ ਇਕ ਵਾਕ ਹੀ ਲਿਖਿਆ ਹੈ।" ... ਰਵਿਦਾਸ ਜੀ ਰਾਮਾਨੰਦ ਦੇ ਚੇਲੇ ਸਨ।"[1] ਕੋਈ ਦਲੀਲ ਨਹੀਂ, ਕੋਈ ਸਬੂਤ ਨਹੀਂ। ਕੀ ਫਾਇਦਾ ਹੈ ਅਜਿਹੇ ਤੱਥ ਪੇਸ਼ ਕਰਨ ਦਾ? ਕੀ ਥੀਸਸ, ਕੇਵਲ ਸੂਚਨਾ ਦੇਣ ਦਾ ਹੀ ਜ਼ਰੀਆ ਰਹਿ ਗਿਆ ਹੈ? ਬਹੁਤ ਨਿਰਾਸ਼ਾ ਹੋਈ ਹੈ ਚੇਅਰ ਦੀ ਨੀਵੀਂ ਪੱਧਰ ਦੀ ਕਾਰਗੁਜ਼ਾਰੀ ਤੇ। ਚੇਅਰ ਨੇ ਤਾਂ ਗੁਰੂ ਰਵਿਦਾਸ ਜੀ ਸਬੰਧੀ ਉਲਝੇ ਹੋਏ ਮਸਲਿਆਂ ਨੂੰ ਸੁਲਝਾ ਕੇ ਗੁਰੂ ਜੀ ਦੀ ਛਵੀ ਨੂੰ ਨਿਖਾਰਨਾ ਅਤੇ ਵਿਗਿਆਨਕ ਪਹੁੰਚ ਅਪਣਾ ਕੇ ਪ੍ਰਚਾਰਨਾ ਸੀ ਅਤੇ ਨਵੀਆਂ ਸੰਭਾਵਨਾ ਨੂੰ ਖੋਜ ਕੇ ਉਜਾਗਰ ਕਰਨ ਸੀ। ਖ਼ੈਰ...।

ਅਗਲੇ ਵਿਦਵਾਨ ਹਨ ਡਾ. ਕ੍ਰਿਸਨ ਲਾਲ ਗੋਇਲ। ਉਨ੍ਹਾਂ ਦਾ ਵਿਸ਼ਾ ਹੈ – "ਸੰਤ ਨਾਮ ਦੇਵ ਅਤੇ ਸੰਤ ਰਵਿਦਾਸ ਦੀ ਬਾਣੀ ਦਾ ਤੁਲਨਾਤਮਕ ਅਧਿਐਨ।" ਉਨ੍ਹਾਂ ਦੇ ਨਿਗਰਾਨ ਹਨ, ਡਾ. ਧਰਮਪਾਲ ਸਿੰਗਲ ਡਾ. ਗੋਇਲ ਲਿਖਦੇ ਹਨ:

1.31- ਸੰਤ ਰਵਿਦਾਸ ਜੀ ਦੀ ਬਾਣੀ ਵਿੱਚ ਬਹੁਤ ਸਾਰੇ ਐਸੇ ਹਵਾਲੇ ਉਪਲਭਧ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਸਵਾਮੀ ਰਾਮਾਨੰਦ ਜੀ ਸੰਤ ਰਵਿਦਾਸ ਦੇ ਗੁਰੂ ਸਨ। ਇਸ ਗੱਲ ਦਾ ਇਸ਼ਾਰਾ ਸੰਤ ਰਵਿਦਾਸ ਜੀ ਆਪਣੀ ਵਾਣੀ ਵਿੱਚ ਕਈ ਜਗ੍ਹਾ ਕਰਦੇ ਹਨ।[2]

ਗਵਾਹੀਆਂ ਡਾ. ਬੀ.ਪੀ. ਸ਼ਰਮਾ ਅਤੇ ਡਾ. ਧਰਮਪਾਲ ਸਿੰਗਲ ਦੋਹਾਂ ਦੀਆਂ ਪੁਸਤਕਾਂ ਵਿੱਚੋਂ ਹਨ। ਡਾ. ਸਿੰਗਲ ਨੇ ਡਾ. ਸ਼ਰਮਾ ਦੀ ਪੁਸਤਕ ਤੋਂ ਗਵਾਹੀਆਂ ਵਾਲੇ ਸ਼ਬਦ ਨਕਲ ਕੀਤੇ ਹਨ। ਜਿਹੜੇ ਸੁਆਮੀ ਰਾਮਾਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਦੱਸਦੇ ਹਨ। ਇਸ ਲਈ ਇਨ੍ਹਾਂ ਗਵਾਹੀਆਂ ਨੂੰ ਡਾ. ਹਰਨੇਕ ਸਿੰਘ ਕਲੇਰ ਦੇ ਥੀਸਸ ਦੀ ਚਰਚਾ ਕਰਨ ਵੇਲੇ ਵਿਚਾਰਿਆ ਜਾਵੇਗਾ।

(1) ਪੰਨਾ—144 (2) ਪੰਨਾ—87

ਡਾ. ਗੋਇਲ ਨੇ ਇੱਕ ਗਵਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਲਈ ਹੈ, ਜਿਸ ਤੋਂ ਉਹ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਸਿੱਧ ਕਰਦੇ ਹਨ।

**ਰਵਿਦਾਸ ਦਾਸ ਉਦਾਸ ਤਜੁ ਭ੍ਰਮ**

**ਤਪਨ ਤਪੁ ਗੁਰ ਗਿਆਨ॥**

**ਭਗਤ ਜਨ ਭੈ ਹਰਨ**

**ਪਰਮਾਨੰਦ ਕਰਹੁ ਨਿਦਾਨ॥੪॥**[1] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 486)**

ਇਸ ਸ਼ਬਦ ਵਿੱਚ ਕੋਈ ਅਜਿਹਾ ਸੰਕੇਤ ਤੱਕ ਨਹੀਂ ਜਿਸ ਅਨੁਸਾਰ ਸੁਆਮੀ ਰਾਮਾ ਨੰਦ ਦਾ ਸਬੰਧ ਤੱਕ ਵੀ ਨਿਸ਼ਚਿਤ ਕੀਤਾ ਜਾ ਸਕੇ।

ਫਿਰ ਡਾ. ਗੋਇਲ ਉਨ੍ਹਾਂ ਵਿਦਵਾਨਾਂ ਬਾਰੇ ਲਿਖਦੇ ਹਨ ਜਿਹੜੇ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਨਹੀਂ ਮੰਨਦੇ। ਉਨ੍ਹਾਂ ਦਾ ਕਹਿਣਾ ਹੈ,

"ਜਿਹੜੇ ਵਿਦਵਾਨ ਸ੍ਵਾਮੀ ਰਾਮਾ ਨੰਦ ਜੀ ਨੂੰ ਉਨ੍ਹਾਂ (ਗੁਰੂ ਰਵਿਦਾਸ ਜੀ) ਦਾ ਗੁਰੂ ਨਹੀਂ ਮੰਨਦੇ, ਸਾਡੇ ਵਿਚਾਰ ਅਨੁਸਾਰ ਉਨ੍ਹਾਂ ਵਿਦਵਾਨਾਂ ਨੇ ਸੰਤ ਰਵਿਦਾਸ ਜੀ ਦੀ ਬਾਣੀ ਦਾ ਅਧਿਐਨ ਨਹੀਂ ਕੀਤਾ। ਉਨ੍ਹਾਂ ਨੇ ਸਿਰਫ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿੱਚ ਦਰਜ ਬਾਣੀ ਦੇ ਚਾਲੀ ਸ਼ਬਦ ਹੀ ਪੜ੍ਹੇ ਹਨ।[2]

ਇਸ ਪੈਰੇ ਤੋਂ ਦੋ ਵਿਚਾਰ ਨਿਖਰ ਕੇ ਸਾਹਮਣੇ ਆਉਂਦੇ ਹਨ। (1) ਜਿਹੜੇ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਨਹੀਂ ਮੰਨਦੇ, ਉਨ੍ਹਾਂ ਨੇ ਬਾਣੀ ਦਾ ਅਧਿਐਨ ਨਹੀਂ ਕੀਤਾ, ਅਤੇ

ਨੋਟ– (1) ਇਸ ਪੁਸਤਕ ਦੇ ਲੇਖਕ ਦੀ 5–10–90 ਨੂੰ ਡਾ. ਧਰਮਪਾਲ ਸਿੰਗਲ ਨਾਲ ਉਨ੍ਹਾਂ ਦੇ ਦਫਤਰ ਵਿਖੇ ਗੁਰੂ ਰਵਿਦਾਸ ਦੇ ਕਥਿਤ ਗੁਰੂ ਸੁਆਮੀ ਰਾਮਾਨੰਦ ਸਬੰਧੀ ਗੁਰੂ ਰਵਿਦਾਸ ਚੇਅਰ ਵੱਲੋਂ ਛਾਪੀ "ਬਾਣੀ ਸ੍ਰੀ ਗੁਰੂ ਰਵਿਦਾਸ ਜੀ" ਵਿੱਚ ਆਏ ਸ਼ਬਦਾਂ ਬਾਰੇ ਗਲਬਾਤ ਹੋਈ। ਡਾ. ਸਿੰਗਲ ਨੇ ਮੰਨਿਆ ਸੀ ਕਿ ਚੇਅਰ ਵਾਲੀ ਪੁਸਤਕ ਵਿੱਚ ਆਏ ਸ਼ਬਦ ਡਾ. ਬੀ.ਪੀ. ਦੀ ਪੁਸਤਕ ਵਿੱਚੋਂ ਲਏ ਗਏ ਹਨ।

(2) ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਪੜ੍ਹੀ ਹੈ। ਉਪਰੋਕਤ ਤੱਥ ਸਪੱਸ਼ਟ ਕਰਦੇ ਹਨ ਕਿ ਡਾ. ਗੋਇਲ ਨੇ ਖੁਦ ਅਧਿਐਨ ਨਹੀਂ ਕੀਤਾ। ਜੇ ਅਧਿਐਨ ਕੀਤਾ ਹੁੰਦਾ ਤਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਸੁਆਮੀ ਰਾਮਾ ਨੰਦ ਨੂੰ ਗੁਰੂ ਸਿੱਧ ਕਰਨ ਲਈ ਗਲਤ ਸ਼ਬਦ ਦੀ ਚੋਣ ਨਾ ਕਰਦੇ। ਦੂਜੇ, ਉਹ ਜ਼ਰੂਰੀ ਹੀ ਬਾਹਰਲੀ ਬਾਣੀ ਵਿੱਚੋਂ ਲਏ ਗਏ ਸ਼ਬਦਾਂ ਨੂੰ ਸੁਆਮੀ ਜੀ ਨੂੰ ਗੁਰੂ ਬਣਾਉਣ ਦਾ ਆਧਾਰ ਹੀ ਰੱਦ ਕਰ ਦਿੱਤਾ ਹੈ। ਸਪੱਸ਼ਟ ਹੈ ਕਿ ਡਾ. ਗੋਇਲ ਨੇ ਖੁਦ ਹੀ ਬਾਣੀ ਦਾ ਅਧਿਐਨ ਨਹੀਂ ਕੀਤਾ।

ਜੇਕਰ ਡਾ. ਗੋਇਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਅਧਿਐਨ ਕਰ ਲੈਂਦੇ, ਤਾਂ ਪਹਿਲਾ ਹੀ ਸ਼ਬਦ ਉਨ੍ਹਾਂ ਨੂੰ ਸੁਆਮੀ ਰਾਮਾ ਨੰਦ ਨੂੰ ਗੁਰੂ

(1) ਆਦਿ ਗ੍ਰੰਥ—486 (2) ਸੰਤ ਨਾਮਦੇਵ ਅਤੇ ਸੰਤ ਰਵਿਦਾਸ—89



ਰਵਿਦਾਸ ਜੀ ਦਾ ਗੁਰੂ ਐਲਾਨ ਕਰਨ ਤੋਂ ਰੋਕ ਲੈਂਦਾ। ਤੁਸੀਂ ਸ਼ਾਇਦ ਹੋਰਨਾਂ ਨੂੰ ਵੀ ਅਜਿਹਾ ਕਰਨ ਤੋਂ ਰੋਕਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਰਵਿਦਾਸ ਜੀ ਪ੍ਰਭ ਅੱਗੇ ਅਰਦਾਸ ਕਰਦੇ ਹਨ :

**ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ॥**

**ਰਵਿਦਾਸ ਸਮ ਦਲ ਸਮਝਾਵੈ ਕੋਊ॥੩॥**[1] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 93)**

"ਜਿਹੜੇ ਵਿਦਵਾਨ ਇਸ ਵਿਚਾਰ ਦੇ ਹਨ ਕਿ ਸੰਤ ਰਵਿਦਾਸ ਜੀ ਦਾ ਕੋਈ ਗੁਰੂ ਨਹੀਂ ਸੀ, ਉਨ੍ਹਾਂ ਨੇ ਰਵਿਦਾਸ ਜੀ ਦੀ ਸਾਰੀ ਬਾਣੀ ਦਾ ਵਿਗਿਆਨਕ ਵਿਸ਼ਲੇਸ਼ਣ ਨਹੀਂ ਕੀਤਾ ਅਤੇ ਨਾ ਹੀ "ਰੈਦਾਸ ਦੀ ਪਰਚਈ" ਕ੍ਰਿਤ ਅਨੰਤ ਦਾਸ ਅਤੇ "ਭਗਤ ਮਾਲ" ਕ੍ਰਿਤ ਨਾਭਾ ਦਾਸ ਹੀ ਪੜ੍ਹੀਆਂ ਹਨ।"[2]

ਇਸ ਪੈਰੇ ਤੋਂ ਇਹ ਵਿਚਾਰ ਬਣਦੇ ਹਨ:

(1) ਕੁਝ ਵਿਦਵਾਨ ਗੁਰੂ ਰਵਿਦਾਸ ਜੀ ਦਾ ਕੋਈ ਗੁਰੂ ਨਹੀਂ ਮੰਨਦੇ, ਕਿਉਂਕਿ

(2) ਉਨ੍ਹਾਂ ਨੇ ਵਿਗਿਆਨਕ ਵਿਸ਼ਲੇਸ਼ਣ ਨਹੀਂ ਕੀਤਾ - ਬਾਣੀ, ਰੈਦਾਸ ਕੀ ਪ੍ਰਚਈ ਅਤੇ ਭਗਤਮਾਲ ਦਾ।

ਸਾਡੀ ਨਜ਼ਰ ਵਿੱਚ ਅਜਿਹਾ ਕੋਈ ਵਿਦਵਾਨ ਨਹੀਂ ਆਇਆ ਜਿਸ ਨੇ ਗੁਰੂ ਰਵਿਦਾਸ ਜੀ ਦੇ ਗੁਰੂ ਹੋਣ ਤੋਂ ਇਨਕਾਰ ਕੀਤਾ ਹੋਵੇ। ਉਨ੍ਹਾਂ ਦਾ ਗੁਰੂ ਤਾਂ ਹਰ ਹਾਲਾਤ ਵਿੱਚ ਹੈ, ਪਰ ਕਿਸੇ ਵੀ ਹਾਲਤ ਵਿੱਚ ਸੁਆਮੀ ਰਾਮਾ ਨੰਦ ਨਹੀਂ ਹੈ। ਦੂਜੇ ਵਿਚਾਰ ਬਾਰੇ: ਪਾਠਕਾਂ ਨੂੰ ਇਸ ਦਾ ਉੱਤਰ ਦੂਜੇ ਅਧਿਆਏ ਵਿੱਚ ਮਿਲ ਗਿਆ ਹੋਵੇਗਾ। ਸੋ ਡਾ. ਕ੍ਰਿਸ਼ਨ ਲਾਲ ਗੋਇਲ ਵੀ ਭਾਵੁਕ ਹੋ ਕੇ ਵਿਦਵਾਨਾਂ ਤੇ ਕਾਫੀ ਵਰ੍ਹੇ ਹਨ, ਪਰ ਤਰਕ ਤੋਂ ਬਿਨਾਂ ਹੀ।

ਡਾ. ਨਿਰਮਲ ਸਿੰਘ ਜੀ ਨੇ ਆਪਣੀ ਡਿਗਰੀ 1990 ਵਿੱਚ ਪ੍ਰਾਪਤ ਕੀਤੀ। ਉਨ੍ਹਾਂ ਦਾ ਵਿਸ਼ਾ ਸੀ "ਗੁਰੂ ਰਵਿਦਾਸ ਦੀ ਬਾਣੀ ਵਿੱਚ ਸਮਾਜਕ ਚੇਤਨਾ।" ਉਨ੍ਹਾਂ ਦੇ ਨਿਗਰਾਨ ਡਾ. ਧਰਮਪਾਲ ਸਿੰਗਲ ਸਨ। ਇਸ ਵਿਸ਼ੇ ਅਧੀਨ ਵੀ ਗੁਰੂ ਬਾਰੇ ਚਰਚਾ ਦੀ ਲੋੜ ਨਹੀਂ ਸੀ। ਡਾ. ਸਾਹਿਬ ਚਰਚਾ ਵਿੱਚ ਉੱਕਾ ਹੀ ਨਹੀਂ ਪਏ। ਉਨ੍ਹਾਂ ਦਾ ਵਿਚਾਰ ਹੈ :-

"2.7.1.- ਸੈਣ ਨਾਈ, ਕਬੀਰ, ਪੀਪਾ ਜੀ, ਰੈਦਾਸ ਤੇ ਧੰਨਾ ਪ੍ਰਸਿੱਧ ਹਨ। ਪਰ ਇਨ੍ਹਾਂ ਦੁਆਰਾ ਰਚਿਤ ਕਿਸੇ ਵੀ ਰਚਨਾ ਵਿੱਚ ਕਿਸੇ ਨੇ ਵੀ ਸਵਾਮੀ ਰਾਮਾ ਨੰਦ ਨੂੰ ਆਪਣਾ ਗੁਰੂ ਨਹੀਂ ਮੰਨਿਆ।"[3]

ਇਸੇ ਤਰ੍ਹਾਂ ਦਾ ਹੀ ਇੱਕ ਹੋਰ ਪੈਰਾ ਡਾ. ਸਾਹਿਬ ਦਿੰਦੇ ਹਨ। ਉਹ ਲਿਖਦੇ ਹਨ:

ਨੋਟ ਜਾਰੀ : ਇਉਂ ਲੱਗਦਾ ਹੈ ਕਿ ਡਾ. ਸਿੰਗਲ ਨੇ ਡਾ. ਬੀ.ਪੀ. ਸ਼ਰਮਾ ਨਾਲ ਮਿਲ ਕੇ, ਜਾਣ ਬੁੱਝ ਕੇ ਅਜਿਹਾ ਕੀਤਾ ਹੈ ਤਾਂਕਿ ਸੁਆਮੀ ਰਾਮਾਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਸਿੱਧ ਕਰਕੇ ਵੈਸ਼ਣਵ ਅਨੰਤਦਾਸ ਆਦਿ ਦੀ ਲੀਹ ਨੂੰ ਪਰਪੱਕ ਕੀਤਾ ਜਾ ਸਕੇ। ਡਾ. ਸਿੰਗਲ ਦੱਸਦੇ ਹਨ ਕਿ, "ਜਦੋਂ ਮੈਂ (ਡਾ. ਸਿੰਗਲ) ਡਾ. ਸ਼ਰਮਾ ਤੋਂ ਸੰਬੰਧਤ ਸ਼ਬਦਾਂ ਸੰਬੰਧੀ ਹਥ-ਲਿਖਤ ਮੰਗੀ ਤਾਂ ਉਨ੍ਹਾਂ ਨੇ ਦਿਖਾਉਣ ਤੋਂ ਇਨਕਾਰ ਕਰ ਦਿੱਤਾ।" ਕਾਮਿਆਂ ਵਿਚਲੇ ਵਾਕ ਦਾਸ ਨੇ ਡਾ. ਸਿੰਗਲ ਨੂੰ ਪੜ੍ਹ ਕੇ ਸੁਣਾਏ ਹਨ ਅਤੇ ਡਾ. ਸਿੰਗਲ ਨੇ ਇਸ ਨੂੰ ਸਹੀ ਕਰਾਰ ਦਿੱਤਾ ਹੈ।

(1) ਆਦਿ ਗ੍ਰੰਥ—93 (2) ਸੰਤ ਨਾਮਦੇਵ ਅਤੇ ਸੰਤ ਰਵਿਦਾਸ—90 (3) ਪੰਨਾ—69

ਰੈਦਾਸ ਜੀ ਰਾਮਾਨੰਦ ਜੀ ਦੇ ਸ਼ਿਸ਼ਾਂ ਵਿੱਚੋਂ ਸਭ ਤੋਂ ਪ੍ਰਸਿੱਧ ਹਨ। ਜਿਨ੍ਹਾਂ ਦੇ ਚਾਲੀ ਪਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ।"[1]

ਇਹ ਪੈਰਾ ਵੀ ਸੂਚਨਾ ਹਿਤ ਹੀ ਹੈ। ਜੇ ਉਪਰੋਕਤ ਸੂਚਨਾ ਨਾ ਵੀ ਦਿੱਤੀ ਜਾਂਦੀ ਤਾਂ ਵੀ ਵਿਸ਼ੇ ਦੇ ਨਿਭਾ ਵਿੱਚ ਕੋਈ ਅੰਤਰ ਨਹੀਂ ਸੀ ਪੈਣਾ।

ਇਸ ਤੋਂ ਅਗਲੇ ਵਿਦਵਾਨ ਹਨ ਡਾ. ਸਰੋਜ ਰਾਣੀ। 1991 ਵਿੱਚ "ਗੁਰੂ ਰਵਿਦਾਸ ਤੇ ਜੀਵਨ ਮੁੱਲ" ਵਿਸ਼ੇ ਤੇ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਦੇ ਨਿਗਰਾਨ ਡਾ. ਧਰਮਪਾਲ ਸਿੰਗਲ ਸਨ। ਉਹ ਲਿਖਦੇ ਹਨ :

ਅਨੇਕਾਂ ਵਿਦਵਾਨ "ਰਾਮਾ ਨੰਦ ਨੂੰ ਆਪ ਦਾ (ਗੁਰੂ ਰਵਿਦਾਸ ਦਾ) ਗੁਰੂ ਮੰਨਦੇ ਹਨ। ਰਵਿਦਾਸ ਬਾਣੀ ਵਿੱਚ ਇਸ ਦਾ ਹਵਾਲਾ ਮਿਲਦਾ ਹੈ।"

ਉਦਾਹਰਣਾਂ ਵੀ ਉਹੋ ਹੀ ਹਨ ਅਤੇ ਪੁਸਤਕਾਂ ਵੀ ਉਹੀ ਹਨ। ਇਨ੍ਹਾਂ ਉੱਪਰ ਚਰਚਾ ਬਾਅਦ ਵਿੱਚ ਕਰਦੇ ਹਾਂ। ਡਾ. ਸਾਹਿਬਾ ਅੱਗੇ ਚੱਲ ਕੇ ਲਿਖਦੇ ਹਨ:

"ਡਾ. ਧਰਮਪਾਲ ਸਿੰਗਲ ਲਿਖਦੇ ਹਨ:-

ਗੁਰੂ ਰਾਮਾ ਨੰਦ ਤੋਂ "ਰੰ ਰਾਮਾਇ ਨਮ:" ਅਤੇ ਰਾਮਾ ਨੰਦ ਦਾ ਗੁਰੂ ਮੰਤਰ ਲੈਣ ਤੇ ਪਾਰ ਪਾਉਣ ਦਾ ਜ਼ਿਕਰ ਵੀ ਕਈ ਥਾਂ ਤੇ ਆਇਆ।"[2]

ਵਿਚਾਰ ਅੱਗੇ ਚਲਦਾ ਹੈ:

ਇਨ੍ਹਾਂ ਬਾਰੇ ਬੀ.ਪੀ. ਸ਼ਰਮਾ ਲਿਖਦੇ ਹਨ: "ਰ' ਰਾਮਯ ਨਮ: ਅਤੇ ਸ੍ਰੀ ਰਾਮਯ ਨਮ: ਛੇ ਅੱਖਰੀ ਇਨ੍ਹਾਂ ਦਾ ਮੂਲ ਮੰਤਰ ਹੈ।"[3]

ਦੋਹਾਂ ਪੈਰਿਆਂ ਦਾ ਉੱਤਰ ਪਿੱਛੇ "ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ" ਪੁਸਤਕ ਦੀ ਉਥਾਨਕ ਦੀ ਚਰਚਾ ਕਰਦਿਆਂ ਦੇ ਆਏ ਹਾਂ।

ਉਪਰੋਕਤ ਗਵਾਹੀ ਤਾਂ ਮਿਲਾਵਟ ਵਾਲੀ ਬਾਣੀ ਦੀ ਹੀ ਹੈ ਅਤੇ ਹੇਠਲੇ ਪੈਰੇ ਦੀ ਗਵਾਹੀ ਵਿਗਿਆਨਕ ਤੌਰ 'ਤੇ ਮੰਨਣਯੋਗ ਨਹੀਂ। ਇਸ ਉਪਰ ਚਰਚਾ ਵੀ ਪਿਛਲੇ ਅਧਿਆਏ ਵਿੱਚ ਕਰ ਆਏ ਹਾਂ।

"ਹੁਣ ਤੱਕ ਦੀ ਖੋਜ ਤੋਂ ਪਤਾ ਲੱਗਦਾ ਹੈ ਕਿ ਰਵਿਦਾਸ ਦੇ ਗੁਰੂ ਰਾਮਾ ਨੰਦ ਹੀ ਸਨ। ਇਸ ਪਿਛੇ 'ਭਵਿਸ਼ ਪੁਰਾਣ' ਅਤੇ 'ਭਗਤ ਮਾਲ' ਦੀ ਗਵਾਹੀ ਕੰਮ ਕਰਦੀ ਹੈ। ਬਾਣੀ ਦੀ ਅੰਦਰਲੀ ਗਵਾਹੀ ਤੋਂ ਵੀ ਇਨ੍ਹਾਂ ਦੇ ਗੁਰੂ ਦੇ ਪ੍ਰਮਾਣ ਮਿਲਦੇ ਹਨ।"[4]

ਭਵਿਸ਼ ਪੁਰਾਣ ਦੇ ਨਾਮ ਤੋਂ ਜ਼ਾਹਰ ਹੈ ਕਿ ਇਸ ਵਿੱਚ ਭਵਿਸ਼ ਬਾਣੀ ਕੀਤੀ ਗਈ ਹੈ। ਭਵਿਸ਼ ਬਾਣੀ ਗਲਤ ਵੀ ਹੋ ਸਕਦੀ ਹੈ। ਇਸ ਲਈ ਅਸੀਂ ਇਸ ਨੂੰ ਵਿਗਿਆਨਕ ਨਹੀਂ ਮੰਨਦੇ। ਸੋ ਇਸ ਨੂੰ ਗਵਾਹੀ ਦੇ ਤੌਰ 'ਤੇ ਮਾਨਤਾ ਦੇਣਾ ਵੀ ਠੀਕ ਨਹੀਂ ਹੈ। 'ਭਗਤ ਮਾਲ' ਉੱਪਰ ਪਿੱਛੇ ਵਿਚਾਰ ਹੋ ਚੁੱਕਿਆ ਹੈ। ਅੰਦਰਲੀ ਗਵਾਹੀ ਉੱਪਰ ਵਿਚਾਰ ਅੱਗੇ ਕਰਾਂਗੇ।

ਹੁਣ ਡਾ. ਅਮਰਜੀਤ ਕੌਰ ਦੇ 1992 ਦੇ ਥੀਸਸ ਦੇ ਵਿਸ਼ੇ ਤੇ "ਗੁਰੂ ਰਵਿਦਾਸ ਅਤੇ ਗੁਰੂ

(1) ਪੰਨਾ—72 (2) ਪੰਨਾ—32 (3) ਪੰਨਾ—33 (4) ਪੰਨਾ—33



ਨਾਨਕ ਦੀ ਬਾਣੀ ਦਾ ਸਮਾਜਿਕ ਸੰਦਰਭ ਵਿੱਚ ਤੁਲਨਾਤਮਕ ਅਧਿਐਨ" ਤੇ ਵਿਚਾਰ ਕਰਦੇ ਹਾਂ। ਉਨ੍ਹਾਂ ਦੇ ਨਿਗਰਾਨ ਡਾ. ਧਰਮ ਪਾਲ ਸਿੰਗਲ ਸਨ। ਡਾ. ਸਾਹਿਬਾ ਲਿਖਦੇ ਹਨ:

"ਰਵਿਦਾਸ ਜੀ ਦੇ ਸੁਆਮੀ ਰਾਮਾ ਨੰਦ ਨੂੰ ਗੁਰੂ ਸਵੀਕਾਰ ਕਰਨ ਬਾਰੇ ਉਨ੍ਹਾਂ ਦੀ ਬਾਣੀ ਵਿੱਚ ਸਪੱਸ਼ਟ ਫੁਰਮਾਨ ਹਨ।"[1]

ਗਵਾਹੀਆਂ ਹੂਬਹੂ ਪਹਿਲੀਆਂ ਵਾਲੀਆਂ ਹੀ ਹਨ ਅਤੇ ਪੁਸਤਕਾਂ ਵੀ ਉਹੋ ਹੀ ਹਨ।

ਸ਼ੰਕਾ ਪੈਦਾ ਹੁੰਦਾ ਹੈ ਕਿ ਅਜਿਹਾ ਕਿਸੇ ਖਾਸ ਸਾਜਿਸ਼ ਅਧੀਨ ਕੀਤਾ ਜਾਂ ਰਿਹਾ ਹੈ ਕਿਉਂਕਿ ਡਾ. ਸਾਹਿਬਾ ਤੋਂ ਪਹਿਲਾਂ ਆਏ ਸਾਰੇ ਵਿਦਵਾਨਾਂ ਨੇ ਉਹੋ ਹੀ ਗਵਾਹੀਆਂ ਉਹੋ ਹੀ ਪੁਸਤਕਾਂ ਅਤੇ ਉਹੀ ਲੇਖਕ ਆਪਣੇ ਪੱਖ ਨੂੰ ਸਿੱਧ ਕਰਨ ਵਾਸਤੇ ਵਰਤੇ ਹਨ। ਫਿਰ ਹਰ ਵਿਦਵਾਨ ਸੁਆਮੀ ਰਾਮਾ ਨੰਦ ਨੂੰ ਗੁਰੂ ਸਾਬਤ ਕਰਨ ਬਾਰੇ ਦੁਹਰਾ ਕਿਉਂ ਕਰਦਾ ਹੈ? ਸਿੱਧ ਕੀਤੇ ਤੱਥ ਨੂੰ ਵਾਰ-ਵਾਰ ਉਪਰੋਕਤ ਗਵਾਹੀਆਂ ਨਾਲ ਸਿੱਧ ਕਰਨਾ ਖੋਜ ਨਹੀਂ ਹੈ ਅਤੇ ਨਾ ਹੀ ਅਜਿਹਾ ਕਰਨਾ ਵਿਦਵਾਨਾਂ ਨੂੰ ਸੋਭਾ ਦਿੰਦਾ ਹੈ। ਜਿਹੜੀ ਸਭ ਤੋਂ ਗੰਭੀਰ ਅਤੇ ਖਤਰਨਾਕ ਗੱਲ ਹੈ। ਉਹ ਹੈ ਉਪਰੋਕਤ ਸਾਰੇ ਵਿਦਵਾਨਾਂ ਦਾ ਇਕੋ-ਇਕ ਨਿਗਰਾਨ ਡਾ. ਧਰਮਪਾਲ ਸਿੰਗਲ। ਇਸ ਦਾ ਅਰਥ ਇਹ ਹੈ ਕਿ ਨਿਗਰਾਨ (Guide) ਜਾਣਦਾ ਹੋਇਆ ਵੀ ਇਸ ਨੁਕਤੇ ਨੂੰ ਵਾਰ-ਵਾਰ ਉਭਾਰ ਰਿਹਾ ਹੈ। ਬਿਨਾਂ ਕਿਸੇ ਨਵੇਂ ਤੱਥ ਤੋਂ, ਨਵੀਂ ਖੋਜ ਤੋਂ। ਇਸ ਇੱਕੋ-ਇੱਕ ਕਾਰਨ ਝੂਠ ਨੂੰ 100 ਵਾਰ ਦੁਹਰਾ ਕੇ ਉਸ ਨੂੰ ਸੱਚ ਬਣਾਉਣਾ ਹੀ ਲਗਦਾ ਹੈ। ਇਹ ਇਸ ਗੱਲ ਤੋਂ ਵੀ ਸਾਬਤ ਹੋ ਜਾਂਦਾ ਹੈ ਕਿ ਅਗਲੇ ਵਿਚਾਰ ਅਧੀਨ ਆਉਣ ਵਾਲੇ ਹੋਰ ਪੰਜ ਥੀਸਸ ਵੀ ਇਸੇ ਬੀਮਾਰੀ ਦਾ ਹੀ ਸ਼ਿਕਾਰ ਹਨ। ਇਨ੍ਹਾਂ ਪੰਜਾਂ ਦੇ ਨਿਗਰਾਨ ਵੀ ਡਾ. ਧਰਮ ਪਾਲ ਸਿੰਗਲ ਹੀ ਹਨ। ਇਸ ਤੱਥ ਨੂੰ ਸਾਜਿਸ਼ ਨਾ ਕਿਹਾ ਜਾਵੇ ਤਾਂ ਕੀ ਕਿਹਾ ਜਾਵੇ? ਸੋ ਇਹ ਸਭ ਕੁਝ ਇੱਕ ਘਿਨਾਉਣੀ ਸਕੀਮ ਰਚਕੇ ਝੂਠ ਨੂੰ ਸੱਚ ਬਣਾਉਣ ਦੀ ਸਾਜਿਸ਼ ਅਧੀਨ ਕੀਤਾ ਜਾ ਰਿਹਾ ਹੈ।

ਡਾ. ਸੁਖਵਿੰਦਰ ਕੌਰ ਨੇ 1992 ਵਿੱਚ ਡਿਗਰੀ ਪ੍ਰਾਪਤ ਕੀਤੀ, ਵਿਸ਼ਾ ਸੀ "ਰਵਿਦਾਸ ਬਾਣੀ ਦਾ ਪੌਰਾਣਿਕ ਅਧਿਐਨ।" ਪੌਰਾਣਿਕ ਦਾ ਅਰਥ ਹੈ 'ਪੁਰਾਣ ਦਾ।'[2]

ਪਰ ਡਾ. ਸਾਹਿਬਾ ਨੇ ਭਵਿਸ਼ ਪੁਰਾਣ ਆਦਿ ਵਿੱਚੋਂ ਗੁਰੂ ਰਵਿਦਾਸ ਜੀ ਦੇ ਗੁਰੂ ਨੂੰ ਖੋਜਣ ਦੀ ਖੇਚਲ ਨਹੀਂ ਕੀਤੀ। ਉਨ੍ਹਾਂ ਨੂੰ ਇਸ ਗ੍ਰੰਥ ਤੇ ਵਿਸਥਾਰ ਨਾਲ ਅਧਿਐਨ ਕਰਨਾ ਚਾਹੀਦਾ ਸੀ। ਪਰ ਅਜਿਹਾ ਨਹੀਂ ਹੋਇਆ। ਉਹ ਲਿਖਦੇ ਹਨ:

"ਰਾਮਾ ਨੰਦ ਜੀ ਨੂੰ ਰਵਿਦਾਸ ਨੇ ਗੁਰੂ ਸਵੀਕਾਰ ਕੀਤਾ। ਇਨ੍ਹਾਂ ਦਾ ਕੇਵਲ ਇੱਕ ਪਦ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਮਿਲਦਾ ਹੈ।

**ਬੇਦ ਪੁਰਾਣ ਸਭ ਦੇਖੇ ਜੋਇ**
**ਊਹਾਂ ਤਉ ਜਾਈਐ**
**ਜਉ ਈਹਾਂ ਨ ਹੋਇ॥** **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1195)**

(1) ਪੰਨਾ—160 (2) ਮਹਾਨ ਕੋਸ਼—590

ਆਪ ਅਨੁਸਾਰ ਪ੍ਰਭੂ ਨੂੰ ਵੇਦ-ਪੁਰਾਣ ਪੜ੍ਹਕੇ ਨਹੀਂ ਪਾਇਆ ਜਾ ਸਕਦਾ।"[1]

ਉਪਰੋਕਤ ਗਵਾਹੀ ਤੋਂ ਪ੍ਰਤੀਤ ਹੁੰਦਾ ਹੈ ਕਿ ਡਾ. ਸਾਹਿਬਾ ਸੁਆਮੀ ਰਾਮਾ ਨੰਦ ਬਾਰੇ ਦਸ ਰਹੇ ਹਨ ਕਿ ਉਨ੍ਹਾਂ ਨੇ ਪ੍ਰਭ ਕਿਵੇਂ ਪਾਇਆ। ਗੁਰੂ ਰਵਿਦਾਸ ਜੀ ਦੇ ਉਹ ਗੁਰੂ ਕਿਵੇਂ ਬਣਦੇ ਹਨ ਇਸ ਉੱਪਰ ਡਾ. ਸਾਹਿਬਾ ਨੇ ਆਪਣੇ ਵਿਚਾਰ ਪ੍ਰਗਟ ਨਹੀਂ ਕੀਤੇ। ਉਨ੍ਹਾਂ ਨੇ ਅਸੰਗਤ ਵਿਚਾਰ ਦੇ ਕੇ ਪੱਲਾ ਛੁਡਾਉਣ ਵਾਲੀ ਗਲ ਕੀਤੀ ਲਗਦੀ ਹੈ।

ਡਾ. ਕਰਨੈਲ ਸਿੰਘ ਨੇ ਬੜੀ ਮਿਹਨਤ ਕਰਕੇ 1992 ਵਿੱਚ ਡਿਗਰੀ ਪ੍ਰਾਪਤ ਕੀਤੀ ਹੈ। ਉਨ੍ਹਾਂ ਨੇ ਨਿਗਰਾਨ ਵੀ ਡਾ. ਧਰਮਪਾਲ ਸਿੰਘਲ ਹੀ ਹਨ। ਡਾ. ਸਾਹਿਬ ਲਿਖਦੇ ਹਨ:

"ਉਂਝ ਗੁਰੂ ਰਵਿਦਾਸ ਜੀ ਦੀ ਜੋ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਹੈ ਉਸ ਵਿੱਚ ਬਹੁਤ ਥਾਵਾਂ ਤੋਂ ਉਨ੍ਹਾਂ ਸੁਆਮੀ ਰਾਮਾ ਨੰਦ ਜੀ ਨੂੰ ਆਪਣਾ ਗੁਰੂ ਪ੍ਰਵਾਨ ਕੀਤਾ ਹੈ। ਪ੍ਰਮਾਣ ਲਈ ਕੁਝ ਉਦਾਹਰਣ।"[2]

ਉਦਾਹਰਣਾਂ : ਪੁਸਤਕ ਅਤੇ ਲੇਖਕ ਉਹੋ ਹੀ ਪਹਿਲੇ ਵਾਲੇ ਹੀ ਹਨ। ਪਰ ਡਾ. ਕਰਨੈਲ ਸਿੰਘ ਉੱਪਰ ਦਿੱਤੇ ਵਿਚਾਰ ਤੋਂ ਬਿਲਕੁਲ ਉਲਟ ਵਿਚਾਰ ਦੇ ਰਹੇ ਹਨ:

"ਪਰ ਉਨ੍ਹਾਂ ਦੀ ਬਾਣੀ ਵਿੱਚੋਂ ਇਹ ਵਿਚਾਰ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਪਰਮਾਤਮਾ ਹੀ ਗੁਰੂ ਹੈ ਅਤੇ ਸਾਰਾ ਜਗਤ ਉਸ ਪ੍ਰਮਾਤਮਾ ਦਾ ਚੇਲਾ ਹੈ। ਇਸ ਵਿਚਾਰ ਨੂੰ ਉਨ੍ਹਾਂ ਨੇ ਆਪਣੀ ਬਾਣੀ ਵਿੱਚ ਇਸ ਤਰ੍ਹਾਂ ਅੰਕਿਤ ਕੀਤਾ ਹੈ :

1. **ਮਾਧਉ ਸਤਗੁਰ ਸਭ ਜਗ ਚੇਲਾ**
2. **ਸੰਤ ਅੰਨਤਹਿ ਅੰਤਰ ਨਾਹੀ**
3. **ਰਵਿਦਾਸ ਦਾਸ ਉਦਾਸ**
4. **ਸਤਿਗੁਰ ਗਿਆਨ ਜਾਨੇ ਸੰਤ ਦੇਵਾ ਦੇਵ।**"[3]

ਉਪਰੋਕਤ ਉਦਾਹਰਣਾਂ ਤੋਂ ਕਿਸੇ ਹੱਦ ਤੱਕ ਇਹ ਤਾਂ ਸਿੱਧ ਹੁੰਦਾ ਹੈ ਕਿ ਗੁਰੂ ਰਵਿਦਾਸ ਪਰਮਾਤਮਾ ਨੂੰ ਹੀ ਜਗਤ ਗੁਰੂ ਦਸਦੇ ਹਨ। ਪਰ ਇਸ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਗੁਰੂ ਰਵਿਦਾਸ ਦਾ ਗੁਰੂ ਪਰਮਾਤਮਾ ਹੈ।

ਡਾ. ਸਾਹਿਬ ਨੇ ਦੋ ਆਪਾ ਵਿਰੋਧੀ ਵਿਚਾਰ ਦਿੱਤੇ ਹਨ। ਪਰ ਇਹ ਸਪੱਸ਼ਟ ਨਹੀਂ ਕੀਤਾ ਕਿ ਉਹ ਕਿਹੜੇ ਵਿਚਾਰ ਨਾਲ ਸਹਿਮਤ ਹਨ। ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਉਹ ਸੁਆਮੀ ਰਾਮਾ ਨੰਦ ਨੂੰ ਹੀ ਗੁਰੂ ਰਵਿਦਾਸ ਜੀ ਦਾ ਗੁਰੂ ਮੰਨਦੇ ਹਨ।

ਡਾ. ਲੇਖ ਰਾਜ ਪ੍ਰਵਾਨਾ, ਡਾ. ਪਦਮ ਗੁਰਚਰਨ ਸਿੰਘ ਨੂੰ ਹੀ ਅਪਣਾ ਲੈਂਦੇ ਹਨ ਅਤੇ ਆਪਣੇ 1993 ਵਿੱਚ ਛਪੇ ਥੀਸਸ ਵਿੱਚ ਲਿਖਦੇ ਹਨ:

"ਡਾ. ਪਦਮ ਗੁਰਚਰਨ ਸਿੰਘ ਆਪਣੀ ਰਚਨਾ "ਸੰਤ ਰਵਿਦਾਸ ਵਿਚਾਰਕ ਔਰ ਕਵੀ" ਵਿੱਚ ਲਿਖਦੇ ਹਨ ਕਿ "ਸੰਤ ਰੈਦਾਸ ਮੇਂ ਕੁਛ ਪੰਕਤੀਆਂ ਮਿਲਤੀ ਹੈਂ, ਜਿਨਮੇਂ ਰਵਿਦਾਸ ਜੀ

(1) **ਰਵਿਦਾਸ ਬਾਣੀ ਦਾ ਪੌਰਾਣਿਕ ਅਧਿਐਨ**—89
(2) ਪੰਨਾ—221 (3) ਪੰਨਾ—223



ਨੇ ਪ੍ਰਮਾਤਮਾ ਕੋ ਗੁਰੂ ਮਾਨਾ ਹੈ।" ਉਦਾਹਰਣ ਲਈ ਅਸੀਂ ਹੇਠ ਲਿਖੀ ਗੁਰਬਾਣੀ ਦੀ ਤੁਕ ਡਾ. ਪਦਮ ਦੁਆਰਾ ਉਦਰਤ ਪ੍ਰਸਤੁਤ ਕਰ ਸਕਦੇ ਹਾਂ:

**ਮਾਧੋ ਸਤਗੁਰ ਸਬ ਜਗ ਚੇਲਾ,**
**ਅਬਕੇ ਬਿਛਰੇ ਮਿਲਨ ਦੁਹੇਲਾ॥**

"ਅਰਥਾਤ ਪਰਮਾਤਮਾ (ਮਾਧੋ) ਹੀ ਸਤਿਗੁਰੂ ਹੈ ਅਤੇ ਸਾਰਾ ਵਿਸ਼ਵ ਉਸ ਦਾ ਚੇਲਾ ਹੈ। ਇਸ ਪਦ ਦੇ ਅਧਾਰ ਤੇ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਰਵਿਦਾਸ ਜੀ ਨੇ ਕਿਸੇ ਵਿਅਕਤੀ ਵਿਸ਼ੇਸ਼ ਤੋਂ ਦੀਖਿਆ ਨਹੀਂ ਲਈ, ਬਲਕਿ ਖੁਦ ਇਨ੍ਹਾਂ ਨੂੰ ਆਪ ਦੀ ਗੁਰੂ ਪੂਰਣ ਰੌਸ਼ਨੀ ਦਿੱਤੀ ਸੀ। ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਜਦ ਤੱਕ ਕੋਈ ਠੋਸ ਪ੍ਰਮਾਣ ਨਾ ਮਿਲ ਜਾਣ ਤਦ ਤੱਕ ਪਰਮਾਤਮਾ ਨੂੰ ਹੀ ਉਨ੍ਹਾਂ ਦਾ ਗੁਰੂ ਮੰਨ ਲੈਣਾ ਯੋਗ ਹੈ।"[1]

ਡਾ. ਪਰਵਾਨਾ ਅਤੇ ਡਾ. ਪਦਮ ਨੂੰ ਉਪਰੋਕਤ ਤੁਕਾਂ ਦੇ ਅਧਾਰ 'ਤੇ ਪਰਮਾਤਮਾ ਨੂੰ ਗੁਰੂ ਮੰਨਿਆ ਹੈ। ਪਰ ਇਹ ਤਾਂ ਸਰਵ-ਵਿਆਪਕ ਅਟੱਲ ਸਚਾਈ ਨੂੰ ਬਿਆਨ ਕੀਤਾ ਹੈ। ਇਸ ਤੋਂ ਇਹ ਸਿੱਧ ਨਹੀਂ ਹੁੰਦਾ, ਇਥੋਂ ਤੱਕ ਕਿ ਅਨੁਮਾਨ ਵੀ ਨਹੀਂ ਲਾਇਆ ਜਾ ਸਕਦਾ ਕਿ ਪਰਮਾਤਮਾ ਗੁਰੂ ਰਵਿਦਾਸ ਦੇ ਗੁਰੂ ਸਨ। ਇਸੇ ਕਾਰਣ ਡਾ. ਪ੍ਰਵਾਨਾ ਦ੍ਰਿੜਤਾ ਨਾਲ ਪਰਮਾਤਮਾ ਨੂੰ ਗੁਰੂ ਪਰਵਾਨ ਨਹੀਂ ਕਰਦੇ।

ਪਰ ਉਹ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਨਹੀਂ ਮੰਨਦੇ। ਡਾ. ਪ੍ਰਵਾਨਾ ਦੇ ਨਿਗਰਾਨ ਡਾ. ਧਰਮਪਾਲ ਸਿੰਗਲ ਨਹੀਂ ਹਨ।

ਡਾ. ਇੰਦਰਪਾਲ ਮਹਿਤਾ ਨੇ 1994 ਵਿੱਚ "ਸੰਤ ਰਵਿਦਾਸ ਅਤੇ ਮੀਰਾ ਬਾਈ ਇੱਕ ਤੁਲਨਾਤਮਕ ਅਧਿਐਨ" ਵਿਸ਼ੇ ਤੇ ਡਿਗਰੀ ਪ੍ਰਾਪਤ ਕੀਤੀ ਹੈ। ਨਿਗਰਾਨ ਡਾ. ਧਰਮਪਾਲ ਸਿੰਗਲ ਹਨ। ਡਾ. ਮਹਿਤਾ ਲਿਖਦੇ ਹਨ:

"ਪਰ ਬੜੇ ਦੁੱਖ ਦੀ ਗੱਲ ਹੈ ਕਿ (ਆਚਾਰੀਆ ਪਰਸ਼ਰਾਮ) ਚਤੁਰਵੇਦੀ ਵਰਗੇ ਆਲੋਚਕ ਸਿਰਫ ਇਸ ਗਲ ਤੇ ਕਿ ਉਨ੍ਹਾਂ ਨੇ ਆਪਣੀ ਬਾਣੀ ਵਿੱਚ ਆਪਣੇ ਗੁਰੂ ਦਾ ਨਾਂ ਨਹੀਂ ਉਚਾਰਿਆ। ਇਸ ਲਈ ਰਾਮਾ ਨੰਦ ਗੁਰੂ ਨਹੀਂ ਹੋ ਸਕਦੇ। ਇਹ ਕੋਈ ਯੁਕਤ ਸੰਗਤ ਨਹੀਂ। ਕਿਉਂਕਿ ਆਪਣੇ ਗੁਰੂ ਦਾ ਨਾਂ ਆਮ ਤੌਰ 'ਤੇ ਗੁਪਤ ਰੱਖਣ ਦੀ ਪਰੰਪਰਾ ਲਗਭਗ ਸਾਰੇ ਸੰਤਾਂ ਵਿੱਚ ਰਹੀ ਹੈ।[2]

ਇਹ ਵਿਚਾਰ ਬੁਨਿਆਦੀ ਤੌਰ 'ਤੇ ਗਲਤ ਹੈ ਕਿ ਸੰਤ ਆਪਣਾ ਗੁਰੂ ਗੁਪਤ ਰਖਦੇ ਸਨ। ਗੁਰੂ ਗਰੰਥ ਸਾਹਿਬ ਵਿਚਲੀ ਬਾਣੀ ਤਾਂ ਆਪਣੇ ਗੁਰੂ ਨੂੰ ਛੁਪਾਉਣ ਵਾਲੇ ਨੂੰ ਬਹੁਤ ਭੈੜਾ ਮੰਨਦੀ ਹੈ। ਅਜਿਹੇ ਮਨੁੱਖਾਂ ਨੂੰ ਪਰਮਾਤਮਾ ਦੀ ਦਰਗਾਹ ਵਿੱਚ ਥਾਂ ਨਹੀਂ ਮਿਲਦੀ : ਕਿਉਂਕਿ ਉਹ ਵਿਭਚਾਰੀ ਹਨ, ਮਹਾਂਪਾਪੀ ਹਨ :

(ੳ) **ਜੋ ਗੁਰ ਗੋਪੇ ਆਪਣਾ ਸੁ ਭਲਾ ਨਾਹੀ**

(1) **ਸ੍ਰੀ ਗੁਰੂ ਰਵਿਦਾਸ-ਜੀਵਨ ਅਤੇ ਕ੍ਰਿਤਾਂ**—72 (2) ਪੰਨਾ—81

**ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ॥**

**(ਗਉੜੀ ਮ:੪ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 303-304)**

(ਅ) **ਜਿਨਿ ਗੁਰੁ ਗੋਪਿਆ ਆਪਣਾ**
**ਤਿਸੁ ਠਉਰ ਨ ਠਾਉ॥**
**ਹਲਤੁ ਪਲਤੁ ਦੋਵੈ ਗਏ**
**ਦਰਗਹ ਨਾਹੀ ਥਾਉ॥**[1] **(ਗਉੜੀ ਮ: ੩, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 314)**

(ੲ) **ਜਿਨਾ ਗੁਰੁ ਗੋਪਿਆ ਆਪਣਾ, ਤੇ ਨਰ ਬੁਰਿਆਰੀ॥**
**ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ, ਪਾਪਿਸਟ ਹਤਿਆਰੀ॥**
**ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ॥**

**(ਸੋਰਠਿ ਮ:੪, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - 651)**

ਅੱਗੇ ਡਾ. ਸਾਹਿਬ ਆਪਣਾ ਨਿਰਣਾ ਦਿੰਦੇ ਹਨ:

"ਸਾਡੇ ਮੱਤ ਅਨੁਸਾਰ ਉਪਰੋਕਤ ਤੱਥਾਂ ਦੇ ਆਧਾਰ ਤੇ ਸਵਾਮੀ ਰਾਮਾ ਨੰਦ ਹੀ ਸੰਤ ਰਵਿਦਾਸ ਦੇ ਗੁਰੂ ਸਨ, ਇਸ ਵਿੱਚ ਕੋਈ ਸੰਦੇਹ ਨਹੀਂ॥[2]

ਡਾ. ਸਾਹਿਬ ਨੇ ਖਾਲੀ ਕਥਨ ਹੀ ਦੇ ਦਿੱਤਾ ਹੈ। ਆਪਣੇ ਵਿਚਾਰ ਨੂੰ ਪ੍ਰਮਾਨਿਤ ਨਹੀਂ ਕੀਤਾ। ਇਸ ਲਈ ਇਨ੍ਹਾਂ ਦਾ ਮਤ ਨਹੀਂ ਮੰਨਿਆ ਜਾ ਸਕਦਾ।

ਡਾ. ਹਰਨੇਕ ਸਿੰਘ ਕਲੇਰ ਨੇ 1989 ਵਿੱਚ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਦਾ ਵਿਸ਼ਾ ਸੀ "ਗੁਰੂ ਰਵਿਦਾਸ: ਜੀਵਨ ਤੇ ਬਾਣੀ ਦੀ ਪ੍ਰਮਾਨਿਕਤਾ।" ਸਾਡੀ ਚਲ ਰਹੀ ਚਰਚਾ ਲਈ ਇਹ ਥੀਸਸ ਬੜਾ ਕੀਮਤੀ ਹੈ।

1. ਡਾ. ਹਰਨੇਕ ਸਿੰਘ ਕਲੇਰ ਗੁਰੂ ਰਵਿਦਾਸ ਦੇ ਗੁਰੂ ਦੀ ਪ੍ਰਮਾਨਿਕਤਾ ਸਿੱਧ ਕਰਦੇ ਹੋਏ ਸੁਆਮੀ ਰਾਮਾ ਨੰਦ ਨੂੰ ਉਨ੍ਹਾਂ ਦਾ ਗੁਰੂ ਸਵੀਕਾਰ ਕਰਦੇ ਹਨ।
2. ਗੁਰੂ ਰਵਿਦਾਸ ਦੇ ਗੁਰੂ ਦੀ ਪ੍ਰਮਾਨਿਕਤਾ ਡਾ. ਧਰਮਪਾਲ ਸਿੰਗਲ ਦੀ ਵਿਦਵਤਾ ਭਰਪੂਰ ਨਿਗਰਾਨੀ ਹੇਠ ਕੀਤੀ ਗਈ ਹੈ।
3. ਡਾ. ਕਲੇਰ ਨੇ ਡਾ. ਬੀ.ਪੀ. ਸ਼ਰਮਾ ਅਤੇ ਡਾ. ਧਰਮਪਾਲ ਸਿੰਗਲ ਦੀ ਸਕੀਮ ਨੂੰ ਡਾ. ਸਿੰਗਲ ਦੀ ਨਿਗਰਾਨੀ ਹੇਠ ਹੀ ਤਹਿਸ ਨਹਿਸ ਕਰ ਦਿੱਤਾ।

ਪਰ ਉਪਰੋਕਤ ਵਿਦਵਾਨਾਂ ਵਾਂਗ ਡਾ. ਕਲੇਰ ਵੀ ਗੁਰੂ ਰਵਿਦਾਸ ਦਾ ਗੁਰੂ ਪ੍ਰਮਾਨਿਕ ਤੌਰ 'ਤੇ ਸੁਆਮੀ ਰਾਮਾ ਨੰਦ ਨੂੰ ਸਵੀਕਾਰ ਕਰਦੇ ਹਨ। ਉਹ ਲਿਖਦੇ ਹਨ:

ਇਹ ਵਿਚਾਰ ਇਸੇ ਮੱਤ ਨੂੰ ਹੋਰ ਬਲ ਦਿੰਦਾ ਹੈ, ਕਿ ਉਸ ਸਮੇਂ ਸਾਧ ਪਰੰਪਰਾ ਵਿਚ ਬਕਾਇਦਾ ਗੁਰੂ ਧਾਰਨ ਦੀ ਪਰਪਾਟੀ ਪ੍ਰਚਲਤ ਸੀ। ਸੰਤ ਮੰਡਲੀਆਂ ਵਿਚ ਨਗੁਰੇ ਨੂੰ ਕੋਈ ਸਥਾਨ ਨਹੀਂ ਸੀ ਮਿਲਦਾ। ਗੁਰੂ ਵਾਲੇ ਦੀ ਸੰਗਤ ਹੀ ਲਾਭਕਾਰੀ ਸਮਝੀ ਜਾਂਦੀ ਸੀ।[3]

(1) ਆਦਿ ਗ੍ਰੰਥ (ੳ) 303-304 ਮ : ੪ (ਅ) ਪੰਨਾ—314 ਮ : ੩
(2) ਸੰਤ ਰਵਿਦਾਸ ਤੇ ਮੀਰਾ ਬਾਈ ਇਕ ਤੁਲਨਾਤਮਕ ਅਧਿਐਨ—84 (3) ਪੰਨਾ—159



ਇਸ ਪੈਰੇ ਵਿੱਚ ਡਾ. ਕਲੇਰ ਨੇ ਗੁਰੂ ਰਵਿਦਾਸ ਦਾ ਗੁਰੂ ਬਣਾਉਣ ਲਈ ਪਰੰਪਰਾ ਨੂੰ ਆਧਾਰ ਬਣਾ ਕੇ ਭੂਮਿਕਾ ਤਿਆਰ ਕੀਤੀ ਹੈ। ਗੁਰੂ ਰਵਿਦਾਸ ਨੇ ਤਾਂ ਹਿੰਦੂ ਮਤ ਦੀ ਕਿਸੇ ਵੀ ਪਰੰਪਰਾ ਨੂੰ ਨਹੀਂ ਅਪਨਾਇਆ। ਸਗੋਂ ਵੈਦਿਕ ਸੰਸਕ੍ਰਿਤੀ ਦੀਆਂ ਰਹੁ-ਰੀਤਾਂ ਨੂੰ ਰੱਦ ਕੀਤਾ। ਵੈਦਿਕ ਵਿਚਾਰਧਾਰਾ ਦਾ ਖੰਡਨ ਕੀਤਾ। ਪੂਜਾ ਵਿਧੀ ਅਤੇ ਸਮੱਗਰੀ ਨੂੰ ਹਰ ਪੱਖੋਂ ਰੱਦ ਕੀਤਾ। ਕਰਮ-ਕਾਂਡ ਦੇ ਗੁਰੂ ਰਵਿਦਾਸ ਸਖਤ ਵਿਰੋਧੀ ਸਨ। ਸਾਧ ਪਰੰਪਰਾ ਦੀ ਗੁਰੂ ਧਾਰਨ ਦੀ ਪਰਪਾਟੀ ਵੀ ਤਾਂ ਹਿੰਦੂ ਮਤ ਦਾ ਹੀ ਅਟੁੱਟ ਅੰਗ ਹੈ ਸੀ। ਜਦ ਗੁਰੂ ਰਵਿਦਾਸ ਜੀ ਨੇ ਉਸ ਸਮੇਂ ਕਿਸੇ ਵੀ ਪਰੰਪਰਾ ਨੂੰ ਕਿਸੇ ਵੀ ਰੂਪ ਵਿਚ ਨਹੀਂ ਅਪਨਾਇਆ ਤਾਂ ਫਿਰ ਗੁਰੂ ਧਾਰਨ ਦੀ ਪਰੰਪਰਾ ਹੀ ਕਿਉਂ ਅਪਨਾਈ? ਕੀ ਉਨ੍ਹਾਂ ਨੇ ਸਾਧ ਮੰਡਲੀਆਂ ਵਿੱਚ ਸਥਾਨ ਪ੍ਰਾਪਤ ਕਰਨ ਲਈ ਆਪਣੀ ਮੌਲਿਕ ਨਵੀਂ ਵਿਸ਼ਵ ਵਿਚਾਰਧਾਰਾ ਦਾ ਤਿਆਗ ਕੀਤਾ ਸੀ?

ਦੂਜੇ, ਜੇ ਉਹ ਸਾਧ-ਪਰੰਪਰਾ ਨੂੰ ਮੰਨ ਕੇ ਗੁਰੂ ਧਾਰਨ ਵੀ ਕਰਦੇ, ਤਾਂ ਕਿਸ ਨੂੰ? ਪਹਿਲੇ ਅਧਿਆਏ ਸਪੱਸ਼ਟ ਕਰਦੇ ਹਨ ਕਿ ਗੁਰੂ ਰਵਿਦਾਸ ਜੀ ਕਦੇ ਵੀ ਦਾਗੀ ਸਦਾਚਾਰ ਅਤੇ ਅਸਮਾਨਤਾ ਤੇ ਆਧਾਰਤ ਗੁਰੂ-ਪਰੰਪਰਾ ਨੂੰ ਪ੍ਰਵਾਨ ਨਹੀਂ ਸੀ ਕਰ ਸਕਦੇ ਕਿਉਂਕਿ ਸਾਧ-ਪਰੰਪਰਾ ਅਤੇ ਬ੍ਰਾਹਮਣ-ਪਰੰਪਰਾ ਇਕੋ ਹੀ ਸੰਸਥਾ ਦੇ ਦੋ ਨਾਮ ਹਨ। ਸੋ ਗੁਰੂ ਰਵਿਦਾਸ ਨੇ ਸੰਤ-ਮੰਡਲੀਆਂ ਦੀ ਗੁਰੂ ਧਾਰਨ ਕਰਨ ਦੀ ਪਰਪਾਟੀ ਨੂੰ ਨਹੀਂ ਸੀ ਮੰਨਿਆ। ਇਸ ਕਰਕੇ ਗੁਰੂ ਜੀ ਲਿਖਦੇ ਹਨ **"ਮੋ ਸਉ ਕੋਊ ਨਾ ਕਹੈ ਸਮਝਾਇ।"** ਭਾਵ ਉਨ੍ਹਾਂ ਦਾ ਦੇਹਧਾਰੀ ਗੁਰੂ ਹੀ ਕੋਈ ਨਹੀਂ ਸੀ। ਅਗਲੇ ਪੈਰੇ ਵਿੱਚ ਡਾ. ਕਲੇਰ ਗੁਰੂ ਰਵਿਦਾਸ ਅਤੇ ਸੁਆਮੀ ਰਾਮਾ ਨੰਦ ਦੀ ਵਿਚਾਰਧਾਰਾ ਵਿੱਚ ਸਮਾਨਤਾ ਦਸ ਕੇ ਗੁਰੂ ਰਵਿਦਾਸ ਦੇ ਗੁਰੂ ਦਾ ਨਿਰਣਾ ਦਿੰਦੇ ਹਨ। ਉਨ੍ਹਾਂ ਦਾ ਕਥਨ ਹੈ:

"ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ੍ਵਾਮੀ ਰਾਮਾ ਨੰਦ ਦਾ ਸ਼ਬਦ ਕਿ ਉਹ ਪਹਿਲਾਂ ਸਰਗੁਣ ਭਗਤ ਸਨ, ਪ੍ਰੰਤੂ ਬਾਅਦ ਵਿੱਚ ਨਿਰਗੁਣ ਉਪਾਸਕ ਹੋ ਗਏ। ਜਿਸ ਤੋਂ ਦੋਹਾਂ ਭਗਤਾਂ ਦੀ ਵਿਚਾਰਧਾਰਕ ਸਮਾਨਤਾ ਸਪੱਸ਼ਟ ਹੁੰਦੀ ਹੈ। ਇਸ ਲਈ ਆਪ ਨੂੰ ਸ੍ਵਾਮੀ ਰਾਮਾ ਨੰਦ ਦਾ ਸ਼ਿਸ਼ ਮੰਨਣਾ ਠੀਕ ਲਗਦਾ ਹੈ।"[1]

ਇਸ ਤੋਂ ਡਾ. ਕਲੇਰ ਗੁਰੂ ਰਵਿਦਾਸ ਜੀ ਦੀ ਜਨਮ ਮਿਤੀ 1433 ਬਿ: ਦਸਦੇ ਹਨ ਅਤੇ ਸੁਆਮੀ ਜੀ ਦਾ ਨਿਰਵਾਨ 1467 ਬਿਕਰਮੀ ਦਸਦੇ ਹਨ।

ਸੁਆਮੀ ਰਾਮਾ ਨੰਦ ਦੇ ਜਨਮ ਬਾਰੇ "ਗੁਰੂ ਰਵਿਦਾਸ: ਜੀਵਨ ਤੇ ਵਿਚਾਰਧਾਰਾ' ਵਿੱਚ ਡਾ. ਸਹਿਗਲ ਚਰਚਾ ਕਰਦੇ ਹਨ। ਉਨ੍ਹਾਂ ਦੀ ਚਰਚਾ ਸਹੀ ਲਗਦੀ ਹੈ। ਉਹ ਦਸਦੇ ਹਨ ਕਿ ਸੁਆਮੀ ਜੀ ਦਾ ਜਨਮ:

1. ਆਚਾਰੀਆ ਸ਼ੁਕਲ ਅਨੁਸਾਰ -1475 ਸੰਮਤ
2. ਬਲਦੇਵ ਉਪਾਧਿਆਇ - 1467 ਸੰਮਤ
3. ਰਾਮਾ ਨੰਦੀ ਗੁਰ-ਪਰੰਪਰਾ - 1494 ਸੰਮਤ

(1) ਪੰਨਾ—160

ਉਪਰੋਕਤ ਮਿਤੀਆਂ ਦੇ ਰੂ-ਬ-ਰੂ ਡਾ. ਹਰਨੇਕ ਕਲੇਰ ਦਾ ਸੁਆਮੀ ਜੀ ਦਾ 1467 ਬਿਕਰਮੀ ਦਾ ਨਿਰਵਾਣ ਦਿਵਸ ਦੱਸਣਾ ਕੁਝ ਜੱਚਦਾ ਨਹੀਂ। ਇਸ ਲਈ ਇਹ ਜਨਮ ਮਿਤੀ ਹੀ ਹੈ। ਸੋ ਆਚਾਰੀਆ ਸ਼ੁਕਲ ਦੀ ਦਸੀ ਜਨਮ ਮਿਤੀ ਸੰਮਤ 1475 ਸਹੀ ਹੈ।

ਡਾ. ਕਲੇਰ ਗੁਰੂ ਰਵਿਦਾਸ ਜਨਮ ਤਿਥੀ 1433 ਸੰਮਤ ਬਿਕਰਮੀ ਦਸਦੇ ਹਨ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਸੁਆਮੀ ਜੀ ਤੋਂ 42 ਸਾਲ ਵੱਡੇ ਸਨ। ਫਿਰ ਉਹ ਗੁਰੂ ਰਵਿਦਾਸ ਦੇ ਗੁਰੂ ਕਿਵੇਂ ਹੋ ਸਕਦੇ ਹਨ?

ਦੂਜੇ, ਭਾਈ ਕਾਹਨ ਸਿੰਘ ਨਾਭਾ ਅਤੇ ਡਾ. ਸਾਹਿਬ ਸਿੰਘ ਅਨੁਸਾਰ ਸੁਆਮੀ ਜੀ ਆਖਰੀ ਉਮਰ ਵਿੱਚ ਨਿਰਗੁਣਧਾਰਾ ਨਾਲ ਸਬੰਧਤ ਹੋਏ ਸਨ। ਸੁਆਮੀ ਰਾਮਾ ਨੰਦ ਦਾ ਇੱਕ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਜੋ ਸਿੱਧ ਕਰਦਾ ਹੈ ਕਿ ਉਹ ਮੌਤ ਤੋਂ ਕੁਝ ਕੁ ਸਮਾਂ ਪਹਿਲਾਂ ਹੀ ਨਿਰਗੁਣਧਾਰਾ ਦੇ ਅੰਗ ਬਣੇ ਸਨ। ਨਹੀਂ ਤਾਂ ਉਹ ਹੋਰ ਰਚਨਾ ਵੀ ਕਰਦੇ। ਉਨ੍ਹਾਂ ਦੀ ਲਗਭੱਗ ਸਾਰੀ ਰਚਨਾ ਵੈਣਵ ਸੰਪਰਦਾਇ ਦੇ ਗ੍ਰੰਥ 'ਰਾਮ ਪਟਲ' ਅਨੁਸਾਰ ਹੀ ਹੈ। ਇਸ ਦਾ ਅਰਥ ਇਹ ਹੋਇਆ ਕਿ ਗੁਰੂ ਰਵਿਦਾਸ 34 ਸਾਲਾਂ ਦੇ ਸਨ ਜਦੋਂ ਸੁਆਮੀ ਰਾਮਾ ਨੰਦ ਅਕਾਲ ਚਲਾਣਾ ਕਰ ਗਏ ਜੇਕਰ ਉਨ੍ਹਾਂ ਦੇ ਨਿਰਵਾਣ ਦੀ ਮਿਤੀ 1467 ਸੰਮਤ ਸਹੀ ਮੰਨ ਲਈਏ। ਲਗਭਗ 1464 ਸੰਮਤ ਵਿੱਚ ਉਨ੍ਹਾਂ ਨਿਰਗੁਣਧਾਰਾ ਨੂੰ ਪ੍ਰਵਾਨ ਕਰ ਲਿਆ। ਇਸ ਦਾ ਅਰਥ ਇਹ ਹੋਇਆ ਹੈ ਕਿ ਗੁਰੂ ਰਵਿਦਾਸ ਜੀ ਨੇ 30 ਸਾਲ ਦੀ ਉਮਰ ਤੱਕ ਭਗਤੀ ਨਹੀਂ ਸੀ ਅਰੰਭੀ। ਅਸਲੀਅਤ ਇਹ ਹੈ ਕਿ ਉਸ ਉਮਰ ਤੱਕ ਉਹ ਪਰਮ ਪਦ ਪ੍ਰਾਪਤ ਕਰ ਚੁੱਕੇ ਸਨ ਅਤੇ ਬ੍ਰਾਹਮਣਵਾਦੀਆਂ ਦੇ ਅਨਿਆਂ ਨੂੰ ਤਹਿਤ ਨਹਿਸ ਕਰ ਰਹੇ ਸਨ।

ਤੀਜੇ, ਕਿਸੇ ਵੀ ਪ੍ਰਸਿੱਧ ਗ੍ਰੰਥ ਵਿੱਚ ਇਹ ਨਹੀਂ ਲਿਖਿਆ ਮਿਲਦਾ ਕਿ ਸੁਆਮੀ ਰਾਮਾ ਨੰਦ ਨੇ ਗੁਰੂ ਰਵਿਦਾਸ ਨੂੰ ਜਵਾਨੀ ਦੀ ਉਮਰ ਵਿੱਚ ਗੁਰੂ-ਦੀਖਿਆ ਦਿੱਤੀ ਸੀ। ਲਗਭਗ ਸਾਰੇ ਗ੍ਰੰਥ ਗੁਰੂ-ਦੀਖਿਆ ਸਮੇਂ ਗੁਰੂ ਜੀ ਦੀ ਉਮਰ ਕੇਵਲ ਦੋ ਕੁ ਦਿਨ ਹੀ ਦੱਸਦੇ ਹਨ। ਉਪਰੋਕਤ ਪੈਰੇ ਵਿੱਚ ਕੀਤੀ ਚਰਚਾ ਅਨੁਸਾਰ ਉਸ ਸਮੇਂ ਸੁਆਮੀ ਜੀ ਸਰਗੁਣਧਾਰਾ ਦੇ ਕੱਟੜ ਉਪਾਸ਼ਕ ਸਨ ਪਰ ਗੁਰੂ ਜੀ ਪੂਰਨ ਤੌਰ ’ਤੇ ਨਿਰਗੁਣਧਾਰਾ ਦੇ ਉਪਾਸ਼ਕ ਦੋਵੇਂ ਧਾਰਾਵਾਂ ਇੱਕ ਦੂਜੇ ਦੀਆਂ ਵਿਰੋਧੀ ਸਨ। ਇਸ ਤਰ੍ਹਾਂ ਸੁਆਮੀ ਜੀ ਦੇ ਗੁਰੂ ਬਣਨ ਦਾ ਆਧਾਰ ਹੀ ਨਹੀਂ ਬਣਦਾ। ਸਪੱਸ਼ਟ ਸਿੱਧ ਹੁੰਦਾ ਹੈ ਕਿ ਸੁਆਮੀ ਰਾਮਾ ਨੰਦ ਗੁਰੂ ਰਵਿਦਾਸ ਦੇ ਗੁਰੂ ਨਹੀਂ ਸਨ।

ਚੌਥੇ, ਗੁਰੂ ਰਵਿਦਾਸ ਜੀ ਨੇ ਜਿਵੇਂ ਸਰਵ ਗੁਰੂ ਨਾਮਦੇਵ, ਕਬੀਰ ਆਦਿ ਦਾ ਨਾਉਂ ਆਪਣੀ ਬਾਣੀ ਵਿੱਚ ਬੜੇ ਸਤਿਕਾਰ ਨਾਲ ਅੰਕਿਤ ਕੀਤਾ ਹੈ, ਤਿਵੇਂ ਸੁਆਮੀ ਰਾਮਾ ਨੰਦ ਦਾ ਨਾਉਂ ਵੀ ਅੰਕਿਤ ਕਰ ਸਕਦੇ ਸਨ। ਅਜਿਹਾ ਨਾ ਕਰਨ ਦਾ ਬੁਨਿਆਦੀ ਕਾਰਣ ਇਹ ਸੀ ਕਿ ਸੁਆਮੀ ਜੀ ਦੀ ਵਿਚਾਰਧਾਰਾ ਦਾ ਆਧਾਰ ਵੈਸ਼ਣਵ ਮਤ ਸੀ, ਜਿਸ ਦਾ ਇਸ਼ਟ ਦਸਰਥ ਪੁੱਤਰ ਰਾਮ ਹੈ। ਜਦਕਿ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਆਧਾਰ "**ਏਕ ਹੀ**



**ਏਕ**" ਪ੍ਰਭ ਸੀ ਅਤੇ ਏਹੋ ਕਣ-ਕਣ ਵਿੱਚ ਵਿਚਰ ਰਿਹਾ ਪਾਰਬ੍ਰਹਮ ਉਨ੍ਹਾਂ ਦਾ ਇਸ਼ਟ ਸੀ। ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚ ਨਿਰੂਪਤ ਉਨ੍ਹਾਂ ਦੇ ਇਸ਼ਟ ਪਾਰਬ੍ਰਹਮ ਦਾ ਸਿਮਰਨ ਬ੍ਰਹਮ-ਗਿਆਨ ਦਾ ਬੋਧ ਕਰਵਾਉਂਦਾ ਹੈ ਜਦ ਕਿ ਸੁਆਮੀ ਰਾਮਾ ਨੰਦ ਦੇ ਇਸ਼ਟ 'ਭਗਵਾਨ' ਰਾਮ ਦਾ ਸਿਮਰਨ ਦਸਰਥ ਪੁੱਤਰ ਰਾਮ ਪ੍ਰਤੀ ਗਿਆਨ ਦਾ ਬੋਧ ਕਰਵਾਉਂਦਾ ਹੈ। ਸੋ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਅਤੇ ਉਸ ਵਿੱਚ ਨਿਰੂਪਤ ਇਸ਼ਟ ਬੁਨਿਆਦੀ ਤੌਰ ’ਤੇ ਸੁਆਮੀ ਜੀ ਨਾਲੋਂ ਭਿੰਨ ਸਨ। ਸੁਆਮੀ ਜੀ ਮੂਰਤੀ ਪੂਜਕ ਸਨ, ਗੁਰੂ ਜੀ ਮੂਰਤੀ ਦੇ ਵਿਰੁੱਧ ਸਨ। ਉਨ੍ਹਾਂ ਦੀ ਆਰਤੀ ਦੀ ਗਵਾਹੀ ਦੇ ਤੌਰ ਉਦਾਹਰਣ ਦਿੱਤੀ ਜਾ ਸਕਦੀ ਹੈ। ਇਸ ਤਰ੍ਹਾਂ ਤੱਥ ਗਵਾਹ ਹਨ ਕਿ ਸੁਆਮੀ ਜੀ ਗੁਰੂ ਰਵਿਦਾਸ ਜੀ ਦੇ ਗੁਰੂ ਨਹੀਂ ਸਨ।

ਪੰਜਵੇਂ ਡਾ. ਕਲੇਰ ਦੇ ਥੀਸਸ ਦੀ ਬੁਨਿਆਦ ਬਾਣੀ ਦੀ ਪ੍ਰਮਾਣਿਕਤਾ ਹੈ। ਉਨ੍ਹਾਂ ਨੇ ਗੁਰੂ ਰਵਿਦਾਸ ਦੇ ਗੁਰੂ ਦੀ ਪ੍ਰਮਾਣਿਕਤਾ ਸਿੱਧ ਕਰਦਿਆਂ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਬਾਣੀ ਵਿੱਚ ਕੀਤੀ ਮਿਲਾਵਟ ਨੂੰ ਪੂਰੀ ਤਰਕਯੁਕਤ ਦਲੀਲਾਂ ਦੇ ਕੇ ਨਜਿਠਿਆ ਹੈ। ਪਰ "ਗੁਰੂ ਧਾਰਨ ਦੀ ਪਰਪਾਟੀ" ਦੇ ਕਮਜ਼ੋਰ ਅਤੇ ਤਰਕਹੀਣ ਆਧਾਰ ਕਾਰਣ ਪ੍ਰਮਾਣਿਕਤਾ ਦਾ ਸਿਧਾਂਤ ਕਮਜ਼ੋਰ ਹੋ ਗਿਆ ਹੈ। ਜੇ ਡਾ. ਕਲੇਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਪ੍ਰਮਾਣਿਕਤਾ ਦਾ ਆਧਾਰ ਬਣਾਕੇ "ਗੁਰੂ ਧਾਰਨ ਦੀ ਪਰਪਾਟੀ" ਨੂੰ ਇਸ ਅਨੁਸਾਰ ਪਰਖ ਲੈਂਦੇ ਤਾਂ ਪਰਪਾਟੀ ਵਾਲੇ ਸਿਧਾਂਤ ਨੂੰ ਗੁਰੂ ਰਵਿਦਾਸ ਜੀ ਦੇ ਪਹਿਲੇ ਸ਼ਬਦ ਦਾ ਆਖਰੀ ਬੰਦ ਹੀ ਰੱਦ ਕਰ ਦਿੰਦਾ।

**ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ॥**
**ਰਵਿਦਾਸ ਸਮ ਦਲ ਸਮਝਾਵੈ ਕੋਊ॥੩॥**[1] (**ਸ੍ਰੀ ਗੁਰੂ ਗ੍ਰੰਥ ਸਾਹਿਬ**, **ਪੰਨਾ 93**)

ਇਸ ਬੰਦ ਅਨੁਸਾਰ ਗੁਰੂ ਰਵਿਦਾਸ ਜੀ ਸਾਧ-ਮੰਡਲੀ ਵਾਲੀ ਪਰਪਾਟੀ ਵਾਲੇ ਗੁਰੂ ਧਾਰਨ ਦੇ ਵਿਰੁੱਧ ਹਨ। ਉਹ ਤਾਂ ਪ੍ਰਭ ਨੂੰ ਬੇਨਤੀ ਕਰਦੇ ਹਨ ਕਿ ਮੈਨੂੰ ਕੋਈ ਸੰਤ ਜਨ ਸਮਝਾਵੇ ਕਿ ਤੂੰ ਸਰਵ-ਵਿਆਪਕ ਹੈਂ ਅਤੇ ਤੇਰੇ ਤੱਕ ਪਹੁੰਚ ਬਣਾਉਣ ਦੀ ਵਿਧੀ ਦੱਸੇ। ਉਨ੍ਹਾਂ ਨੇ ਨਗੁਰਾ ਹੋਣ ਦੀ ਪ੍ਰਵਾਹ ਹੀ ਨਹੀਂ ਕੀਤੀ ਕਿਉਂਕਿ ਉਹ ਸੰਤ-ਮੰਡਲੀਆਂ ਨੂੰ ਪ੍ਰਭ ਬਾਰੇ ਗਿਆਨ ਦੇ ਸਕਣ ਦੇ ਕਾਬਲ ਹੀ ਨਹੀਂ ਸਨ ਸਮਝਦੇ। ਇਹ ਤੱਥ ਉਹ '**ਸਤਜੁਗਿ ਸਤੁ ਤੇਤਾ ਜਗੀ**' ਵਾਲੇ ਸ਼ਬਦ ਵਿੱਚ ਸਪੱਸ਼ਟ ਕਰਦੇ ਹਨ ਕਿ ਇਸ ਸੰਸਾਰ ਵਿੱਚ ਕੋਈ ਵੀ ਅਜਿਹਾ ਨਹੀਂ ਹੈ, ਜਿਹੜਾ ਮੈਨੂੰ ਆਵਾਗਵਣ ਦੇ ਚੱਕਰ ਤੋਂ ਪਾਰ ਕਰਨ ਦਾ ਗਿਆਨ ਪ੍ਰਦਾਨ ਕਰੇ। ਗੁਰੂ ਰਵਿਦਾਸ ਜੀ ਫਰਮਾਉਂਦੇ ਹਨ:

**ਪਾਰੁ ਕੈਸੇ ਪਾਇਬੋ ਰੇ॥**
**ਮੋ ਸਉ ਕੋਊ ਨ ਕਹੈ ਸਮਝਾਇ॥**
**ਜਾ ਤੇ ਆਵਾ ਗਵਨੁ ਬਿਲਾਇ॥੧॥ ਰਹਾਉ॥**[2] (**ਸ੍ਰੀ ਗੁਰੂ ਗ੍ਰੰਥ ਸਾਹਿਬ**, **ਪੰਨਾ 346**)

ਇਹ ਚਰਚਾ ਸਿੱਧ ਕਰਦੀ ਹੈ ਕਿ ਡਾ. ਕਲੇਰ ਨੇ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ

---

(1) ਆਦਿ ਗ੍ਰੰਥ—93 (2) ਓਹੀ—346

ਜੀ ਦਾ ਗੁਰੂ ਪ੍ਰਮਾਣਿਤ ਕਰਨ ਵਾਲੇ ਗੁਰੂ ਗ੍ਰੰਥ ਸਹਿਬ ਵਿਚਲੀ ਗੁਰੂ ਜੀ ਦੀ ਬਾਣੀ ਦਾ ਅਧਿਐਨ ਹੀ ਨਹੀਂ ਕੀਤਾ। ਪ੍ਰਮਾਣਿਕਤਾ ਸਿੱਧ ਕਰਨ ਲਈ ਇਸ ਬਾਣੀ ਦਾ ਅਧਿਐਨ ਹਰ ਹਾਲਤ ਵਿੱਚ ਜ਼ਰੂਰੀ ਸੀ। ਜੇਕਰ ਡਾ. ਕਲੇਰ ਨੇ ਬਾਹਰਲੀ ਬਾਣੀ ਵਿੱਚ ਕੀਤੀ ਮਿਲਾਵਟ ਨੂੰ ਪੂਰੀ ਮਿਹਨਤ ਅਤੇ ਵਿਦਵਤਾ ਨਾਲ ਰੱਦਿਆ ਹੈ ਅਤੇ ਪ੍ਰਮਾਣਿਕਤਾ ਦੀ ਕਸੌਟੀ ਨੂੰ ਤਰਕਯੁਕਤ ਦਲੀਲਾਂ ਨਾਲ ਨਿਭਾਇਆ ਹੈ ਤਾਂ ਸੁਆਮੀ ਜੀ ਨੂੰ ਗੁਰੂ ਪ੍ਰਵਾਨ ਕਰਨ ਲਗਿਆਂ ਪ੍ਰਮਾਣਿਕਤਾ ਦੀ ਕਸੌਟੀ ਨੂੰ ਮੂਲੋਂ ਹੀ ਭੁਲਾ ਦਿੱਤਾ ਹੈ ਉਸ ਦੀ ਥਾਂ ਤਰਕਹੀਣ ਸਾਧਨ ਪਰੰਪਰਾ ਦੀ ਪਰਪਾਟੀ ਨੂੰ ਕਸੌਟੀ ਬਣਾ ਲਆ ਹੈ। ਜਦਕਿ ਪਰੰਪਰਾ ਵਾਲੀ ਕਸੌਟੀ ਉਨ੍ਹਾਂ ਦੀ ਪ੍ਰਮਾਣਿਕਤਾ ਦਾ ਆਧਾਰ ਬਾਣੀ ਹੀ ਹੈ। ਇਸ ਦੇ ਫਲਸਰੂਪ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰ ਸਿੱਧ ਕਰਨ ਦੀ ਨਾ ਭੁੱਲਣ ਯੋਗ ਭੁੱਲ ਕਰ ਬੈਠੇ।

ਛੇਵੇਂ: ਪਹਿਲੇ ਅਧਿਆਏ ਵਿੱਚ ਅਸੀਂ ਸਪੱਸ਼ਟ ਕਰ ਆਏ ਹਾਂ ਕਿ ਬ੍ਰਾਹਮਣ ਤੋਂ ਬਿਨਾਂ ਕੋਈ ਗੁਰੂ ਨਹੀਂ ਬਣ ਸਕਦਾ। ਅਸੀਂ ਇਸ ਸਿੱਟੇ ਤੇ ਵੀ ਪੁੱਜੇ ਸਾਂ ਕਿ ਬ੍ਰਾਹਮਣ ਭਗਵਾਨ ਦਾ ਵੀ ਗੁਰੂ ਹੈ ਭਾਵ ਪ੍ਰਭ ਦਾ ਵੀ ਗੁਰੂ ਹੈ। ਕੀ (ਗੁਰੂ) ਰਵਿਦਾਸ ਅਜਿਹੇ ਗੁਰੂ ਨੂੰ ਗੁਰੂ ਧਾਰਨ ਕਰ ਸਕਦੇ ਸਨ, ਜਿਹੜਾ ਆਪਣੇ ਆਪ ਨੂੰ ਪ੍ਰਭ ਤੋਂ ਵੀ ਉੱਪਰ ਸਮਝਦਾ ਹੋਵੇ? ਫਿਰ ਅਜਿਹੇ ਗੁਰੂ ਨੂੰ ਗੁਰੂ ਧਾਰਨ ਕਰਕੇ ਗੁਰੂ ਜੀ ਕਿਹੜੇ ਪ੍ਰਭ ਦੀ ਪ੍ਰਾਪਤੀ ਕਰਨਗੇ? ਇਸੇ ਕਾਰਣ ਗੁਰੂ ਰਵਿਦਾਸ ਜੀ ਨੇ ਕਿਸੇ ਵੀ ਦੇਹਧਾਰੀ ਗੁਰੂ ਨੂੰ ਆਪਣਾ ਗੁਰੂ ਧਾਰਨ ਨਹੀਂ ਕੀਤਾ।

ਹਾਂ, ਡਾ. ਕਲੇਰ ਨੇ ਸਰਾਪ ਵਾਲੀ ਮਨਘੜਤ ਕਹਾਣੀ ਦਾ ਸਹਾਰਾ ਨਹੀਂ ਲਿਆ ਅਤੇ ਨਾ ਹੀ ਬਾਲਕ ਦੀਖਿਆ ਨੂੰ ਮਾਨਤਾ ਦਿੱਤੀ ਹੈ। ਇਸ ਤਰ੍ਹਾਂ ਹਰ ਪੱਖ ਤੋਂ ਵਿਚਾਰਿਆ ਨਿਰਣਾ ਇਹੋ ਬਣਦਾ ਹੈ ਕਿ ਸੁਆਮੀ ਜੀ ਗੁਰੂ ਰਵਿਦਾਸ ਜੀ ਦੇ ਗੁਰੂ ਨਹੀਂ ਸਨ।

ਡਾ. ਲੇਖ ਰਾਜ ਪ੍ਰਵਾਨਾ ਤੋਂ ਬਿਨਾਂ ਉਪਰੋਕਤ 10 ਵਿਦਵਾਨਾਂ ਦੇ ਨਿਗਰਾਨ ਡਾ. ਧਰਮਪਾਲ ਸਿੰਗਲ ਸਨ। ਉਨ੍ਹਾਂ ਦੀ ਨਿਗਰਾਨੀ ਵਿੱਚ ਲਿਖੇ ਗਏ ਥੀਸਸ ਦਾ ਅਧਿਐਨ ਕਰਨ ਪਿੱਛੋਂ ਅਸੀਂ ਹੇਠ ਲਿਖੇ ਸਿੱਟੇ ਤੇ ਪੁੱਜਦੇ ਹਾਂ:

1. ਵੈਦਿਕ ਸੰਸਕ੍ਰਿਤੀ ਵਾਲੀ ਗੁਰ-ਪਰੰਪਰਾ ਨੂੰ ਨਿਰੰਤਰ ਚਲਦੀ ਰੱਖਣ ਵਾਲੇ ਬ੍ਰਾਹਮਣਵਾਦੀ ਵਿਦਵਾਨਾਂ ਨੇ, ਵੈਸ਼ਣਵ ਅਨੰਤਦਾਸ ਅਤੇ ਪ੍ਰਿਯਾਦਾਸ ਦੁਆਰਾ ਘੜੀਆਂ ਗਈਆਂ ਮਨਘੜਤ ਕਹਾਣੀਆਂ ਨੂੰ ਬੁਨਿਆਦੀ ਤੌਰ 'ਤੇ ਤਿਆਗ ਦਿੱਤਾ।

2. ਮਨਘੜਤ ਕਹਾਣੀਆਂ ਦੀ ਥਾਂ, ਬ੍ਰਾਹਮਣ ਅਤੇ ਬ੍ਰਾਹਮਣਵਾਦੀ ਵਿਦਵਾਨਾਂ, ਡਾ. ਬੀ.ਪੀ. ਸ਼ਰਮਾ ਡਾ. ਧਰਮਪਾਲ ਸਿੰਗਲ ਆਦਿ ਨੇ ਆਪਣੀਆਂ ਪੁਸਤਕਾਂ ਵਿੱਚ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਬਾਣੀ ਵਿੱਚ ਮਿਲਾਵਟ ਕਰਕੇ ਗੁਰੂ ਰਵਿਦਾਸ ਜੀ ਦਾ ਗੁਰੂ ਸੁਆਮੀ ਰਾਮਾ ਨੰਦ ਨੂੰ ਬਣਾਉਣ ਲਈ ਨਵਾਂ ਹਥਿਆਰ ਘੜ ਲਿਆ।

3. ਜਿੰਨੇ ਵੀ ਵਿਦਵਾਨ ਡਾ. ਧਰਮਪਾਲ ਸਿੰਗਲ ਦੇ ਪ੍ਰਭਾਵ ਹੇਠ ਅਤੇ ਸੰਪਰਕ ਵਿੱਚ ਆਏ, ਲਗਭਗ ਸਾਰਿਆਂ ਨੇ ਹੀ ਗੁਰੂ ਰਵਿਦਾਸ ਜੀ ਦਾ ਗੁਰੂ ਸੁਆਮੀ ਰਾਮਾ ਨੰਦ ਨੂੰ ਮੰਨਿਆ ਹੈ।



4. ਜਿਹੜੇ ਵਿਦਵਾਨਾਂ ਨੇ ਪ੍ਰਭਾਵ ਨਹੀਂ ਕਬੂਲਿਆ ਜਾਂ ਬਾਅਦ ਵਿੱਚ ਪ੍ਰਭਾਵ ਤੋਂ ਮੁਕਤ ਹੋ ਗਏ, ਉਨ੍ਹਾਂ ਸਭ ਨੇ ਸੁਆਮੀ ਰਾਮਾ ਨੰਦ ਨੂੰ ਗੁਰੂ ਜੀ ਦਾ ਗੁਰੂ ਨਹੀਂ ਮੰਨਿਆ।

5. ਕੁਝ ਵਿਦਵਾਨਾਂ ਨੇ ਪਰਮਾਤਮਾ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਕਿਹਾ, ਪਰ ਠੋਸ ਗਵਾਹੀ ਤੋਂ ਬਿਨਾ ਹੀ।

6. ਜਿਨ੍ਹਾਂ ਵਿਦਵਾਨਾਂ ਨੇ ਸੁਆਮੀ ਜੀ ਨੂੰ ਗੁਰੂ ਜੀ ਦਾ ਗੁਰੂ ਸਵੀਕਾਰ ਕੀਤਾ ਹੈ, ਉਨ੍ਹਾਂ ਸਾਰਿਆਂ ਨੇ ਡਾ. ਬੀ.ਪੀ. ਸ਼ਰਮਾ ਜਾਂ ਡਾ. ਧਰਮਪਾਲ ਸਿੰਗਲ ਦੀਆਂ ਪੁਸਤਕਾਂ ਵਿੱਚੋਂ ਗਵਾਹੀਆਂ ਦਿੱਤੀਆਂ ਹਨ। ਗਵਾਹੀਆਂ ਵਾਲੇ ਪਦਾਂ ਦਾ ਅੱਖਰ ਅੱਖਰ ਡਾ. ਸਿੰਗਲ ਅਤੇ ਡਾ. ਸ਼ਰਮਾ ਦਾ ਮਿਲਦਾ ਹੈ ਕਿਉਂਕਿ ਡਾ. ਸਿੰਗਲ ਨੇ ਡਾ. ਸ਼ਰਮਾ ਦੀ ਪੁਸਤਕ ਤੋਂ ਇਨ੍ਹਾਂ ਪਦਾਂ ਦਾ ਉਤਾਰਾ ਕੀਤਾ ਹੈ।

ਸੋ ਡਾ. ਬੀ.ਪੀ. ਸ਼ਰਮਾ ਦੀ ਸਕੀਮ ਨੂੰ ਚੇਅਰ ਤੇ ਬਿਰਾਜਮਾਨ ਹੁੰਦਿਆਂ ਹੀ ਡਾ. ਸਿੰਗਲ ਨੇ ਪੂਰੀ ਸ਼ਕਤੀ ਨਾਲ ਲਾਗੂ ਕੀਤਾ। ਇਸ ਦੀ ਗਵਾਹੀ ਉਪਰੋਕਤ 10 ਪੀ.ਐਚ.ਡੀ. ਦੇ ਥੀਸਸ ਹਨ ਅਤੇ ਹੋਰ ਚੇਅਰ ਵੱਲੋਂ ਛਾਪੀਆਂ ਅਨੇਕਾਂ ਪੁਸਤਕਾਂ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ 1989 ਤੋਂ ਪਿੱਛੋਂ ਡਾ. ਹਰਨੇਕ ਸਿੰਘ ਕਲੇਰ ਦੇ ਬਾਣੀ ਅਤੇ ਜੀਵਨ ਦੀ ਪ੍ਰਮਾਣਿਕਤਾ ਵਾਲੇ ਥੀਸਸ ਤੇ ਡਿਗਰੀ ਮਿਲਣ ਪਿੱਛੋਂ ਵੀ ਡਾ. ਸਿੰਗਲਾ ਨੇ ਮਿਲਾਵਟ ਵਾਲੇ ਪਦਾਂ ਨੂੰ ਨਹੀਂ ਤਿਆਗਿਆ। ਜਦਕਿ ਉਹ ਆਪ ਹੀ ਨਿਗਰਾਨ ਦੇ ਤੌਰ 'ਤੇ ਉਨ੍ਹਾਂ ਪਦਾਂ ਨੂੰ ਰੱਦ ਕਰ ਚੁੱਕੇ ਹਨ। ਹੁਣ ਅਸੀਂ ਡਾ. ਕਲੇਰ ਦੇ ਥੀਸਸ ਤੇ ਵਿਸਥਾਰ ਨਾਲ ਚਰਚਾ ਕਰਦੇ ਹਾਂ, ਜਿਸ ਨੇ ਡਾ. ਬੀ.ਪੀ. ਸ਼ਰਮਾ ਅਤੇ ਡਾ. ਧਰਮਪਾਲ ਸਿੰਗਲ ਦੀ ਉਪਰੋਕਤ ਘਿਨਾਉਣੀ ਸਾਜ਼ਸ਼ ਨੂੰ ਜੜ੍ਹੋਂ ਹੀ ਪੁੱਟ ਦਿੱਤਾ ਹੈ।

ਉਪਰੋਕਤ ਵਿਦਵਾਨਾਂ ਵਿੱਚ ਸਭ ਤੋਂ ਪਹਿਲਾਂ, ਡਾ. ਹਰਨੇਕ ਸਿੰਘ ਆਉਂਦੇ ਹਨ ਜਿਨ੍ਹਾਂ ਨੇ ਬੜੀ ਦਲੇਰੀ ਨਾਲ ਡਾ. ਸਿੰਗਲ ਦੀ ਨਿਗਰਾਨੀ ਹੇਠ ਉਪਰੋਕਤ ਦੋਹਾਂ ਪੁਸਤਕਾਂ ਵਿੱਚ ਆਏ ਮਿਲਾਵਟ ਵਾਲੇ ਪਦਾਂ ਨੂੰ ਰੱਦ ਕਰਕੇ ਉਨ੍ਹਾਂ ਦਾ ਪਾਜ ਖੋਲ੍ਹਿਆ। ਉਹ ਲਿਖਦੇ ਹਨ :

"ਗੁਰੂ ਰਵਿਦਾਸ ਨੇ ਆਪਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ (ਸਮੇਤ ਬਾਹਰ ਰਹਿ ਗਈ ਬਾਣੀ ਦੇ) ਕਿਸੇ ਸ਼ਬਦ ਵਿੱਚ ਵੀ ਆਪਣੇ ਗੁਰੂ ਦਾ ਨਾਂ ਅੰਕਿਤ ਨਹੀਂ ਕੀਤਾ।"[1]

ਡਾ. ਕਲੇਰ ਨੇ ਬੜੀ ਹੀ ਸਪੱਸ਼ਟ ਅਤੇ ਸਿੱਧੀ-ਸਾਧੀ ਭਾਸ਼ਾ ਵਿੱਚ ਸਵੀਕਾਰ ਕੀਤਾ ਹੈ ਕਿ ਗੁਰੂ ਰਵਿਦਾਸ ਜੀ ਨੇ ਕਦੇ ਵੀ ਆਪਣੇ ਗੁਰੂ ਦਾ ਨਾਂ ਆਪਣੀ ਬਾਣੀ ਵਿੱਚ ਅੰਕਿਤ ਨਹੀਂ ਕੀਤਾ। (ਅਸੀਂ ਇਸ ਨਾਲ ਸਹਿਮਤ ਨਹੀਂ।) ਉਨ੍ਹਾਂ ਨੇ ਆਪਣੇ ਇਸ ਕਥਨ ਨੂੰ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਦਲੀਲਾਂ ਨਾਲ ਸਿੱਧ ਕੀਤਾ ਹੈ। ਉਹ ਲਿਖਦੇ ਹਨ:

"ਪ੍ਰੰਤੂ ਡਾ. ਬੀ.ਪੀ. ਸ਼ਰਮਾ ਨੇ ਆਪਣੀ ਪੁਸਤਕ ਵਿੱਚ ਅਜਿਹੇ ਹਵਾਲੇ ਦਿੱਤੇ ਹਨ ਕਿ ਬਾਹਰਲੀ ਬਾਣੀ ਵਿੱਚ ਰਵਿਦਾਸ ਨੇ ਗੁਰੂ ਦੇ ਤੌਰ 'ਤੇ ਸ੍ਵਾਮੀ ਰਾਮਾ ਨੰਦ ਦਾ ਨਾਂ ਅੰਕਿਤ ਕੀਤਾ ਹੈ। ਉਹ ਆਪਣੇ ਮੱਤ ਦੀ ਸਥਾਪਨਾ ਕਰਦੇ ਲਿਖਦੇ ਹਨ ਕਿ ਇਹ ਚਾਰ ਈਸ਼ਵਰ

(1) ਗੁਰੂ ਰਵਿਦਾਸ : ਜੀਵਨ ਤੇ ਬਾਣੀ ਦੀ ਪ੍ਰਮਾਣਿਕਤਾ—1989—ਪੰਨਾ 146

ਭਗਤ (ਕਬੀਰ, ਰੈਦਾਸ, ਸੇਨ, ਪੀਪਾ), ਸੁਆਮੀ ਰਾਮਾਨੰਦ ਦੇ ਸਮਕਾਲੀ ਅਤੇ ਸ਼ਿਸ਼ ਸਨ। ਰੈਦਾਸ ਨੇ ਸੁਆਮੀ ਰਾਮਾ ਨੰਦ ਨੂੰ ਆਪਣੀ ਬਾਣੀ ਵਿੱਚ ਗੁਰੂ ਰੂਪ ਵਿੱਚ ਸਵੀਕਾਰ ਕੀਤਾ ਹੈ।" ਉਹ ਬਾਣੀ ਵਿੱਚੋਂ ਅਜਿਹੇ ਹਵਾਲਿਆਂ ਵਾਲਾ ਨਿਮਨ ਲਿਖਤ ਪਾਠ ਦਿੰਦੇ ਹਨ:

**(ੳ) ਸੰਸਾਰ ਪ੍ਰਪੰਚ ਹੌਂ ਵਾਯਕੁਲ ਰਾਮਾ ਨੰਦਾ**

**(ਅ) ਪਤਰਿ ਨਾਵ ਖੇਵਟਿਯਾ ਗੁਰੂ ਰਾਮਾ**

**(ੲ) ਦੋਈ ਘੋੜਾ ਢਡਿ ਕਊ ਨ ਪਹੁਤੇ**
**ਸਤਗੁਰ ਰਾਮਾ ਕਹਿ ਪੁਕਾਰੀ**

**(ਸ) ਦਾਸ ਰਵਿਦਾਸ ਯਹੁ ਕਾਲ ਵਯਾਕੁਲ ਭਯੋ**
**ਤ੍ਰਾਹਿ ਤ੍ਰਾਹਿ ਗੁਰੂ ਰਾਮਾ ਅਲੰਬਨ ਮੇਰੋ॥**[1]

ਹੁਣ ਡਾ. ਕਲੇਰ ਆਪਣਾ ਮਤ ਦੇ ਰਹੇ ਹਨ:

"ਬਾਣੀ ਬਾਰੇ ਪ੍ਰਾਪਤ ਸਰੋਤਾਂ ਵਿੱਚ ਪ੍ਰਾਚੀਨ ਪ੍ਰਤੀਲਿਪੀ 1693 ਬਿ. ਸੰ. ਦੀ ਹੈ। ਇਸ ਵਿੱਚ ਦਰਜ ਇਨ੍ਹਾਂ, ਸ਼ਬਦਾਂ ਵਿੱਚ ਪ੍ਰਾਪਤ ਪੰਕਤੀਆਂ ਵਿੱਚ ਰਾਮਾ ਨੰਦ ਲਫ਼ਜ਼ ਨਹੀਂ। ਦੇਖੋ:

**(ੳ) ਸੰਸਾਰ ਪ੍ਰਪੰਚ ਮੇਂ ਵਯਾਕੁਲ ਪਰਮਾਨੰਦਾ**
**ਤ੍ਰਾਹਿ ਤ੍ਰਾਹਿ ਅਨਾਥ ਨਾਥ ਗੋਬਿੰਦਾ॥**

**(ਅ) ਦੋਈ ਘੋੜੇ-ਢਡਿ ਕੋਊ ਨਾ ਪਹੁਤੇ**
**ਸਤਗੁਰ ਕਹੇ ਪੁਕਾਰਾ॥**

**(ੲ) ਦਾਸ ਰੈਦਾਸ ਯਹੁ ਕਾਲ ਵਯਾਕੁਲ ਭਯੋ**
**ਤ੍ਰਾਹਿ ਤ੍ਰਾਹਿ ਅਵਰ ਅਲੰਬਨ ਨਾਹੀ ਮੇਰੋ॥**

(ੳ) ਦਾਦੂ ਸੰਸਕ੍ਰਿਤ ਮਹਾਵਿਦਿਆਲਾ ਜੈਪੁਰ, ਗ੍ਰੰਥ ਨੰ: 12 ਲਿਪੀ ਕਾਲ 1693 ਵਿਕ : ਸੰ: ਹਥ ਲਿਖਤ ਗ੍ਰੰਥ ਨੰ: 219/ਅ (ਅ) 213/ਅ (ੲ) 217/ੳ।"[2]

"ਬੀ.ਪੀ. ਸ਼ਰਮਾ ਨੇ ਆਪਣੀ ਪੁਸਤਕ ਦਾ ਆਧਾਰ 1733 ਬਿ:ਸੰ: ਵਿੱਚ ਨਕਲ ਪ੍ਰਤੀਲਿਪੀ ਨੂੰ ਬਣਾਇਆ ਹੈ। ਜੋ ਬਹੁਤ ਪ੍ਰਾਚੀਨ ਨਹੀਂ। 1693 ਬਿ:ਸੰ: ਵਾਲੇ ਖਰੜੇ ਨੂੰ ਪ੍ਰਾਚੀਨ ਮੰਨ ਕੇ ਮੂਲ ਪ੍ਰਤੀਲਿਪੀ ਦੇ ਨੇੜੇ ਮੰਨਦਿਆਂ ਵਧੇਰੇ ਪ੍ਰਮਾਣਿਕ ਮੰਨਿਆ ਜਾਵੇਗਾ। ਇਸ ਤੋਂ ਇਲਾਵਾ ਸਾਡੇ ਸੰਗ੍ਰਹਿ ਵਿੱਚ 1733 ਬਿ:ਸੰ: ਲਾ ਰਵਿਦਾਸ ਬਾਣੀ ਦਾ ਖਰੜਾ ਵੀ ਹੈ ਜਿਸ ਨੂੰ ਡਾ. ਸ਼ਰਮਾ ਨੇ ਸੰਪਾਦਨ ਹਿਤ ਆਧਾਰ ਬਣਾਇਆ ਹੈ। ਇਸ ਖਰੜੇ ਵਿੱਚ ਵੀ ਇਨ੍ਹਾਂ ਤਿੰਨਾਂ ਸ਼ਬਦਾਂ ਵਿੱਚ ਉਲੇਖਤ ਪੰਕਤੀਆਂ ਵਿੱਚ ਰਾਮਾ ਨੰਦ ਲਫ਼ਜ਼ ਨਹੀਂ ਹੈ। ਡਾ. ਸਾਹਿਬ ਇਸ ਮਹੱਤਵਪੂਰਨ ਤੱਥ ਬਾਰੇ ਆਪਣੀ ਪੁਸਤਕ "ਸੰਤ ਗੁਰੂ ਰਵਿਦਾਸ ਵਾਣੀ" ਵਿੱਚ ਵੀ ਉਕਤੀ ਖਾ ਗਏ ਹਨ, ਲੜੀ ਨੰ: ਤਿੰਨ ਵਾਲੀ ਪੰਕਤੀ ਵਿੱਚ ਪੁਸਤਕ ਦੇ ਪੰਨਾ -27 ਉੱਤੇ 'ਸਤਿਗੁਰ ਰਾਮਾ ਕਰੇ ਪੁਕਾਰਾ' ਦਰਜ ਹੈ। ਪ੍ਰੰਤੂ ਪੁਸਤਕ ਦੇ ਪੰਨਾ 133 ਉੱਤੇ ਰਾਗ ਕਲਿਆਣ ਵਿੱਚ 161 ਨੰਬਰ ਉੱਤੇ ਆਉਂਦੇ ਇਸ ਸ਼ਬਦ ਦੀ ਇਹ ਪੰਕਤੀ 'ਸਤਗੁਰ ਕਰੇ ਪੁਕਾਰਾ' ਹੀ ਹੈ।

(1) ਓਹੀ—148 (2) ਓਹੀ—149



ਇਥੇ ਵੀ ਰਾਮਾ ਨੰਦ ਸ਼ਬਦ ਨਹੀਂ ਹੈ। ਅਜਿਹੇ ਮਹੱਤਵਪੂਰਣ ਤੱਥ ਸਬੰਧੀ ਵਿਦਵਾਨ ਲੇਖਕ ਭੁੱਲ ਨਹੀਂ ਕਰ ਸਕਦਾ। ਇਸ ਸਥਿਤੀ ਵਿੱਚ ਖੋਜੀ ਵਿਦਵਾਨ ਦੀ ਖੋਜ ਭਾਵਨਾਤਮਿਕ ਰੂਪ ਧਾਰਨ ਕਰ ਗਈ ਪ੍ਰਤੀਤ ਹੁੰਦੀ ਹੈ। ਵਿਦਵਾਨ ਸੰਪਾਦਕ ਨੂੰ ਖੋਜ ਪ੍ਰਤੀ ਸੁਚੇਤ ਕਰਦੇ ਡਾ. ਧਰਮ ਪਾਲ ਸਿੰਗਲ ਲਿਖਦੇ ਹਨ "ਡਾ. ਸ਼ਰਮਾ ਦਾ ਕੰਮ ਅਮੁਲ ਦੇਣ ਹੈ, ਪਰ ਨਿਮਰਤਾ ਸਹਿਤ ਇਹ ਜ਼ਰੂਰ ਕਹਿਣਾ ਚਾਹਾਂਗੇ ਕਿ ਪਾਠ ਭੇਦ ਅਤੇ ਪਦ ਚੇਤ ਕਰਨ ਵਿੱਚ ਆਪ ਵੀ ਕਈ ਥਾਈ ਟਪਲਾ ਖਾ ਗਏ ਹਨ।" ਬਾਕੀ ਰਹਿ ਗਿਆ ਲੜੀ ਨੰ: 2 ਵਾਲਾ ਸ਼ਬਦ ਅਤੇ ਪੰਜ ਨੰਬਰ ਵਾਲੀ ਸਾਖੀ। ਇਹ ਦੋਵੇਂ ਰਚਨਾਵਾਂ ਹੀ ਰਵਿਦਾਸ ਬਾਣੀ ਦੇ ਕਿਸੇ ਵੀ ਪ੍ਰਾਚੀਨ ਅਤੇ ਪ੍ਰਮਾਣਿਕ ਪ੍ਰਤਿਲਿੱਪੀ ਵਿੱਚ ਨਹੀਂ ਮਿਲਦੀਆਂ। ਡਾ. ਬੀ.ਪੀ. ਸ਼ਰਮਾ ਦੇ ਆਧਾਰ ਖਰੜੇ ਤੋਂ ਬਿਨਾਂ ਪੁਸਤਕ ਵਿੱਚ ਦਰਜ ਹੋਰ ਬਾਣੀ ਦਾ ਕੋਈ ਵੀ ਪ੍ਰਾਪਤੀ ਸਰੋਤ ਦਰਜ ਨਹੀਂ ਕੀਤਾ। ਇਸ ਲਈ ਬਾਕੀ ਰਚਨਾਵਾਂ ਕਿਸ ਪ੍ਰਤਿਲਿੱਪੀ ਵਿੱਚੋਂ ਲਈਆਂ ਗਈਆਂ ਹਨ? ਡਾ. ਸ਼ਰਮਾ ਨੇ ਸਪੱਸ਼ਟ ਨਹੀਂ ਕੀਤਾ। ਪਰੰਤੂ ਇਹ ਸ਼ਬਦ ਅਤੇ ਸਾਖੀ ਰਵਿਦਾਸ ਬਾਣੀ ਦੇ ਉਪਲਬੱਧ ਖਰੜਿਆਂ ਵਿੱਚ ਪ੍ਰਾਪਤ ਨਹੀਂ ਹੈ। ਇਸ ਲਈ ਇਨ੍ਹਾਂ ਰਚਨਾਵਾਂ ਨੂੰ ਪ੍ਰਮਾਣਿਕ ਮੰਨਣਾ ਕਠਨ ਹੈ। ਸੋ ਤੱਥ ਸਪੱਸ਼ਟ ਕਰਦੇ ਹਨ ਕਿ ਸਮੁੱਚੀ ਰਵਿਦਾਸ ਬਾਣੀ ਵਿੱਚ ਕਿਸੇ ਵਿਅਕਤੀ ਦਾ ਨਾਂ ਗੁਰੂ ਵਜੋਂ ਅੰਕਤਿ ਨਹੀਂ ਹੋਇਆ।"[1]

ਇਸ ਨੁਕਤੇ ਤੇ ਡਾ. ਹਰਨੇਕ ਸਿੰਘ ਕਲੇਰ ਦੀ ਖੋਜ ਪਿਛੋਂ ਹੋਰ ਕੁਝ ਲਿਖਣ ਦੀ ਜ਼ਰੂਰਤ ਨਹੀਂ ਹੈ। ਸਪੱਸ਼ਟ ਰੂਪ ਵਿੱਚ ਸਿੱਧ ਹੋ ਗਿਆ ਕਿ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਬਾਣੀ ਵਿੱਚ ਮਿਲਾਵਟ ਡਾ. ਬੀ.ਪੀ. ਸ਼ਰਮਾ ਨੇ ਹੀ ਕੀਤੀ ਹੈ।

ਡਾ. ਕਲੇਰ ਦੇ ਥੀਸਸ ਦੇ ਸਬੰਧ ਵਿੱਚ ਗੁਰੂ ਰਵਿਦਾਸ ਚੇਅਰ ਦੇ ਨਾਮ ਹੇਠ ਛਪੀ ਪੁਸਤਕ "ਬਾਣੀ ਸ੍ਰੀ ਗੁਰੂ ਰਵਿਦਾਸ ਜੀ" ਅਤੇ ਉਸ ਵਿੱਚ, ਸੰਪਾਦਕ ਡਾ. ਧਰਮਪਾਲ ਸਿੰਗਲ ਵੱਲੋਂ ਛਾਪਿਆ ਡਾ. ਬੀ.ਪੀ. ਸ਼ਰਮਾ ਦਾ 26.8.1982 ਦਾ ਪੱਤਰ ਉਚੇਚੇ ਧਿਆਨ ਦੀ ਮੰਗ ਕਰਦਾ ਹੈ। ਇਹ ਪੁਸਤਕ 1986 ਵਿੱਚ ਛਪੀ ਅਤੇ ਇਹ ਪੱਤਰ ਇਸ ਵਿੱਚ ਚਾਰ ਸਾਲਾਂ ਪਿਛੋਂ ਛਾਪਿਆ ਗਿਆ।

"ਡਾ. ਬੀ.ਪੀ. ਸ਼ਰਮਾ ਲਿਖਦੇ ਹਨ" ਹੁਣ ਗੱਲ ਲੁਕੀ ਛਿਪੀ ਨਹੀਂ ਰਹੀ, ਇਸ ਲਈ ਮੇਰੇ ਖਤ ਦਾ ਫੋਟੋ-ਸਟੈਟ ਅਖਬਾਰਾਂ ਵਿੱਚ ਦੇ ਦਿਓ। ਜਿਹੜੀ ਗੱਲ ਮੇਰੇ ਗਲ ਤੋਂ ਹੇਠਾਂ ਨਹੀਂ ਲੱਥਦੀ ਉਸ ਨੂੰ ਮੈਂ ਕਿਵੇਂ ਸਵੀਕਾਰ ਕਰ ਸਕਦਾ ਹਾਂ। ਤਥਾ ਕਥਿਤ ਰਚਨਾ ਵਿੱਚ ਕੁਝ ਉਹ ਮਨਘੜਤ ਪੰਕਤਾਂ ਹਨ ਜਿਨ੍ਹਾਂ ਨੇ ਰਵਿਦਾਸ ਜੀ ਦੇ ਮੂਲ ਜੀਵਨ-ਦਰਸ਼ਨ ਨੂੰ ਵਿਕ੍ਰਤ ਕਰ ਦਿੱਤਾ ਹੈ। ਅਨੇਕਾਂ ਵਿਦਵਾਨਾਂ ਨੇ ਮੈਨੂੰ ਇਸ ਵਿਸ਼ੇ ਪੱਤਰ ਲਿਖੇ। ਮੈਂ ਚੁੱਪ ਰਿਹਾ ਕਿਉਂਕਿ ਇਸ ਰਚਨਾ ਨਾਲ ਮੇਰੀ ਸਵੀਕ੍ਰਿਤੀ ਤੋਂ ਬਿਨ੍ਹਾਂ, ਮੇਰਾ ਨਾਂ ਜੁੜਿਆ ਹੈ ਕਿਉਂਕਿ ਆਪ ਨੇ ਇਸ ਗੁਪਤ ਰਹੱਸ ਨੂੰ ਉਘਾੜਿਆ ਹੈ ਆਪ ਹੀ ਭੁਗਤੋ। ਮੈਂ ਤਾਂ ਨਿਰ-ਅੰਕੁਸ਼ ਹਾਂ ਆਪਣੇ ਰਾਮ ਤੋਂ ਛੁੱਟ ਕਿਸੇ ਦੀ ਚਿੰਤਾ ਨਹੀਂ ਕਰਦਾ।"[2]

(1) ਓਹੀ—149-50 (2) ਪੰਨਾ—6

ਉਪਰਲੇ ਪੈਰੇ ਵਿੱਚੋਂ ਹੇਠਾਂ ਲਿਖੇ ਨੁਕਤੇ ਉਭਰਦੇ ਹਨ:

1. ਵਿਦਵਾਨਾਂ ਨੂੰ 1982 ਵਿੱਚ ਹੀ ਡਾ. ਬੀ.ਪੀ. ਸ਼ਰਮਾ ਵੱਲੋਂ ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚ ਕੀਤੀ ਗਈ ਮਿਲਾਵਟ ਬਾਰੇ ਪਤਾ ਸੀ।

2. ਗੁਰੂ ਰਵਿਦਾਸ ਦੇ ਮੂਲ ਜੀਵਨ-ਦਰਸ਼ਨ ਨੂੰ ਡਾ. ਬੀ.ਪੀ. ਸ਼ਰਮਾ ਨੇ ਪਲੀਤ ਕਰ ਦਿੱਤਾ ਹੈ, ਵਿਦਵਾਨਾਂ ਨੂੰ ਇਸ ਦਾ 1982 ਵਿੱਚ ਹੀ ਪਤਾ ਸੀ।

1982 ਤੱਕ ਤਾਂ ਵਿਦਵਾਨਾਂ ਨੇ ਡਾ. ਬੀ.ਪੀ. ਸ਼ਰਮਾ ਨੂੰ ਕੇਵਲ ਮਿਲਾਵਟ ਦਾ ਅਹਿਸਾਸ ਹੀ ਕਰਵਾਇਆ ਸੀ। ਪਰ ਡਾ. ਕਲੇਰ ਨੇ ਤਾਂ ਉਨ੍ਹਾਂ ਦੇ ਜਿਉਂਦੇ ਜੀ, ਆਪਣੇ ਥੀਸਸ ਵਿੱਚ ਠੋਸ ਦਲੀਲਾਂ ਦੇ ਕੇ ਸਾਬਤ ਕੀਤਾ ਹੈ ਕਿ ਬਾਣੀ ਵਿੱਚ ਮਿਲਾਵਟ ਕਰਕੇ ਗੁਰੂ ਰਵਿਦਾਸ ਜੀ ਦੀ ਬਾਣੀ ਨਾਲ ਖਿਲਵਾੜ ਕੀਤਾ ਹੈ ਅਤੇ ਗੁਰੂ ਰਵਿਦਾਸ ਜੀ ਦੇ ਜੀਵਨ ਦਰਸ਼ਨ ਦਾ ਰੁਖ ਹਿੰਦੂ ਮਤ ਦੇ ਅਨੁਕੂਲ ਮੋੜਨ ਦੀ ਘਿਨਾਉਣੀ ਸਾਜਿਸ਼ ਕੀਤੀ ਹੈ। ਇਸ ਥੀਸਸ ਨੇ ਇੱਕ ਹੈਰਾਨੀ ਜਨਕ ਸਾਜਸ਼ ਨੂੰ ਬੇਨਿਕਾਬ ਕਰ ਦਿੱਤਾ ਹੈ।

3. ਡਾ. ਧਰਮਪਾਲ ਸਿੰਗਲ ਨੇ, ਏਹੋ ਉਪਰੋਕਤ ਸ਼ਬਦ ਜਿਨ੍ਹਾਂ ਨੂੰ ਡਾ. ਕਲੇਰ ਨੇ ਰੱਦ ਕੀਤਾ ਹੈ, ਗੁਰੂ ਰਵਿਦਾਸ ਚੇਅਰ ਦੇ ਨਾਂ ਹੇਠ ਸੰਪਾਦਤ ਕੀਤੀ ਪੁਸਤਕ "ਬਾਣੀ ਸ੍ਰੀ ਗੁਰੂ ਰਵਿਦਾਸ ਜੀ" ਵਿੱਚ ਅੰਕਿਤ ਕਰ ਲਏ ਹਨ। ਡਾ. ਸਿੰਗਲ ਨੇ ਇਨ੍ਹਾਂ ਸ਼ਬਦਾਂ ਨੂੰ ਸ਼ਾਮਲ ਕਰਨ ਲੱਗਿਆਂ ਇਨ੍ਹਾਂ ਦੇ ਸਰੋਤ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਨਾ ਹੀ ਖੋਜ ਕਰਕੇ ਪ੍ਰਮਾਣਿਤ ਕਰਨ ਦੀ ਖੇਚਲ ਕੀਤੀ। ਇਥੋਂ ਤੱਕ ਕਿ ਇਸ ਪੁਸਤਕ ਵਿੱਚ ਆਈ ਬਾਣੀ ਦੇ ਕਿਸੇ ਵੀ ਸ਼ਬਦ ਦਾ ਸਰੋਤ ਨਹੀਂ ਮਿਲਦਾ ਅਤੇ ਨਾ ਹੀ ਪੁਸਤਕ ਵਿੱਚ ਦਿੱਤਾ ਹੈ। ਸਿੱਟਾ ਇਹੋ ਨਿਕਲਦਾ ਹੈ ਕਿ ਡਾ. ਸਿੰਗਲ ਨੇ ਜ਼ਿੰਮੇਵਾਰੀ ਵਾਲੇ ਅਹੁਦੇ 'ਤੇ ਬੈਠ ਕੇ ਗੈਰ-ਜ਼ਿੰਮੇਵਾਰੀ ਵਾਲਾ ਕੰਮ ਕੀਤਾ ਹੈ।

ਦੂਜੇ, ਇਸ ਗੱਲ ਦੀ ਸਮਝ ਨਹੀਂ ਆਈ ਕਿ ਡਾ. ਬੀ.ਪੀ. ਸ਼ਰਮਾ ਦਾ ਪੱਤਰ ਪੁਸਤਕ ਵਿੱਚ ਕਿਉਂ ਦਿੱਤਾ ਗਿਆ? ਕੀ ਇਹ ਪੁਸਤਕ ਡਾ. ਸ਼ਰਮਾ ਦੀ ਮਿਲਾਵਟ ਨੂੰ ਸਹੀ ਸਿੱਧ ਕਰਨ ਲਈ ਪ੍ਰਚਾਰ ਕਰਨ ਹਿੱਤ ਲਿਖੀ ਗਈ ਸੀ? ਕੋਈ ਵਿਦਵਾਨ, ਦੂਜੇ ਵਿਦਵਾਨ ਨੂੰ ਕੀ ਲਿਖਦਾ ਹੈ, ਇਸ ਪੁਸਤਕ ਦਾ ਵਿਸ਼ਾ ਨਹੀਂ ਬਣ ਸਕਦਾ। ਸਾਫ਼ ਜ਼ਾਹਿਰ ਹੈ ਕਿ ਡਾ. ਸਿੰਗਲ ਨੇ ਡਾ. ਬੀ.ਪੀ. ਸ਼ਰਮਾ ਦੀ ਸਹਾਇਤਾ ਕਰਕੇ ਉਨ੍ਹਾਂ ਵਿਦਵਾਨਾਂ ਨੂੰ ਜਿੱਚ ਕੀਤਾ ਹੈ, ਜਿਨ੍ਹਾਂ ਨੇ 1982 ਵਿੱਚ ਹੀ ਬਾਣੀ ਵਿੱਚ ਮਿਲਾਵਟ ਬਾਰੇ ਸੂਚਿਤ ਕਰ ਦਿੱਤਾ ਸੀ, ਜਿਹੜਾ ਹੁਣ ਡਾ. ਕਲੇਰ ਨੇ ਸਿੱਧ ਕਰ ਦਿੱਤਾ ਹੈ ਅਤੇ ਉਹ ਵੀ ਡਾ. ਸਿੰਗਲ ਦੁਆਰਾ ਹੀ ਭਾਵ ਉਨ੍ਹਾਂ ਦੀ ਹੀ ਨਿਗਰਾਨੀ (Guidance) ਹੇਠ।

ਹੁਣ ਇੱਕ ਅਜੀਬ ਸਥਿਤੀ ਪੈਦਾ ਹੋ ਗਈ ਹੈ ਜਿਹੜੀ ਡਾ. ਧਰਮਪਾਲ ਸਿੰਗਲ ਵੱਲੋਂ ਡਾ. ਹਰਨੇਕ ਸਿੰਘ ਕਲੇਰ ਉਪਰ ਦਬਾ ਪਾਉਣ ਵਲ ਸੰਕੇਤ ਕਰਦੀ ਹੈ:

1. "ਬਾਣੀ ਸ੍ਰੀ ਗੁਰੂ ਰਵਿਦਾਸ ਜੀ" ਪਹਿਲੀ ਵਾਰ 1986 ਵਿੱਚ ਛਪੀ।

2. ਡਾ. ਕਲੇਰ ਦਾ ਥੀਸਸ ਡਾ. ਧਰਮਪਾਲ ਸਿੰਗਲ ਦੀ ਨਿਗਰਾਨੀ ਹੇਠ 1989 ਵਿੱਚ ਪੀ.ਐਚ.ਡੀ. ਦੀ ਡਿਗਰੀ ਲਈ ਪਰਵਾਨ ਹੋਇਆ।



ਡਾ. ਕਲੇਰ ਨੂੰ ਡਿਗਰੀ ਮਿਲਣ ਤੋਂ ਤਿੰਨ ਸਾਲ ਪਹਿਲਾਂ ਡਾ. ਸਿੰਗਲ ਦੀ ਉਪਰੋਕਤ ਪੁਸਤਕ ਛਪ ਚੁੱਕੀ ਸੀ। ਡਾ. ਕਲੇਰ ਨੇ ਲਗਭਗ ਹਰ ਪੁਸਤਕ ਦਾ ਹਵਾਲਾ ਆਪਣੇ ਥੀਸਸ ਵਿੱਚ ਦਿੱਤਾ ਹੈ। ਫਿਰ ਕੀ ਕਾਰਣ ਹੈ ਕਿ ਉਪਰੋਕਤ ਪੁਸਤਕ ਦਾ ਮਿਲਾਵਟ ਵਾਲੇ ਸ਼ਬਦਾਂ ਦਾ ਹਵਾਲਾ ਡਾ. ਕਲੇਰ ਨੇ ਆਪਣੇ ਥੀਸਸ ਵਿੱਚ ਗਵਾਹੀ ਲਈ ਕਿਉਂ ਨਹੀਂ ਦਿੱਤਾ? ਹਾਲਾਂ ਕਿ ਉਸ ਪੁਸਤਕ ਵਿੱਚ ਵੀ ਡਾ. ਬੀ.ਪੀ. ਸ਼ਰਮਾ ਵਾਲੇ ਉਹ ਸਾਰੇ ਸ਼ਬਦ ਸ਼ਾਮਿਲ ਹਨ, ਜਿਹੜੇ ਡਾ. ਕਲੇਰ ਨੇ ਰੱਦ ਕੀਤੇ ਹਨ। ਹੁਣ ਇਸ ਸਥਿਤੀ ਵਿੱਚ ਇਸ ਤੱਥ ਦਾ ਫੈਸਲਾ ਪਾਠਕ ਜਨ ਆਪ ਹੀ ਕਰ ਲੈਣ।

ਕਿਉਂਕਿ ਡਾ. ਕਲੇਰ ਨੇ ਡਾ. ਧਰਮ ਪਾਲ ਸਿੰਗਲ ਦੀ ਪੁਸਤਕ ਨੂੰ ਨਹੀਂ ਖੋਜਿਆ, ਇਸ ਲਈ ਕੁਝ ਕੁ ਵਿਚਾਰ ਇਸ ਪੁਸਤਕ ਤੇ ਕਰਨਾ ਬਣਦਾ ਹੈ। ਡਾ. ਕਲੇਰ ਨੇ ਜਿਥੇ ਰਾਮਾਨੰਦ ਸ਼ਬਦ ਆਇਆ ਹੈ ਕੇਵਲ ਉਸ ਸ਼ਬਦ ਨੂੰ ਹੀ ਰੱਦ ਕੀਤਾ ਹੈ। ਪਰ ਇੱਕ ਸ਼ਬਦ ਅਜਿਹਾ ਵੀ ਹੈ ਜਿਸ ਵਿੱਚ ਸੁਆਮੀ ਰਾਮਾਨੰਦ ਨੂੰ ਗੁਰੂ ਸਿੱਧ ਕਰਨ ਲਈ ਡਾ. ਸਿੰਗਲ ਨੂੰ ਕੁਝ ਸਤਰਾਂ ਵੀ ਕੱਢਣੀਆਂ ਪਈਆਂ ਹਨ।

ਡਾ. ਬੀ.ਪੀ. ਸ਼ਰਮਾ ਦੇ ਹਵਾਲੇ ਨਾਲ ਡਾ. ਕਲੇਰ ਨੇ ਆਪਣੇ ਥੀਸਸ ਦੇ ਪੰਨਾ ਨੰ: 148 ਉੱਤੇ ਨੰਬਰ (ਸ) "ਦਾਸ ਰਵਿਦਾਸ ਯਹ ਵਯਾਕੁਲ ਭਯੋ" ਦਿੱਤਾ ਹੈ, ਇਹੋ ਸ਼ਬਦ ਡਾ. ਸਿੰਗਲ ਦੀ ਸੰਪਾਦਿਤ ਕੀਤੀ 1986 ਦੀ ਪੁਸਤਕ "ਬਾਣੀ ਸ੍ਰੀ ਗੁਰੂ ਰਵਿਦਾਸ ਜੀ" ਦੇ ਪੰਨਾ 20-21 ਦੇ ਸ਼ਬਦ ਨੰ: 10 ਉੱਤੇ ਦਿੱਤਾ ਹੈ। ਡਾ. ਸਿੰਗਲ ਨੇ ਕੁਝ ਸਤਰਾਂ ਅਤੇ ਸ਼ਬਦ ਕੱਢ ਦਿੱਤੇ ਹਨ, ਜਿਹੜੇ ਸੁਆਮੀ ਰਾਮਾਨੰਦ ਨੂੰ ਗੁਰੂ ਬਣਾਉਣ ਦੇ ਰਾਹ ਵਿੱਚ ਰੁਕਾਵਟ ਸਨ। ਇਸ ਨੂੰ ਸਾਬਤ ਕਰਨ ਲਈ ਪਹਿਲਾਂ ਅਸੀਂ ਡਾ. ਸਿੰਗਲ ਦੀ ਪੁਸਤਕ ਦਾ ਸ਼ਬਦ ਲਿਖਾਂਗੇ, ਫਿਰ ਡਾ. ਸਾਬਰ ਦਾ:

**"ਤੂੰ ਪਰਮਾਤਮਾ ਪਰਕਿਰਤੀ ਅਬਿਗਤਿ**
**ਸੁਚਿਦਾਨੰਦ ਗੁਣ ਗਯਾਨ ਗੇਹੰ॥3॥**
**ਅਹੋ ਦੇਵ! ਪਵਨ ਪਾਵਨ ਅਵਨ ਜਲਧਿ ਜਲਧਾਰਾ**
**ਤੂੰ ਰਣ ਕਾਲ ਜਮ ਮ੍ਰਿਤਿ ਗੇਹੰ ਗ੍ਰਹ ਵਯਾਧਿ ਬਾਧਾ॥**
**ਗਜ ਭਜੰਗ ਭਪਾਲ ਸਸਿ ਸਕ੍ਰਾ ਦਿਕਪਾਲੰ॥**
**ਆਗਯਾ ਅਨੰਤ ਨਾ ਮੁਚਿਤੇ ਮਰਜਾਦਾ॥**
**ਅਭਯ ਵਰ ਪ੍ਰਤੰਗਯਾ ਦੁਸਟ ਤਾਰਣ ਚਰਣ ਸਰਣਾਹੰ ਤੇਰੇ,**
**ਦਾਸ ਰਵਿਦਾਸ ਯਹੁ ਕਾਲ ਵਯਾਕੁਲ ਭਯੋ**
**ਤ੍ਰਾਹਿ ਤ੍ਰਾਹਿ ਗੁਰੂ ਰਾਮਾ ਆਲੰਬਨ ਮੋਰੇ॥4॥**

ਹੁਣ ਡਾ. ਜਸਬੀਰ ਸਿੰਘ ਸਾਬਰ ਦੀ ਪੁਸਤਕ "ਭਗਤ ਰਵਿਦਾਸ, ਸਰੋਤ ਪੁਸਤਕ" ਪੰਨਾ 331 ਤੇ ਦਰਜ ਹੈ, ਦੇ ਰਹੇ ਹਾਂ:

**"ਤੂੰ ਸਰਗੁਣ ਨਿਰਗੁਣ ਨਿਗਮੈ ਨਿਰ ਬਿਕਾਰਾ॥**
**ਤੂੰ ਪ੍ਰਮਾਤਮਾ ਤੂ ਪ੍ਰਕੀਰਤ॥**
**ਸਰਗੁਣ ਨਿਰਗੁਣ ਅਵਿਗਤ ਮਮ ਬਗਤਿ ਪਰਮੁ ਚਿਤ॥**
**ਸਚਦਾਨੰਦ ਗੁਣ ਗਯਾਨ ਗੇਹੈ॥3॥**
**ਅਹੋ ਦੇਵ! ਪਵਨ ਪਾਵਨ ਅਵਨਿ ਜਲਧਿ ਜਲਧਾਰਾ॥**
**ਤੂੰ ਰਣਿ ਕਾਲ ਜੰਮ ਮ੍ਰਿਤਿ ਗ੍ਰਹਿ ਬਯਾਧਿ ਬਾਧਾ॥**
**ਗਜ ਭੁਜੰਗ ਭੂਪਾਲ ਸੀਸ ਕ੍ਰਾਧਿ ਦਿਗਪਾਲ॥**
**ਅਗਯਾ ਅਨੰਤ ਨ ਮੁਚਤੇ ਮਰਜਾਦਾ॥**
**ਅਬੈ ਬਰ ਪ੍ਰਤਗਯਾ ਸਤਯਾ ਸੰਕਲਪ ਹਰਿ॥**
**ਦਸਟ ਤਾਰਣ ਚਰਣ ਸਰਵ ਤੇਰੈ॥**
**ਦਾਸ ਰੈਦਾਸ ਯਹੁ ਕਾਲ ਬਯਾਕੁਲ ਭਯੋ**
**ਤ੍ਰਾਹਿ ਤ੍ਰਾਹਿ ਅਵਰ ਅਲੰਬਨ ਨਹੀਂ ਮੇਰੈ॥4॥**

ਉਪਰੋਕਤ ਡਾ. ਸਿੰਗਲ ਵਾਲੇ ਸ਼ਬਦ ਵਿੱਚੋਂ ਹੇਠ ਲਿਖੀਆਂ ਸਤਰਾਂ ਅਤੇ ਸ਼ਬਦ ਕੱਢ ਦਿੱਤੇ ਗਏ ਹਨ:

**ਸਤਰਾਂ:**
**(ੳ) ਤੂੰ ਸਰਗੁਣ ਨਿਰਗੁਣ ਨਿਗਮੈ ਨਿਰਬਿਕਾਰਾ॥**
**(ਅ) ਸਰਗੁਣ ਨਿਰਗੁਣ....ਮਮ ਵਿਗਤਿ ਪਮਚਿਤ॥**
**(ੲ) ਸਤਯ ਸੰਕਲਪ ਹਰਿ**

**ਸ਼ਬਦ :**
ਅਵਰ, ਨਹੀਂ।

'ਅਵਰ, ਨਹੀਂ ਦੀ ਥਾਂ ਤੇ 'ਗੁਰੂ ਰਾਮਾ' ਪਾਇਆ ਗਿਆ ਹੈ। ਉਪਰੋਕਤ ਕੱਢੀਆਂ ਹੋਈਆਂ ਸਤਰਾਂ ਦਾ ਅਰਥ ਬਣਦਾ ਹੈ – "ਹਰਿ ਸਤਿ ਹੈ, ਵਿਕਾਰਾਂ ਤੋਂ ਰਹਿਤ ਹੈ, ਸਰਗੁਣ ਅਤੇ ਨਿਰਗੁਣ ਹੈ। ਮੂਲ ਮੰਤਰ ਅਨੁਸਾਰ ਇਸ ਨੂੰ ਅਕਾਲ ਮੂਰਤਿ ਕਹਾਂਗੇ। ਅਕਾਲ ਮੂਰਤਿ ਭਾਵ ਅਕਾਲ ਪੁਰਖ ਦੁਸ਼ਟਾਂ ਤੋਂ ਬਚਾ ਕੇ, ਤਾਰਨਹਾਰ ਹੈ। ਕੀ ਸੁਆਮੀ ਰਾਮਾਨੰਦ ਅਕਾਲ ਪੁਰਖ ਹੈ? ਨਹੀਂ। ਇਸ ਦਾ ਅਰਥ ਹੈ ਕਿ ਉਪਰੋਕਤ ਅਰਦਾਸ ਪ੍ਰਭ ਨੂੰ ਕੀਤੀ ਗਈ ਹੈ ਕਿਸੇ ਦੇਹਧਾਰੀ ਨੂੰ ਨਹੀਂ। ਇਨ੍ਹਾਂ ਅਰਥਾਂ ਨੂੰ ਹੋਰ ਸਪੱਸ਼ਟਤਾ ਉਦੋਂ ਮਿਲਦੀ ਹੈ ਜਦੋਂ ਅਸੀਂ "ਅਵਰ" ਲਫ਼ਜ਼ ਨੂੰ ਉਪਰੋਕਤ ਅਰਥਾਂ ਨਾਲ ਮਿਲਾਉਂਦੇ ਹਾਂ ਅਤੇ ਕੱਢੇ ਗਏ ਲਫ਼ਜ਼ "ਨਹੀਂ" ਨੂੰ ਨਾਲ ਜੋੜਦੇ ਹਾਂ। ਫਿਰ ਅਰਥ ਬਣਦਾ ਹੈ–ਹੇ ਅਕਾਲ ਪੁਰਖ! ਦਾਸ ਰਵਿਦਾਸ ਤੇਰੇ ਤੋਂ ਬਿਨਾਂ ਕਿਸੇ ਹੋਰ ਦਾ ਸਹਾਰਾ ਨਹੀਂ ਤੱਕਦਾ।' ਸੋ ਆਪਣੇ ਮੰਤਵ ਮੁਤਾਬਿਕ ਢਾਲਣ ਲਈ ਡਾ. ਸਿੰਗਲ ਨੇ ਬਾਹਰਲੀ ਬਾਣੀ ਦੇ ਸ਼ਬਦ ਵਿੱਚ ਬੁਰੀ ਤਰ੍ਹਾਂ ਭੰਨ ਤੋੜ ਕੀਤੀ ਹੈ।

ਸੋ ਡਾ. ਸਿੰਗਲ ਨੇ ਡਾ. ਸ਼ਰਮਾ ਨਾਲ ਮਿਲਕੇ ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚ



ਮਿਲਾਵਟ ਕਰਕੇ ਉਨ੍ਹਾਂ ਦਾ ਧਾਰਮਿਕ ਦਰਸ਼ਨ ਵੀ ਬਦਲ ਦਿੱਤਾ ਹੈ। ਇਸ ਤਰ੍ਹਾਂ ਜੋ ਪਰੰਪਰਾ ਵੈਸ਼ਨਵ ਅਨੰਤਦਾਸ, ਆਦਿ ਨੇ ਗੁਰੂ ਰਵਿਦਾਸ ਜੀ ਨੂੰ ਸੁਆਮੀ ਰਾਮਾਨੰਦ ਦਾ ਸ਼ਿਸ਼ ਬਣਾਉਣ ਲਈ ਚਾਲੂ ਰਖੀ ਸੀ। ਉਸ ਮਰ ਰਹੀ ਪਰੰਪਰਾ ਨੂੰ ਨਵੇਂ ਢੰਗ ਅਤੇ ਨਵੀਂ ਸਮੱਗਰੀ ਨਾਲ ਭਰਪੂਰ ਕਰਕੇ ਅੱਗੇ ਤੋਰਿਆ ਹੈ। ਪਰ ਹੁਣ ਇਸ ਪਰੰਪਰਾ ਦੀ ਰੀੜ੍ਹ ਦੀ ਹੱਡੀ ਟੁੱਟ ਚੁੱਕੀ ਹੈ, ਹੁਣ ਕੋਈ ਵੀ ਕਰਾਮਾਤ ਇਸ ਨੂੰ ਜ਼ਿੰਦਾ ਨਹੀਂ ਕਰ ਸਕਦੀ।

(IV) ਹੁਣ 1994 ਵਿੱਚ ਡਾ. ਧਰਮਪਾਲ ਸਿੰਗਲ ਨੇ ਪੁਸਤਕ "ਗੁਰੂ ਰਵਿਦਾਸ: ਜੀਵਨ ਤੇ ਵਿਚਾਰਧਾਰਾ" ਸੰਪਾਦਤ ਕੀਤੀ ਹੈ। ਡਾ. ਸਿੰਗਲ ਨੇ ਇਸ ਪੁਸਤਕ ਵਿੱਚ "ਵਿਚਾਰਨ ਯੋਗ ਕੁਝ ਬਿੰਦੂ" ਦੇ ਸਿਰਲੇਖ ਹੇਠ ਕੁਝ ਨੁਕਤੇ ਦਿੱਤੇ ਹਨ। ਇਨ੍ਹਾਂ ਵਿੱਚੋਂ ਸਾਡੇ ਨਾਲ (ਅ) ਅਤੇ ਕਿਸੇ ਹੱਦ ਤੱਕ (ਹ) ਸਬੰਧਤ ਹਨ। 'ਹ' ਦਾ ਸਬੰਧ ਵਿਚਾਰਧਾਰਾ ਨਾਲ ਹੋਣ ਕਰਕੇ ਇਹ ਗੁਰੂ ਰਵਿਦਾਸ ਦਰਪਣ" ਨਾਲ ਵੀ ਸਬੰਧਤ ਹੈ।

ਉਪਰੋਕਤ ਸਾਰੀ ਚਰਚਾ (ਅ) ਨਾਲ ਹੀ ਸਬੰਧਤ ਹੈ। ਡਾ. ਸਿੰਗਲ ਨੇ ਡਾ. ਸ਼ਰਮਾ ਨਾਲ ਮਿਲਕੇ, ਆਪੇ ਹੀ ਮਿਲਾਵਟ ਕਰਕੇ ਮਸਲਾ ਖੜ੍ਹਾ ਕਰ ਦਿੱਤਾ ਅਤੇ ਆਪੇ ਹੀ ਵਿਦਵਾਨਾਂ ਨੂੰ ਇਸ ਨੂੰ ਵਿਚਾਰਨ ਲਈ ਕਹਿ ਰਹੇ ਹਨ। ਰੱਬ ਹੀ ਰਾਖਾ ਹੈ।

(ਅ) ਬਿੰਦੂ ਦਾ ਹੱਲ ਤਾਂ ਡਾ. ਹਰਨੇਕ ਸਿੰਘ ਕਲੇਰ ਨੇ 1989 ਦੇ ਆਪਣੇ ਥੀਸਸ ਵਿੱਚ ਕਰ ਦਿੱਤਾ ਸੀ ਅਤੇ ਉਸ ਦੇ ਨਿਗਰਾਨ ਸਨ ਡਾ. ਸਿੰਗਲ ਆਪ। ਮਨਘੜਤ ਕਹਾਣੀਆਂ ਪ੍ਰਭਾਵਹੀਣ ਹੋ ਗਈਆਂ ਹਨ। ਡਾ. ਸਾਹਿਬ ਸਿੰਘ ਨੇ ਇਸ ਸਮੱਸਿਆ ਦਾ ਹੱਲ ਆਪਣੀ ਪੁਸਤਕ "ਭਗਤ ਬਾਣੀ ਸਟੀਕ" ਹਿੱਸਾ ਦੂਜਾ, ਬਾਣੀ ਭਗਤ ਰਵਿਦਾਸ ਜੀ ਕੀ ਵਿੱਚ ਕਰ ਦਿੱਤਾ ਹੈ।

ਹੁਣ ਸਮੱਸਿਆ ਹੈ ਹੀ ਨਹੀਂ। ਪਰ ਡਾ. ਸਿੰਗਲ ਦੀ ਨਿਗਰਾਨੀ ਹੇਠ ਇਹ ਮਸਲਾ ਹੱਲ ਹੋ ਚੁੱਕਿਆ ਹੈ। ਇਸ ਲਈ ਮਸਲੇ ਤੇ ਵਿਚਾਰ ਕਰਨ ਦੀ ਲੋੜ ਹੀ ਨਹੀਂ ਹੈ।

ਹੁਣ (ਹ) ਬਿੰਦੂ ਤੇ ਵਿਚਾਰ ਕਰਦੇ ਹਾਂ। ਇਸ ਬਿੰਦੂ ਅਨੁਸਾਰ ਡਾ. ਸ਼ਰਮਾ ਅਤੇ ਡਾ. ਸਿੰਗਲ ਗੁਰੂ ਰਵਿਦਾਸ ਦੀ ਬਾਣੀ ਨੂੰ ਵੇਦਾਂ ਪੁਰਾਣਾਂ ਦੇ ਅਨੁਕੂਲ ਸਿੱਧ ਕਰਦੇ ਹਨ। ਇਸ ਸਮੱਸਿਆ ਨੂੰ ਵੀ ਉਪਰੋਕਤ ਦੋਹਾਂ ਵਿਦਵਾਨਾਂ ਨੇ ਹੀ ਜਨਮ ਦਿੱਤਾ ਹੈ। ਦੋਹਾਂ ਦੀਆਂ ਉਪਰੋਕਤ ਵਿਚਾਰੀਆਂ ਗਈਆਂ ਪੁਸਤਕਾਂ ਵਿੱਚ ਹੇਠ ਲਿਖੇ ਸ਼ਬਦ ਦਾ ਜ਼ਿਕਰ ਆਇਆ ਹੈ–

**ਚਾਰਿਓ ਬੇਦ ਕੀਆ ਸੰਜੌਤਿ ਜਨ ਰਵਿਦਾਸ ਕਰੇ ਦੰਡੌਤਿ॥**

ਪਰ ਏਹੋ ਸ਼ਬਦ ਭਾਸ਼ਾ ਵਿਭਾਗ, ਪਟਿਆਲਾ ਦੀ ਪੁਸਤਕ "ਬਾਣੀ ਗੁਰੂ ਰਵਿਦਾਸ" 1984 ਦੇ ਸਫਾ ਨੰ: 61 ਦੇ ਸ਼ਬਦ ਨੰ: 14 ਵਿੱਚ ਦਰਜ ਹੈ ਅਤੇ ਇਹੋ ਸ਼ਬਦ ਡਾ. ਜਸਬੀਰ ਸਿੰਘ ਸਾਬਰ ਦੀ ਪੁਸਤਕ "ਭਗਤ ਰਵਿਦਾਸ ਸ੍ਰੋਤ ਪੁਸਤਕ"– ਅੰਤਰ ਨਹੀਂ ਹੈ:

**ਚਯਾਰਿ ਬੇਦ ਕੀਆ ਖੰਡੌਤਿ॥**
**ਜਨ ਰਵਿਦਾਸ ਕਰੇ ਡੰਡੌਤਿ॥**

ਡਾ. ਸਾਬਰ ਨੇ ਇੱਕ ਬਹੁਤ ਹੀ ਅਮੁਲੀ ਵਿਗਿਆਨਕ ਧਾਰਨਾ ਸ਼ਬਦਾਂ ਦੇ ਮਿਲਾਣ ਲਈ ਅਪਣਾਈ ਹੈ। ਉਨ੍ਹਾਂ ਨੇ ਜਿਹੜੇ ਵੀ ਖਰੜੇ ਸਾਰੇ ਭਾਰਤ ਵਿੱਚੋਂ ਲਭੇ ਉਨ੍ਹਾਂ ਦਾ ਆਪਸ ਵਿੱਚ ਮਿਲਾਣ ਕਰਕੇ ਪ੍ਰਮਾਣਿਕਤਾ ਸਿੱਧ ਕੀਤਾ ਹੈ। ਜਿਥੇ ਕਿਤੇ ਵੀ ਖਰੜਿਆਂ ਵਿੱਚ ਪਾਠ-ਭੇਦ ਆਇਆ ਹੈ। ਉਹ ਉਨ੍ਹਾਂ ਨੇ ਖਰੜਾ ਨੰ: ਦੇ ਕੇ, ਪਾਠ ਭੇਦ ਦੇ ਅੰਤਰ ਨੂੰ ਫੁਟ ਨੋਟ ਵਿੱਚ ਅੰਕਿਤ ਕੀਤਾ ਹੈ। ਪਰ 343 ਸਫੇ ਤੇ ਆਏ ਉਪਰੋਕਤ ਬੰਦ ਵਿੱਚ ਕੋਈ ਪਾਠ ਭੇਦ ਨਹੀਂ ਹੈ। ਡਾ. ਸਿੰਗਲ ਨੇ ਇਹ ਸ਼ਬਦ ਡਾ. ਸ਼ਰਮਾ ਦੀ ਪੁਸਤਕ ਵਿੱਚੋਂ ਲਿਆ ਹੈ। ਦੋਹਾਂ ਦੀ ਮਿਲੀ ਭੁਗਤ ਨਾਲ ਇਸ ਸ਼ਬਦ ਵਿੱਚ ਮਿਲਾਵਟ ਕੀਤੀ ਗਈ ਹੈ।

ਇਸ ਮਿਲਾਵਟ ਨੂੰ ਸਹੀ ਸਿੱਧ ਕਰਨ ਲਈ ਡਾ. ਸਿੰਗਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੇ ਅਰਥ ਵੀ ਬਦਲ ਦਿੱਤੇ ਹਨ। ਉਹ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਵੇਦਾਂ ਪੁਰਾਣਾਂ ਦੀ ਵਿਚਾਰਧਾਰਾ ਦੇ ਅਨੁਕੂਲ ਸਿੱਧ ਕਰਦੇ ਹਨ।

"**ਸਤਜੁਗਿ ਸਤੁ ਤੇਤਾ ਜਗੀ....**" ਵਾਲੇ ਸ਼ਬਦ ਦੇ ਬੰਦ ਨੰ: 3 ਦੇ ਅਰਥ ਵਾਚੋ:

**ਕਰਮ ਅਕਰਮ ਬੀਚਾਰੀਐ**
**ਸੰਕਾ ਸੁਨਿ ਬੇਦ ਪੁਰਾਨ॥**
**ਸੰਸਾ ਸਦ ਹਿਰਦੈ ਬਸੈ**
**ਕਉਨੁ ਹਿਰੈ ਅਭਿਮਾਨੁ॥੩॥**[1] (**ਸ੍ਰੀ ਗੁਰੂ ਗ੍ਰੰਥ ਸਾਹਿਬ**, **ਪੰਨਾ** 346)

ਉਪਰੋਕਤ ਬੰਦ ਦੇ ਅਸੀਂ ਆਪ ਅਰਥ ਨਹੀਂ ਕਰ ਰਹੇ। ਸਗੋਂ ਤਿੰਨ ਪ੍ਰਸਿੱਧ ਵਿਦਵਾਨਾਂ ਦਾ ਟੀਕਾ ਦਿੰਦਾ ਹਾਂ ਤਾਂ ਕਿ ਪਾਠਕ ਸੱਜਣ ਆਪ ਹੀ ਡਾ. ਸਿੰਗਲ ਦੇ ਦਿੱਤੇ ਅਰਥਾਂ ਦਾ ਨਿਰਣਾ ਕਰ ਲੈਣ।

ਡਾ. ਸੁਦਰਸ਼ਨ ਸਿੰਘ ਮਜੀਠੀਆ ਦੇ ਲੇਖ "ਗੁਰਮਤਿ ਜੀਵਨ- ਦਰਸ਼ਨ ਅਤੇ ਗੁਰੂ ਰਵਿਦਾਸ", ਜਿਹੜਾ "ਗੁਰੂ ਰਵਿਦਾਸ ਜੀਵਨ ਤੇ ਵਿਚਾਰ" ਪੁਸਤਕ ਦੇ ਪੰਨਾ: 63 ਤੇ ਦਰਜ ਹੈ, ਦੇ ਅਰਥ ਵੇਖੋ। ਇਸ ਪੁਸਤਕ ਦੇ ਸੰਪਾਦਕ ਡਾ. ਸਿੰਗਲ ਹਨ:

"... ਵੇਦ ਅਤੇ ਪੁਰਾਣਾਂ ਦੇ ਸੁਣਨ ਨਾਲ ਵੀ ਸ਼ੰਕਾਵਾਂ ਪੈਦਾ ਹੁੰਦੀਆਂ ਹਨ। ਸੰਸੇ ਤੇ ਅਭਿਮਾਨ ਦੂਰ ਕਰਨ ਦਾ ਉਪਾਇ ਕੋਈ ਨਹੀਂ ਦਸਦਾ।"

ਡਾ. ਜੋਧ ਸਿੰਘ ਰਚਿਤ ਪੁਸਤਕ "ਭਗਤ ਰਵਿਦਾਸ ਜੀਵਨ ਤੇ ਰਚਨਾ ਦਾ ਪੰਨਾ ਨੰ: 20 ਦੇ ਅਰਥ ਵੇਖੋ:

"3-ਬੇਦ ਤੇ ਪੁਰਾਣ ਜਿਨ੍ਹਾਂ ਵਿੱਚ ਚੰਗੇ ਕਰਮਾਂ ਤੇ ਮੰਦੇ ਕਰਮਾਂ ਦਾ ਨਿਰਣਾ ਹੈ, ਸੁਣ ਕੇ ਇਹ ਸ਼ੰਕਾ (ਉਪਜਦੀ ਹੈ) ਜੋ ਸੰਸਾ ਤੇ ਅਹੰਕਾਰ ਜੋ ਸਦਾ ਦਿਲ ਵਿੱਚ ਵਸਦੇ ਹਨ, ਉਨ੍ਹਾਂ ਨੂੰ ਕਉਣ ਦੂਰ ਕਰੇਗਾ।"

ਡਾ. ਸਾਹਿਬ ਸਿੰਘ ਡੀ. ਲਿਟ: ਕਰਤਾ "ਭਗਤ ਬਾਣੀ ਸਟੀਕ ਹਿੱਸਾ ਦੂਜਾ (ਬਾਣੀ ਭਗਤ ਰਵਿਦਾਸ ਜੀ) ਪੰਨਾ : 75:-

(1) ਆਦਿ ਗ੍ਰੰਥ—346



"ਵੇਦਾਂ ਤੇ ਪੁਰਾਣਾਂ ਨੂੰ ਸੁਣ ਕੇ (ਸਗੋਂ ਹੋਰ ਹੋਰ) ਸ਼ੰਕਾ ਵਧਦਾ ਹੈ। ਇਹੀ ਵਿਚਾਰ ਕਰੀਂਦੀ ਹੈ ਕਿ ਕਿਹੜਾ ਸ਼ਾਸਤਰਾਂ ਦੇ ਅਨੁਸਾਰ ਹੈ, ਤੇ ਕਿਹੜਾ ਕਰਮ ਸ਼ਾਸਤਰਾਂ ਨੇ ਵਰਜਿਆ ਹੈ। (ਵਰਣ-ਆਸ਼ਰਮ ਦੇ ਕਰਮ-ਧਰਮ ਕਰਦਿਆਂ ਵੀ ਮਨੁੱਖ ਦੇ) ਹਿਰਦੇ ਵਿੱਚ ਸਹਿਮ ਟਿਕਿਆ ਰਹਿੰਦਾ ਹੈ, (ਫਿਰ) ਉਹ ਕਿਹੜਾ ਕਰਮ-ਧਰਮ (ਤੁਸੀਂ ਦੱਸਦੇ ਹੋ) ਜੋ ਮਨ ਦਾ ਅਹੰਕਾਰ ਦੂਰ ਕਰੇ?3॥

ਹੁਣ ਪੜ੍ਹੋ ਡਾ. ਧਰਮ ਪਾਲ ਸਿੰਗਲ ਦਾ ਟੀਕਾ "ਗੁਰੂ ਰਵਿਦਾਸ ਦਰਪਣ" (ਪੰਜਾਬੀ) ਪੁਸਤਕ ਦਾ ਪੰਨਾ ਨੰ: 177

"... ਮਨੁੱਖ ਨੂੰ ਚੰਗਾ ਮਾੜਾ ਕਰਮ ਪਛਾਣਨਾ ਚਾਹੀਦਾ ਹੈ, ਅਤੇ ਵੇਦਾਂ ਪੁਰਾਣਾਂ ਦੇ ਕੀਮਤੀ ਵਿਚਾਰਾਂ ਨੂੰ ਸੁਣਨਾ ਚਾਹੀਦਾ ਹੈ। ਮਨ ਵਿੱਚ ਕਈ ਪ੍ਰਕਾਰ ਦੇ ਸ਼ੱਕ ਪੈਦਾ ਹੁੰਦੇ ਹਨ। ਹੇ ਲੋਕੋ ! ਤੁਸੀਂ ਆਪਣੇ ਅਭਿਮਾਨ ਨੂੰ ਕਿਉਂ ਨਹੀਂ ਟਟੋਲਦੇ।"

ਉਪਰੋਕਤ ਚਰਚਾ ਤੋਂ ਦ੍ਰਿੜ ਹੁੰਦਾ ਹੈ ਕਿ ਡਾ. ਧਰਮ ਪਾਲ ਸਿੰਗਲ ਨੇ ਆਪਣੇ ਮੰਤਵ ਨੂੰ ਸਹੀ ਸਿੱਧ ਕਰਨ ਲਈ ਕਿਵੇਂ ਗੁਰਬਾਣੀ ਦੇ ਅਰਥਾਂ ਦਾ ਅਨਰਥ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਮੂਲੋਂ ਹੀ ਗਲਤ ਸਾਬਤ ਕਰ ਦਿੱਤਾ ਹੈ।

ਦੂਜੇ, ਆਪਣੇ ਮੰਤਵ ਨੂੰ ਸਿੱਧ ਕਰਨ ਲਈ ਡਾ. ਸਿੰਗਲ ਨੇ ਜਾਣਦੇ ਹੋਏ ਵੀ ਕਿ ਸੁਆਮੀ ਰਾਮਾਨੰਦ ਗੁਰੂ ਰਵਿਦਾਸ ਦਾ ਗੁਰੂ ਸਿੱਧ ਕਰਨ ਵਾਲੇ ਚਾਰ ਸ਼ਬਦ ਅਤੇ ਇਕ ਸਾਖੀ ਪ੍ਰਮਾਣਿਕ ਸਿੱਧ ਨਹੀਂ ਹੋ ਸਕੇ। ਇਸ ਤਰ੍ਹਾਂ ਇਹ ਗੁਰੂ ਰਵਿਦਾਸ ਦੀ ਰਚਨਾ ਸਿੱਧ ਨਹੀਂ ਹੋ ਸਕੀ। ਫਿਰ ਵੀ ਡਾ. ਸਿੰਗਲ ਨੇ ਇਨ੍ਹਾਂ ਸ਼ਬਦਾਂ ਨੂੰ ਆਪਣੀ ਪੁਸਤਕ "ਗੁਰੂ ਰਵਿਦਾਸ ਦਰਪਣ"-1994 ਵਿੱਚ ਦਰਜ ਕਰ ਦਿੱਤਾ ਹੈ। ਅਜਿਹਾ ਕਿਉਂ? ਕੀ ਉਹ ਸਮਝਦੇ ਹਨ ਕਿ ਡਾ. ਹਰਨੇਕ ਕਲੇਰ ਨੇ ਉਪਰੋਕਤ ਸ਼ਬਦਾਂ ਦਾ ਖੰਡਨ ਕਰ ਕੇ ਨਿਆਂ ਨਹੀਂ ਕੀਤਾ? ਜਦਕਿ ਇਹ ਖੰਡਨ ਡਾ. ਸਿੰਗਲ ਦੀ ਸਹਿਮਤੀ ਨਾਲ ਕੀਤਾ ਗਿਆ। ਜੇ ਉਹ ਇਨ੍ਹਾਂ ਸ਼ਬਦਾਂ ਦਾ ਖੰਡਨ ਕਰਨਾ ਮੁਨਾਸਬ ਨਹੀਂ ਸਨ ਸਮਝਦੇ ਤਾਂ ਉਹ ਡਾ. ਕਲੇਰ ਨੂੰ ਨਿਗਰਾਨ ਦੇ ਤੌਰ 'ਤੇ ਮਨ੍ਹਾ ਕਰ ਸਕਦੇ ਸਨ। ਜੇ ਡਾ. ਸਿੰਗਲ ਉਸ ਵੇਲੇ ਕੀਤਾ ਖੰਡਨ ਮੁਨਾਸਬ ਸਮਝਦੇ ਸਨ ਪਰ ਹੁਣ ਅਨਿਆਂ ਲਗਦਾ ਹੈ ਤਾਂ ਉਹ ਦਲੀਲਾਂ ਦੇ ਕੇ ਆਪਣੀ ਇਸ ਪੁਸਤਕ ਵਿੱਚ ਆਪਣੀ ਗਲਤੀ ਸੁਧਾਰ ਸਕਦੇ ਸਨ। ਡਾ. ਸਿੰਗਲ ਨੇ ਅਜਿਹਾ ਕੀਤੇ ਬਿਨਾਂ ਹੀ ਸਾਰੇ ਦੇ ਸਾਰੇ ਖੰਡਨ ਕੀਤੇ ਸ਼ਬਦ ਆਪਣੀ ਪੁਸਤਕ ਵਿੱਚ ਦਰਜ ਕਰ ਦਿੱਤੇ ਹਨ। ਇਸ ਦਾ ਅਰਥ ਕੀ ਸਮਝਿਆ ਜਾਵੇ?

ਸਾਡੀ ਸਮਝ ਅਨੁਸਾਰ ਤਾਂ ਇਹ ਇਕ ਖਤਨਰਾਕ ਸਾਜਸ਼ ਅਧੀਨ ਕੀਤਾ ਗਿਆ ਹੈ ਅਤੇ ਗੁਰੂ ਰਵਿਦਾਸ ਜੀ ਦੀ ਬਾਣੀ ਨਾਲ ਖਿਲਵਾੜ ਕਰਨਾ ਬੰਦ ਨਹੀਂ ਕੀਤਾ ਗਿਆ। ਸਿੱਟੇ ਵਜੋਂ ਗੁਰੂ ਰਵਿਦਾਸ ਜੀ ਦਾ ਜੀਵਨ-ਦਰਸ਼ਨ ਹਿੰਦੂ-ਮਤ ਅਨੁਸਾਰ ਰਾਮਾ ਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਬਣਾ ਕੇ ਆਪਣਾ ਮੰਤਵ ਪੂਰਾ ਕੀਤਾ ਗਿਆ ਹੈ।

'ਗੁਰੂ' ਸਿੱਧ ਕਰਨ ਲਈ ਗੁਰੂ ਰਵਿਦਾਸ ਦੇ ਇਸ਼ਟ ਅਤੇ ਵਿਚਾਰਧਾਰਾ ਨੂੰ ਵੀ ਬਦਲਣਾ

ਜ਼ਰੂਰੀ ਸੀ। ਇਸ਼ਟ ਦੇ ਸਬੰਧ ਵਿੱਚ ਪਹਿਲਾਂ ਡਾ. ਬੀ.ਪੀ. ਸ਼ਰਮਾ ਦਾ "18 ਫਰਵਰੀ 1992 ਸੰਤ ਰਵਿਦਾਸ ਜਿਯੰਤੀ ਕੇ ਉਪਲਕਸ਼ ਮੇਂ ਗੁਰੂ ਗ੍ਰੰਥ ਸਾਹਿਬ ਜੀ ਮੇਂ ਸੰਕਲਿਤ ਸੰਤ ਰਵਿਦਾਸ ਬਾਨੀ" ਦੇ ਲੇਖ ਵਿੱਚ ਉਨ੍ਹਾਂ ਦਾ ਕਥਨ ਪੜ੍ਹੋ:-

"... ਇਨ ਕੇ ਪਿਤਾ ਕਾ ਨਾਮ ਰਾਘਵ ਦਾਸ ਥਾ ਔਰ ਸੰਤ ਜੀ ਨੇ ਇਸ ਲੀਏ ਘੋਸ਼ਣਾ ਕੀ ਥੀ:-

ਜਾਤਿ ਓਛੀ, ਪਾਤਿ ਓਛੀ ਓਛਾ ਕਸਬ ਹਮਾਰਾ॥
ਰਾਜਾ ਰਾਮ ਕੀ ਸੇਵਾ ਕੀਨੋ ਕਹਿ ਰਵਿਦਾਸ ਚਮਾਰਾ॥ (ਆਦਿ ਗ੍ਰੰਥ)

ਪ੍ਰੰਤੂ ਦਸਰਥਿ ਰਾਜਾ ਰਾਮ ਕੀ ਸੰਗਤ ਸੇ ਉਸ ਕੀ ਭਗਤੀ ਕੀ ਸੁਗੰਧੀ ਨੇ ਹਮ ਨਿਕੰਮੇ ਇਰਿੰਡ ਕੇ ਰੁਖੜੇ ਸੇ ਸੁਗੰਧਤ ਚੰਦਨ ਕਾ ਵ੍ਰਿਕਸ਼ ਬਨ ਗਏ ਹੈਂ:-

ਤੁਮ ਚੰਦਨ ਹਮ ਇਰਿੰਡ ਬਾਪਰੇ ਸੰਗਿ ਤੁਮਾਰੇ ਬਾਸਾ॥
ਨੀਚ ਰੁਖ ਸੇ ਊਚ ਭਏ ਹਮ, ਤੁਮਰੀ-ਗੰਧ ਸੁਗੰਧ ਨਿਵਾਸਾ॥[1] (ਆਦਿ ਗ੍ਰੰਥ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਲਏ ਉਪਰੋਕਤ ਸ਼ਬਦ ਵਿੱਚ ਪਾਠ ਭੇਦ ਹੈ:-

| ਡਾ. ਸ਼ਰਮਾ | ਗੁਰੂ ਗ੍ਰੰਥ ਸਾਹਿਬ |
|---|---|
| ਓਛੀ | ਓਛਾ |
| ਕਸਬ | ਜਨਮ |
| ਸੇਵਾ ਕੀਨੋ | ਸੇਵ ਨ ਕੀਨੀ |
| ਹਮ | ਹੈਂ |
| ਤੁਮਰੀ | ਸ਼ਬਦ ਹੀ ਨਹੀਂ ਹੈ |

ਉਪਰੋਕਤ ਭਿੰਨਤਾ ਸਪੱਸ਼ਟ ਕਰਦੀ ਹੈ ਕਿ ਡਾ. ਸ਼ਰਮਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦੇ ਲਫ਼ਜ਼ ਹੀ ਬਦਲ ਦਿੱਤੇ ਇਥੋਂ ਤੱਕ ਕਿ ਕੁਝ ਨਵੇਂ ਵੀ ਦਰਜ ਕਰ ਦਿੱਤੇ ਹਨ। ਇਹ ਗੁਰਬਾਣੀ ਨੂੰ ਮਲੀਨ ਕਰਨ ਦੀ ਇੰਤਹਾ ਹੈ। ਦੂਜੇ ਗੁਰਬਾਣੀ ਦੇ ਅਰਥ ਵੀ ਆਪਣੇ ਮੰਤਵ ਦੇ ਅਨੁਕੂਲ ਕਰ ਲਏ ਹਨ। ਇਸ ਤਰ੍ਹਾਂ ਦਸਰਥ ਪੁੱਤਰ ਰਾਮ ਨੂੰ ਗੁਰੂ ਰਵਿਦਾਸ ਜੀ ਦਾ ਇਸ਼ਟ ਬਣਾ ਦਿੱਤਾ ਹੈ। ਸਿੱਟਾ ਸਪੱਸ਼ਟ ਹੈ ਕਿ ਡਾ. ਬੀ.ਪੀ. ਸ਼ਰਮਾ ਨੇ ਗੁਰੂ ਜੀ ਦਾ ਇਸ਼ਟ ਬਦਲਕੇ ਗੁਰੂ ਜੀ ਦੀ ਬਾਣੀ ਨਾਲ ਤਾਂ ਖਿਲਵਾੜ ਕੀਤਾ ਹੈ, ਇਸ ਨਾਲ ਸਮੁੱਚੀ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਵੀ ਖਿਲਵਾੜ ਕੀਤਾ ਗਿਆ ਹੈ।

ਡਾ. ਸ਼ਰਮਾ ਤੋਂ ਪਿੱਛੋਂ ਹੁਣ ਅਸੀਂ ਅਰਥ ਅਤੇ ਡਾ. ਸਾਹਿਬ ਸਿੰਘ ਦੇ ਸਮੇਤ ਨੋਟ ਦੇ ਰਹੇ ਹਾਂ। ਪਾਠਕ ਜਨ ਆਪਣੇ ਆਪ ਹੀ ਡਾ. ਸ਼ਰਮਾ ਦੀ ਘਿਨਾਉਣੀ ਸਾਜ਼ਸ਼ ਨੂੰ ਸਮਝ ਜਾਣਗੇ।

ਅਰਥ :- ਹੇ ਸ੍ਰਿਸ਼ਟੀ ਦੇ ਮਾਲਕ ਪ੍ਰਭੂ ਚਮਾਰ ਰਵਿਦਾਸ ਇਹ ਪ੍ਰਵਾਨ ਕਰਦਾ ਹੈ ਕਿ ਮੈਂ ਤੇਰੀ ਸ਼ਰਨ ਆ ਕੇ ਤੇਰੀ ਭਗਤੀ ਨਹੀਂ ਕੀਤੀ ਤੇਰੀ ਸੇਵਾ ਨਹੀਂ ਕੀਤੀ ਕਿਉਂਕਿ ਮੇਰੇ ਮਨ ਦਾ ਸੁਭਾਅ ਵਿਕਾਰਾਂ ਕਾਰਨ ਪਾਪੀਆਂ ਵਾਲਾ ਬਣ ਗਿਆ ਹੈ। ਇਨ੍ਹਾਂ ਵਿਕਾਰਾਂ ਦਾ ਸਰੋਤ

(1) ਪੰਨਾ—24



ਮਾਇਆ ਹੈ। (ਪੰਜੇ ਵਿਕਾਰ ਮਾਇਆ ਦੇ ਦੂਤ ਹਨ)। ਇਸ ਕਰਕੇ ਮੇਰਾ ਸਮੁੱਚਾ ਜੀਵਨ ਪਾਪਾਂ ਨਾਲ ਭਰ ਗਿਆ ਹੈ। (ਹੇ ਮੇਰੇ ਮਾਲਕ ਪ੍ਰਭ ਮੇਰੇ ਤੇ ਮਿਹਰ ਕਰ ਅਤੇ ਮੈਨੂੰ ਆਪਣੀ ਸਤਿ ਸੰਗਤ ਦੀ ਦਾਤ ਬਖਸ਼ ਕੇ ਸੇਵਾ ਕਰਨ ਦਾ ਬਲ ਬਖਸ਼ਿਸ਼ ਕਰੋ।)

**ਨੋਟ**:- ਇਸ ਸ਼ਬਦ ਵਿੱਚ ਵਰਤੇ ਲਫ਼ਜ਼ "ਰਾਜਾ ਰਾਮ" ਤੋਂ ਇਹ ਅੰਦਾਜ਼ਾ ਲਾਣਾ ਗਲਤ ਹੈ ਕਿ ਰਵਿਦਾਸ ਜੀ, ਸ੍ਰੀ ਰਾਮ ਅਵਤਾਰ ਦੇ ਪੁਜਾਰੀ ਸਨ। ਜਿਸ ਸਰਬ-ਵਿਆਪਕ ਮਾਲਕ ਨੂੰ ਉਹ ਅਖੀਰਲੀ ਤੁਕ ਵਿੱਚ "ਰਾਜਾ ਰਾਮ" ਆਖਦੇ ਹਨ, ਉਸੇ ਨੂੰ "ਰਹਾਉ" ਦੀ ਤੁਕ ਵਿੱਚ "ਮਾਧਓ" ਆਖਦੇ ਹਨ। ਜੇ ਅਵਤਾਰ ਪੂਜਾ ਦੀ ਤੰਗ ਦਿਲੀ ਵਲ ਜਾਈਏ ਤਾਂ ਲਫ਼ਜ਼ "ਮਾਧਓ" ਕ੍ਰਿਸ਼ਨ ਜੀ ਦਾ ਨਾਮ ਹੈ। ਸ਼੍ਰੀ ਰਾਮ ਚੰਦਰ ਜੀ ਦਾ ਪੁਜਾਰੀ ਆਪਣੇ ਪੂਜਯ-ਅਵਤਾਰ ਨੂੰ ਸ਼੍ਰੀ ਕ੍ਰਿਸਨ ਦੇ ਨਾਮ ਨਾਲ ਨਹੀਂ ਬੁਲਾ ਸਕਦਾ। ਰਵਿਦਾਸ ਜੀ ਦੀਆਂ ਨਜ਼ਰਾਂ ਵਿੱਚ "ਰਾਮ" ਤੇ "ਮਾਧਓ" ਉਸ ਪ੍ਰਭੂ ਦੇ ਹੀ ਨਾਮ ਹਨ ਜੋ ਮਾਇਆ ਵਿੱਚ ਵਿਆਪਕ (ਰਾਮ) ਹੈ ਤੇ ਮਾਇਆ ਦਾ ਖਸਮ ("ਮਾਧਓ")।[1]

ਕਿਉਂਕਿ ਡਾ. ਧਰਮ ਪਾਲ ਸਿੰਗਲ ਨੇ ਉਹੋ ਕੁਝ ਕਰਨਾ ਹੈ ਜਿਹੜਾ ਡਾ. ਬੀ.ਪੀ. ਸ਼ਰਮਾ ਕਰਦੇ ਹਨ। ਅਜਿਹਾ ਨਾ ਕਰਨ ਨਾਲ ਸਾਜ਼ਸ਼ ਵਾਲਾ ਇਕਰਾਰ ਟੁੱਟਦਾ ਹੈ। ਹੁਣ ਪੜ੍ਹੋ ਡਾ. ਸਿੰਗਲ ਦਾ ਟੀਕਾ "ਗੁਰੂ ਰਵਿਦਾਸ ਦਰਪਣ" ਪੰਨਾ -33 ਤੇ। ਇਹ ਪੰਨਾ -33 ਵਾਲਾ ਸ਼ਬਦ ਨਾ ਤਾਂ ਡਾ. ਸਾਬਰ ਦੀ ਪੁਸਤਕ 'ਭਗਤ ਰਵਿਦਾਸ ਸ੍ਰੋਤ ਪੁਸਤਕ' ਵਿੱਚ ਹੈ ਅਤੇ ਨਾਹੀ ਭਾਸ਼ਾ ਵਿਭਾਗ ਪਟਿਆਲਾ ਦੀ ਪੁਸਤਕ "ਬਾਣੀ ਗੁਰੂ ਰਵਿਦਾਸ" ਵਿੱਚ ਹੈ। ਇਹ ਸ਼ਬਦ ਕੇਵਲ ਗੁਰੂ ਜੀ ਦੇ ਇਸ਼ਟ ਪ੍ਰਭ-ਪਾਰਬ੍ਰਹਮ ਦੀ ਥਾਂ ਸ਼੍ਰੀ ਰਾਮ ਚੰਦਰ ਦੱਸਣ ਲਈ ਦਰਜ ਕੀਤਾ ਗਿਆ ਹੈ।

**ਆਰਤੀ ਰਾਮ ਜੀ ਕੀ ਕੀਜੈ**
**ਆਜ ਚਰਨ ਕਮਲ ਮੁਖ ਨਿਰਖਤ ਲੀਜੈ।ਟੇਕ॥**[2]

ਇਸ ਦੇ ਅਰਥ ਡਾ. ਸਿੰਗਲ ਹੇਠ ਲਿਖੇ ਅਨੁਸਾਰ ਕਰਦੇ ਹਨ ਜਿਹੜੇ ਸਾਡੀ ਜਾਂਚੇ ਗਲਤ ਹਨ। ਉਪਰੋਕਤ ਤੁੱਕ ਦੇ ਅਰਥ ਦਸਰਥ ਪੁੱਤਰ ਰਾਮ ਵਾਲੇ ਨਹੀਂ ਬਣਦੇ। ਡਾ. ਸਿੰਗਲ ਲਿਖਦੇ ਹਨ:-

"ਆਉ! ਅੱਜ ਸ਼੍ਰੀ ਰਾਮ ਚੰਦਰ ਜੀ ਦੀ ਆਰਤੀ ਕਰੀਏ ਅਤੇ ਉਨ੍ਹਾਂ ਦੇ ਚਰਨ-ਕਮਲਾਂ ਅਤੇ ਮੁੱਖ ਨੂੰ ਵੇਖ ਲਈਏ॥ ਟੇਕ॥"[3]

ਜੇ ਹੇਠ ਲਿਖੇ ਦੋ ਨੁਕਤਿਆਂ ਨੂੰ ਵਿਚਾਰਿਆ ਜਾਵੇ ਤਾਂ ਡਾ. ਸਿੰਗਲ ਦੇ ਇਹ ਅਰਥ ਹੋਰ ਵੀ ਖਤਰਨਾਕ ਸਿੱਧ ਹੁੰਦੇ ਹਨ।

(1) ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਨਾਲ ਬਾਹਰਲੀ ਬਾਣੀ ਨੂੰ ਰਲਗੱਡ ਕਰ ਦਿੱਤਾ ਹੈ। 'ਧੁਰ ਕੀ ਬਾਣੀ' ਅਤੇ 'ਕੱਚੀ ਬਾਣੀ' ਨੂੰ ਇਕੋ ਹੀ ਪੱਧਰ ਤੇ ਰੱਖਕੇ "ਧੁਰ ਕੀ

(1) ਭਗਤ ਬਾਣੀ ਸਟੀਕ (ਹਿੱਸਾ ਦੂਜਾ)—83-84
(2) ਗੁਰੂ ਰਵਿਦਾਸ ਦਰਪਣ—32 (3) ਓਹੀ—33

ਬਾਣੀ" ਦੀ ਪਵਿੱਤਰਤਾ ਨੂੰ ਭੰਗ ਕੀਤਾ ਹੈ।

(2) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਮਿਲਣ ਕੀਤੇ ਬਿਨਾਂ ਹੀ ਬਾਹਰਲੀ ਬਾਣੀ ਨੂੰ ਪ੍ਰਮਾਣਿਤ ਸਿੱਧ ਕਰ ਦਿੱਤਾ ਹੈ।

ਸੋ ਇਸ ਰਲਗੱਡ ਕਾਰਣ ਡਾ. ਸਿੰਗਲ ਨੇ ਗੁਰੂ ਰਵਿਦਾਸ ਜੀ ਦਾ ਨਵਾਂ ਇਸ਼ਟ ਪੈਦਾ ਕਰਕੇ, ਗੁਰੂ ਜੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਹੀ ਬਦਲ ਕੇ ਰੱਖ ਦਿੱਤਾ ਹੈ। ਇਸ ਤਰ੍ਹਾਂ ਉਪਰੋਕਤ ਚਰਚਾ ਤੋਂ ਸਿੱਧ ਹੋ ਜਾਂਦਾ ਹੈ ਕਿ ਡਾ. ਸਿੰਗਲ ਦੀ ਸਾਜਿਸ਼ ਬੇਨਿਕਾਬ ਹੋ ਗਈ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਬਾਣੀ ਤੋਂ ਸਪੱਸ਼ਟ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਇਸ਼ਟ ਕੋਈ ਅਵਤਾਰ ਨਹੀਂ ਹੈ ਅਤੇ ਨਾਹੀ ਉਨ੍ਹਾਂ ਦੀ ਰਚਨਾ ਵੇਦਾਂ ਦੇ ਅਨੁਕੂਲ ਹੈ। ਸੁਆਮੀ ਰਾਮਾਨੰਦ ਵੀ ਗੁਰੂ ਰਵਿਦਾਸ ਜੀ ਦੇ ਗੁਰੂ ਸਿੱਧ ਨਹੀਂ ਹੁੰਦੇ।

ਹੁਣ ਅਧਿਐਨ ਕਰਦੇ ਹਾਂ ਕਿ ਕੀ ਗੁਰੂ ਕਬੀਰ, ਗੁਰੂ ਰਵਿਦਾਸ ਜੀ ਦੇ ਗੁਰੂ ਸਨ? ਡਾ. ਧਰਮਪਾਲ ਸਿੰਗਲ ਦੁਆਰਾ ਸੰਪਾਦਿਤ ਅਤੇ ਵੈਸ਼ਣਵ ਅਨੰਤ ਦਾਸ ਦੁਆਰਾ ਰਚਿਤ "ਰੈਦਾਸ ਪਰਚਈ" ਵਿੱਚ ਗੁਰੂ ਬਾਰੇ ਵਿਚਾਰ ਪਿੱਛੇ ਕਰ ਆਏ ਹਾਂ। ਹੁਣ ਅਸੀਂ "ਗੋਸਟਿ ਕਬੀਰ ਅਤੇ ਰਵਿਦਾਸ" ਵਿੱਚ ਆਏ ਗੁਰੂ ਸਬੰਧੀ ਵਿਚਾਰਾਂ ਤੇ ਚਰਚਾ ਕਰਦੇ ਹਾਂ।

ਇਸ ਗੋਸਟਿ ਦੇ ਕਰਤਾ ਬਾਰੇ ਡਾ. ਜਸਬੀਰ ਸਿੰਘ ਸਾਬਰ ਲਿਖਦੇ ਹਨ,

"... ਬਹੁਤੇ ਵਿਦਵਾਨਾਂ ਇਸ ਨੂੰ ਬਾਂਧਵ ਗੜ੍ਹ ਦੇ ਰਾਜਾ, ਸ਼੍ਰੀ ਰਾਮ ਦੇ ਨਾਈ 'ਭਗਤ ਸੈਨ' ਦੀ ਰਚਨਾ ਮੰਨਿਆ ਹੈ। ਸੈਨ ਜੀ ਦੀ ਬਾਣੀ ਦਾ ਇੱਕ ਸ਼ਬਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਵੀ ਸੰਮਲਿਤ ਹੈ। ਪਰ ਡਾ. ਬੀ.ਪੀ. ਸ਼ਰਮਾ ਇਸ ਨੂੰ ਅਨੰਤ ਦਾਸ ਵੈਸ਼ਣਵ ਦੀ ਕ੍ਰਿਤ ਮੰਨਦੇ ਹਨ। ਨਾਗਰੀ ਸਭਾ ਦੀ ਖੋਜ ਰਿਪੋਰਟ ਵਿੱਚ ਇਸ ਨੂੰ ਕਬੀਰ ਪੰਥੀ ਭਗਤ ਸੈਨ ਦੀ ਰਚਨਾ ਮੰਨਿਆ ਗਿਆ ਹੈ।"[1]

ਵੈਸ਼ਣਵ ਅਨੰਤ ਦਾਸ ਦੀ ਰਚਨਾ ਸਿੱਧ ਕਰਨ ਲਈ ਡਾ. ਬੀ.ਪੀ. ਸ਼ਰਮਾ "ਭਗਤ ਰਤਨਾਵਲੀ" ਅਨੰਤਦਾਸ ਤੋਂ ਸੰਕੇਤ ਲੈ ਕੇ ਅਨੁਮਾਨ ਲਾਉਂਦੇ ਹਨ। ਪਰ ਇਹ ਕੋਈ ਠੋਸ ਆਧਾਰ ਨਹੀਂ ਹੈ। ਗੁਰੂ ਸੈਨ ਦਾ ਸਮਾਂ ਚੌਧਵੀਂ ਸਦੀ ਈਸਵੀ ਦਾ ਅੰਤ ਅਤੇ ਪੰਦਰਵੀਂ ਸਦੀ ਦਾ ਅਰੰਭ ਹੈ– ਇਹ ਵਿਚਾਰ ਡਾ. ਜੋਧ ਸਿੰਘ ਦਾ ਹੈ। ਪਰ ਇਹ 'ਗੋਸ਼ਟਿ' ਦੇ ਅੰਦਰਲੀ ਗਵਾਹੀ ਉਪਰੋਕਤ ਦੋਹਾਂ ਨੂੰ ਕਰਤਾ ਨਹੀਂ ਮੰਨਦੀ। ਕਿਉਂਕਿ ਇਸ 'ਗੋਸ਼ਟੀ' ਦੇ ਅੰਤ ਤੇ ਲਿਖਿਆ ਹੋਇਆ ਹੈ "ਬੋਲੋ ਭਾਈ, ਵਾਹਿਗੁਰੂ ਜੀਕੀ ਫਤੇ॥ ਭੁਲ ਚੁਕ ਬਖਸ਼ ਲੈਣੀ॥ ਰਾਮ॥ ਰਾਮ॥ ਸੋ ਇਹ ਲਿਖਤ ਹਰ ਹਾਲਤ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ ਦੀ ਰਚਨਾ ਹੈ। ਸੋ ਇਹ ਰਚਨਾ 18ਵੀਂ ਸਦੀ ਈਸਵੀ ਦੀ ਹੈ।

ਇਹ ਅਠਾਰਵੀਂ ਸਦੀ ਦਾ ਅਗਿਆਤ ਲਿਖਾਰੀ ਬਿਨਾਂ ਕਿਸੇ ਪ੍ਰਮਾਣਿਤ ਸਰੋਤ ਤੋਂ ਗੁਰੂ ਕਬੀਰ ਦੁਆਰਾ ਗੁਰੂ ਰਵਿਦਾਸ ਨੂੰ ਉਪਦੇਸ਼ ਦਿੱਤਾ ਸਿੱਧ ਕਰਦਾ ਹੈ। ਪਰ ਗੁਰੂ ਕਬੀਰ ਦਾ ਇਸ ਲਿਖਤ ਅਨੁਸਾਰ ਉਪਦੇਸ਼ ਦੇਣਾ ਬਣਦਾ ਹੀ ਨਹੀਂ ਹੈ।

(1) ਭਗਤ ਰਵਿਦਾਸ : ਸ੍ਰੋਤ ਪੁਸਤਕ—157



ਬੰਦ ਨੰ : 41 ਤੋਂ 47 ਤੱਕ ਇਸ ਗੋਸ਼ਟਿ ਦਾ ਸਾਰ ਅੰਸ਼ ਇਉਂ ਹੈ:

ਗੁਰੂ ਰਵਿਦਾਸ ਜੀ ਅਤੇ ਗੁਰੂ ਕਬੀਰ ਜੀ ਦਾ ਸੰਵਾਦ ਸਿਖਰ ਤੇ ਪਹੁੰਚਦਾ ਹੈ। ਰਘੁਨਾਥ ਗਰੜ ਤੇ ਸਵਾਰ ਹੋ ਕੇ ਆਉਂਦੇ ਹਨ ਅਤੇ ਪ੍ਰਗਟ ਹੋ ਕੇ ਗੁਰੂ ਰਵਿਦਾਸ ਅਤੇ ਗੁਰੂ ਕਬੀਰ ਦੋਹਾਂ ਨੂੰ ਆਪਣਾ ਭਗਤ ਕਹਿੰਦੇ ਹਨ :

**ਧੰਨੁ ਰਵਦਾਸੁ ਧੰਨੁ ਕਬੀਰ ਜੋ ਗਾਵੇ ਸੋਈ॥**[1]
**ਗਰੜ ਚੜ੍ਹੇ ਰਘੁਨਾਥ ਕਹਤ ਹੈ ਸਾਚੇ ਭਗਤ ਮੇਰੇ ਦੋਈ॥**

ਪਰ ਗੁਰੂ ਕਬੀਰ ਬਾਰੇ ਦੱਸਦੇ ਹਨ ਕਿ ਉਨ੍ਹਾਂ ਨੇ ਨਿਰਗੁਣ ਭਗਤੀ ਨਾਲ ਪਾਰਬ੍ਰਹਮ ਪ੍ਰਾਪਤ ਕਰ ਲਿਆ ਹੈ। ਫਿਰ ਸ਼ੰਕਰ ਅਤੇ ਪਾਰਵਤੀ ਗੁਰ ਕਬੀਰ ਤੋਂ ਮੁਆਫੀ ਮੰਗਦੇ ਹਨ, ਉਸ ਪਿੱਛੋਂ ਗੁਰੂ ਕਬੀਰ ਉਨ੍ਹਾਂ ਤੋਂ ਖਿਮਾ ਮੰਗਦੇ ਕਹਿੰਦੇ ਹਨ,

**ਆਸਾ ਕਰਿ ਕੈ ਤੁਮ ਕਉ ਸਿਮਰਹਿ ਤਿਨੁ ਦੇਵਹੁ ਬਹੁ ਭਰਪੂਰੇ॥**
**ਕਹੈ ਕਬੀਰ ਉਰਮਨੁ ਗੁਸਾਈ ਤੁਮਾਰੀ ਸਤਿ ਕਮਾਈ॥**[2]

ਇਥੇ ਗੁਰੂ ਕਬੀਰ ਸ਼ਿਵ ਸ਼ੰਕਰ ਗੁਸਾਈ ਦੀ ਉਪਮਾ ਕਰਦੇ ਹਨ। ਇਸੇ ਗੁਸਾਈ ਦੀ ਗੁਰੂ ਰਵਿਦਾਸ ਜੀ ਸਰਨ ਜਾਂਦੇ ਹਨ:

**ਸੁਨਹੁ ਗੁਸਈ ਹਮ ਤੋ ਭੂਲੇ**
**ਅਬ ਲੀਨੀ ਸਰਨ ਤੁਮਾਰੀ॥**

............................

**ਕਹੈ ਰਵਿਦਾਸ ਕੀਟੁ ਜਨ ਤੁਮਰਾ**
**ਦੇਹ ਤਗਤਨ ਕੀ ਮਾਲਾ॥47॥**[3]

ਸੋ ਗੁਰੂ ਰਵਿਦਾਸ ਗੁਰੂ ਕਬੀਰ ਤੋਂ ਉਪਦੇਸ਼ ਨਹੀਂ ਲੈਂਦੇ ਸਗੋਂ ਗੁਸਾਈ ਜੀ ਦੀ ਸ਼ਰਨ ਲੈਂਦੇ ਹਨ ਅਤੇ ਮੁਕਤੀ ਲਈ ਅਰਦਾਸ ਕਰਦੇ ਹਨ। ਇਸ ਤਰ੍ਹਾਂ ਗੁਰੂ ਜੀ ਅਰਦਾਸ ਗੁਸਾਈ ਜੀ ਨੂੰ ਕਰਦੇ ਹਨ ਪਰ ਹੈਰਾਨੀ ਦੀ ਗੱਲ ਹੈ ਕਿ ਮਾਲਾ ਗੁਰੂ ਕਬੀਰ ਦੇ ਰਹੇ ਹਨ:

ਸਾਚਾ ਗੁਰੂ ਮਿਲੇ ਬੁਧਿ ਉਪਦੇਸੇ, ਸਾਚਾ ਸ਼ਬਦ ਦਿੜਾਵੈ॥
ਕਹੈ ਕਬੀਰ ਸੁਨਹੁ ਰਵਿਦਾਸ ਇਹ ਭਗਤਨ ਕੀ ਮਾਲਾ॥[4]

ਬੰਦ ਨੰ: 48 ਤੋਂ ਲੈ ਕੇ ਆਖਰ ਤੱਕ ਗੁਰੂ ਕਬੀਰ ਜੀ ਗੁਰੂ ਰਵਿਦਾਸ ਨੂੰ ਹੋਰ ਭਗਤਾਂ ਦੇ ਉਪਦੇਸ਼ਾਤਮਕ ਵਿਚਾਰਾਂ ਬਾਰੇ ਦਸ ਰਹੇ ਹਨ, ਖੁਦ ਆਪਣੇ ਸਿਰਜੇ ਉਪਦੇਸ਼ਾਤਮਕ ਵਿਚਾਰ ਨਹੀਂ ਦੇ ਰਹੇ। ਉਹ ਹੋਰ ਭਗਤਾਂ ਦੇ ਉਪਦੇਸ਼ਾਂ ਬਾਰੇ ਦੱਸਦੇ ਕਹਿੰਦੇ ਹਨ ਕਿ ਜੇ ਸੱਚਾ ਗੁਰੂ ਮਿਲ ਜਾਵੇ ਤਾਂ ਸੱਚਾ ਸ਼ਬਦ ਦ੍ਰਿੜ ਹੋ ਜਾਂਦਾ ਹੈ, ਮਨ ਸਥਿਰ ਹੋ ਜਾਂਦਾ ਹੈ ਅਤੇ ਆਵਾਗਵਣ ਤੋਂ ਮੁਕਤੀ ਮਿਲ ਜਾਂਦੀ ਹੈ। ਸੋ ਗੁਰੂ ਕਬੀਰ ਗੁਰੂ ਬਣਕੇ ਉਪਦੇਸ਼ ਨਹੀਂ ਦੇ ਰਹੇ ਸਗੋਂ ਹੋਰ ਭਗਤਾਂ ਦੇ ਵਿਚਾਰਾਂ ਬਾਰੇ ਚਰਚਾ ਕਰ ਰਹੇ ਹਨ।

ਸੋ ਉਪਰੋਕਤ ਚਰਚਾ ਤੋਂ ਸਿੱਧ ਹੁੰਦਾ ਹੈ ਕਿ ਇਹ ਰਚਨਾ ਗੁਰੂ ਕਬੀਰ ਨੂੰ ਵੱਡਾ ਸਿੱਧ

(1) ਓਹੀ—170 (2) ਓਹੀ—171 (3) ਓਹੀ—171 (4) ਓਹੀ—171-72

ਕਰਨ ਲਈ ਸਿਰਜੀ ਗਈ ਹੈ। ਦੂਜੇ ਇਹ ਰਚਨਾ ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ ਦੀ ਹੈ। ਅਤੇ ਅੱਜ ਤੋਂ ਤਿੰਨ ਕੁ ਸੌ ਸਾਲ ਪਹਿਲਾਂ ਦੀ ਰਚਨਾ ਹੈ। ਸੋ ਉਪਰੋਕਤ ਤੱਥ ਇਸ ਰਚਨਾ ਨੂੰ ਪ੍ਰਮਾਣਿਤ ਸਿੱਧ ਨਹੀਂ ਕਰਦੇ ਅਤੇ ਨਾਹੀ ਇਹ ਮੰਨਣਯੋਗ ਹੈ। ਨਾਲੇ ਇਸ ਰਚਨਾ ਦਾ ਮੰਤਵ ਗੁਰੂ ਕਬੀਰ ਨੂੰ ਗੁਰੂ ਰਵਿਦਾਸ ਦਾ ਗੁਰੂ ਸਿੱਧ ਕਰਨਾ ਨਹੀਂ ਹੈ। ਉਪਰੋਕਤ ਤੱਥ ਹੀ ਇਸ ਦੀ ਗਵਾਹੀ ਹਨ। ਸੋ ਗੁਰੂ ਕਬੀਰ ਕਿਸੇ ਤਰ੍ਹਾਂ ਵੀ ਗੁਰੂ ਰਵਿਦਾਸ ਜੀ ਦੇ ਗੁਰੂ ਸਿੱਧ ਨਹੀਂ ਹੁੰਦੇ।

ਦੂਜੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਗੁਰੂ ਰਵਿਦਾਸ ਜੀ ਦੀ ਬਾਣੀ ਵੀ ਕਿਸੇ ਦੇਹਧਾਰੀ ਗੁਰੂ ਦੀ ਗਵਾਹੀ ਨਹੀਂ ਦਿੰਦੀ। ਬਾਣੀ ਬੁਨਿਆਦੀ ਤੌਰ 'ਤੇ ਗੁਰੂ ਰਵਿਦਾਸ ਜੀ ਦੇ ਦੇਹਧਾਰੀ ਗੁਰੂ ਨੂੰ ਸਵੀਕਾਰ ਹੀ ਨਹੀਂ ਕਰਦੀ:

**ਪਾਰੁ ਕੈਸੇ ਪਾਇਬੋ ਰੇ॥**
**ਮੋ ਸਉ ਕੋਊ ਨ ਕਹੈ ਸਮਝਾਇ॥**
**ਜਾ ਤੇ ਆਵਾ ਗਵਨੁ ਬਿਲਾਇ॥੧॥ ਰਹਾਉ॥**[1] (**ਸ੍ਰੀ ਗੁਰੂ ਗ੍ਰੰਥ ਸਾਹਿਬ**, **ਪੰਨਾ** 346)

ਉਪਰੋਕਤ ਚਰਚਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਦਾ ਕੋਈ ਵੀ ਦੇਹਧਾਰੀ ਗੁਰੂ ਨਹੀਂ ਸੀ ਜਿਹੜਾ ਚੁਰਾਸੀ ਦੇ ਚੱਕਰ 'ਚੋਂ ਕੱਢਣ ਲਈ ਉਪਦੇਸ਼ ਦੇਣ ਦੇ ਸਮਰੱਥ ਹੁੰਦਾ। ਸੋ ਗੁਰੂ ਕਬੀਰ, ਗੁਰੂ ਰਵਿਦਾਸ ਦੇ ਗੁਰੂ ਨਹੀਂ ਸਨ।

ਕੀ ਗੁਰੂ ਪਰਮਾਨੰਦ ਗੁਰੂ ਰਵਿਦਾਸ ਦੇ ਗੁਰੂ ਸਨ? ਪ੍ਰੋ. ਦਰਸ਼ਨ ਸਿੰਘ[2] ਤੋਂ ਬਿਨਾਂ ਕਿਸੇ ਵੀ ਵਿਦਵਾਨ ਨੇ ਗੁਰੂ ਪਰਮਾਨੰਦ ਨੂੰ ਗੁਰੂ ਜੀ ਦਾ ਗੁਰੂ ਨਹੀਂ ਮੰਨਿਆ। ਉਨ੍ਹਾਂ ਨੇ ਇਸ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਗੁਰੂ ਰਵਿਦਾਸ ਦੇ ਹੇਠ ਲਿਖੇ ਸ਼ਬਦ ਨੂੰ ਬਣਾਇਆ ਹੈ :

**ਰਵਿਦਾਸ ਦਾਸ ਉਦਾਸ ਤਜੁ ਭ੍ਰਮੁ**
**ਤਪਨ ਤਪੁ ਗੁਰ ਗਿਆਨ॥**
**ਭਗਤ ਜਨ ਭੈ ਹਰਨ**
**ਪਰਮਾਨੰਦ ਕਰਹੁ ਨਿਦਾਨੁ॥**[3] (**ਸ੍ਰੀ ਗੁਰੂ ਗ੍ਰੰਥ ਸਾਹਿਬ**, **ਪੰਨਾ** 486)

ਲਫ਼ਜ਼ ਪਰਮਾਨੰਦ ਕਿਸੇ ਵਿਅਕਤੀ ਵਿਸ਼ੇਸ਼ ਦੇ ਨਾਉਂ ਦੇ ਰੂਪ ਵਿੱਚ ਨਹੀਂ ਆਇਆ, ਸਗੋਂ ਇਹ ਪ੍ਰਭ ਪ੍ਰਾਪਤੀ ਪਿੱਛੋਂ ਦੇ ਸਾਧਕ ਦੇ ਮਾਨਸਿਕ ਅਵਸਥਾ ਦੇ ਪਰਮ ਆਨੰਦ ਨੂੰ ਪ੍ਰਗਟ ਕਰਨ ਲਈ ਵਰਤਿਆ ਗਿਆ ਹੈ। ਸੋ ਆਖਰੀ ਸਤਰ ਦੇ ਅਰਥ ਹਨ, "ਹੇ ਭਗਤਾਂ ਦੇ ਡਰ ਦੂਰ ਕਰਨ ਵਾਲੇ ਪ੍ਰਭ ਜੀ! ਮੈਨੂੰ ਪਰਮ ਆਨੰਦ ਦੀ ਦਾਤ ਬਖਸ਼ੋ। ਇਹ ਬਖਸ਼ਸ਼ ਕੇਵਲ ਤਪਾਂ ਦੇ ਤਪ ਸਤਿਗੁਰੂ ਦੇ ਗਿਆਨ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਕਿਸੇ ਵੀ ਸ਼ਬਦ ਦੇ ਵਿਚਾਰ ਦਾ ਬੁਨਿਆਦੀ ਧੁਰਾ 'ਰਹਾਉ'" ਵਿੱਚ ਹੁੰਦਾ ਹੈ। ਇਸ ਸ਼ਬਦ ਦੇ ਵਿਚਾਰ ਦਾ

(1) ਆਦਿ ਗ੍ਰੰਥ—346
(2) **Sant Ravidas and His Times—4** (3) ਆਦਿ ਗ੍ਰੰਥ—486



ਬੁਨਿਆਦੀ ਧੁਰਾ ਹੈ:

**ਮਾਧੋ ਅਬਿਦਿਆ ਹਿਤ ਕੀਨ॥**
**ਬਿਬੇਕ ਦੀਪ ਮਲੀਨ॥ ਰਹਾਉ॥**[1] (**ਸ੍ਰੀ ਗੁਰੂ ਗ੍ਰੰਥ ਸਾਹਿਬ**, **ਪੰਨਾ** 486)

ਜਦੋਂ ਬਿਬੇਕ ਦੇ, ਗਿਆਨ ਭਰਪੂਰ ਅਕਲ ਦੇ ਦੀਵੇ ਗੁਲ ਹੋ ਜਾਂਦੇ ਹਨ, ਉਦੋਂ ਮਨੁੱਖ ਅਗਿਆਨਤਾ ਬਸ ਪੰਜੇ ਵਿਕਾਰਾਂ ਦਾ ਸ਼ਿਕਾਰ ਹੋ ਜਾਂਦਾ ਹੈ। ਆਖਰ ਨੂੰ ਸਤਿਗੁਰਾਂ ਦਾ ਗਿਆਨ ਇਨ੍ਹਾਂ ਵਿਕਾਰਾਂ ਦਾ ਡਰ ਖਤਮ ਕਰਕੇ ਪਰਮ ਆਨੰਦ ਦੀ ਬਖਸ਼ਸ਼ ਕਰਦਾ ਹੈ। ਸੋ ਪ੍ਰੋ. ਦਰਸ਼ਨ ਸਿੰਘ ਇਸ ਸ਼ਬਦ ਨੂੰ ਸਮਝਣ ਵਿੱਚ ਭੁਲੇਖਾ ਪਾ ਗਏ ਹਨ, ਸੋ ਗੁਰੂ ਪਰਮਾਨੰਦ, ਗੁਰੂ ਰਵਿਦਾਸ ਜੀ ਦੇ ਗੁਰੂ ਨਹੀਂ ਹਨ।

ਕੀ ਮਾਨਦਾਸ ਜੀ ਗੁਰੂ ਰਵਿਦਾਸ ਜੀ ਦੇ ਗੁਰੂ ਸਨ? ਕੁਝ ਕੁ ਵਿਦਵਾਨ ਮਾਨਦਾਸ ਜੀ ਨੂੰ ਵੀ ਗੁਰੂ ਜੀ ਦਾ ਗੁਰੂ ਮੰਨਦੇ ਹਨ। ਪਰ ਕੋਈ ਖਾਸ ਸਰੋਤ ਉਪਲੱਭਧ ਨਹੀਂ ਹੈ, ਜਿਸ ਦੇ ਆਧਾਰ 'ਤੇ ਚਰਚਾ ਕੀਤੀ ਜਾ ਸਕੇ। ਸੰਤ ਜਗਵੀਰ ਸਿੰਘ ਜੀ ਲਿਖਦੇ ਹਨ:

"ਵਹਾਂ (ਰਾਜਸਥਾਨ) ਕੇ ਸੰਤ ਸਾਹਿਤਯ ਔਰ ਇਤਿਹਾਸ ਗ੍ਰੰਥੋਂ ਮੇਂ ਉਨ (ਰਵਿਦਾਸ) ਕਾ ਨਾਮ ਅਮਰ ਹੈ ਤਥਾ ਉਨ ਕੀ ਦੀਕਸ਼ਾ-ਗੁਰੂ ਕਾ ਨਾਮ 'ਮਾਣਦਾਸ' ਲਿਖਾ ਮਿਲਤਾ ਹੈ।"[2]

ਪਰ ਸੰਤ ਜੀ ਨੇ ਕਿਸੇ ਸ੍ਰੋਤ ਦਾ ਕੋਈ ਹਵਾਲਾ ਨਹੀਂ ਦਿੱਤਾ। ਮੌਖਿਕ ਹਵਾਲੇ ਨਿਰਾਧਾਰ ਹਨ ਅਸੀਂ ਇਸ ਨੂੰ ਸਹੀ ਨਹੀਂ ਮੰਨਦੇ। ਉਹ ਲਿਖਦੇ ਹਨ:

"ਜੈਸਾ ਕਿ ਭਵਿਸ਼ਯ ਪੁਰਾਣ ਔਰ ਕਾਂਸੀ ਮਹਾਤਮ ਆਦਿ ਸੰਸਕ੍ਰਿਤ ਕਾਵਿਯੋਂ ਮੇਂ ਵਿਵਰਣ ਮਿਲਦਾ ਹੈ ਕਿ ਮਾਨਦਾਸ ਸੰਤ ਰਵਿਦਾਸ ਕੇ ਪਿਤਾ ਥੇ ਏਕ ਔਚਿਤਯ ਪੂਰਣ ਕਥਨ ਪ੍ਰਤੀਤ ਹੋਤਾ ਹੈ।"[3]

ਕੁਝ ਵਿਦਵਾਨ ਸੰਤ ਮਾਨਦਾਸ ਨੂੰ ਗੁਰੂ ਰਵਿਦਾਸ ਜੀ ਦਾ ਪਿਤਾ ਮੰਨਦੇ ਹਨ। ਸੰਤ ਜਗਵੀਰ ਜੀ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। ਅਸੀਂ ਵੀ ਮਾਨਦਾਸ ਨੂੰ ਗੁਰੂ ਜੀ ਦਾ ਪਿਤਾ ਨਹੀਂ ਮੰਨਦੇ। ਪਰ ਇਥੇ ਇਹ ਵਰਨਣਯੋਗ ਹੈ ਕਿ ਸੰਤ ਜਗਵੀਰ ਜੀ ਦੁਆਰਾ ਦੱਸੀਆਂ ਉਪਰੋਕਤ ਪੁਸਤਕਾਂ ਵਿੱਚ ਗੁਰੂ ਰਵਿਦਾਸ ਜੀ ਦੇ ਗੁਰੂ ਦੇ ਰੂਪ ਵਿੱਚ ਸੰਤ ਮਾਨਦਾਸ ਦਾ ਜ਼ਿਕਰ ਨਹੀਂ ਆਇਆ। ਉਪਰੋਕਤ ਗਵਾਹੀਆਂ ਅਨੁਸਾਰ ਗੁਰੂ ਰਵਿਦਾਸ ਜੀ ਦਾ ਮਾਨਦਾਸ 'ਗੁਰੂ' ਕਿਸੇ ਵੀ ਤਰ੍ਹਾਂ ਸਿੱਧ ਨਹੀਂ ਹੋ ਸਕਦਾ। ਫਿਰ ਪਤਾ ਨਹੀਂ ਸੰਤ ਜਗਵੀਰਸਿੰਘ ਜੀ ਕਿਵੇਂ ਮਾਨ ਦਾਸ, ਨੂੰ ਗੁਰੂ ਜੀ ਦਾ ਗੁਰੂ ਸਿੱਧ ਕਰਦੇ ਹਨ? ਸੋ ਉਪਰੋਕਤ ਤੱਥਾਂ ਦੇ ਆਧਾਰ 'ਤੇ ਅਜਿਹਾ ਸੋਚਣਾ ਹੀ ਅਰਥ ਹੀਣ ਹੈ।

ਕੀ ਜਿੰਦਾਪੀਰ, ਗੁਰੂ ਰਵਿਦਾਸ ਜੀ ਦਾ ਗੁਰੂ ਹੈ? ਇਸ ਦਾ ਉਲੇਖ ਵੀ ਨਾ ਮਾਤਰ ਹੀ ਮਿਲਦਾ ਹੈ। ਡਾ. ਰਤਨ ਸਿੰਘ ਜੱਗੀ ਅਨੇਕਾਂ ਗ੍ਰੰਥਾਂ ਦੀ ਚਰਚਾ ਪਿੱਛੋਂ ਲਿਖਦੇ ਹਨ:

"ਸਾਰਾਂਸ਼ ਇਹ ਹੈ ਕਿ ਜਿੰਦਾਪੀਰ ਕਿਸੇ ਵੀ ਪਰਮਾਣਿਕ ਗਵਾਹੀ ਦੇ ਆਧਾਰ ਤੇ ਸ੍ਰੀ ਗੁਰੂ

(1) ਆਦਿ ਗ੍ਰੰਥ—496 (2) ਸੰਤ ਰਵਿਦਾਸ ਮਹਾਤਮ—192 (3) ਓਹੀ—187

ਨਾਨਕ ਦੇਵ ਜੀ ਦਾ ਦੀਖਿਆ ਗੁਰੂ ਸਿੱਧ ਨਹੀਂ ਹੁੰਦਾ।"[1]

ਕਿਉਂਕਿ ਗੁਰੂ ਰਵਿਦਾਸ ਜੀ ਦੇ ਉਪਰੋਕਤ ਚਰਚਾ ਅਧੀਨ ਆਏ ਸ੍ਰੋਤਾਂ ਵਿੱਚ ਕਿਸੇ ਵੀ ਵਿਦਵਾਨ ਨੇ ਜਿੰਦਾ ਪੀਰ ਨੂੰ ਗੁਰੂ ਰਵਿਦਾਸ ਜੀ ਦੇ ਗੁਰੂ ਦੇ ਰੂਪ ਵਿੱਚ ਉਲੇਖ ਨਹੀਂ ਕੀਤਾ। ਸੋ ਭਾਈ ਬਾਲੇ ਵਾਲੀ ਜਨਮ ਸਾਖੀ ਦੇ ਆਧਾਰ 'ਤੇ ਹੀ ਜਿੰਦਾ ਪੀਰ ਗੁਰੂ ਰਵਿਦਾਸ ਦਾ ਗੁਰੂ ਸਿੱਧ ਹੁੰਦਾ ਹੈ। ਹੁਣ ਅਸੀਂ ਇਸ ਤੇ ਚਰਚਾ ਕਰਦੇ ਹਾਂ। ਪਹਿਲੀ ਗਲ, ਜਦੋਂ ਡਾ. ਜੱਗੀ ਨੇ ਖੋਜ ਕਰਨ ਪਿੱਛੋਂ ਸਿੱਧ ਕੀਤਾ ਹੈ ਕਿ ਜਿੰਦਾ ਪੀਰ ਗੁਰੂ ਨਾਨਕ ਦਾ ਗੁਰੂ ਨਹੀਂ ਹੈ ਤਾਂ ਇਹ ਵੀ ਆਪਣੇ ਆਪ ਹੀ ਸਿੱਧ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਦਾ ਗੁਰੂ ਜਿੰਦਾ ਪੀਰ ਨਹੀਂ ਹੈ, ਕਿਉਂਕਿ ਇਸ ਜਨਮ ਸਾਖੀ ਵਿੱਚ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਨੂੰ ਇੱਕੋ ਪੱਧਰ 'ਤੇ ਰੱਖਕੇ ਜਿੰਦਾ ਪੀਰ ਨੂੰ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦਾ ਗੁਰੂ ਆਖਿਆ ਗਿਆ ਹੈ। ਹੇਠ ਲਿਖੀ ਵਾਰਤਾਲਾਪ ਤੋਂ ਸਿੱਧ ਹੋ ਜਾਂਦਾ ਹੈ:

"ਫੇਰਿ ਮਰਦਾਨੇ ਪੁੱਛਿਆ ਜੀ ਤੁਸਾਨੂੰ ਜੋ ਗੁਰੂ ਮਿਲਿਆ ਸੀ ਸੋ ਕਉਣ ਮਿਲਿਆ ਆਹਾ। ਅਤੇ ਨਾਉਂ ਉਸ ਦਾ ਕਿਆ ਆਹਾ। ਤਾਂ ਫੇਰਿ ਗੁਰੂ ਨਾਨਕ ਕਹਿਆ ਮਰਦਾਨਾ ਨਾਉਂ ਉਸ ਦਾ ਬਾਬਾ ਜਿੰਦਾ ਹੋਦਾ ਹੈ। ਜਿਥੋਂ ਤੋੜੀ ਜਲ ਅਤੇ ਪਉਣ ਹੈ ਸਬ ਉਸਦੇ ਬਚਨ ਵਿਚ ਚਲਦੇ ਹੈਨਿ। ਅਤੇ ਅਗਨਿ ਮਿਟੀ ਸਭਾ ਉਸ ਦੇ ਆਖੇ ਵਿੱਚ ਹੈ। ਅਤੇ ਅਸਾਂ ਚਹੁਆਂ ਨੂੰ ਬਾਬਾ ਜਿੰਦਾ ਮਿਲਿਆ ਹੈ। ਜਿਸ ਤਾਈ ਜਿੰਦਾ ਮਿਲੇਗਾ ਉਸ ਤਾਈ ਬਾਬਾ ਆਖਣਾ ਹੋਰਸ ਤਾਈ ਆਖਣਾ ਨਹੀਂ ਤਾਂ ਫੇਰਿ ਮਰਦਾਨੇ ਆਖਿਆ ਜੀ ਚਾਰਿ ਕੇਹੜੇ ਕੇਹੜੇ। ਤਾ ਫੇਰਿ ਗੁਰੂ ਨਾਨਕ ਕਹਿਆ ਮਰਦਾਨਾ ਹਿਕੁ ਤਾ ਰਵਿਦਾਸ ਚਮਿਆਰ, ਪੂਰਨ ਸਾਧੂ ਆਹ। ਅਤੇ ਦੂਜਾ ਕਬੀਰ ਜੁਲਾਹਾ। ਉਹ ਅਸਾ ਤੇ ਰਵਿਦਾਸ ਥੋ ਭੀ ਵਧਿ ਆਹਾ। ਅਤੇ ਇਕ ਅਸੀਂ ਅਤੇ ਹਿਕੁ ਅਸਾ ਥੋ ਪਿਛੋ ਸਉ ਵਰੇ ਪੈਦਾ ਹੋਵੇਗਾ। ਉਹ ਅਸਾ ਤ੍ਰਿਹਾ ਥੋ ਵਧਿ ਹੋਵੇਗਾ।"[2]

ਇਸ ਤੋਂ ਹੇਠ ਲਿਖੇ ਤਥ ਸਾਹਮਣੇ ਆਉਂਦੇ ਹਨ:

(1) ਜਿੰਦਾ ਪੀਰ ਗੁਰੂ ਸੀ-ਰਵਿਦਾਸ, ਕਬੀਰ ਨਾਨਕ ਅਤੇ ਇਕ 100 ਸਾਲ ਪਿੱਛੋਂ ਹੋਣ ਵਾਲੇ ਦਾ।

(2) ਜਿੰਦਾ ਪੀਰ ਸਰਵ-ਵਿਆਪਕ ਹੈ।

(3) ਬਾਬਾ ਉਸੇ ਨੂੰ ਹੀ ਕਹਿਣਾ ਹੈ, ਜਿਹੜਾ ਜਿੰਦਾ ਪੀਰ ਨੂੰ ਮਿਲੇਗਾ।

ਇਨ੍ਹਾਂ ਤੱਥਾਂ ਤੋਂ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਜਿੰਦ ਪੀਰ ਹੀ ਬ੍ਰਹਮ-ਗੁਰੂ ਹੈ ਅਤੇ ਗੁਰੂ ਰਵਿਦਾਸ ਜੀ ਦਾ ਗੁਰੂ ਵੀ ਬ੍ਰਹਮ-ਗੁਰੂ ਹੀ ਹੈ। ਅਗਲਾ ਪੈਰ੍ਹਾ ਸਾਡੇ ਇਸ ਨਿਰਣੇ ਦੀ ਪੁਸ਼ਟੀ ਕਰਦਾ ਹੈ:

**"ਤਾ ਫੇਰਿ ਮਰਦਾਨੇ ਪੁਛਿਆ ਬਾਬੇ ਜਿੰਦੇ ਦਾ ਰੰਗ ਕੇਹਾ**
**ਹੈ ਅਤੇ ਸਾਣੁ ਕਿਥੈ ਹੈਸੁ ਤਾ ਫੇਰਿ ਗੁਰੂ ਨਾਨਕ ਕਹਿਆ**

(1) ਗੁਰੂ ਨਾਨਕ ਜੀਵਨ ਅਤੇ ਵਿਅਕਤਿਤਵ—119

(2) (ਹਥ ਲਿਖਤ ਪੋਥੀ) 1715 ਬਿ: ਪਤਰਾਂ 140) ਗੁਰੂ ਨਾਨਕ : ਜੀਵਨ ਤੇ ਵਿਅਕਤਿਤਵ—116



**ਮਰਦਾਨਾ ਰੰਗੁ ਲਾਲੁ ਜੇਹਾ ਹੈ ਅਜੇਹਾ ਹੈ ਲਾਲੀ ਲਗਦੀ**
**ਕਾਈ ਨਾਹੀ ਅਤੇ ਰੋਮ ਸੁਵਰਨੁ ਦੇ ਰੰਗ ਜੇਹੇ ਰੋਮਾ**
**ਨਾਲਿ ਸੁਵਰਨੁ ਕੋਈ ਨਾਹੀ ਰਲਦਾ। ਅਤੇ ਰਸਨਾ ਥੀਂ**
**ਬੋਲਦਾ ਨਾਹੀ। ਅਤੇ ਰੋਮ ਰੋਮ ਵਿਚਿ ਏਹਾ ਅਵਾਜਿ**
**ਨਕਲਦੀ ਹੈ। ਜੋ ਗਹਰ ਗੰਭੀਰ ਗਹਰ ਗੰਭੀਰ।**[1]

ਸੋ ਬੜਾ ਸਪੱਸ਼ਟ ਹੋ ਗਿਆ ਹੈ ਕਿ ਜਿੰਦਾ ਕੋਈ ਹੋਰ ਨਹੀਂ ਬ੍ਰਹਮ-ਗੁਰੂ ਆਪ ਹੀ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦਾ ਗੁਰੂ ਵੀ ਬ੍ਰਹਮ ਗੁਰੂ ਹੀ ਹੈ।

(1) ਓਹੀ—117

# IV- ਗੁਰੂ ਰਵਿਦਾਸ ਜੀ : ਭਗਤ ਜਾਂ ਗੁਰੂ
# (ਸਿੱਖ ਵਿਦਵਾਨਾਂ ਅਨੁਸਾਰ)

ਗੁਰੂ ਰਵਿਦਾਸ ਜੀ ਭਗਤ ਹਨ ਜਾਂ ਗੁਰੂ? ਇਹ ਬਹੁਤ ਚਿਰ ਤੋਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਗੁਰੂ ਜੀ ਭਗਤ ਤਾਂ ਹਨ ਹੀ, ਉਹ ਆਪਣੇ ਸਮੇਂ ਤੋਂ ਲੈ ਕੇ ਅੱਜ ਤੱਕ ਮਹਾਨ ਗੁਰੂ ਦੇ ਰੂਪ ਵਿੱਚ ਪੂਜੇ ਵੀ ਜਾਂਦੇ ਹਨ। ਉੱਚੀ ਜਾਤ ਵਾਲਿਆਂ ਨੇ ਉਨ੍ਹਾਂ ਨੂੰ ਬੜੀ ਸ਼ਾਨ ਨਾਲ ਆਪਣਾ ਗੁਰੂ ਸਵੀਕਾਰ ਕਰਕੇ ਪੂਜਿਆ ਹੈ। ਉਨ੍ਹਾਂ ਵਿੱਚੋਂ ਝਾਲੀ ਬਾਈ, ਮੀਰਾਂ ਬਾਈ ਅਤੇ ਉਨ੍ਹਾਂ ਦੇ ਪਰਿਵਾਰ ਨੇ ਉਨ੍ਹਾਂ ਨੂੰ ਰਾਜ ਗੁਰੂ ਦੀ ਪਦਵੀ ਤੇ ਸੁਸ਼ੋਭਿਤ ਕਰ ਸ਼ਾਹੀ ਠਾਠ ਬਾਠ ਨਾਲ ਪੂਜਾ ਕੀਤੀ। ਪਰ ਕੁਝ ਲੋਕ ਜਾਣ ਬੁੱਝ ਕੇ ਗੁਰੂ ਰਵਿਦਾਸ ਜੀ ਨੂੰ "ਭਗਤ" ਲਿਖਦੇ ਹਨ, ਪਰ ਸਿੱਖ ਜਗਤ ਦੇ ਲਗਭਗ ਸਾਰੇ ਵਿਦਵਾਨ ਉਨ੍ਹਾਂ ਨੂੰ ਭਗਤ ਹੀ ਲਿਖਦੇ ਹਨ ਅਤੇ 'ਭਗਤ' ਰੂਪ ਵਿੱਚ ਹੀ ਪ੍ਰਵਾਨ ਕਰਦੇ ਹਨ- ਗੁਰੂ ਰੂਪ ਵਿੱਚ ਨਹੀਂ। ਇਹ ਤੱਥ ਡੂੰਘੇ ਅਤੇ ਗੰਭੀਰ ਅਧਿਐਨ ਦੀ ਮੰਗ ਕਰਦਾ ਹੈ।

ਜਦ ਮਨੁੱਖ ਪਰਮਾਤਮਾ ਦੀ ਭਗਤੀ ਕਰਦਾ ਹੈ, ਤਾਂ ਮਨੁੱਖੀ ਹਿਰਦਾ ਦੁਨੀਆਂ ਤੋਂ ਬੇਖਬਰ ਪਰਮਾਤਮਾ ਦੇ ਪਿਆਰ ਭਰੇ ਮਿਲਾਪ ਲਈ ਬਹਿਵਲ ਹੋ ਉੱਠਦਾ ਹੈ। ਪਰਮਾਤਮਾ ਮਨੁੱਖ ਦੀ ਪਿਆਰ ਸ਼ਕਤੀ ਅੱਗੇ ਬੇਵਸ ਹੋ, ਉਸ ਨੂੰ ਆਪਣਾ ਬਣਾ ਲੈਂਦਾ ਹੈ। ਇਸ ਤਰ੍ਹਾਂ ਮਨੁੱਖ ਪ੍ਰਭ ਦਾ ਭਗਤ ਹੋ ਨਿਬੜਦਾ ਹੈ ਅਤੇ ਮਨ ਪ੍ਰਕਾਸ਼ ਨਾਲ ਨੂਰ-ਨੂਰ ਹੋ ਜਾਂਦਾ ਹੈ। ਇਹ ਪ੍ਰਕਾਸ਼ ਪਰਮਾਤਮਾ ਦੀ ਸਿਰਜੀ ਸ੍ਰਿਸ਼ਟੀ ਦਾ ਹੀ ਗਿਆਨ ਹੁੰਦਾ ਹੈ। ਇਹੋ ਨੂਰੀ ਪ੍ਰਕਾਸ਼, ਭਗਤ ਨੂੰ ਦੁਨੀਆਂ ਵਿੱਚ ਉਜਾਗਰ ਕਰਦਾ ਹੈ। ਦੁਨੀਆਂ ਸ਼ਰਧਾ ਭਾਵ ਨਾਲ ਭਗਤ ਦੀ ਸੇਵਾ ਵਿੱਚ ਆ ਜੁੜਦੀ ਹੈ। ਫਿਰ ਭਗਤ ਜੁੜੀ ਸੰਗਤ ਨੂੰ ਜੀਵਨ ਸਫਲ ਬਣਾਉਣ ਲਈ ਬ੍ਰਹਮ-ਗਿਆਨ ਰਾਹੀਂ ਸਿਮਰਣ ਕਰਕੇ ਮੁਕਤੀ ਪ੍ਰਾਪਤ ਕਰਨ ਦਾ ਉਪਦੇਸ਼ ਦਿੰਦਾ ਹੈ। ਜਦ 'ਭਗਤ' ਉਪਦੇਸ਼ ਦਿੰਦਾ ਹੈ-ਉਦੋਂ ਉਹ 'ਗੁਰੂ' ਬਣ ਜਾਂਦਾ ਹੈ।[1]

ਸਪੱਸ਼ਟ ਹੈ - ਜਦੋਂ ਮਨੁੱਖ ਪਰਮਾਤਮਾ ਦੀ ਭਗਤੀ ਕਰਦਾ ਹੈ, ਉਦੋਂ ਉਹ 'ਭਗਤ' ਹੈ ਅਤੇ ਜਦੋਂ ਉਹ ਬ੍ਰਹਮ-ਗਿਆਨ ਨਾਲ ਭਰਪੂਰ ਹੋ ਸੰਗਤ ਨੂੰ ਉਪਦੇਸ਼ ਦਿੰਦਾ ਹੈ-ਉਦੋਂ ਉਹ 'ਗੁਰੂ' ਹੈ।

ਉਪਰਲੇ ਵਿਚਾਰ ਦੀ ਪੁਸ਼ਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਬੜੀ ਆਸਾਨੀ ਨਾਲ ਹੋ

(1) ਮਹਾਨ ਕੋਸ਼—311



ਜਾਂਦੀ ਹੈ:

(ੳ) **ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ,**
**ਜੋ ਭਾਵਹਿ ਮੇਰੇ ਹਰਿ ਭਗਵੰਤਾ॥ (ਆਸਾ ਮ:੪)**

(ਅ) **ਨਾਹ ਆਪਨੇ ਸੰਗਿ ਦਾਸੀ ਮੈ**
**ਭਗਤਿ ਹਰਿ ਕੀ ਭਾਵਏ॥**
**ਅਗਾਧਿ ਬੋਧ ਅਕਥੁ ਕਥੀਐ**
**ਸਹਜਿ ਪ੍ਰਭ ਗੁਣ ਗਾਵਏ॥ (ਬਿਲਾਵਲ ਮ:੧)**

ਇਨ੍ਹਾਂ ਸ਼ਬਦਾਂ ਤੋਂ ਸਪੱਸ਼ਟ ਹੈ ਕਿ ਭਗਤ ਉਹੋ ਹੀ ਵਡਭਾਗੇ ਹਨ ਜਿਹੜੇ ਪਰਮਾਤਮਾ ਨੂੰ ਸਵੀਕਾਰ ਹੋ ਜਾਂਦੇ ਹਨ ਅਤੇ ਉਸ ਦੇ ਗਿਆਨ ਨਾਲ ਭਰਪੂਰ ਹੋ, ਉਸ ਦੇ ਗੁਣ ਗਾਉਂਦੇ ਨਹੀਂ ਥੱਕਦੇ। ਗੁਰਬਾਣੀ ਵਿੱਚ 'ਗੁਰੂ' ਨੂੰ ਧਰਮ-ਉਪਦੇਸ਼ਕ, ਧਰਮ ਆਚਾਰੀਆ ਆਦਿ ਕਿਹਾ ਗਿਆ ਹੈ।[1]

**ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥**

-------------

**ਗੁਰਾ ਇਕ ਦੇਹਿ ਬੁਝਾਈ॥ (ਜਪੁ ਸਾਹਿਬ)**

"For our spiritual uplift, we need a Guru or religious preceptor, who prepares us in thought, deed and action in order to make us a loving bride of the lord."[2]

ਅਨੁਵਾਦ: "ਸਾਡੇ ਰੂਹਾਨੀਅਤ ਦੇ ਵਿਕਾਸ ਲਈ, ਸਾਨੂੰ ਇੱਕ ਗੁਰੂ ਜਾਂ ਧਾਰਮਕ ਉਪਦੇਸ਼ ਦੇਣ ਵਾਲੇ ਦੀ ਜ਼ਰੂਰਤ ਹੁੰਦੀ ਹੈ, ਜਿਹੜਾ ਸਾਡੇ ਵਿਚਾਰ, ਕਾਰਜ ਅਤੇ ਕਰਮ ਨੂੰ ਇਸ ਤਰੀਕੇ ਨਾਲ ਢਾਲਦਾ ਹੈ ਕਿ ਅਸੀਂ ਪਰਮਾਤਮਾ ਨੂੰ ਪਿਆਰੇ ਲੱਗਣ ਲੱਗ ਜਾਂਦੇ ਹਾਂ।"

ਸੋ ਇਹ ਵਿਚਾਰ ਦ੍ਰਿੜ੍ਹ ਹੋ ਗਿਆ ਹੈ ਕਿ ਸਾਧਕ ਜਦ ਪ੍ਰਭ ਦੀ ਭਗਤੀ ਕਰਦਾ ਹੈ ਭਗਤ ਹੈ। ਭਗਤ ਬਣਨ ਪਿੱਛੋਂ ਜਦ ਲੋਕਾਂ ਨੂੰ ਉਪਦੇਸ਼ ਦਿੰਦਾ ਹੈ ਗੁਰੂ ਹੈ। ਇਸ ਤੋਂ ਇਹ ਵੀ ਦ੍ਰਿੜ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ 'ਭਗਤ' ਵੀ ਹਨ ਅਤੇ 'ਗੁਰੂ' ਵੀ। ਦੂਜੇ, ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਸਮੇਂ ਗੁਰੂ ਰਵਿਦਾਸ ਜੀ ਦੀ ਬਾਣੀ ਪੰਜਾਬ ਵਿੱਚ ਪ੍ਰਚਲਤ ਹੋ ਚੁੱਕੀ ਸੀ। ਸੋ ਬਚਪਨ ਤੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੱਗੇ ਭਾਈ ਮਰਦਾਨਾ ਗੁਰੂ ਰਵਿਦਾਸ ਜੀ ਦੀ ਬਾਣੀ ਗਾਉਂਦਾ ਸੀ:

"ਮਰਦਾਨਾ... ਤਲਵੰਡੀ ਰਾਇ ਭੋਐ ਕੀ ਰਹਦਾ, ਰਬਾਬ ਵਜਾਇਦਾ, ਨਾਮ (ਨਾਮਦੇਵ) ਕਬੀਰ, ਤਿਲੋਚਨ ਰਵਿਦਾਸ, ਧੰਨੇ, ਬੇਣੀ ਕੇ ਪਦੇ ਗਾਵਤਾ,"[3]

(1) ਮਹਾਨ ਕੋਸ਼—314 (2) **Outlines of sikh thought -Dr. S.S. Kohli P-84-85**
(3) ਪੰਜਾਬੀ ਦੁਨੀਆਂ ਗੁਰੂ ਰਵਿਦਾਸ ਅੰਕ (1971)-15
ਉਹੀ ਸੋਢੀ ਮਿਹਰਬਾਨ, ਪੋਥੀ ਸੱਚਖੰਡ ਜਨਮ ਸਾਖੀ ਗੁਰੂ ਨਾਨਕ ਦੇਵ—73

ਇਸ ਪ੍ਰਮਾਣ ਤੋਂ ਸਪੱਸ਼ਟ ਹੈ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਸੀ ਅਤੇ ਭਾਈ ਮਰਦਾਨਾ, ਉਨ੍ਹਾਂ ਦੀ ਹਾਜ਼ਰੀ ਵਿੱਚ, ਗੁਰੂ ਰਵਿਦਾਸ ਜੀ ਦੀ ਬਾਣੀ ਗਾਉਂਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੋਣ ਪਿੱਛੋਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰਤਾ' ਦਿੱਤੀ। ਉਸ ਸਮੇਂ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ 'ਸ਼ਬਦ-ਗੁਰੂ' ਦੇ ਤੌਰ 'ਤੇ ਪ੍ਰਵਾਨ ਕਰ ਲਿਆ ਗਿਆ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦੇ 'ਗੁਰੂ' ਹੋਣ ਦੀ ਇਤਿਹਾਸਕ ਸਚਾਈ 'ਤੇ ਫੁੱਲ ਚੜ੍ਹਾਏ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਰਵਿਦਾਸ ਜੀ ਦੀ ਬਾਣੀ ਰਾਹੀਂ ਪਰਮਾਤਮਾ ਦੀ ਪ੍ਰਾਪਤੀ ਲਈ ਗਾ ਗਾ ਕੇ ਲੋਕਾਂ ਨੂੰ ਉਪਦੇਸ਼ ਦਿੰਦੇ ਸਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਗੁਰੂ ਰਵਿਦਾਸ ਜੀ ਦੇ ਗਿਆਨ ਨਾਲ ਲੋਕਾਂ ਨੂੰ ਮੁਕਤ ਕਰਦੇ ਸਨ ਅਤੇ ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਉਸ ਸਮੇਂ ਗੁਰੂ ਰਵਿਦਾਸ ਗੁਰੂ ਰੂਪ ਹੁੰਦੇ ਸਨ। ਇਕ ਵਾਰੀ ਲੋਕਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੂਜਾ, ਸਿਮਰਣ ਆਦਿ ਬਾਰੇ ਪੁਛਿਆ ਤਾਂ ਉਨ੍ਹਾਂ ਨੇ ਪਰਮੇਸ਼ਵਰ ਦੇ ਸਿਮਰਨ ਲਈ ਗੁਰੂ ਰਵਿਦਾਸ ਦੀ ਬਾਣੀ ਨੂੰ ਅਪਨਾਉਣ ਦੀ ਅਤੇ ਇਸ ਬਾਣੀ ਦੀ ਅਗਵਾਈ ਹੇਠ ਅਸਲੀ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ। ਲੋਕਾਂ ਪੁੱਛਿਆ:

"ਬਾਬਾ ਜੀ, ਇਸ ਕਵਣੁ ਸਿਮਰਣੁ ਜਿ ਕੀਜੀਐ? ਕਹੇ ਪੁਰਖਾ... ਪਰਮੇਸਰ ਕਾ ਸਿਮਰਣੁ ਕਰਹੁ। ਤਬ ਸ੍ਰੀ ਨਾਮੇ, ਕਬੀਰ ਰਵਿਦਾਸ ਕੇ ਪਦੇ ਬਾਬੇ ਜੀ ਕਾ ਬਾਣੀ ਸੈਨ, ਬੇਣੀ ਕੀ ਬਾਣੀ ਲਾਗੈ ਗਾਵਣੇ, ਪ੍ਰੇਮ ਕਰਿ ਕਰਿ।"[1]

ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸ਼ਬਦ-ਗੁਰੂ ਦੇ ਰੂਪ ਵਿੱਚ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਉੱਚਤਮ ਸਤਿਕਾਰ ਦਿੱਤਾ।

ਜਦ ਗੁਰੂ ਨਾਨਕ ਦੇਵ ਜੀ ਨੇ, ਗੁਰੂ ਰਵਿਦਾਸ ਜੀ ਦੀ ਬਾਣੀ ਨੂੰ 'ਸ਼ਬਦ-ਗੁਰੂ' ਦੇ ਰੂਪ ਵਿੱਚ ਪ੍ਰਵਾਨ ਕਰ ਲਿਆ ਹੈ ਤਾਂ ਫਿਰ ਸਿੱਖ ਜਗਤ ਗੁਰੂ ਰਵਿਦਾਸ ਜੀ ਨੂੰ ਗੁਰੂ ਕਿਉਂ ਨਹੀਂ ਮੰਨਦਾ? ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰਤਾ' ਮਿਲਣ ਪਿੱਛੋਂ ਵੀ ਇਸ ਵਿੱਚ ਬਿਰਾਜਮਾਨ ਮੁਹਾਪੁਰਸ਼ਾਂ ਨੂੰ 'ਗੁਰੂ' ਦੀ ਪਦਵੀ ਨਹੀਂ ਮਿਲੀ? ਜੋ ਵੀ ਕੋਈ ਉਪਦੇਸ਼ ਦਿੰਦਾ ਹੈ, ਉਹ ਗੁਰੂ ਹੈ। ਕੀ ਇਹ ਕਥਨ ਗਲਤ ਹੈ? ਜੇ ਇਸ ਕਥਨ ਨੂੰ ਗਲਤ ਮੰਨ ਲਈਏ ਤਾਂ ਜਪੁ ਸਾਹਿਬ ਵਿੱਚ ਆਈ **"ਗੁਰਾ ਇਕ ਦੇਹ ਬੁਝਾਈ"** ਦੀ ਵਿਚਾਰਧਾਰਾ ਵੀ ਗਲਤ ਹੋ ਜਾਂਦੀ ਹੈ। ਜਪੁ ਸਾਹਿਬ ਵਿੱਚ ਆਏ ਇਸ ਵਿਚਾਰਧਾਰਾ ਦੇ ਗਲਤ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਿਰਾਜਮਾਨ ਮਹਾਂਪੁਰਸ਼ਾਂ ਨੂੰ ਹਰ ਹਾਲਤ ਵਿੱਚ ਗੁਰੂ ਮੰਨਣਾ ਹੀ ਪਵੇਗਾ।

**ਸੋਰਠਿ ਮਹਲਾ ੩॥**

**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥**
**ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥**

(1) ਓਹੀ—16 (ਪੰਨਾ—133)



**ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ॥**
**ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ॥**
**ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ॥**
**ਨਾਨਕ ਸਾਚੁ ਸਲਾਹੀਐ ਧੰਨੁ ਸਵਾਰਣਹਾਰ॥੨॥** (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 646)

ਹੁਣ ਗੁਰੂ ਅਮਰਦਾਸ ਜੀ ਦੇ ਕਥਨ ਨੂੰ ਵਿਚਾਰਦੇ ਹਾਂ:-

"ਸਾਰੀ ਬਾਣੀ ਵਿੱਚ '**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ**' ਦਾ ਸਿਧਾਂਤ ਕੰਮ ਕਰਦਾ ਹੈ। ਗੁਰਬਾਣੀ ਖਜ਼ਾਨੇ ਵਿੱਚ ਕਿਸੇ ਅੰਗ ਦਾ ਮਹੱਤਵ ਘੱਟ ਤੇ ਦੂਜੇ ਦਾ ਵੱਧ ਨਹੀਂ। ਸਾਰੀ ਗੁਰਬਾਣੀ ਦਾ ਵਿਚਾਰ ਆਧਾਰ, ਸੇਧ ਅਤੇ ਮਨੋਰਥ ਇਕੋ ਹੀ ਹੈ, ਕਿਧਰੇ ਕੋਈ ਸਵੈ-ਵਿਰੋਧ ਨਹੀਂ।"[1]

ਸੋ ਸਪੱਸ਼ਟ ਹੈ ਕਿ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿੱਚ **"ਇਕਾ ਬਾਣੀ"** ਹੈ ਭਾਵ ਸਮੁੱਚੀ ਗੁਰਬਾਣੀ 'ਇੱਕ' ਹੀ ਹੈ ਅਤੇ ਇਸ ਗੁਰਬਾਣੀ ਦਾ ਕਰਤਾ 'ਇਕੁ ਗੁਰੂ' ਭਾਵ ਬ੍ਰਹਮ-ਗੁਰੂ ਹੈ। ਇਸ ਕਰਕੇ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ '**ਧੁਰ ਕੀ ਬਾਣੀ**' ਕਿਹਾ ਗਿਆ ਹੈ। ਇਸ ਬ੍ਰਹਮ-ਗੁਰੂ ਦੀ '**ਇਕੋ ਸਬਦੁ ਵਿਚਾਰਿ**" ਭਾਵ ਇਕੋ ਹੀ ਵਿਚਰਧਾਰਾ ਹੈ, ਕਿਧਰੇ ਕੋਈ ਸਵੈ-ਵਿਰੋਧ ਨਹੀਂ ਹੈ।

ਇਸ ਚਰਚਾ ਤੋਂ ਹੇਠ ਲਿਖੇ ਸਿੱਟੇ ਪ੍ਰਾਪਤ ਹੁੰਦੇ ਹਨ:

1. ਸਮੁੱਚੀ ਗੁਰਬਾਣੀ ਇੱਕ ਹੀ ਹੈ।
2. ਇਸ ਬਾਣੀ ਦਾ ਕਰਤਾ ਬ੍ਰਹਮ ਗੁਰੂ ਹੈ।
3. ਸਮੁੱਚੀ ਗੁਰਬਾਣੀ ਦੀ ਵਿਚਾਰਧਾਰਾ ਇੱਕ ਹੀ ਹੈ।

ਉਪਰੋਕਤ ਚਰਚਾ ਤੋਂ ਹੋਰ ਸਿੱਟਾ ਦ੍ਰਿੜ ਹੋ ਜਾਂਦੇ ਹਨ:-

1. ਸਾਰੀ ਗੁਰਬਾਣੀ, ਬ੍ਰਹਮ-ਗੁਰੂ ਦੀ ਰਚਨਾ ਹੋਣ ਕਰਕੇ ਇਸ ਗੁਰਬਾਣੀ ਦੇ ਦੇਹਧਾਰੀ ਕਰਤਾ, ਬ੍ਰਹਮ-ਗੁਰੂ ਦੇ ਭਗਤ ਹਨ।
2. ਬ੍ਰਹਮ-ਗੁਰੂ ਦੇ ਭਗਤ ਹੋਣ ਕਰਕੇ, ਸਾਰੇ ਭਗਤ "ਗੁਰੂ-ਭਾਈ" ਹਨ।

ਇਸ ਤਰ੍ਹਾਂ ਦ੍ਰਿੜ ਹੋ ਗਿਆ ਹੈ ਕਿ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿੱਚ ਵਿਰਾਜਮਾਨ ਸਾਰੇ ਹੀ ਮਹਾਂਪੁਰਸ਼ ਬ੍ਰਹਮ-ਗੁਰੂ ਦੇ ਭਗਤ ਹੋਣ ਕਰਕੇ ਗੁਰ-ਭਾਈ ਹਨ। ਗੁਰ ਭਾਈ ਹੋਣ ਕਰਕੇ ਸਾਰੇ ਹੀ ਗੁਰੂ ਹਨ। ਕੋਈ ਛੋਟਾ ਨਹੀਂ ਕੋਈ ਵੱਡਾ ਨਹੀਂ ਸਭ ਬਰਾਬਰ ਹਨ। ਕਿਸੇ ਦਾ ਘੱਟ ਮਹੱਤਵ ਨਹੀਂ ਅਤੇ ਨਾ ਹੀ ਕਿਸੇ ਦਾ ਮਹੱਤਵ ਵੱਧ ਹੈ। ਸਭ ਦਾ ਮਹੱਤਵ ਇੱਕੋ ਜਿਹਾ ਹੈ।

ਐਨੇ ਠੋਸ ਅਤੇ ਪ੍ਰਮਾਣਿਕ ਸਬੂਤ ਹੁੰਦਿਆਂ ਹੋਇਆਂ ਵੀ ਲੋਕ, ਖਾਸ ਕਰਕੇ ਸਿੱਖ ਜਗਤ ਦੇ ਵਿਦਵਾਨ ਗੁਰੂ ਰਵਿਦਾਸ ਜੀ ਨੂੰ 'ਗੁਰੂ' ਮੰਨਣਾ ਤਾਂ ਇਕ ਪਾਸੇ ਰਿਹਾ, ਉਹ ਗੁਰੂ ਲਿਖਣ ਲਈ ਵੀ ਤਿਆਰ ਨਹੀਂ ਹਨ।

ਕੀ ਗੁਰੂ ਰਵਿਦਾਸ ਜੀ ਨੂੰ ਕਿਸੇ ਨੇ ਵੀ ਰਹੁ ਰੀਤਾਂ ਨਾਲ 'ਗੁਰੂ' ਧਾਰਨ ਕਰਕੇ ਉਨ੍ਹਾਂ ਦੀ

(1) ਗੁਰਮਤਿ ਪ੍ਰਕਾਸ਼—ਜੂਨ-2000 (ਪੰਨਾ-78)

ਪੂਜਾ ਨਹੀਂ ਕੀਤੀ? ਕੀ ਗੁਰੂ ਜੀ ਨੇ ਆਪਣੀ ਬਾਣੀ ਰਾਹੀਂ ਉਪਦੇਸ਼ ਦੇ ਕੇ ਲੋਕਾਂ ਨੂੰ ਚੁਰਾਸੀ ਦੇ ਚੱਕਰ ਤੋਂ ਮੁਕਤ ਨਹੀਂ ਕੀਤਾ? ਗੁਰੂ ਰਵਿਦਾਸ ਜੀ ਨੂੰ ਰਹੁ ਰੀਤਾਂ ਨਾਲ ਰਾਣੀ ਝਾਲੀ ਬਾਈ, ਮੀਰਾਂ ਬਾਈ, ਰਾਜਾ ਰਾਣਾ, ਕੁੰਭਾ, ਰੀਵਾ-ਨਰੇਸ਼ ਵੀਰ ਸਿੰਘ ਦੇਵ ਬਘੇਲਾ ਅਤੇ ਅਨੇਕਾਂ ਹੋਰ ਨੇ ਉਨ੍ਹਾਂ ਨੂੰ 'ਗੁਰੂ' ਧਾਰ ਕੇ ਪੂਜਿਆ ਅਤੇ ਆਪਣਾ ਜਨਮ ਸਫ਼ਲ ਕੀਤਾ। ਇਸ ਤੱਥ ਦੀ ਗਵਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਪਲੱਬਧ ਹੈ ਕਿ ਅਣਗਿਣਤ ਬ੍ਰਾਹਮਣਾਂ, ਖੱਤਰੀਆਂ, ਵੈਸ਼ਾਂ ਅਤੇ ਸ਼ੂਦਰਾਂ ਨੇ ਗੁਰੂ ਰਵਿਦਾਸ ਜੀ ਨੂੰ ਪੂਰਨ ਧਾਰਮਿਕ ਰਹੁ-ਰੀਤਾਂ ਅਤੇ ਪੂਰੇ ਸਨਮਾਨਾਂ ਨਾਲ ਗੁਰੂ ਧਾਰਨ ਕੀਤਾ ਹੈ ਅਤੇ ਧੰਨ ਹੋ ਗਏ:

(ੳ) **ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**[1] **(ਰਾਗ ਮਲਾਰ- ਗੁਰੂ ਰਵਿਦਾਸ)**

(ਅ) **ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ**
**ਤਿਨ ਤਨੈ ਰਵਿਦਾਸ ਦਾਸਾਨ ਦਾਸਾ॥**[2] **(ਰਾਮ ਮਲਾਰ-ਗੁਰੂ ਰਵਿਦਾਸ)**

ਗੁਰੂ ਰਾਮਦਾਸ ਜੀ ਦੀ ਗਵਾਹੀ ਇਸ ਦੀ ਪ੍ਰੋੜ੍ਹਤਾ ਕਰਦੀ ਹੈ :

**ਰਵਿਦਾਸੁ ਚਮਾਰੁ ਉਸਤਤਿ ਕਰੇ**
**ਹਰਿ ਕੀਰਤਿ ਨਿਮਖ ਇਕ ਗਾਇ॥**
**ਪਤਿਤ ਜਾਤਿ ਉਤਮੁ ਭਇਆ**
**ਚਾਰਿ ਵਰਨ ਪਏ ਪਗਿ ਆਇ॥੨॥**[3] **(ਸੂਹੀ ਮ : ੪)**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ** 733)

ਰਾਣੀ ਮੀਰਾ ਬਾਈ ਦੀ ਆਪਣੀ ਬਾਣੀ ਹੀ ਗੁਰੂ ਰਵਿਦਾਸ ਨੂੰ ਉਨ੍ਹਾਂ ਦਾ 'ਗੁਰੂ' ਹੋਣਾ ਪਰਮਾਣਿਤ ਕਰਦੀ ਹੈ:

**"ਮੀਰਾ ਨੇ ਗੋਬਿੰਦ ਮਿਲਿਆ ਜੀ**
**ਗੁਰੂ ਮਿਲਿਆ ਰੈਦਾਸ।"**[4]

ਸੋ ਗੁਰੂ ਰਵਿਦਾਸ ਜੀ ਨੂੰ ਪੂਰੇ ਸਨਮਾਨਾਂ ਨਾਲ 'ਗੁਰੂ' ਦੇ ਤੌਰ 'ਤੇ ਪੂਜਿਆ ਗਿਆ। ਗੁਰੂ ਰਵਿਦਾਸ ਜੀ ਦੀ ਆਪਣੀ ਗਵਾਹੀ ਅਤੇ ਗੁਰੂ ਰਾਮਦਾਸ ਜੀ ਦੀ ਇਸ ਗਵਾਹੀ ਦੀ ਪ੍ਰੋੜ੍ਹਤਾ ਦੇ ਹੁੰਦਿਆਂ ਹੋਇਆਂ ਵੀ ਸਿੱਖ-ਜਗਤ ਕਿਉਂ ਗੁਰੂ ਨਹੀਂ ਕਹਿੰਦਾ ਅਤੇ ਲਿਖਦਾ?

ਕਈ ਵਿਦਵਾਨਾਂ ਦਾ ਖਿਆਲ ਹੈ ਕਿ ਭਗਤੀ ਲਹਿਰ ਦੇ ਮੋਢੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 'ਭਗਤ ਲਿਖਿਆ ਗਿਆ ਹੈ, ਇਸ ਕਰਕੇ ਲੋਕ ਅਤੇ ਲੇਖਕ ਉਨ੍ਹਾਂ ਨੂੰ ਭਗਤ ਹੀ ਕਹਿੰਦੇ ਅਤੇ ਲਿਖਦੇ ਹਨ। (ਭਗਤਾ ਕੀ ਬਾਣੀ ਕਿਉਂ ਲਿਖਿਆ ਗਿਆ, ਇਸ ਬਾਰੇ ਅਗਲੇ ਅਧਿਆਏ ਵਿਚ ਪੜ੍ਹੋ)। ਇਹ ਸਰਾਸਰ ਗਲਤ ਹੈ ਕਿ ਕੇਵਲ ਭਗਤੀ ਲਹਿਰ ਦੇ ਮੋਢੀਆਂ ਨੂੰ ਲੋਕਾਂ ਨੇ ਭਗਤ ਕਿਹਾ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਲੋਕਾਂ ਨੇ ਭਗਤ

(1) ਆਦਿ ਗ੍ਰੰਥ—1293 (2) ਓਹੀ—1293
(3) ਓਹੀ—733 (4) ਮੀਰਾ ਪਦਾਵਲੀ—4



ਕਿਹਾ ਹੈ। ਇਸ ਦਾ ਅਰਥ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ "ਭਗਤ" ਲਿਖਣ ਵਾਲੀ ਗੱਲ ਨੂੰ ਉਨ੍ਹਾਂ ਵਿਦਵਾਨਾਂ ਅਤੇ ਜ਼ਾਤ ਪਾਤ ਨੂੰ ਮੰਨਣ ਵਾਲਿਆਂ ਨੇ ਪ੍ਰਚਾਰਿਆ ਹੈ ਜਿਹੜੇ ਸ਼ੂਦਰਾਂ ਨੂੰ ਨਫਰਤ ਕਰਦੇ ਸਨ। ਦੂਜੇ, ਪਹਿਲਾਂ-ਪਹਿਲਾਂ ਆਮ ਲੋਕ ਸਭ ਨੂੰ ਹੀ ਭਗਤ ਕਹਿੰਦੇ ਸਨ। ਜਿਹੜੇ ਲੋਕ ਗੁਰੂ ਧਾਰ ਲੈਂਦੇ ਸਨ, ਉਹੋ ਹੀ ਗੁਰੂ ਕਹਿੰਦੇ ਸਨ। ਬਹੁਤੀ ਵਾਰ ਉਹ ਵੀ "ਭਗਤ ਜੀ" ਦੇ ਉਚਾਰਣ ਨਾਲ ਹੀ ਨਿਵਾਜਦੇ ਸਨ। ਗੁਰੂ ਰਵਿਦਾਸ ਜੀ ਬਾਰੇ ਅਸੀਂ ਵਿਚਾਰਿਆ ਹੈ ਕਿ ਰਾਣੀ ਮੀਰਾਂ ਬਾਈ ਨੇ ਉਨ੍ਹਾਂ ਨੂੰ ਗੁਰੂ ਤੇ ਤੌਰ 'ਤੇ ਪੂਜਿਆ ਹੈ ਅਤੇ ਉਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਅੰਗਦ ਦੇਵ ਜੀ ਨੇ। ਪਰ ਆਮ ਲੋਕ ਦੋਹਾਂ ਮਹਾਂਪੁਰਸ਼ਾਂ ਨੂੰ 'ਭਗਤ' ਹੀ ਕਹਿੰਦੇ ਸਨ। ਗੁਰੂ ਰਵਿਦਾਸ ਜੀ ਨੂੰ ਖਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ-ਲੇਵਾ ਉਨ੍ਹਾਂ ਨੂੰ ਜਾਣ ਬੁੱਝ ਕੇ ਭਗਤ ਕਹਿੰਦੇ ਅਤੇ ਲਿਖਦੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਕਿਧਰੇ ਭਗਤ ਕਿਹਾ ਅਤੇ ਲਿਖਿਆ ਹੈ? ਜਨਮ ਸਾਖੀਆਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਬਾਬਾ', 'ਤਪਾ', ਆਦਿ ਕਿਹਾ ਗਿਆ ਹੈ।

ਧਾਰਮਕ ਖੇਤਰ ਨੂੰ ਛੱਡਕੇ ਲੋਕਾਂ ਦੀਆਂ ਭਾਵਨਾਵਾਂ ਵਿੱਚ ਜੇ ਕਿਧਰੇ ਸੱਚ ਪ੍ਰਗਟ ਹੁੰਦਾ ਹੈ, ਤਾਂ ਕੇਵਲ ਲੋਕ-ਗੀਤਾਂ ਵਿੱਚ। ਲੋਕ-ਗੀਤਾਂ ਵਿੱਚ ਸਮਾਜ ਵਿੱਚ ਚਲ ਰਹੀਆਂ ਲਹਿਰਾਂ ਦਾ ਜ਼ਿਕਰ ਕੁਦਰਤੀ ਹੀ ਆਪ ਮੁਹਾਰੇ ਆ ਪਰਵੇਸ਼ਦਾ ਹੈ। ਲੋਕ-ਗੀਤ ਜਨ-ਸਮੂਹ ਦੀ ਕਿਰਤ ਹੁੰਦੇ ਹਨ। ਕੋਈ ਵੀ ਲੋਕ-ਗੀਤ ਮਿਹਨਤ ਕਰਕੇ ਜਾਂ ਕੋਸ਼ਿਸ਼ ਕਰਕੇ ਨਹੀਂ ਲਿਖਿਆ ਹੁੰਦਾ। ਇਹ ਤਾਂ ਸਮਾਜ ਦੇ ਰਚੇ ਹੋਏ, ਸਮਾਜ ਦੀ ਹੀ ਆਵਾਜ਼ ਨੂੰ ਰੂਪਮਾਨ ਕਰਦੇ ਹਨ। ਇਨ੍ਹਾਂ ਰਾਹੀਂ ਸਮੁੱਚੇ ਸਮਾਜ ਵਿੱਚ ਆਪ-ਮੁਹਾਰੇ ਹੀ ਫੁਟ ਨਿਕਲਦਾ ਹੈ। ਇਸ ਕਰਕੇ ਇਸ ਨੂੰ ਸਭਿਆਚਾਰ ਦਾ ਸੱਚਾ ਅਤੇ ਸੁੱਚਾ ਸਰਮਾਇਆ ਕਿਹਾ ਜਾਂਦਾ ਹੈ। ਇਸ ਨੂੰ ਰਾਜ ਪਲਟਾ ਜਾਂ ਹੇਰਾ ਫੇਰੀ-ਤੋੜ ਨਹੀਂ ਸਕਦੇ।[1] ਇਨ੍ਹਾਂ ਲੋਕ-ਗੀਤਾਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜ਼ਿਕਰ 'ਭਗਤ' ਦੇ ਤੌਰ 'ਤੇ ਆਇਆ ਹੈ:

**"... ਬਾਬੇ ਨਾਨਕ ਜੇਡਾ ਭਗਤ ਨਾ ਕੋਈ,**
**ਜਿਨ ਹਰਿ ਕਾ ਨਾਮ ਪਛਾਤਾ।**
**ਦੁਨੀਆਂ ਮਾਣ ਕਰਦੀ ਰੱਬ ਸਭਨਾਂ ਦਾ ਦਾਤਾ।**
**ਦੁਨੀਆਂ ਮਾਣ ਕਰਦੀ...॥"**[2]

ਸਪੱਸ਼ਟ ਹੈ ਕਿ ਸਮੂਹ ਸਮਾਜ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ "ਭਗਤ" ਕਹਿਕੇ ਸਨਮਾਨਦਾ ਰਿਹਾ ਹੈ। ਲੋਕ-ਗੀਤਾਂ ਨੇ ਇਸ ਵਿੱਚ ਕੋਈ ਸ਼ੱਕ ਨਹੀਂ ਰਹਿਣ ਦਿੱਤਾ। ਵਿਦਵਾਨਾਂ ਦੀ ਇਹ ਧਾਰਣਾ ਵੀ ਗਲਤ ਸਿੱਧ ਹੋ ਗਈ ਕਿ ਰਿਵਾਜਨ ਹੀ ਗੁਰੂ ਰਵਿਦਾਸ ਨੂੰ ਭਗਤ ਲਿਖਿਆ

(1) ਆਧੁਨਿਕ ਗੱਦ ਰਤਨਾਕਰ ਸੰਪਾਦਕ ਪ੍ਰਿਤਪਾਲ ਸਿੰਘ ਲੇਖਕਾਰ—ਪ੍ਰਿੰਸੀਪਲ ਤੇਜਾ ਸਿੰਘ—39
(2) ਪੁਰਾਣਾ ਮਾਖਿਉ-ਸੰਪਾਦਕ ਡਾ. ਹਰਨਾਮ ਸਿੰਘ
ਸ਼ਾਨ-ਸਾਬਕਾ ਚੇਅਰਮੈਨ, ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਜਾਣ ਲੱਗ ਪਿਆ। ਫਿਰ ਕੀ ਕਾਰਣ ਹੈ? ਕਿ ਗੁਰੂ ਰਵਿਦਾਸ ਜੀ ਨੂੰ ਭਗਤ ਲਿਖਿਆ ਜਾਣ ਲੱਗ ਪਿਆ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਗੁਰੂ। ਜਦਕਿ ਗੁਰੂ ਰਵਿਦਾਸ ਜੀ ਹਰ ਪੱਖੋਂ ਹੀ ਗੁਰੂ ਸਿੱਧ ਹੁੰਦੇ ਹਨ। ਇਸ ਦਾ ਕਾਰਣ ਕੇਵਲ ਨਫ਼ਰਤ ਅਤੇ ਪੱਖਪਾਤੀ ਭਾਵਨਾਂ ਹੀ ਹੈ।

ਪੰਜਾਬ ਦੇ (ਸਿੱਖ) ਗੁਰੂ ਸਾਹਿਬਾਨ ਨੇ ਪੰਜਾਬ ਤੋਂ ਬਾਹਰਲੇ ਗੁਰੂ ਸਾਹਿਬਾਨ ਜਿਹੜੇ ਲਗਭਗ ਸਾਰੇ ਹੀ ਸ਼ੂਦਰ ਸਨ ਦੀ ਬਾਣੀ ਨੂੰ ਪਿਆਰਿਆ, ਸਤਿਕਾਰਿਆ ਅਤੇ ਇਸ ਰਾਹੀਂ ਸੰਗਤਾਂ ਨੂੰ ਉਪਦੇਸ਼ ਵੀ ਦਿੱਤਾ। ਜਿੱਥੇ ਪੰਜਾਬ ਦੇ ਗੁਰੂ ਸਾਹਿਬਾਨ ਨੇ, ਪੰਜਾਬ ਤੋਂ ਬਾਹਰਲੇ ਗੁਰੂ ਸਾਹਿਬਾਨ ਨੂੰ ਬਰਾਬਰ ਦਾ ਦਰਜਾ ਦੇ ਕੇ ਮਨੁੱਖਤਾ ਨੂੰ ਪਿਆਰਨ ਦਾ ਸਬੂਤ ਦਿੱਤਾ ਹੈ, ਉੱਥੇ ਉਨ੍ਹਾਂ ਦੇ ਪੈਰੋਕਾਰਾਂ ਨੇ ਮਨੁੱਖਤਾ ਦੇ ਟੁਕੜੇ ਕਰ ਮਨੂਵਾਦ ਨੂੰ ਮੁੜ ਸੁਰਜੀਤ ਕਰ ਦਿੱਤਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਜਦੋਂ 'ਭਗਤਾਂ' ਦੀ ਬਾਣੀ ਆਦਿ ਗ੍ਰੰਥ ਵਿੱਚ ਚੜ੍ਹਵਾਉਣ ਲੱਗੇ ਤਾਂ ਭਾਈ ਗੁਰਦਾਸ ਨੇ ਇਤਰਾਜ਼ ਕੀਤਾ ਕਿ "ਭਗਤ ਆਏ ਤਾਂ ਕੋਈ ਨਹੀਂ ਹਨ।" ਭਾਈ ਗੁਰਦਾਸ ਦੇ ਮਨ ਵਿੱਚ ਭਗਤਾਂ ਦੀ ਮਹਾਨਤਾ ਬਾਰੇ ਸ਼ੰਕਾ ਉਤਪੰਨ ਹੋ ਗਿਆ ਸੀ। ਸ੍ਰੀ ਗੁਰੂ ਅਰਜਨ ਦੇਣ ਜੀ ਜਾਣੀ ਜਾਣ ਸਨ, ਇਸ ਗੱਲ ਨੂੰ ਭਾਂਪ ਗਏ। ਇਸ ਲਈ ਉਨ੍ਹਾਂ ਨੇ ਭਾਈ ਗੁਰਦਾਸ ਨੂੰ ਭਗਤਾਂ ਦੇ ਦਰਸ਼ਨ ਕਰਵਾਕੇ, ਭਗਤਾਂ ਦੀ ਮਹਾਨਤਾ ਦਾ ਅਹਿਸਾਸ ਕਰਵਾਇਆ ਅਤੇ ਸ਼ੰਕਾ ਦੂਰ ਕੀਤਾ ਅਤੇ ਬਾਣੀ ਲਿਖਾਉਣੀ ਸ਼ੁਰੂ ਕੀਤੀ।[1] ਹੁਣ ਭਾਈ ਗੁਰਦਾਸ ਦੀ ਦੋ ਮਹਾਂਪੁਰਸ਼ਾਂ ਪ੍ਰਤੀ ਸਤਿਕਾਰ ਦੀ ਭਾਵਨਾ ਨੂੰ ਵਿਚਾਰੋ:

**"ਸਤਿਗੁਰ ਨਾਨਕ ਪ੍ਰਗਟਿਆ**
**ਮਿਟੀ ਧੁੰਦ ਜਗ ਚਾਨਣ ਹੋਆ।"**

ਭਾਈ ਗੁਰਦਾਸ ਦੇ ਮਨ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਲਈ ਸਤਿਕਾਰ ਅਤੇ ਪਿਆਰ ਦੀ ਕੋਈ ਹੱਦ ਨਹੀਂ ਹੈ। ਪਰ ਜਦੋਂ ਗੁਰੂ ਰਵਿਦਾਸ ਜੀ ਬਾਰੇ ਲਿਖਦੇ ਹਨ ਤਾਂ ਦਿਖਾਵੇ ਦਾ ਸਤਿਕਾਰ ਹੀ ਮਹਿਸੂਸ ਹੁੰਦਾ ਹੈ:

**"ਭਗਤੁ ਭਗਤੁ ਜਗਿ ਵਜਿਆ**
**ਚਹੁੰ ਚਕਾਂ ਦੇ ਵਿਚ ਚਮਿਰੇਟਾ॥"**

ਦੋਹਾਂ ਮਹਾਂ ਪੁਰਸ਼ਾਂ ਬਾਰੇ ਕਥਨ ਕਰਨ ਵੇਲੇ ਐਨੀ ਭਿੰਨਤਾ ਕਿਉਂ? ਕੀ ਗੁਰੂ ਰਵਿਦਾਸ ਜੀ ਦੇ ਸਤਿਕਾਰ ਲਈ ਇਹੋ ਹੀ ਸਭ ਤੋਂ ਵਧੀਆ ਢੰਗ ਰਹਿ ਗਿਆ ਸੀ? ਵਿਦਵਾਨ ਕਹਿਣਗੇ ਕਿ ਇਹ ਤਾਂ ਭਗਤ ਦੀ ਉਸਤਤ ਕੀਤੀ ਹੈ। ਅਸੀਂ ਇਸ ਨਾਲ ਸਹਿਮਤ ਨਹੀਂ ਹਾਂ। ਗੁਰੂ ਰਵਿਦਾਸ ਜੀ ਦਾ ਦਰਜਾ ਗੁਰੂ ਨਾਨਕ ਦੇਵ ਜੀ ਦੇ ਬਰਾਬਰ ਹੈ, ਫਿਰ ਦੋਹਾਂ ਮਹਾਂਪੁਰਸ਼ਾਂ ਦੀ ਉਸਤਤ ਕਰਨ ਵਿੱਚ ਅੰਤਰ ਕਿਉਂ? ਗੁਰੂ ਰਵਿਦਾਸ ਜੀ ਦੇ ਨਾਮ ਨਾਲ ਗੁਰੂ ਦੀ ਥਾਂ ਭਗਤ ਸ਼ਬਦ ਵਰਤਣ ਦਾ ਹੱਕ ਨਹੀਂ ਰੱਖਦੇ। ਇਹ ਹੱਕ ਤਾਂ, ਤਾਂ ਮਿਲਦਾ, ਜੇਕਰ ਉਨ੍ਹਾਂ ਦੀ ਬਾਣੀ ਵੀ ਆਦਿ ਗ੍ਰੰਥ ਵਿੱਚ ਦਰਜ ਹੁੰਦੀ। (ਇਸ ਦੀ ਹੋਰ ਵਿਆਖਿਆ ਅਗਲੇ

(1) ਭਗਤ-ਬਾਣੀ ਸਟੀਕ (ਪਹਿਲਾ ਭਾਗ) ਕਰਤਾ ਗਿਆਨੀ ਕ੍ਰਿਪਾਲ ਸਿੰਘ ਜੀ ਮਹੰਤ—38



ਅਧਿਆਏ ਵਿੱਚ ਕੀਤੀ ਜਾਵੇਗੀ।) ਜੋ ਅਸੀਂ ਕੁਝ ਛਿਣ ਲਈ ਵਿਦਵਾਨਾਂ ਨਾਲ ਸਹਿਮਤ ਹੋ ਜਾਈਏ, ਤਾਂ ਪ੍ਰਸ਼ਨ ਉੱਠਦਾ ਹੈ ਕਿ ਇਹੋ ਤਰੀਕਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤ ਕਰਨ ਵੇਲੇ ਕਿਉਂ ਨਾ ਵਰਤਿਆ ਗਿਆ? ਕਾਰਣ ਇਹ ਹੈ ਕਿ ਗੁਰੂ ਰਵਿਦਾਸ ਚਮਾਰ ਸਨ। ਇਸ ਲਈ ਭਾਈ ਗੁਰਦਾਸ ਬੌਧਿਕ ਤੌਰ 'ਤੇ ਤਾਂ ਗੁਰੂ ਰਵਿਦਾਸ ਜੀ ਦੇ ਕਾਇਲ ਸਨ, ਪਰ ਮਾਨਸਕ ਤੌਰ 'ਤੇ ਉਹ ਆਪਣੇ ਆਪ ਨਾਲ ਸਮਝੌਤਾ ਕਰਨ ਵਿੱਚ ਅਸਮਰਥ ਰਹੇ। ਬਿਲਕੁਲ ਹੂ-ਬ-ਹੂ ਇਹੋ ਅਵੱਸਥਾ ਅੱਜ ਦੇ ਸਿੱਖ ਜਗਤ ਦੀ ਹੈ।

ਇਸ ਪਿੱਛੋਂ ਦੂਜੇ ਮਹਾਨ ਵਿਦਵਾਨ ਡਾ. ਭਾਈ ਵੀਰ ਸਿੰਘ ਆਉਂਦੇ ਹਨ। ਵਿਦਵਾਨ ਤਾਂ ਉਹ ਹਨ, ਪਰ ਨਿਰਪੱਖ ਨਹੀਂ। ਉਹ ਨਿਰਪੱਖ ਹੋ ਵੀ ਨਹੀਂ ਸਨ ਸਕਦੇ ਕਿਉਂਕਿ ਉਹ ਗੁਰੂ ਘਰ ਦੇ ਕੱਟੜ ਸ਼ਰਧਾਲੂ ਸਨ। 'ਗੱਦੀ' ਮਿਲਣ ਬਾਰੇ, ਉਹ ਲਿਖਦੇ ਹਨ:

"ਉਧਰ ਗੜ੍ਹੀ ਵਿੱਚ ਸਿੰਘਾਂ ਨੇ ਗੁਰਮਤਾ ਕਰਕੇ ਭਾਈ ਸੰਤ ਸਿੰਘ ਨੂੰ ਗੁਰੂ ਕੀ ਥਾਵੇਂ ਜਥੇਦਾਰ..."[1]

ਪਰ ਭਾਈ ਵੀਰ ਸਿੰਘ ਨੇ ਭਾਈ ਸੰਗਤ ਸਿੰਘ ਜਿਹੜਾ ਸ਼ੂਦਰ ਸੀ, ਉਸ ਬਾਰੇ ਨਹੀਂ ਲਿਖਿਆ। ਜਦਕਿ ਭਾਈ ਸੰਤ ਸਿੰਘ ਦਾ ਸ੍ਰੋਤ ਵੀ ਉਹੋ ਹੀ ਹੈ ਅਤੇ ਭਾਈ ਸੰਗਤ ਸਿੰਘ ਦਾ ਵੀ ਉਹੋ ਹੀ ਹੈ। ਪਰ ਉਹ ਭਾਈ ਸੰਗਤ ਸਿੰਘ ਬਾਰੇ ਫੁੱਟ ਨੋਟ ਵਿੱਚ ਲਿਖਦੇ ਹਨ।

"(ਸੂ:ਪ੍ਰ:) ਪਰ ਗੁ: ਬਿ: (ਸ: ਸਿੰਘ) ਵਿੱਚ ਭਾਈ ਸੰਗਤ ਸਿੰਘ ਜੀ ਨੂੰ ਗੱਦੀ ਦਿੱਤੀ ਲਿਖਿਆ ਹੈ। ਗੁਰ ਪ੍ਰਤਾਪ ਸੂਰਜ ਦੇ ਇੱਕ ਪੁਰਾਤਨ ਛਾਪੇ ਦੇ ਨੁਸਖੇ ਵਿੱਚ ਇਸ ਥਾਵੇਂ ਇਕ ਟੂਕ ਭਾਈ ਸੰਤ ਸਿੰਘ ਜੀ ਸਬੰਧੀ ਹੇਠਾਂ ਦਿੱਤੀ ਹੋਈ ਹੈ: "ਸੰਤ ਸਿੰਘ ਅਰੋੜਾ ਮਾਝੇ ਦੇਸ ਪੱਟੀ ਨਗਰ ਦਾ ਨਿਵਾਸੀ ਸੀ। ਇਸ ਦੇ ਪੁਤ੍ਰ ਹਾੜਾ ਸਿੰਘ ਨੂੰ ਹੁਕਮਨਾਮਾ ਬਖਸ਼ਿਸ਼ ਹੋਇਆ, ਜੋ ਹੁਣ ਤੱਕ ਤਿਸਦੀ ਸੰਤਾਨ ਪਾਸ ਹੈ।" ਹੋਰ ਖੋਜ ਇਸ ਸਬੰਧੀ ਇਹ ਹੈ ਕਿ ਹਾੜਾ ਸਿਘ ਪਸ਼ੌਰ ਜਾ ਵਸਿਆ ਸੀ, ਉਥੇ ਇਹ ਹੁਕਮਨਾਮਾ ਹੈ, ਜੋ ਹੁਣ ਮਾਈ ਬੁਤਕੀ ਪਾਸ ਹੈ, ਘਰ ਉਤਮ ਸਿੰਘ ਦਾ ਹੈ ਕੂਚਾ ਭਾਈਆਂ, ਮਹਲਾ ਗੰਜ। ਅਸਾਂ ਨੇ ਇਸ ਹੁਕਮ ਨਾਮੇ ਦੇ ਦਰਸ਼ਨ ਕੀਤੇ ਹਨ, ਇਸ ਤੋਂ ਪਤਾ ਭਾਈ ਸੰਤ ਸਿੰਘ ਜੀ ਦਾ ਹੀ ਚਲਦਾ ਹੈ..."[2]

ਭਾਈ ਵੀਰ ਸਿੰਘ ਦੇ ਉਪਰੋਕਤ ਫੁੱਟ ਨੋਟ ਤੋਂ ਦੋ ਸ੍ਰੋਤਾਂ ਦਾ ਪਤਾ ਲੱਗਦਾ ਹੈ:

(1) ਗੁਰ ਬਿਲਾਸ ਪਾਤਸ਼ਾਹੀ 10 ਕ੍ਰਿਤ ਸੁਖਾ ਸਿੰਘ। ਜਿਸ ਅਨੁਸਾਰ ਗੱਦੀ ਭਾਈ ਸੰਗਤ ਸਿੰਘ ਨੂੰ ਮਿਲੀ।

(2) ਸੰਤ ਸਿੰਘ ਦੇ ਪੁੱਤਰ ਹਾੜਾ ਸਿੰਘ ਨੂੰ ਹੁਕਮਨਾਮਾ ਪ੍ਰਾਪਤ ਹੋਇਆ।

ਦੋਹਾਂ ਸਰੋਤਾਂ ਵਿੱਚ ਹੀ ਭਾਈ ਵੀਰ ਸਿੰਘ ਨਿਰਪੱਖ ਨਹੀਂ ਰਹੇ। ਹੁਣ ਗੁਰ ਬਿਲਾਸ ਪਾਤਸ਼ਾਹੀ 10 ਕ੍ਰਿਤ ਭਾਈ ਕੁਇਰ ਸਿੰਘ ਤੇ ਚਰਚਾ ਕਰਦੇ ਹਾਂ, ਜਿਸ ਦਾ ਭਾਈ ਵੀਰ ਸਿੰਘ ਨੇ ਜ਼ਿਕਰ ਨਹੀਂ ਕੀਤਾ:

(1) ਸ੍ਰੀ ਕਲਗੀਧਰ ਚਮਤਕਾਰ-ਦੂਜਾ ਭਾਗ—ਭਾਈ ਵੀਰ ਸਿੰਘ—99
(2) ਓਹੀ—99

**"ਦੋਇ ਰਹੇ ਇਕ ਸੰਗਤ ਸਿੰਘਹਿ, ਤਾਇ ਕੇ ਪੇਖ ਕਹੀ ਗੁਰ ਬਾਨੀ॥**
**ਸੰਤਹਿ ਸਿੰਘ ਕੋ ਆਪ ਜੁਝਾਇ ਕੈ, ਬੋਲ ਲਿਯੋ ਜੁ ਬੰਗੇਸਰ ਮਾਨੀ॥**
**ਜੋਤ ਦਈ ਤਿਹ ਅਪਨੀ ਪੁਨਿ, ਦੀ ਕਲਗੀ ਔਰ ਜਿਗਾ ਸੁਖਦਾਨੀ॥**
**ਸੰਗਤ ਸਿੰਘ ਨਾਮ ਜਿਸੈ ਕਛੁ, ਤਾ ਬਪ ਹੈ ਕਰਿ ਸ੍ਰੀ ਗੁਰਸਾਨੀ॥ 29॥(160)**
**ਮੁਕਟ ਦਿਯੋ ਅਸ ਬੈਨ ਕਹੈ, "ਤੁਮ ਮੋ ਪਰਜਾਇ ਅਬੈ ਸੁਨ ਪਾਹੀ॥**
**ਮੈ ਪਛ ਆਵਹੁ ਕਾਮ ਰਹੈ ਕਛੁ", ਥਾਪ ਦਈ ਤਿਨ ਕੋ ਬਰ ਬਾਹੀ॥**
**ਆਪਨ ਆਸਨ ਤਾਹਿ ਬੈਠਾਇ ਕੈ, ਕੀਨ ਖੁਸ਼ੀ ਅਤਿਸੈ ਸੁਖ ਮਾਹੀ॥[1]**
**ਦ੍ਵੈ ਕਰ ਬਾਨ ਕਰੋ ਖਲ ਖੰਡਨ, ਜਾਵਤ ਹੈਂ ਹਮ ਮਾਲਵ ਤਾਹੀ॥30॥(161)**

**ਅਰਥ**:- ਦੋਏ ਬਚੇ ਹੋਏ ਯੋਧੇ– ਇਕ ਸੰਗਤ ਸਿੰਘ ਨੂੰ ਦੇਖਦੇ ਹੋਏ, ਭਾਈ ਸੰਤ ਸਿੰਘ ਨੂੰ ਯੁੱਧ ਕਰਨ ਦਾ ਹੁਕਮ ਦੇ ਕੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕੁਝ ਵੀ ਭਾਈ ਸੰਗਤ ਸਿੰਘ ਬੰਗੇਸਰ ਨੂੰ ਬਚਨ ਬੋਲੇ, ਉਹ ਉਸ ਨੇ ਸਿਰ ਮੱਥੇ ਪ੍ਰਵਾਨ ਕਰ ਲਏ। ਫਿਰ ਗੁਰੂ ਜੀ ਨੇ ਭਾਈ ਬੰਗੇਸਰ ਨੂੰ ਆਪਣੀ ਜੋਤਿ ਦੇ ਕੇ ਸੁੱਖਾਂ ਦਾ ਖਜ਼ਾਨਾ ਕਲਗੀ ਅਤੇ ਜਿਗ੍ਹਾ ਪਹਿਨਾਈ। ਜਿਸ ਦਾ ਨਾਮ ਸੰਗਤ ਸਿੰਘ ਹੈ ਉਸ ਨੂੰ ਜੋਤਿ ਭਰਪੂਰ ਸੁੰਦਰ ਸਰੀਰ ਪ੍ਰਦਾਨ ਕਰ, ਗੁਰੂ ਜੀ ਨੇ ਆਪਣੇ ਬਰਾਬਰ ਦਾ ਬਣਾ ਲਿਆ। ਫਿਰ ਮੁਕਟ ਸਜਾ ਕੇ ਗੁਰੂ ਜੀ ਨੇ ਇਹ ਪਵਿੱਤਰ ਬਚਨ ਬੋਲੇ, "ਤੁਸੀਂ ਇਸੇ ਵਕਤ ਜ਼ਰੂਰੀ ਹੀ ਮੇਰੀ ਗਲ ਸੁਣੋਂ, ਮੇਰੇ ਪਿੱਛੋਂ ਕੁਝ ਕੰਮ ਬਚੇ ਹੋਏ ਹਨ, ਉਨ੍ਹਾਂ ਨੂੰ ਪੂਰਾ ਕਰੋ।" ਇਹ ਬਚਨ ਉਚਾਰ ਕੇ ਗੁਰੂ ਜੀ ਨੇ ਉਸ ਨੂੰ ਥਾਪੜਾ ਦੇ ਕੇ ਆਪਣਾ ਬਾਹੂਬਲ ਪ੍ਰਦਾਨ ਕੀਤਾ। ਫਿਰ ਭਾਈ ਸੰਗਤ ਸਿੰਘ ਨੂੰ ਸਤਿਕਾਰ ਨਾਲ ਆਪਣੀ ਗੱਦੀ ਤੇ ਬੈਠਾ ਕੇ ਬਹੁਤ ਹੀ ਆਤਮਕ ਆਨੰਦ ਮਹਿਸੂਸ ਕੀਤਾ, ਅਥਾਹ ਖੁਸ਼ੀ ਕੀਤੀ ਅਤੇ ਹੁਕਮ ਕੀਤਾ ਕਿ ਦੋਹਾਂ ਹੱਥੀਂ ਤੀਰ ਵਰ੍ਹਾ ਕੇ ਪਾਪੀਆਂ ਦਾ, ਮੂਰਖਾਂ ਦਾ ਬੱਧ ਕਰੋ, ਅਸੀਂ ਮਾਲਵੇ ਵਲ ਜਾ ਰਹੇ ਹਾਂ।

ਗੁਰੂ ਨਾਨਕ ਨੇ ਜਿਹੜੀ ਜੋਤਿ ਭਾਈ ਲਹਿਣਾ ਅੰਦਰ ਜਗਾ ਕੇ ਗੁਰੂ ਅੰਗਦ ਬਣਾਇਆ। ਓਹੀ ਜੋਤਿ ਜਗਦੀ ਜਗਦੀ ਬਾਬਾ ਗੋਬਿੰਦ ਰਾਇ ਤੱਕ ਪਹੁੰਚਦੀ ਹੈ ਅਤੇ ਗੁਰੂ ਤੇਗ ਬਹਾਦਰ, ਬਾਬਾ ਗੋਬਿੰਦ ਰਾਇ ਅੰਦਰ ਜਗਾ ਕੇ, ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਬਣਾ ਦਿੰਦੇ ਹਨ। ਫਿਰ ਓਹੋ ਹੀ ਜੋਤਿ ਗੁਰੂ ਗੋਬਿੰਦ ਸਿੰਘ, ਭਾਈ ਸੰਗਤ ਸਿੰਘ ਅੰਦਰ ਜਗਾ ਕੇ ਉਸਨੂੰ ਗੁਰੂ ਸੰਗਤ ਸਿੰਘ ਬਣਾ ਦਿੰਦੇ ਹਨ। ਸੋ ਗੁਰੂ ਨਾਨਕ ਦੀ ਜੋਤਿ ਗੁਰੂ ਸੰਗਤ ਸਿੰਘ ਤੱਕ ਪਹੁੰਚਦੀ ਹੈ ਅਤੇ ਅੰਤ ਵਿਚ ਗੁਰੂ ਗ੍ਰੰਥ ਸਾਹਿਬ ਅੰਦਰ ਵਲੀਨ ਹੋ ਜਾਂਦੀ ਹੈ।

ਦੂਜੇ, ਗੁਰੂ ਗੋਬਿੰਦ ਸਿੰਘ ਨੇ ਗੁਰੂ ਸੰਗਤ ਸਿੰਘ ਨੂੰ ਥਾਪੜਾ ਦੇ ਕੇ ਆਪਣਾ ਬਾਹੂਬਲ ਪ੍ਰਦਾਨ ਕੀਤਾ।

ਤੀਜੇ, ਗੁਰੂ ਗੋਬਿੰਦ ਸਿੰਘ ਨੇ ਜਿਹੜੀ ਦੂਜੇ ਗੁਰੂਆਂ ਨਾਲੋਂ ਮਹਾਨ ਅਤੇ ਵਾਧੂ ਅਤੇ ਅਨੋਖੀ ਗੱਲ ਕੀਤੀ ਉਹ ਸੀ ਗੁਰੂ ਸੰਗਤ ਸਿੰਘ ਨੂੰ ਕਲਗੀ ਸਮੇਤ ਆਪਣੇ ਸਾਰੇ ਦੇ ਸਾਰੇ

(1) ਗੁਰ ਬਿਲਾਸ ਪਾਤਸ਼ਾਹੀ 10—205 ਕੁਇਰ ਸਿੰਘ



ਸ਼ਸਤਰ ਬਸਤਰ ਸਮੇਤ ਪੱਗ ਦੇ ਗੁਰੂ ਸੰਗਤ ਸਿੰਘ ਦੇ ਆਪਣੇ ਹੱਥੀਂ ਗੁਰੂ ਗੋਬਿੰਦ ਸਿੰਘ ਨੇ ਸਜਾਏ ਅਤੇ ਆਪਣੇ ਸਥਾਨ ਅਰਥਾਤ ਆਪਣੀ ਗੁਰਗੱਦੀ ਤੇ ਉਨ੍ਹਾਂ ਨੂੰ ਬੜੇ ਹੀ ਪ੍ਰੇਮ ਅਤੇ ਸਤਿਕਾਰ ਭਰਪੂਰ ਸਨਮਾਨ ਨਾਲ ਸੁਭਾਇਮਾਨ ਕਰਕੇ ਬਹੁਤ ਹੀ ਅਨੰਦ ਪ੍ਰਾਪਤ ਕੀਤਾ। ਇਨ੍ਹਾਂ ਤੱਥਾਂ ਤੋਂ ਦ੍ਰਿੜ੍ਹਤਾ ਨਾਲ ਪਰਪੱਕ ਹੋ ਗਿਆ ਹੈ ਕਿ ਹੁਣ ਗੁਰੂ ਸੰਗਤ ਸਿੰਘ ਗੁਰੂ ਗੋਬਿੰਦ ਸਿੰਘ ਦੇ ਬਰਾਬਰ ਦੇ ਬਣ ਗਏ। ਅਜਿਹਾ ਗੁਰੂ ਗੋਬਿੰਦ ਸਿੰਘ ਨੇ ਆਪਣੀ ਅਪਾਰ ਕ੍ਰਿਪਾ ਨਾਲ ਬਖਸ਼ਿਸ਼ ਕਰਕੇ ਹੀ ਕੀਤਾ ਹੈ।

ਸੋ ਇਹ ਗੁਰ ਬਿਲਾਸ ਪਾਤਸ਼ਾਹੀ 10 ਬਾਰੇ ਸੀ। ਹੁਣ ਹੁਕਮਨਾਮੇ ਬਾਰੇ ਚਰਚਾ ਕਰਦੇ ਹਾਂ। ਇਸੇ ਹੁਕਮਨਾਮੇ ਦੇ ਆਧਾਰ 'ਤੇ ਸ਼੍ਰੀ ਕਲਿਆਮ ਦਾਸ ਵੈਦ ਨਾਭਾ ਲਿਖਦੇ ਹਨ –

"ਹਾੜਾ ਸਿੰਘ ਨੂੰ ਹੁਕਮਨਾਮਾ ਬਖਸ਼ਿਸ਼ ਹੋਇਆ।... ਏਸ ਹੁਕਮਨਾਮੇ ਦੇ ਅਸਾਂ ਦਰਸ਼ਨ ਕੀਤੇ ਨੇ। ਸੋ ਏਸ ਲਿਖਤ ਅਨੁਸਾਰ ਗੁਰਿਆਈ ਭਾਈ ਸੰਗਤ ਸਿੰਘ ਨੂੰ ਮਿਲੀ ਹੈ ਤੇ ਭਾਈ ਵੀਰ ਸਿਘ ਨੇ ਹੁਕਮਨਾਮੇ ਦੇ ਦਰਸ਼ਨ ਕੀਤੇ ਨੇ..."[1]

ਜਿਸ ਹੁਕਮਨਾਮੇ ਦੇ ਆਧਾਰ 'ਤੇ ਸ੍ਰੀ ਕਲਿਆਮ ਦਾਸ ਵੈਦ ਗੁਰਿਆਈ ਭਾਈ ਸੰਗਤ ਸਿੰਘ ਨੂੰ ਮਿਲੀ ਦੱਸਦੇ ਹਨ, ਉਸੇ ਹੁਕਮਨਾਮੇ ਵਿੱਚ ਭਾਈ ਵੀਰ ਸਿੰਘ ਨੂੰ, ਭਾਈ ਸੰਤ ਸਿੰਘ ਤੋਂ ਬਿਨਾਂ, ਹੋਰ ਕੁਝ ਲੱਭਿਆ ਹੀ ਨਹੀਂ। ਸਪੱਸ਼ਟ ਹੈ ਕਿ ਭਾਈ ਵੀਰ ਸਿੰਘ ਨੇ ਜਾਣ ਬੁੱਝ ਕੇ ਗੁਰ ਬਿਲਾਸ ਪਾਤਸ਼ਾਹੀ ਹੀ 10 ਅਤੇ ਹੁਕਮਨਾਮੇ ਵਿੱਚੋਂ ਭਾਈ ਸੰਗਤ ਸਿੰਘ ਦੇ ਤੱਥ ਨੂੰ ਛੱਡ ਦਿੱਤਾ ਹੈ।

ਸੋ ਗੁਰਬਿਲਾਸ ਪਾਤਸ਼ਾਹੀ 10 ਕਿਰਤ ਭਾਈ ਸੁੱਖਾ ਸਿੰਘ, ਭਾਈ ਕੁਇਰ ਸਿੰਘ ਕਰਤਾ ਗੁਰ ਬਿਲਾਸ ਪਾਤਸ਼ਾਹ 10 ਅਤੇ ਹੁਕਮਨਾਮੇ ਅਨੁਸਾਰ ਗੱਦੀ ਭਾਈ ਸੰਗਤ ਸਿੰਘ ਨੂੰ ਹੀ ਮਿਲੀ ਹੈ।

ਦੂਜੇ, ਭਾਈ ਵੀਰ ਸਿੰਘ ਦਾ ਵਿਚਾਰ ਕਿ ਭਾਈ ਸੰਤ ਸਿੰਘ ਨੂੰ 'ਗੁਰੂ ਦੀ ਥਾਵੇਂ ਜਥੇਦਾਰ" ਥਾਪਿਆ ਵੀ ਗਲਤ ਸਿੱਧ ਹੋ ਜਾਂਦਾ ਹੈ। ਸੋ ਉਪਰੋਕਤ ਚਰਚਾ ਤੋਂ ਦ੍ਰਿੜ ਹੋ ਗਿਆ ਹੈ ਕਿ ਗੁਰਗੱਦੀ ਭਾਈ ਸੰਗਤ ਸਿੰਘ ਨੂੰ ਹੀ ਮਿਲੀ ਹੈ।

ਸੋ ਉਪਰੋਕਤ ਚਰਚਾ ਤੋਂ ਸਪੱਸ਼ਟ ਹੋ ਗਿਆ ਹੈ ਕਿ ਭਾਈ ਵੀਰ ਸਿੰਘ ਪੱਖਪਾਤੀ ਹਨ, ਇਸ ਵਿੱਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੈ। ਭਾਈ ਸੰਗਤ ਸਿੰਘ ਸ਼ੂਦਰ ਸਨ। ਹੋ ਸਕਦਾ ਹੈ ਕਿ ਨਫਰਤ ਕਾਰਣ ਹੀ ਉਨ੍ਹਾਂ ਨੇ ਹੁਕਮਨਾਮਾ ਵਾਚਕੇ ਸਪੱਸ਼ਟ ਨਾ ਕੀਤਾ ਹੋਵੇ। ਇਕ ਹੋਰ ਤੱਥ ਤੋਂ ਵੀ ਇਹ ਭਾਵਨਾ ਉਭਰ ਕੇ ਸਾਹਮਣੇ ਆਉਂਦੀ ਹੈ।

ਭਾਈ ਵੀਰ ਸਿੰਘ ਨੇ "ਗੁਰੂ ਨਾਨਕ ਚਮਤਕਾਰ," 'ਅਸ਼ਟ ਗੁਰੂ ਚਮਤਕਾਰ' ਅਤੇ ਕਲਗੀਧਰ ਚਮਤਕਾਰ ਦੀ ਰਚਨਾ ਕੀਤੀ। ਪਰ ਗੁਰੂ (ਭਗਤਾਂ) ਬਾਰੇ ਉਨ੍ਹਾਂ ਦੀ ਰਚਨਾ ਵਿੱਚ ਇਕ ਸ਼ਬਦ ਵੀ ਨਹੀਂ ਆਉਂਦਾ। ਕਾਰਣ ਕੇਵਲ ਨਫ਼ਰਤ ਹੀ ਹੈ।

(1) "ਵਿਸ਼ਕਰਮਾ ਬੰਸ ਬਿੰਦੀ ਬ੍ਰਾਹਮਣ ਜਗਤ ਗੁਰੂ" ਗੁਰੂ ਨਾਨਕ ਸ਼ਆਹੀ 500 ਮਹੀਨਾ ਭਾਦਰੋਂ (ਇਕੋ ਪੁਸਤਕ—ਭਾਗ ਦੂਜਾ)—93

ਸਿੰਘ ਸਭਾ ਲਹਿਰ ਅਛੂਤਾਂ ਦੇ ਹੱਕਾਂ ਦੀ ਰਾਖੀ ਕਰਦੀ ਸੀ। ਇਸ ਮੰਤਵ ਲਈ ਸਭਾ ਨੇ ਧਰਮ ਪ੍ਰਚਾਰ ਕੀਤਾ। ਇਸ ਪਿੱਛੋਂ ਭਾਈ ਵੀਰ ਸਿੰਘ ਨੇ ਵੀ ਧਰਮ ਪ੍ਰਚਾਰ ਕੀਤਾ। ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿੱਚ 1920 ਤੱਕ ਅਛੂਤਾਂ ਦੇ ਪ੍ਰਸ਼ਾਦ ਨੂੰ ਸਵੀਕਾਰ ਨਹੀਂ ਸੀ ਕੀਤਾ ਜਾਂਦਾ ਅਤੇ ਨਾਹੀ ਉਨ੍ਹਾਂ ਦੇ ਹੱਕ ਵਿੱਚ ਅਰਦਾਸ ਕੀਤੀ ਜਾਂਦੀ ਸੀ।[1] ਭਾਈ ਵੀਰ ਸਿੰਘ ਚੀਫ਼ ਖਾਲਸਾ ਦੀਵਾਨ ਦੇ ਕਰਤਾ ਧਰਤਾ ਅਤੇ ਸਿੱਖਾਂ ਦੀ ਰੂਹਾਨੀ ਅਗਵਾਈ ਕਰਦੇ ਸਨ।[2] ਪਰ ਹਰਿਮੰਦਰ ਸਾਹਿਬ ਵਿੱਚ ਅਛੂਤਾਂ ਦੀ ਹੋ ਰਹੀ ਦੁਰਦਸ਼ਾ ਤੋਂ ਉਹ ਅੱਖਾਂ ਮੀਟੀ ਬੈਠੇ ਸਨ। ਦੂਜੇ ਅਰਥਾਂ ਵਿੱਚ ਸਿੰਘ ਸਭਾ ਦੇ ਆਸ਼ੇ ਤੋਂ ਉਲਟ, ਉਹ ਅਛੂਤਾਂ ਦੀ ਹੋ ਰਹੀ ਦੁਰਦਸ਼ਾ ਦੇ ਹਾਮੀ ਬਣ ਗਏ। ਕੀ ਇਹ ਗੁਰਮਤਿ ਦੇ ਵਿਰੁੱਧ ਨਹੀਂ ਹੈ?

ਭਾਈ ਵੀਰ ਸਿੰਘ ਤਾਂ ਅੰਦਰ ਖਾਤੇ ਹੀ ਅਛੂਤਾਂ ਦੇ ਵਿਰੁੱਧ ਸਨ। ਪਰ "ਪੰਚ ਖਾਲਸਾ ਦੀਵਾਨ (ਭਸੌੜ) ਅਨੁਸਾਰ ਤਾਂ ਗੁਰੂ (ਭਗਤਾਂ) ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੀ ਨਹੀਂ ਸੀ। ਇਹ ਨਫ਼ਰਤ ਦੀ ਸਿਖਰ ਹੈ ਅਤੇ ਇਹ ਨਫਰਤ ਗੁਰਬਾਣੀ ਦੇ ਆਸ਼ੇ ਤੋਂ ਵਿਰੁੱਧ ਹੈ। ਗਿਆਨੀ ਲਾਲ ਸਿੰਘ (ਸੰਗਰੂਰ) ਲਿਖਦੇ ਹਨ:

"ਗੁਰੂ ਅਰਜਨ ਸਾਹਿਬ ਜੀ... ਮਹਾਰਾਜ ਨੇ ਪਹਿਲੇ ਹੀ ਚਾਰ ਗੁਰੂ ਸਾਹਿਬਾਨ ਅਤੇ ਆਪਣੀ ਬਾਣੀ ਨੂੰ ਇਕ ਥਾਂ ਕੱਠਾ ਕਰਕੇ ਪੋਥੀ ਸਾਹਿਬ ਤਿਆਰ ਕੀਤੀ।"[3]

ਭਾਵ ਇਹ ਕਿ ਗੁਰੂ ਅਰਜਨ ਦੇਵ ਜੀ ਨੇ ਗੁਰੂ ਸਾਹਿਬਾਨ ਤੋਂ ਬਿਨਾਂ ਕਿਸੇ ਹੋਰ ਦੀ ਬਾਣੀ 'ਪੋਥੀ ਸਾਹਿਬ' ਵਿੱਚ ਦਰਜ ਨਹੀਂ ਸੀ ਕੀਤੀ। ਉਹ ਲਿਖਦੇ ਹਨ:

"... ਨਿਰੋਲ ਬਾਣੀ ਅੰਦਰ ਹਿੰਦੂ, ਮੁਸਲਮਾਨ, ਭਗਤਾਂ, ਭੱਟਾਂ ਅਤੇ ਡੂਮਾਂ ਦੀ ਰਚਨਾ ਮਿਲਾ ਕੇ 'ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ' ਦੀ ਉਲੰਘਣਾ ਕਰਕੇ ਹਮੇਸ਼ਾ ਵਾਸਤੇ ਗੁਰਬਾਣੀ ਨੂੰ ਮਿਲਗੋਭਾ ਬਾਣੀ ਬਣਾ ਦਿੱਤਾ।"[4]

ਸੋ ਸਿੱਖ ਜਗਤ ਦੇ ਧਰਮ ਪ੍ਰਚਾਰਕਾਂ ਅਤੇ ਵਿਦਵਾਨਾਂ ਦਾ ਬਹੁਤਾ ਹਿੱਸਾ ਭਗਤਾਂ ਨੂੰ ਨਫਰਤ ਕਰਦਾ ਸੀ। ਇਸੇ ਕਾਰਣ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਅਤੇ ਪੰਚ ਖਾਲਸਾ ਦੀਵਾਨ ਭਸੌੜ ਅਛੂਤਾਂ ਨੂੰ ਨਫਰਤ ਕਰਦੇ ਸਨ। ਉਹ ਨਹੀਂ ਸਨ ਚਾਹੁੰਦੇਕਿ ਇਹ ਲੋਕ ਹਰਿ ਮੰਦਰ ਸਾਹਿਬ ਅੰਮ੍ਰਿਤਸਰ ਅੰਦਰ ਦਾਖਲ ਹੋਣ।

ਜਿਵੇਂ ਸਿੰਘ ਸਭਾ ਨੇ ਅਛੂਤਾਂ ਨੂੰ ਪਤਿਤ ਹੋਣ ਤੋਂ ਬਚਾਇਆ ਪਰ ਪਿੱਛੋਂ ਆ ਕੇ ਇਹ ਅਛੂਤਾਂ ਦੇ ਵਿਰੋਧੀ ਬਣ ਗਏ। ਐਨ ਉਸੇ ਤਰ੍ਹਾਂ ਅਕਾਲੀ ਲਹਿਰ (1920) ਵੀ ਪਹਿਲਾਂ ਪਹਿਲ ਅਛੂਤਾਂ ਦੇ ਹੱਕ ਵਿੱਚ ਸੀ। ਇਸ ਦੀ ਸਥਾਪਨਾ ਤੋਂ ਇਕ ਮਹੀਨਾ ਪਹਿਲਾਂ, ਇਨ੍ਹਾਂ ਲੋਕਾਂ ਨੇ ਹੀ ਅਛੂਤਾਂ ਨੂੰ ਹਰਿ ਮੰਦਰ ਸਾਹਿਬ ਵਿੱਚ ਲੈ ਜਾ ਕੇ ਇਨ੍ਹਾਂ ਦਾ ਪ੍ਰਸਾਦ ਪ੍ਰਵਾਨ ਕਰਵਾਇਆ ਸੀ।[5] ਪਰ 1938 ਤੱਕ ਇਹੋ ਅਕਾਲੀ ਆਗੂ ਆਪਣੀ ਪ੍ਰੰਪਰਾਵਾਦੀ ਨਫਰਤ

(1) **The Heritage of Amritsar by S.S. Johar—104**
(2) **Ibdi—101** (3) ਗੁਰ ਗਿਰਾ ਕਸੌਟੀ ਸਾਰ—31-32
(4) ਓਹੀ—34 (5) **The Heritage of Amritsar by S.S. Johar—105**



ਨਾਲ ਨੱਕੋ-ਨੱਕ ਭਰ ਗਏ। ਇਸ ਅਕੱਥ ਨਫਰਤ ਦੀ ਗਵਾਹੀ ਲਈ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਸਾਹਿਬ ਦੇ ਸਿੱਖ ਸਜਣ ਦੀ ਇੱਛਾ ਵਾਲੀ ਘਟਨਾ ਹੀ ਕਾਫੀ ਹੈ। ਇਹ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਨਫਰਤ ਦੀ ਸਿਖਰ ਵਾਲੀ ਘਟਨਾ ਦੀ ਗਵਾਹੀ ਪਿੱਛੋਂ ਹੋਰ ਸਬੂਤ ਦੀ ਉੱਕਾ ਹੀ ਜ਼ਰੂਰਤ ਨਹੀਂ ਰਹਿ ਜਾਂਦੀ। ਹੇਠ ਦਿੱਤੀਆਂ ਸਤਰਾਂ ਦਾ ਲਿਖਾਰੀ ਲਿਖਦਾ ਹੈ,

"ਇਨ੍ਹਾਂ ਸਤਰਾਂ ਦਾ ਲਿਖਾਰੀ," ਸੰਨ 1964 ਵਿੱਚ ਇੱਕ ਦਿਨ ਚੰਡੀਗੜ੍ਹ ਹਾਈਕੋਰਟ ਦੇ ਬਾਰਰੂਮ ਵਿੱਚ ਬੈਠਾ ਸੀ ਕਿ ਸਰਦਾਰ ਇੰਦਰ ਸਿੰਘ ਕਰਵਾਲ ਐਡਵੋਕੇਟ, ਹਾਈ ਕੋਰਟ ਨੇ ਬਹੁਤ ਸਾਰੇ ਸੱਜਣਾਂ ਦੇ ਸਾਹਮਣੇ ਇਹ ਕਥਾ ਸੁਣਾਈ ਕਿ ਉਨ੍ਹਾਂ ਦਿਨਾਂ ਵਿੱਚ ਜਦੋਂ ਕਿ ਡਾ. ਅੰਬੇਡਕਰ ਦੇ ਅਕਾਲੀ ਲੀਡਰਾਂ ਨਾਲ ਮਤਭੇਦ ਦੇ ਕਾਰਣ, ਅਛੂਤਾਂ ਨੇ ਸਿੱਖ ਮੱਤ ਵਿੱਚ ਦਾਖਲ ਹੋਣ ਦਾ ਖਿਆਲ ਖੁਲ੍ਹਮ ਖੁਲ੍ਹਾ ਛੱਡ ਦਿੱਤਾ ਤਾਂ ਉਨ੍ਹਾਂ ਨੇ ਲਾਹੌਰ ਵਿੱਚ ਆਪਣੇ ਗਵਾਂਢੀ ਸਰਦਾਰ ਹਰਨਾਮ ਸਿੰਘ ਜੀ, ਐਮ.ਏ., ਐਲ.ਐਲ.ਬੀ. ਐਡਵੋਕੇਟ (ਹਾਈ ਕੋਰਟ ਜੱਜ) ਜੋ ਕਿ ਉਸ ਸਮੇਂ ਅਕਾਲੀਆਂ ਵਿੱਚ ਸਿਰ ਕੱਢ ਸਨ, ਕੋਲੋਂ ਇਸ ਦੁਰਘਟਨਾ ਦਾ ਸਹੀ ਕਾਰਣ ਪੁੱਛਿਆ, ਤਾਂ ਸਰਦਾਰ ਹਰਨਾਮ ਸਿੰਘ ਜੀ ਨੇ ਉੱਤਰ ਦਿੱਤਾ: "ਓਏ ਤੈਨੂੰ ਇਨ੍ਹਾਂ ਗੱਲਾਂ ਦੀ ਸਮਝ ਨਹੀਂ। ਛੇ ਕਰੋੜ ਅਛੂਤ ਸਿੱਖ ਬਣਾ ਕੇ, ਦਰਬਾਰ ਸਾਹਿਬ ਚੂਹੜਿਆਂ ਨੂੰ ਦੇ ਛੋੜੀਏ?" ਇਉਂ ਛੇ ਕਰੋੜ "ਰੰਘਰੇਟੇ ਗੁਰੂ ਕੇ ਬੇਟੇ" ਗੁਰੂ ਘਰ ਦੇ ਦਰ ਉੱਤੇ ਆਏ ਧੱਕੇ ਮਾਰ ਕੇ ਪਰਤਾ ਦਿੱਤੇ ਗਏ, ਜਿਵੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਰਿਮੰਦਰ ਸਾਹਿਬ ਵਿੱਚ ਵੜਨ ਨਹੀਂ ਸੀ ਦਿੱਤਾ ਗਿਆ।"[1]

ਸੋ ਅਕਾਲੀਆਂ ਦੇ ਇਸ ਹੰਕਾਰੀ ਅਤੇ ਨਫਰਤ ਭਰੇ ਫੈਸਲੇ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੰਗਰੇਟੇ ਗੁਰੂ ਕੇ ਬੇਟਿਆਂ' ਨੂੰ ਸਿੱਖ ਧਰਮ ਅਤੇ ਸਮਾਜ ਵਿੱਚੋਂ ਤਾਂ ਕੱਢਿਆ ਹੀ ਹੈ ਉਨ੍ਹਾਂ ਨੇ ਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਬੇਦਾਵਾ ਦੇ ਦਿੱਤਾ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਂਝੀਵਾਲਤਾ ਦੀ ਬੁਨਿਆਦ ਨੂੰ ਵੀ ਮਿੱਟੀ ਵਿੱਚ ਮਿਲਾ ਦਿੱਤਾ।

ਜਦੋਂ ਸਿੱਖ ਮੱਤ ਦੇ ਸਿਰ ਕੱਢ ਅਕਾਲੀ ਆਗੂਆਂ ਦਾ ਇਹ ਹਾਲ ਹੈ ਤਾਂ ਫਿਰ ਆਮ ਜਨਤਾ ਦੇ ਜ਼ਾਤ-ਪਾਤ ਤੋਂ ਉੱਪਰ ਉੱਠਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਜਦੋਂ ਅਕਾਲੀ ਆਗੂ, ਅਛੂਤਾਂ ਨੂੰ ਹਰਿਮੰਦਰ ਸਾਹਿਬ ਵਿੱਚ ਵੜਨ ਹੀ ਨਹੀਂ ਦੇਣਾ ਚਾਹੁੰਦੇ, ਫਿਰ ਉਹ ਅਛੂਤਾਂ ਦੇ "ਸ਼੍ਰੋਮਣੀ ਗੁਰੂ" ਗੁਰੂ ਰਵਿਦਾਸ ਨੂੰ ਗੁਰੂ ਕਿਵੇਂ ਮੰਨ ਸਕਦੇ ਹਨ? ਸਪੱਸ਼ਟ ਹੈ ਅਕਾਲੀ ਅਛੂਤਾਂ ਨੂੰ ਨਫਰਤ ਕਰਦੇ ਹਨ ਜਿਸ ਕਰਕੇ ਉਹ ਗੁਰੂ ਰਵਿਦਾਸ ਜੀ ਨੂੰ ਗੁਰੂ ਨਹੀਂ ਕਹਿੰਦੇ, ਅਤੇ ਨਾਹੀ ਮੰਨਦੇ ਹਨ।

(1) ਸਾਚੀ ਸਾਖੀ, ਕਰਤਾ
"ਸਿਰਦਾਰ ਕਪੂਰ ਸਿੰਘ, ਐਮ.ਏ. (ਪੰਜਾਬ) ਐਮ.ਏ. (ਕੰਟਬ) ਭੂਤਪੂਰਵ ਆਈ.ਸੀ.ਐਸ. ਧਾਰਮਿਕ ਪ੍ਰੋਫੈਸਰ ਖਾਲਸਾ ਕਾਲਜ ਬੰਬਈ, ਮੈਂਬਰ ਪਾਰਲੀਮੈਂਟ (ਲੋਕ ਸਭਾ) ਮੈਂਬਰ ਵਿਧਾਨ ਸਭਾ ਆਦਿ" ਅਤੇ ਡਾ. ਗੰਡਾ ਸਿੰਘ ਐਮ.ਏ.ਪੀ.ਐਚ.ਡੀ.ਡੀ. ਲਿੱਟ ਲਿਖਤ ਮੁੱਖ ਬੰਧ ਸਹਿਤ ਪੰਨਾ ਫੁਟ ਨੋਟ—59 (ਭੂਤਪੂਰਵ ਪ੍ਰੋਫੈਸਰ ਆਫ ਸਿਖਿਜ਼ਮ—ਫੁਟਨੋਟ-ਪੰਨਾ-72 ਦੂਜੀ ਵਾਰ)

ਉਪਰਲੀ ਚਰਚਾ ਤੋਂ ਸਪੱਸ਼ਟ ਹੈ ਕਿ ਗੁਰੂ ਦੇ ਤਿੰਨ ਰੂਪ ਹਨ:-

1. ਨਿਰਗੁਣ (ਬ੍ਰਹਮ-ਗੁਰੂ) ਨਿਰੰਕਾਰ, ਪਰਮਾਤਮਾ
2. ਸਰਗੁਣ (ਦੇਹਧਾਰੀ ਗੁਰੂ) ਗੁਰੂ ਰਵਿਦਾਸ, ਗੁਰੂ ਨਾਨਕ
3. ਸ਼ਬਦ ਗੁਰੂ (ਗੁਰੂ ਗ੍ਰੰਥ ਸਾਹਿਬ) "ਬਾਣੀ ਗੁਰੂ, ਗੁਰੂ ਹੈ ਬਾਣੀ।"

ਪਹਿਲੇ ਨੰਬਰ ਦੀ ਪਦਵੀ ਕੇਵਲ ਪਰਮਾਤਮਾ ਦੇ ਲਈ ਹੀ ਹੈ, ਉਸ ਦਾ ਹੋਰ ਕੋਈ ਸਾਨੀ ਨਹੀਂ। ਦੂਜੇ ਅਤੇ ਤੀਜੇ ਨੰਬਰ ਦੀ ਪਦਵੀ ਗੁਰੂ ਰਵਿਦਾਸ ਜੀ ਨੂੰ ਪ੍ਰਾਪਤ ਹੈ। ਇਹ ਉੱਪਰ ਵਿਚਾਰ ਆਏ ਹਾਂ। ਇਸ ਅਨੁਸਾਰ ਗੁਰੂ ਰਵਿਦਾਸ ਜੀ ਨੂੰ 'ਭਗਤ' ਲਿਖਣਾ ਘੋਰ ਅਨਿਆਂ ਹੈ ਕਿਉਂਕਿ ਹਰ ਪੱਖ ਤੋਂ ਹੀ ਗੁਰੂ ਰਵਿਦਾਸ ਜੀ ਗੁਰੂ ਸਿੱਧ ਹੁੰਦੇ ਹਨ। ਉਹ ਭਗਤ ਕੇਵਲ ਪਰਮਾਤਮਾ ਦੇ ਹੀ ਹਨ, ਲੋਕਾਂ ਦੇ ਨਹੀਂ। ਭਗਤ ਦਾ ਸਬੰਧ ਲੋਕਾਂ ਨਾਲੋਂ ਟੁੱਟਾ ਹੋਇਆ ਹੁੰਦਾ ਹੈ ਕਿਉਂਕਿ ਭਗਤ ਆਪਣੇ ਪਰਮਾਤਮਾ ਦੀ ਸਮਾਧੀ ਵਿੱਚ ਮਗਨ, ਉਹ ਲੋਕਾਂ ਤੋਂ ਬੇਪ੍ਰਵਾਹ ਹੁੰਦਾ ਹੈ। ਪਰਮਾਤਮਾ ਨਾਲ ਸਬੰਧ ਤਾਂ ਗੁਰੂ ਦਾ ਵੀ ਹੁੰਦਾ ਹੈ, ਪਰ ਗੁਰੂ ਦੇ ਤੌਰ 'ਤੇ ਉਹ ਸੰਗਤ ਨੂੰ ਉਪਦੇਸ਼ ਦਿੰਦਾ ਹੈ। ਜਿਸ ਦਾ ਸਦਕਾ ਭਾਵਕ ਤੌਰ 'ਤੇ ਗੁਰੂ ਤੇ ਸੰਗਤ ਇਕਮਿਕ ਹੋ ਜਾਂਦੇ ਹਨ। ਸੰਗਤ ਹੀ ਪ੍ਰਭ ਰੂਪ ਹੈ। ਇਸ ਕਰਕੇ ਗੁਰੂ ਉਪਦੇਸ਼ ਦਿੰਦਾ ਹੋਇਆ ਵੀ ਰੱਬ ਨਾਲ ਜੁੜਿਆ ਹੁੰਦਾ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੂੰ ਗੁਰੂ ਨਾ ਮੰਨਣਾ ਉਨ੍ਹਾਂ ਦੇ ਸੰਗਤ ਨੂੰ ਉਪਦੇਸ਼ ਦੇਣ ਦੇ ਹੱਕ ਤੋਂ ਮੁਨਕਰ ਹੋਣਾ ਹੈ ਅਤੇ ਗੁਰੂ ਜੀ ਦੀ ਸੰਗਤ ਨਾਲ ਭਾਵਕ ਸਾਂਝ ਅਤੇ ਇਕਮਿਕਤਾ ਦਾ ਗਲ੍ਹਾ ਘੁੱਟਕੇ ਉਨ੍ਹਾਂ ਨੂੰ ਹਰਮਨ-ਪਿਆਰਾ ਹੋਣ ਤੇ ਰੋਕ ਲਾਉਣਾ ਹੈ।

ਜਿਹੜੇ ਲੋਕ ਗੁਰੂ ਰਵਿਦਾਸ ਜੀ ਨੂੰ ਗੁਰੂ ਕਹਿਣਾ ਅਤੇ ਮੰਨਣਾ ਨਹੀਂ ਚਾਹੁੰਦੇ, ਉਹ ਦਰਅਸਲ, ਉਨ੍ਹਾਂ ਤੋਂ ਉਪਦੇਸ਼ ਲੈਣਾ ਹੀ ਨਹੀਂ ਚਾਹੁੰਦੇ। ਉਪਦੇਸ਼ ਦੇਣ ਦੇ ਕਰਮ ਤੋਂ ਬਿਨ੍ਹਾਂ, ਕੋਈ ਗੁਰੂ ਬਣ ਹੀ ਨਹੀਂ ਸਕਦਾ। ਇਸ ਤਰ੍ਹਾਂ ਉਹ ਇਹ ਸਿੱਧ ਕਰਦੇ ਹਨ ਕਿ ਗੁਰੂ ਰਵਿਦਾਸ ਜੀ ਨੇ ਸੰਗਤਾਂ ਨੂੰ ਕਦੇ ਉਪਦੇਸ਼ ਦਿੱਤਾ ਹੀ ਨਹੀਂ। ਗੁਰੂ ਰਵਿਦਾਸ ਜੀ ਦੇ ਸੰਗਤਾਂ ਨੂੰ ਉਪਦੇਸ਼ ਦੇਣ ਤੋਂ ਮੁਨਕਰ ਹੋਣ ਵਾਲੇ ਸਜਣ ਇਹ ਭੁੱਲ ਜਾਂਦੇ ਹਨ ਕਿ ਗੁਰੂ ਜੀ 'ਸ਼ਬਦ-ਗੁਰੂ' ਦੇ ਰੂਪ ਵਿੱਚ ਸੰਗਤਾਂ ਨੂੰ ਉਪਦੇਸ਼ ਦਿੰਦੇ ਹਨ ਕਿਉਂਕਿ ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਸੋ ਸਪੱਸ਼ਟ ਰੂਪ ਵਿੱਚ ਗੁਰੂ ਰਵਿਦਾਸ ਜੀ ਗੁਰੂ ਹਨ।

ਇਤਿਹਾਸ ਗਵਾਹ ਹੈ ਕਿ ਇਤਿਹਾਸ ਹੀ ਕੌਮਾਂ ਨੂੰ ਅਮਰ ਬਣਾਉਂਦਾ ਹੈ। ਜੇ ਕਿਸੇ ਕੌਮ ਦਾ ਇਤਿਹਾਸ ਤਬਾਹ ਕਰ ਦਿੱਤਾ ਜਾਵੇ, ਤਾਂ ਉਹ ਕੌਮ ਤਬਾਹ ਹੋ ਜਾਂਦੀ ਹੈ। ਅਨਾਰੀਆ ਕੌਮ ਦੇ ਇਤਿਹਾਸ ਨੂੰ ਆਰੀਆਂ ਨੇ ਤਬਾਹ ਕਰ ਦਿੱਤਾ ਸੀ, ਜਿਸ ਕਾਰਣ ਬਹਾਦਰ ਅਤੇ ਅਣਖੀਲੀ ਅਨਾਰੀਆ ਕੌਮ ਬਾਦਸ਼ਾਹਤ ਅਤੇ ਧਾਰਮਿਕ ਮਹਾਨਤਾ ਦੀ ਸਿਖਰ ਤੋਂ ਪਟਕਾ ਕੇ ਅਛੂਤ ਬਣਾ, ਮਿੱਟੀ ਵਿੱਚ ਮਿਲਾ ਦਿੱਤੀ ਗਈ।[1] ਪੰਜਾਬ ਵਿੱਚ ਅਛੂਤਾਂ ਦੇ ਮੁੜ ਮਹਾਨਤਾ

(1) **"A call for Emancipation" by EKlavaya**



ਦੀ ਟੀਸੀ 'ਤੇ ਪਹੁੰਚੇ ਇਤਿਹਾਸ ਨੂੰ ਕੁਝ ਲੋਕ-ਖਾਸ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੌਤੀ ਨਾਮ-ਲੇਵਾ ਤਬਾਹ ਕਰਨ ਤੇ ਤੁਲੇ ਹੋਏ ਹਨ। ਇਸ ਤਬਾਹੀ ਦੀ ਘਿਨਾਉਣੀ ਸਕੀਮ ਅਧੀਨ ਹੀ ਗੁਰੂ ਰਵਿਦਾਸ ਜੀ ਨੂੰ ਗੁਰੂ ਮੰਨਣ ਤੋਂ ਇਨਕਾਰ ਕੀਤਾ ਜਾਂਦਾ ਹੈ ਤਾਂ ਕਿ ਹਿੰਦੂ ਧਾਰਮਿਕ ਗ੍ਰੰਥਾਂ ਦੇ ਝੂਠ ਨੂੰ ਸੱਚ ਬਣਾਇਆ ਜਾ ਸਕੇ ਕਿ ਅਛੂਤ ਨਾ ਤਾਂ ਧਰਮ-ਉਪਦੇਸ਼ ਦੇ ਸਕਦੇ ਹਨ ਅਤੇ ਨਾ ਹੀ ਧਰਮ-ਉਪਦੇਸ਼ ਦੇਣ ਦੇ ਕਾਬਲ ਹਨ। ਇਸ ਲਈ ਜਿਹੜਾ ਕੰਮ ਆਰੀਆਂ ਨੇ ਅਨਾਰੀਆ ਦੇ ਇਤਿਹਾਸ ਨੂੰ ਤਬਾਹ ਕਰਨ ਲਈ ਕੀਤਾ ਸੀ, ਉਹੋ ਕੰਮ ਹੁਣ ਗੁਰੂ ਗ੍ਰੰਥ ਸਾਹਿਬ ਜੀ ਦੇ ਇਨ੍ਹਾਂ ਨਾਮ-ਲੇਵਾ ਨੇ ਸੰਭਾਲ ਲਿਆ ਹੈ। ਜਦਕਿ ਸਿੱਖ-ਗੁਰੂ ਸਾਹਿਬਾਨ ਨੇ ਅਛੂਤਾਂ ਦੇ ਇਤਿਹਾਸ ਨੂੰ ਸਤਿਕਾਰਿਆ ਅਤੇ ਇਸ 'ਸ਼ਬਦ -ਗੁਰੂ' ਦੇ ਰੂਪ ਵਿੱਚ ਪ੍ਰਵਾਨ ਕਰਕੇ, ਨਵੇਂ ਸਿਰੇ ਤੋਂ ਸਿਰਜਿਆ ਹੈ।

ਅਸੀਂ ਵਿਚਾਰ ਆਏ ਹਾਂ ਕਿ ਗੁਰੂ ਰਵਿਦਾਸ ਜੀ ਨੇ ਉਪਦੇਸ਼ ਵੀ ਦਿੱਤਾ ਹੈ ਅਤੇ ਉਨ੍ਹਾਂ ਦੀ ਗੁਰੂ ਦੇ ਤੌਰ 'ਤੇ ਪੂਜਾ ਵੀ ਹੋਈ ਹੈ। ਉਨ੍ਹਾਂ ਨੂੰ ਗੁਰੂ ਨਾ-ਮੰਨਣ ਅਤੇ ਨਾ ਲਿਖਣ ਦਾ ਕਾਰਨ ਕੇਵਲ ਨਫਰਤ ਅਤੇ ਪੱਖਪਾਤ ਹੈ।

ਉਪਰਲੀ ਚਰਚਾ ਤੋਂ ਸਿੱਧ ਹੋ ਗਿਆ ਹੈ ਕਿ ਗੁਰੂ-ਸਾਹਿਬਾਨ ਦੇ ਵੇਲੇ ਤੋਂ ਹੁਣ ਤੱਕ ਸਿੱਖ ਵਿਦਵਾਨ ਅਛੂਤਾਂ ਨੂੰ ਹਿੰਦੂਆਂ ਵਾਂਗ ਹੀ ਨਫਰਤ ਕਰਦੇ ਆਏ ਹਨ। ਇਸ ਕਰਕੇ ਗੁਰੂ ਜੀ ਨੂੰ ਗੁਰੂ ਮੰਨਣਾ ਤਾਂ ਇਕ ਪਾਸੇ ਰਿਹਾ, ਗੁਰੂ ਲਿਖਣਾ ਵੀ ਸ਼ਾਨ ਦੇ ਵਿਰੁੱਧ ਸਮਝਦੇ ਹਨ।

ਹੋਰ ਕੋਈ ਗੁਰੂ ਰਵਿਦਾਸ ਜੀ ਨੂੰ ਗੁਰੂ ਮੰਨੇ ਜਾਂ ਨਾ ਮੰਨੇ, ਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ-ਲੇਵਾ, ਜੇ ਇਨ੍ਹਾਂ ਨੂੰ ਗੁਰੂ ਨਹੀਂ ਮੰਨਦੇ ਤਾਂ ਫਿਰ ਇਸ ਦਾ ਸਿੱਧਾ ਅਰਥ "**ਗੁਰੂ ਗ੍ਰੰਥ ਸਾਹਿਬ**" ਦੀ ਵਿਚਾਰਧਾਰਾ ਅਤੇ ਭਾਵਨਾ "**ਬਾਣੀ ਗੁਰੂ, ਗੁਰੂ ਹੈ ਬਾਣੀ**" ਤੋਂ ਇਨਕਾਰ ਕਰਨਾ ਹੈ।

ਸਿੱਟਾ ਬਿਨਾਂ ਸ਼ੱਕ ਤੋਂ ਸਪੱਸ਼ਟ ਹੈ ਕਿ ਗੁਰੂ ਰਵਿਦਾਸ ਜੀ ਰੱਬ ਦੇ ਭਗਤ ਤਾਂ ਹਨ ਹੀ, ਉਹ ਸੰਗਤਾਂ ਦੇ ਮਹਾਨ ਗੁਰੂ ਵੀ ਹਨ।

# V. ਗੁਰੂ ਰਵਿਦਾਸ ਜੀ : ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਗੁਰੂ

ਅੱਜ ਤੋਂ ਬਾਰ੍ਹਾਂ ਕੁ ਸਾਲ ਪਹਿਲਾਂ (ਲਗਭਗ 1983) ਦੀ ਗੱਲ ਹੈ। ਸ੍ਰੀ ਸੁਖਦੇਵ ਸਿੰਘ, ਵਾਸੀ ਫਰੀਦਕੋਟ, ਜ਼ਿਲ੍ਹਾ ਕਚਹਿਰੀ ਫਰੀਦਕੋਟ ਵਿੱਚ ਸ੍ਰ. ਇੰਦਰਜੀਤ ਸਿੰਘ 'ਸੇਖੋਂ' ਖਾਲਸਾ[1] ਨਾਲ ਪ੍ਰੈਕਟਸ ਕਰਦੇ ਸਨ। ਗੁਰੂ ਰਵਿਦਾਸ ਜੀ ਦਾ ਜਨਮ ਦਿਨ ਮਨਾਉਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਇਕ ਦਿਨ ਸ੍ਰੀ ਸੁਖਦੇਵ ਸਿੰਘ[2] ਮੇਰੇ ਪਾਸ ਆਏ ਅਤੇ ਸੇਖੋਂ ਸਾਹਿਬ ਬਾਰੇ ਦੱਸਿਆ ਕਿ ਉਹ ਗੁਰੂ ਰਵਿਦਾਸ ਜੀ ਦਾ ਜਨਮ ਦਿਨ ਸਾਂਝੇ ਰੂਪ ਵਿੱਚ ਮਨਾਉਣਾ ਚਾਹੁੰਦੇ ਹਨ। ਮੇਰੀ ਰਜ਼ਾਮੰਦੀ ਪਿੱਛੋਂ, ਅਸੀਂ ਦੋਹਾਂ ਨੇ ਮਹੱਲੇ ਵਾਲਿਆਂ ਨਾਲ ਮਸ਼ਵਰਾ ਕੀਤਾ। ਉਨ੍ਹਾਂ ਨੇ ਸਾਡੀ ਗੱਲ ਸਵੀਕਾਰ ਕਰ ਲਈ।

ਫੈਸਲਾ ਹੋਇਆ ਕਿ ਮਹੱਲੇ ਦੇ ਕੁਝ ਪਤਵੰਤੇ ਸੱਜਣ ਗੁਰਦੁਆਰੇ ਵਿਖੇ ਸੇਖੋਂ ਸਾਹਿਬ ਨਾਲ ਵਿਚਾਰ ਕਰਨਗੇ। ਸ਼ਹਿਰ ਨਿਵਾਸੀਆਂ ਨੇ ਮੈਨੂੰ ਆਪਣਾ ਬੁਲਾਰਾ ਥਾਪ ਲਿਆ। ਮਿਥੇ ਸਮੇਂ ਤੇ ਵਿਚਾਰ-ਵਟਾਂਦਰਾ ਸ਼ੁਰੂ ਹੋਇਆ। ਸੇਖੋਂ ਸਾਹਿਬ "ਭਗਤ ਰਵਿਦਾਸ" ਕਹਿ ਰਹੇ ਸਨ, ਮੈਂ "ਗੁਰੂ ਰਵਿਦਾਸ"। ਗੱਲ ਕੁਝ ਬਣ ਨਹੀਂ ਸੀ ਰਹੀ। ਆਖਰ ਮੈਂ ਸੇਖੋਂ ਸਾਹਿਬ ਨੂੰ ਪ੍ਰਸ਼ਨ ਕਰ ਹੀ ਦਿੱਤਾ:

ਲੇਖਕ: ਤੁਸੀਂ ਗੁਰੂ ਰਵਿਦਾਸ ਨੂੰ 'ਭਗਤ' ਕਿਉਂ ਕਹਿੰਦੇ ਹੋ?

ਸੇਖੋਂ ਸਾਹਿਬ : ਪ੍ਰੋ. ਸਾਹਿਬ, ਜੋ ਵੀ ਕਹਿਣਾ ਹੈ ਉਹ ਤਰਕਯੁਕਤ ਹੋਣਾ ਜ਼ਰੂਰੀ ਹੈ।

ਲੇਖਕ : ਮੈਨੂੰ ਖੁਸ਼ੀ ਹੈ ਸੇਖੋਂ ਸਾਹਿਬ, ਕੋਈ ਸਜਣ ਦਲੀਲ ਨਾਲ ਗੱਲ ਕਰਨੀ ਚਾਹੁੰਦਾ ਹੈ। ਗੱਲ ਤਰਕਯੁਕਤ ਹੀ ਹੋਵੇਗੀ।

ਸੇਖੋਂ ਸਾਹਿਬ : ਗੁਰੂ ਗ੍ਰੰਥ ਸਾਹਿਬ ਵਿੱਚ "ਭਗਤਾਂ ਕੀ ਬਾਣੀ" ਲਿਖਿਆ ਹੈ। ਇਸ ਲਈ ਗੁਰੂ ਨਹੀਂ ਕਿਹਾ ਜਾ ਸਕਦਾ, ਭਗਤ ਕਹਿਣਾ ਹੀ ਸਹੀ ਹੈ।

(1) ਸ. ਇੰਦਰਜੀਤ ਸਿੰਘ ਸੇਖੋਂ ਇਲਾਕੇ ਦੇ ਮੰਨੇ ਪ੍ਰਮੰਨੇ ਸਜਣ ਹਨ। ਵਕਾਲਤ ਵਿਚ ਜ਼ਿਲ੍ਹੇ ਵਿਚ ਲਗਭਗ ਉਨ੍ਹਾਂ ਦਾ ਕੋਈ ਸਾਨੀ ਨਹੀਂ। **Criminal Cases** ਵਿੱਚ ਉੱਤਮ ਵਕੀਲਾਂ ਵਿਚੋਂ ਇਕ ਹਨ। ਸਿਖਾਂਦਰੂ ਉਨ੍ਹਾਂ ਦਾ ਸਹਾਇਕ ਵਕੀਲ ਬਣਨ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ ਅਤੇ ਕਿੱਤੇ ਵਿਚ ਮੁਹਾਰਤ ਹਾਸਲ ਕਰਨ ਦੇ ਮੰਤਵ ਨਾਲ ਆਪਣੇ ਆਪ ਨੂੰ ਸੁਭਾਗਾ ਸਮਝਦੇ ਹਨ। ਸੰਯੁਕਤ ਅਕਾਲੀ ਦਲ, ਪੰਜਾਬ ਦੇ ਉਹ ਜਨਰਲ ਸਕੱਤਰ ਰਹੇ ਹਨ। ਵਧੀਆ ਵਕੀਲ ਹੋਣ ਕਰਕੇ ਉਨ੍ਹਾਂ ਲਈ ਹਰ ਗੱਲ ਦਾ ਆਧਾਰ ਉੱਤਮ ਕਿਸਮ ਦਾ ਤਰਕ ਹੋਣਾ ਕੁਦਰਤੀ ਹੀ ਹੈ।

(2) ਅੱਜਕਲ੍ਹ ਸਰਕਾਰੀ ਵਕੀਲ ਹਨ।



ਲੇਖਕ : ਸੇਖੋਂ ਸਾਹਿਬ, ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਹਵਾਲਾ ਦੇ ਕੇ 'ਭਗਤ' ਕਹਿਣਾ ਉਚਿਤ ਠਹਿਰਾਇਆ ਹੈ। ਹੁਣ ਮੇਰੀ ਬੇਨਤੀ ਹੈ ਕਿ ਆਪਣੇ ਦ੍ਰਿਸ਼ਟੀ-ਕੋਣ ਨੂੰ ਸਾਬਤ ਕਰਨ ਲਈ, ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰਲੀਆਂ ਦਲੀਲਾਂ ਦਾ ਸਹਾਰਾ ਨਾ ਲਿਆ ਜਾਵੇ ਕਿਉਂਕਿ ਬਾਹਰਲੇ ਤੱਥ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਤੋਂ ਉੱਪਰ ਨਹੀਂ ਹਨ। ਉਹ ਮੇਰੀ ਗੱਲ ਮੰਨ ਗਏ।

ਸੇਖੋਂ ਸਾਹਿਬ, ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪੰਜਾਬ ਤੋਂ ਬਾਹਰਲੇ ਗੁਰੂਆਂ ਨੂੰ ਤਾਂ 'ਭਗਤ' ਸ਼ਬਦ ਨਾਲ ਸੰਬੋਧਨ ਕਰ ਦਿੱਤਾ ਹੈ, ਫਿਰ ਪੰਜਾਬ ਦੇ ਗੁਰੂਆਂ ਨੂੰ ਕਿਸ ਲਫਜ ਨਾਲ ਸੰਬੋਧਨ ਕੀਤਾ ਹੈ, ਗੁਰੂ ਜਾਂ ਭਗਤ ਸੇਖੋਂ ਸਾਹਿਬ ਇਸ ਦਾ ਉੱਤਰ ਨਹੀਂ ਦੇ ਸਕੇ।

ਸੇਖੋਂ ਸਾਹਿਬ : ਇਸ ਦਾ ਮੈਨੂੰ ਨਹੀਂ ਪਤਾ। ਆਪ ਹੀ ਦਸੋ।

ਲੇਖਕ : ਗੁਰੂ ਅਰਜਨ ਦੇਵ ਜੀ ਨੇ ਪੰਜਾਬ ਦੇ ਗੁਰੂਆਂ ਨੂੰ ਭਗਤ ਜਾਂ ਗੁਰੂ, ਦੋਹਾਂ ਸ਼ਬਦਾਂ ਨਾਲ ਹੀ ਸੰਬੋਧਨ ਨਹੀਂ ਕੀਤਾ, ਸਗੋਂ ਗੁਰੂ ਗ੍ਰੰਥ ਸਾਹਿਬ ਜੀ ਵਿੱਚ 'ਮਹਲਾ' ਸ਼ਬਦ ਨਾਲ ਸੰਬੋਧਨ ਕੀਤਾ ਹੈ।

ਸੇਖੋਂ ਸਾਹਿਬ: 'ਮਹਲਾ' ਕਿਉਂ ਲਿਖਿਆ ਹੈ? ਪੰਜਾਬ ਵਿੱਚ ਚਲ ਰਹੀ ਗੁਰ-ਗੱਦੀ ਅਨੁਸਾਰ "ਗੁਰੂ" ਕਿਉਂ ਨਹੀਂ ਲਿਖਿਆ?

ਲੇਖਕ : ਪਹਿਲੀ ਗੱਲ, ਮਹਲਾ ਦੇ ਅਰਥ ਹਨ, ਆਮ ਮਨੁੱਖ, ਵਿਅਕਤੀ। ਕਿਉਂਕਿ ਪੰਜਾਬ ਦੇ ਗੁਰੂ ਸਾਹਿਬਾਨ ਨੇ 'ਨਾਨਕ' ਨਾਮ ਹੇਠ ਬਾਣੀ ਦੀ ਰਚਨਾ ਕੀਤੀ ਹੈ, ਇਸ ਕਰਕੇ ਹਰ ਇੱਕ ਗੁਰੂ ਸਾਹਿਬ ਦੀ ਬਾਣੀ ਨੂੰ ਨਿਖੇੜਨ ਲਈ ਕਰਮਵਾਰ ਮਹਲਾ -1, 2, 3 ਆਦਿ ਲਿਖ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਲਈ ਮਹਲਾ-1 ਗੁਰੂ ਅੰਗਦ ਦੇਵ ਜੀ ਲਈ ਮਹਲਾ 2 ਆਦਿ ਲਿਖ ਕੇ ਸੰਬੋਧਨ ਕੀਤਾ ਹੈ।

ਦੂਜੇ, ਧਿਆਨ ਦੇ ਕੇ ਸੋਚਣ ਵਾਲੀ ਗੱਲ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਇਸ ਨਿਖੇੜੇ ਲਈ 'ਮਹਲਾ-2' ਦੀ ਥਾਂ ਤੇ 'ਗੁਰੂ 2' ਕਿਉਂ ਨਹੀਂ ਲਿਖਿਆ? ਸੇਖੋਂ ਸਾਹਿਬ, 'ਗੁਰੂ-2' ਲਿਖਣ ਨਾਲ ਅਨੇਕਾਂ ਸਮੱਸਿਆਵਾਂ ਖੜ੍ਹੀਆਂ ਹੋਜਾਣੀਆਂ ਸਨ।

1. ਜੇ ਗੁਰੂ ਅਰਜਨ ਦੇਵ ਜੀ "ਮਹਲਾ 1" ਦੀ ਥਾਂ "ਗੁਰੂ-1" ਲਿਖ ਦਿੰਦੇ ਤਾਂ ਫਿਰ ਬਿਨਾਂ ਝਿਜਕ, ਸਪੱਸ਼ਟ ਰੂਪ ਵਿੱਚ ਦ੍ਰਿੜ ਹੋ ਜਾਣਾ ਸੀ ਕਿ ਉਹ ਹੰਕਾਰੀ ਹਨ। ਪਰ ਉਹ ਤਾਂ ਹਰ ਸਾਹ ਨਾਲ ਆਪਣੇ ਆਪ ਨੂੰ ਦਾਸ ਸੇਵਕ, ਨੀਚ ਲਿਖਦੇ ਹਨ। ਉਨ੍ਹਾਂ ਨੇ ਕਦੇ ਭੁੱਲ ਕੇ ਵੀ ਆਪਣੇ ਆਪ ਨੂੰ "ਗੁਰੂ" ਨਹੀਂ ਲਿਖਿਆ। ਇਸ ਕਰਕੇ ਉਨ੍ਹਾਂ ਦੇ ਹੰਕਾਰੀ ਹੋਣ ਬਾਰੇ ਤਾਂ ਸੋਚਿਆ ਤੱਕ ਨਹੀਂ ਜਾ ਸਕਦਾ। ਸਿੱਟੇ ਵਜੋਂ "ਗੁਰੂ-1" ਨਹੀਂ ਲਿਖਿਆ।
2. ਗੁਰੂ ਲਿਖਣ ਨਾਲ ਇਹ ਮਸਲਾ ਖੜ੍ਹਾ ਹੋ ਜਾਣਾ ਸੀ ਕਿ ਕੀ ਇਹ ਗੁਰੂ ਸਾਹਿਬਾਨ ਭਗਤ ਹਨ? ਕਿਉਂਕਿ 'ਭਗਤ' ਬਣਨ ਤੋਂ ਬਿਨਾਂ, ਕੋਈ ਵੀ ਗੁਰੂ ਨਹੀਂ ਬਣ ਸਕਦਾ।
3. ਪੰਜਾਬ ਦੇ ਗੁਰੂਆਂ ਨੂੰ ਗੁਰੂ ਲਿਖਣ ਨਾਲ ਉਨ੍ਹਾਂ ਦੀ ਪਦਵੀ ਦੂਜੇ ਦਰਜੇ ਦੀ ਬਣ

ਜਾਣੀ ਸੀ ਕਿਉਂਕਿ ਗੁਰੂ ਨਾਲੋਂ ਭਗਤ ਦਾ ਦਰਜਾ ਯਕੀਨਨ ਹਰ ਪਖੋਂ ਉੱਚਾ ਹੈ। ਇਸ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦਾ ਬਰਾਬਰੀ ਦਾ ਸਿਧਾਂਤ ਤਬਾਹ ਹੋ ਜਾਣਾ ਸੀ।

4. ਜੇਕਰ ਪੰਜਾਬ ਦੀ ਗੁਰ-ਗੱਦੀ ਨੂੰ ਕਾਇਮ ਰਖਿਆ ਜਾਂਦਾ ਤਾਂ ਗੁਰੂ ਗ੍ਰੰਥ ਸਾਹਿਬ ਵਿੱਚ ਬਿਰਾਜਮਾਨ ਦੂਜੇ ਮਹਾਂਪੁਰਸ਼ਾਂ ਨੂੰ ਇਸ ਗੁਰ-ਪ੍ਰਣਾਲੀ ਵਿੱਚ ਕ੍ਰਮਵਾਰ ਪਹਿਲਾਂ ਤੇ ਪਿੱਛੋਂ ਦਾ ਸਥਾਨ ਕਿਵੇਂ ਨਿਸ਼ਚਿਤ ਕੀਤਾ ਜਾਂਦਾ? ਸਾਡੀ ਜਾਚੇ, ਇਹ ਕਰਮ ਮਹਾਂਪੁਰਸ਼ਾਂ ਦੀ ਜਨਮ ਤਿਥੀ ਤੋਂ ਹੀ ਅਰੰਭ ਕਰਨਾ ਨਿਆਂ-ਪੂਰਣ ਹੋ ਸਕਦਾ ਸੀ ਕਿਉਂਕਿ ਪੰਦਰ੍ਹਵੀਂ ਸਦੀ ਵਿੱਚ ਜੰਮਿਆਂ ਮਹਾਂਪੁਰਸ਼ ਬਾਰ੍ਹਵੀਂ ਸਦੀ ਵਿੱਚ ਜੰਮੇ ਮਹਾਂਪੁਰਸ਼ ਦਾ ਗੁਰੂ ਨਹੀਂ ਬਣ ਸਕਦਾ, ਭਾਵ ਗੁਰੂ ਨਾਨਕ ਦੇਵ ਜੀ, ਬਾਬਾ ਫਰੀਦ ਜੀ ਦੇ ਗੁਰੂ ਨਹੀਂ ਬਣ ਸਕਦੇ।

5. ਅਨੇਕਾਂ ਗੁਰੂਆਂ ਅਤੇ ਭਗਤਾਂ ਦੇ ਹੋਣ ਕਾਰਨ, ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ਵ-ਵਿਚਾਰਧਾਰਾ ਨਹੀਂ ਸੀ ਪੁੰਗਰ ਸਕਣੀ। ਇਸ ਤਰ੍ਹਾਂ ਇਹ ਵਿਸ਼ਵ-ਵਿਆਪੀ ਵਿਚਾਰਦਾਰਾ ਟੋਟੇ ਟੋਟੇ ਹੋ ਜਾਣੀ ਸੀ। ਇਹ "ਮਹਾਂਮਾਰੀ" ਵਾਲੀ ਦੁਰਘਟਨਾ ਤੋਂ ਬਚਾਉਣ ਲਈ ਹੀ ਗੁਰੂ ਅਰਜਨ ਦੇਵ ਜੀ ਨੇ 'ਮਹਲਾ-1 ਲਿਖਿਆ ਹੈ, 'ਗੁਰੂ-1" ਨਹੀਂ। ਇਸ ਵਿਸ਼ਵ-ਵਿਆਪੀ ਵਿਚਾਰਧਾਰਾ ਨੂੰ ਸ੍ਰੀ ਗੁਰੂ ਗੋਬਿੰਦ ਸਿਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ ਦੇ ਕੇ ਹੋਰ ਵੀ ਦ੍ਰਿੜ ਅਤੇ ਪਰਪੱਕ ਬਣਾ ਦਿੱਤਾ।

6. ਸਭ ਤੋਂ ਮਹੱਤਵਪੂਰਣ ਅਟੱਲ ਤਰਕ ਇਹ ਹੈ ਕਿ "ਗੁਰੂ" ਲਿਖਣ ਨਾਲ **"ਧੁਰ ਕੀ ਬਾਣੀ ਆਈ"** ਦਾ ਸੰਕਲਪ ਉੱਕਾ ਹੀ ਤਬਾਹ ਹੋ ਜਾਣਾ ਸੀ ਕਿਉਂਕਿ **"ਧੁਰ ਕੀ ਬਾਣੀ"** ਭਾਵ ਪ੍ਰਮਾਤਮਾ ਦੀ ਬਾਣੀ ਕੇਵਲ ਭਗਤੁ ਦਾਸ ਜਾਂ ਭੱਟ ਨੂੰ ਹੀ ਬਖਸ਼ਿਸ਼ ਹੁੰਦੀ ਹੈ। ਗੁਰੂ ਨੂੰ ਨਹੀਂ।

ਇਸ ਕ੍ਰਾਂਤੀਕਾਰੀ ਚਮਤਕਾਰ ਨੇ ਤਿੰਨ ਮਹੱਤਵਪੂਰਣ ਸੰਕਲਪਾਂ ਨੂੰ ਮਹੱਤਵਪੂਰਣ ਬਣਾ ਦਿੱਤਾ ਹੈ।

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਿਰਾਜਮਾਨ ਸਾਰੇ ਮਹਾਂਪੁਰਸ਼ ਭਗਤ ਹੋਣ ਕਰਕੇ ਬ੍ਰਹਮ-ਗਿਆਨੀ ਹਨ ਅਤੇ ਸਭ ਦਾ 'ਗੁਰੂ' ਬ੍ਰਹਮ-ਗੁਰੂ ਹੈ ਭਾਵ ਪਰਮਾਤਮਾ ਹੈ।

(ਅ) ਸਾਰੇ ਮਹਾਂਪੁਰਸ਼ਾਂ ਦਾ ਗੁਰੂ, ਬ੍ਰਹਮ-ਗੁਰੂ ਹੋਣ ਕਰਕੇ, ਸਾਰੇ ਹੀ ਮਹਾਂਪੁਰਸ਼ ਗੁਰ-ਭਾਈ ਹਨ ਇਸ ਨਾਲ ਵਿਸ਼ਵ-ਵਿਆਪੀ ਗੁਰ-ਭਾਈ ਭਾਈਚਾਰਾ ਪ੍ਰਵਾਨਿਤ ਹੋ ਗਿਆ ਹੈ।

(ੲ) ਇਸ ਗੁਰ-ਭਾਈ ਭਾਈਚਾਰੇ ਸਦਕਾ ਹੀ ਵਿਸ਼ਵ-ਵਿਆਪੀ ਵਿਚਾਰਧਾਰਾ ਦਾ ਸੰਕਲਪ ਦ੍ਰਿੜ ਹੋ ਸਕਿਆ ਹੈ।

ਇਹੋ ਕਾਰਣ ਸਨ ਜਿਸ ਕਰਕੇ ਗੁਰੂ ਅਰਜਨ ਦੇਵ ਜੀ ਨੇ 'ਗੁਰੂ' ਨਹੀਂ ਲਿਖਿਆ ਸਗੋਂ 'ਮਹਲਾ' ਲਿਖਿਆ ਹੈ।

ਸੋ ਗੁਰੂ ਅਰਜਨ ਦੇਵ ਜੀ ਨੇ ਪੰਜਾਬ ਦੇ ਗੁਰੂ ਸਾਹਿਬਾਨ ਨੂੰ ਭਗਤ ਨਹੀਂ ਲਿਖਿਆ ਕੇਵਲ ਵਿਅਕਤੀ ਹੀ ਲਿਖਿਆ ਹੈ। ਗੁਰੂ ਨਾਨਕ ਦੇਵ ਜੀ ਨੇ ਜੋ ਕੁਝ ਉਚਾਰਿਆ, ਉਹੋ ਕੁਝ ਹੀ ਬਾਕੀ ਗੁਰੂ ਸਾਹਿਬਾਨ ਨੇ ਵੀ ਉਚਾਰਿਆ ਹੈ। ਗੁਰੂ ਨਾਨਕ ਦੇਵ ਜੀ ਆਪਣੇ ਆਪ



ਨੂੰ 'ਮਨੁੱਖ', 'ਸ਼ਾਇਰ', 'ਨੀਚ' ਆਦਿ ਨਾਲ ਸੰਬੋਧਨ ਕਰਦੇ ਹਨ ਫਿਰ ਸੇਖੋਂ ਸਾਹਿਬ, ਪੰਜਾਬ ਦੇ ਮਹਾਂਪੁਰਸ਼ਾਂ ਨੂੰ 'ਮਹਲਾ', 'ਸ਼ਾਇਰ', 'ਨੀਚ' ਕੀ ਕਹਿਕੇ ਸੰਬੋਧਨ ਕੀਤਾ ਜਾਵੇ?

ਸੇਖੋਂ ਸਾਹਿਬ: ਤੁਸੀਂ ਕਹਿਣਾ ਕੀ ਚਾਹੁੰਦੇ ਹੋ?

ਲੇਖਕ : ਮੈਂ ਕਹਿਣਾ ਚਾਹੁੰਦਾ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਿਰਾਜਮਾਨ ਮਹਾਂਪੁਰਸ਼ਾਂ ਨੂੰ 'ਭਗਤ' ਲਿਖਣਾ ਅਤੇ ਕਹਿਣਾ ਗਲਤ ਹੈ।

ਸ੍. ਇੰਦਰਜੀਤ ਸਿੰਘ ਸੇਖੋਂ ਮੇਰੇ ਤਰਕ ਨੂੰ ਮੰਨ ਗਏ ਅਤੇ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਤੇ ਉਨ੍ਹਾਂ ਨੇ 'ਭਗਤ' ਨਹੀਂ ਗੁਰੂ ਕਹਿ ਕੇ ਗੁਰੂ ਰਵਿਦਾਸ ਜੀ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਇਸ ਸਬੰਧੀ ਹੋਰ ਜਾਣਕਾਰੀ ਦੀ ਇੱਛਾ ਪ੍ਰਗਟ ਕੀਤੀ। ਹੁਣ ਉਹ ਪ੍ਰਸ਼ਨ ਨਹੀਂ ਸਨ ਕਰ ਰਹੇ ਸਗੋਂ ਸ਼ੰਕੇ ਨਿਵਾਰਣ ਲਈ ਕੁਝ ਨਾ ਕੁਝ ਸਪੱਸ਼ਟੀਕਰਣ ਲਈ ਜ਼ਰੂਰ ਪੁੱਛ ਲੈਂਦੇ ਸਨ।

ਹੁਣ ਅਸੀਂ ਇਸ ਵਾਰਤਾਲਾਪ ਤੋਂ ਅੱਗੇ ਚਰਚਾ ਕਰਦੇ ਹਾਂ। ਇਹ ਗੁਰੂ ਅਰਜਨ ਦੇਵ ਜੀ ਦੀ ਦੂਰ ਦ੍ਰਿਸ਼ਟੀ ਹੀ ਸੀ ਕਿ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਕਿਸੇ ਨੂੰ ਵੀ 'ਗੁਰੂ' ਕਹਿ ਕੇ ਨਹੀਂ ਨਿਵਾਜਿਆ। ਉਹ 'ਗੁਰੂ' ਅਤੇ 'ਭਗਤ' ਦੇ ਸਿਧਾਂਤਕ ਅੰਤਰ ਨੂੰ ਜਾਣਦੇ ਸਨ ਅਤੇ ਇਨ੍ਹਾਂ ਸ਼ਬਦਾਂ ਦੇ ਅਰਥਾਂ ਤੋਂ ਭਲੀ ਭਾਂਤ ਜਾਣੂ ਸਨ।

ਭਗਤ ਅਤੇ ਗੁਰੂ ਨੂੰ ਪਰਿਭਾਸ਼ਿਤ ਕਰਨ ਨਾਲ ਇਨ੍ਹਾਂ ਸੰਕਲਪਾਂ ਦੇ ਮਹੱਤਵ ਨੂੰ ਸਮਝਣਾ ਭਾਵ ਪੂਰਤ ਬਣ ਜਾਵੇਗਾ।

(ੳ) ਜਦੋਂ ਸਾਧਕ ਪ੍ਰਭ ਭਗਤੀ ਕਰਦਾ ਹੋਇਆ, ਦੁਨੀਆਂ ਤੋਂ ਬੇਖ਼ਬਰ, ਆਪਣੇ ਪ੍ਰਭ ਨਾਲ ਇਕਮਿਕ ਹੋ ਜਾਂਦਾ ਹੈ ਤਾਂ ਉਹ ਬ੍ਰਹਮ-ਗਿਆਨ ਨਾਲ ਭਰਪੂਰ ਭਗਤ/ਸੰਤ ਹੋ ਨਿਬੜਦਾ ਹੈ। ਗੁਰੂ ਰਵਿਦਾਸ ਜੀ ਦਾ ਕਥਨ ਹੈ:

**1. ਸੰਤ ਅਨੰਤਹਿ ਅੰਤਰੁ ਨਾਹੀ॥**

**2. ਨਾਨਕ, ਬ੍ਰਹਮ ਗਿਆਨੀ ਆਪ ਪ੍ਰਮੇਸ਼ਰ॥**

**(ਸੁਖਮਨੀ ਸਾਹਿਬ - ਮ : ੫)**

(ਅ) ਜਦੋਂ ਬ੍ਰਹਮ-ਗਿਆਨ ਨਾਲ ਭਰਪੂਰ ਭਗਤੀ ਸਮਾਜ ਨੂੰ ਬ੍ਰਹਮ ਉਪਦੇਸ਼ ਦਿੰਦਾ ਹੈ ਤਾਂ ਉਹ ਗੁਰੂ ਹੋ ਨਿਬੜਦਾ ਹੈ। ਸੋ ਗੁਰੂ ਬਣਨ ਲਈ ਇਕੋ-ਇਕ ਯੋਗਤਾ ਬ੍ਰਹਮ-ਗਿਆਨੀ ਹੋਣਾ ਹੈ।

ਉਪਰੋਕਤ ਚਰਚਾ ਤੋਂ ਦੋ ਮਹੱਤਵ ਪੂਰਨ ਨੁਕਤੇ ਸਪੱਸ਼ਟ ਹੁੰਦੇ ਹਨ:

(ਕ) ਭਗਤ ਦੀ ਪਦਵੀ ਲਈ ਪ੍ਰਭ ਪ੍ਰਾਪਤੀ ਜ਼ਰੂਰੀ ਹੈ। ਪ੍ਰਭ ਪ੍ਰਾਪਤੀ ਹੀ ਬ੍ਰਹਮ-ਗਿਆਨ ਦੀ ਪ੍ਰਾਪਤੀ ਹੈ।

(ਖ) ਗੁਰੂ ਦੀ ਪਦਵੀ ਲਈ ਬ੍ਰਹਮ-ਗਿਆਨ ਜ਼ਰੂਰੀ ਹੈ।

ਸਿੱਖ-ਜਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਿਰਾਜਮਾਨ ਪੰਜਾਬ ਦੇ ਗੁਰੂ ਸਾਹਿਬਾਨ ਨੂੰ 'ਗੁਰੂ' ਕਹਿਣ ਵਿੱਚ ਫ਼ਖਰ ਸਮਝਦਾ ਹੈ ਅਤੇ ਬਾਹਰਲੇ (ਗੁਰੂਆਂ) ਨੂੰ ਭਗਤ ਕਹਿਣ ਵਿੱਚ

ਮਾਣ ਸਮਝਦਾ ਹੈ। ਕੀ ਸਿੱਖ-ਜਗਤ ਦੇ ਵਿਦਵਾਨ ਇਹ ਕਹਿਣਾ ਚਾਹੁੰਦੇ ਹਨ ਕਿ ਪੰਜਾਬ ਦੇ ਗੁਰੂ ਸਾਹਿਬਾਨ ਭਗਤ ਨਹੀਂ ਸਨ ਅਤੇ ਨਾਂ ਹੀ ਬ੍ਰਹਮ-ਗਿਆਨੀ? ਇਨ੍ਹਾਂ ਵਿਦਵਾਨਾਂ ਅਨੁਸਾਰ, ਉਪਰੋਕਤ ਪਰਿਭਾਸ਼ਾ ਦੇ ਆਧਾਰ ਤੇ ਪੰਜਾਬ ਦੇ ਗੁਰੂ ਸਾਹਿਬਾਨ 'ਗੁਰੂ ਪਦਵੀ ਦੇ ਹੱਕਦਾਰ ਹੀ ਨਹੀਂ ਅਤੇ ਨਾ ਹੀ ਉਹ ਗੁਰੂ ਬਣਨ ਦੇ ਯੋਗ ਹਨ। ਨਿਰਣਾ ਸੁਭਾਵਕ ਹੈ ਕਿ ਕਿਉਂਕਿ ਉਹ ਭਗਤ ਨਹੀਂ ਸਨ, ਇਸ ਕਰਕੇ ਗੁਰੂ ਨਹੀਂ ਬਣ ਸਕਦੇ। ਪਰ ਗੁਰੂ ਸਾਹਿਬਾਨ ਦੀ ਬਾਣੀ ਪੁਕਾਰ ਪੁਕਾਰ ਕੇ ਫੁਰਮਾ ਰਹੀ ਹੈ ਕਿ ਉਹ ਭਗਤ ਸਨ, ਬ੍ਰਹਮ ਗਿਆਨੀ ਸਨ।

ਦੂਜੇ ਪੰਜਾਬ ਤੋਂ ਬਾਹਰਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਿਰਾਜਮਾਨ, ਮਹਾਂਪੁਰਸ਼ਾਂ ਨੂੰ ਤਾਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਇਕੱਤਰ ਕਰਨ ਵੇਲੇ ਅਤੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਭਗਤ ਪ੍ਰਵਾਨ ਕਰ ਲਿਆ ਸੀ।

ਸੋ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਿਰਾਜਮਾਨ ਸਾਰੇ ਮਹਾਂਪੁਰਸ਼ ਭਗਤ ਹਨ ਅਤੇ ਬ੍ਰਹਮ ਗਿਆਨੀ ਵੀ। ਹੁਣ ਇਕ ਬੜਾ ਮਹੱਤਵਪੂਰਣ ਪ੍ਰਸਨ ਉੱਠਦਾ ਹੈ। ਗੁਰੂ ਅਰਜਨ ਦੇਵ ਜੀ ਨੇ ਲਫ਼ਜ਼ 'ਭਗਤ' ਦੀ ਵਰਤੋਂ ਜਾਣ ਬੁਝ ਕੇ ਕੀਤੀ ਹੈ, ਇਸ ਦਾ ਕੀ ਕਾਰਣ ਹੈ?

(ੳ) ਗੁਰੂ ਅਰਜਨ ਦੇਵ ਜੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਿਰਾਜਮਾਨ ਮਹਾਂਪੁਰਸ਼ਾਂ ਨੂੰ ਦੁਨੀਆਂ ਦੇ ਸਭ ਤੋਂ ਉੱਚਤਮ ਸਤਿਕਾਰ ਨਾਲ ਨਿਵਾਜਣਾ ਚਾਹੁੰਦੇ ਸਨ। 'ਭਗਤ' ਲਫ਼ਜ਼ ਤੋਂ ਬਿਨਾਂ ਹੋਰ ਅਜਿਹਾ ਸ਼ਬਦ ਨਹੀਂ ਹੈ ਜਿਹੜਾ ਮਹਾਂਪੁਰਸ਼ਾਂ ਦੇ ਸਤਿਕਾਰ ਲਈ ਢੁਕਵਾਂ ਹੋਵੇ। 'ਭਗਤ' ਪਦਵੀ ਹੀ ਕਿਸੇ ਮਹਾਂਪੁਰਸ਼ ਲਈ ਸਭ ਤੋਂ ਉਚੱਤਮ ਪਦਵੀ ਹੈ।

(ਅ) ਇਹ ਪਦਵੀ ਪ੍ਰਦਾਨ ਕਰਨ ਪਿੱਛੇ ਵੀ ਗੁਰੂ ਅਰਜਨ ਦੇਵ ਜੀ ਦਾ ਇਕ ਮਹਾਨ ਉਦੇਸ਼ ਸੀ। ਸਿੱਖ ਜਗਤ ਦੇ ਬੁੱਧੀਜਵੀ ਅਤੇ ਵਿਦਵਾਨ ਜਾਣਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹਰ ਧਰਮ, ਹਰ ਜ਼ਾਤ ਦੇ ਮਹਾਂਪੁਰਸ਼ਾਂ ਦੀ ਬਾਣੀ, ਬਿਨਾਂ ਕਿਸੇ ਮੱਤਭੇਦ ਦੇ ਦਰਜ ਕੀਤੀ ਗਈ ਹੈ। ਜਿਸ ਦਾ ਉਦੇਸ਼ ਵਿਸਵ ਵਿਚਾਰਧਾਰਾ ਪ੍ਰਦਾਨ ਕਰਕੇ ਵਿਸ਼ਵ ਭਾਈਚਾਰੇ ਦੀ ਸਿਰਜਣਾ ਵਿੱਚ ਇਨ੍ਹਾਂ ਭਗਤਾਂ ਦੇ ਮਹੱਤਵਪੂਰਨ ਹਿੱਸਾ ਹੈ। ਇਸ ਦੀ ਸਿਰਜਣਾ ਤਾਂ ਹੀ ਹੋ ਸਕਦੀ ਹੈ ਜੇਕਰ ਇਸ ਦੇ ਸਿਰਜਣਹਾਰ ਵੀ ਇਕ ਭਾਈਚਾਰੇ ਵਿੱਚ ਬੱਝੇ ਹੋਣ।

(ੲ) ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੇ ਸਿਰਜਣਹਾਰਾਂ ਦਾ ਭਾਈਚਾਰਾ ਵੀ ਤਾਂ ਹੀ ਸਾਰਥਕ ਅਤੇ ਪਰਪੱਕ ਹੋ ਸਕਦਾ ਹੈ ਜੇਕਰ ਇਸ ਵਿਚਾਰਧਾਰਾ ਦਾ ਆਧਾਰ ਵੀ ਇਕ ਸ੍ਰੋਤ ਹੀ ਹੋਵੇ। ਗੁਰੂ ਅਰਜਨ ਦੇਵ ਜੀ ਨੇ ਇਸ ਮੰਤਵ ਲਈ 'ਭਗਤ-ਭਾਈਚਾਰਾ' ਦੀ ਸਿਰਜਣਾ ਕੀਤੀ। ਦੂਜੇ ਅਰਥਾਂ ਵਿੱਚ ਇਹ ਸਾਰੇ ਮਹਾਂਪੁਰਸ਼ ਗੁਰ-ਭਾਈ ਬਣ ਗਏ ਕਿਉਂਕਿ ਇਨ੍ਹਾਂ ਸਭ ਦਾ ਗੁਰੂ ਪਾਰਬ੍ਰਹਮ ਹੈ। ਬ੍ਰਹਮ-ਗੁਰੂ ਤੋਂ ਬ੍ਰਹਮ-ਗਿਆਨ ਪ੍ਰਾਪਤ ਕਰ ਇਨ੍ਹਾਂ, ਮਹਾਂਪੁਰਸ਼ਾਂ ਨੇ '**ਧੁਰ ਕੀ ਬਾਣੀ ਆਈ**' ਦੀ ਸਿਰਜਣਾ ਕੀਤੀ।

ਸੋ "**ਇਕਾ ਬਾਣੀ ਇਕੁ ਗੁਰੁ**..." ਦਾ ਸਿਧਾਂਤ ਦ੍ਰਿੜ ਹੋ ਜਾਂਦਾ ਹੈ।

ਸੋ ਸਿੱਟਾ ਅਚੁੱਕ ਅਤੇ ਸਪੱਸ਼ਟ ਹੈ: ਸਾਰੇ ਮਹਾਂਪੁਰਸ਼ਾਂ ਦਾ ਗੁਰੂ, ਬ੍ਰਹਮ-ਗੁਰੂ ਹੈ, ਇਸ ਕਰਕੇ ਸਾਰੇ ਗੁਰ-ਭਾਈ ਹਨ।



ਜਦੋਂ ਗੁਰੂ ਅਰਜਨ ਦੇਵ ਜੀ 'ਭਗਤ' ਲਿਖਦੇ ਹਨ ਤਾਂ ਉਹ ਆਪਣੇ ਗੁਰ-ਭਾਈ ਨੂੰ ਸੰਬੋਧਨ ਕਰਦੇ ਹਨ। ਜਦੋਂ ਸਿੱਖ ਜਗਤ ਦੇ ਵਿਦਵਾਨ ਗੁਰੂ ਰਵਿਦਾਸ ਨੂੰ 'ਭਗਤ ਰਵਿਦਾਸ' ਲਿਖਦੇ ਹਨ ਅਤੇ ਕੀਰਤਨ ਸਮੇਂ ਰਾਗੀ ਸਿੰਘ 'ਭਗਤ' ਲਫ਼ਜ਼ ਨਾਲ ਸੰਬੋਧਨ ਕਰਦੇ ਹਨ, ਕੀ ਉਹ ਵੀ ਆਪਣੇ ਗੁਰ-ਭਾਈ ਨੂੰ ਸੰਬੋਧਨ ਕਰ ਰਹੇ ਹੁੰਦੇ ਹਨ? ਜਦਕਿ ਗੁਰ ਰਵਿਦਾਸ-ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿਘ ਜੀ ਗੁਰ-ਭਾਈ ਵੀ ਹਨ।

ਕੀ ਸਿੱਖ-ਜਗਤ ਇਹ ਪ੍ਰਵਾਨ ਕਰੇਗਾ ਕਿ ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ ਹਰ ਇਕ ਸਿੱਖ ਦੇ 'ਭਾਈ' ਹਨ? ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਇਕ ਵੀ ਸਿੱਖ ਅਜਿਹਾ ਪਾਗਲਪਨ ਨਹੀਂ ਕਰੇਗਾ।

ਫਿਰ ਗੁਰੂ ਰਵਿਦਾਸ ਜੀ ਨੂੰ ਭਾਈ ਕਹਿਣ ਦਾ ਪਾਗਲਪਨ ਕਿਉਂ ਹੈ? ਕੀ ਇਹ ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ ਆਦਿ ਦੀ ਹੁਕਮ ਅਦੂਲੀ ਨਹੀਂ ਹੈ?

ਦੂਜੀ ਗੱਲ, ਜਦੋਂ ਅਸੀਂ ਦਲੀਲ ਦਿੰਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਨੇ 'ਭਗਤਾਂ ਕੀ ਬਾਣੀ' ਲਿਖਿਆ ਹੈ, ਇਸ ਲਈ ਅਸੀਂ ਭਗਤ ਰਵਿਦਾਸ ਕਹਿੰਦੇ ਹਾਂ, ਉਦੋਂ ਅਸੀਂ ਗੁਰੂ ਅਰਜਨ ਦੇਵ ਜੀ ਬਣ ਜਾਂਦੇ ਹਾਂ, ਉਨ੍ਹਾਂ ਦੇ ਭਾਈ ਬਣ ਜਾਂਦੇ ਹਾਂ। ਪਰ ਇਹ ਤਾਂ ਘੋਰ ਅਨਰਥ ਹੈ ਇਸ ਲਈ ਸ੍ਰੀ ਗੁਰੂ ਰਵਿਦਾਸ ਜੀ ਨੂੰ ਭਗਤ ਕਹਿਣਾ ਵੀ ਘੋਰ ਅਨਰਥ ਹੈ ਕਿਉਂਕਿ ਗੁਰੂ ਰਵਿਦਾਸ ਅਤੇ ਗੁਰੂ ਅਰਜਨ ਦੇਵ ਜੀ ਗੁਰੂ ਭਾਈ ਹਨ। ਸੋ ਗੁਰੂ ਰਵਿਦਾਸ ਜੀ ਨੂੰ ਗੁਰੂ ਕਹਿਣਾ ਹੀ ਸਹੀ ਹੈ।

ਪਰ ਸਿੱਖ ਜਗਤ ਦੇ ਵਿਦਵਾਨ ਅਤੇ ਪ੍ਰਚਾਰਕ ਆਪ ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੇ ਵਿਰੁੱਧ ਆਪਣੇ ਆਪ ਹੀ ਗੁਰ-ਭਾਈ ਭਾਈਚਾਰੇ ਨੂੰ ਤਬਾਹ ਕਰ ਚੁੱਕੇ ਹਨ। ਗੁਰੂ ਰਵਿਦਾਸ, ਗੁਰੂ ਕਬੀਰ, ਗੁਰੂ ਸਤ, ਗੁਰੂ ਬਲਵੰਡ ਆਦਿ ਮਹਾਂਪੁਰਸ਼ਾਂ ਨੂੰ ਗੁਰੂ ਨਾ ਮੰਨਕੇ ਅਤੇ ਇਨ੍ਹਾਂ ਦਾ ਸਤਿਕਾਰ ਅਤੇ ਪ੍ਰਚਾਰ ਨਾ ਕਰਕੇ ਉਨ੍ਹਾਂ ਨੂੰ ਗੁਰ-ਭਾਈ ਭਾਈਚਾਰੇ ਵਿੱਚੋਂ ਕੱਢ ਦਿੱਤਾ ਹੈ।

ਕੀ ਇਨ੍ਹਾਂ ਸਿੱਖ-ਵਿਦਵਾਨਾਂ ਅਤੇ ਪ੍ਰਚਾਰਕਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਰਾਜਮਾਨ ਮਹਾਂਪੁਰਸ਼ਾਂ ਨੂੰ ਗੁਰ-ਭਾਈ ਭਾਈਚਾਰੇ ਵਿੱਚੋਂ ਕੱਢਕੇ, ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ਵ-ਵਿਆਪੀ ਵਿਚਾਰਧਾਰਾ ਨੂੰ ਕਤਲ ਨਹੀਂ ਕੀਤਾ? ਕੀ ਇਨ੍ਹਾਂ ਵਿਦਵਾਨਾਂ ਅਤੇ ਪ੍ਰਚਾਰਕਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ਵ-ਵਿਆਪੀ ਵਿਚਾਰਦਾਰਾ ਨੂੰ ਕਤਲ ਕਰਕੇ ਵਿਸ਼ਵ ਭਾਈਚਾਰੇ ਦੀ ਸਿਰਜਣ ਦੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਨਿਰੂਪਤ ਸੰਕਲਪ ਨੂੰ ਜਾਣ-ਬੁਝ ਕੇ ਤਬਾਹ ਨਹੀਂ ਕੀਤਾ? ਕੀ ਵਿਸ਼ਵ ਦੇ ਲੋਕ ਅਜਿਹੇ ਹਾਲਾਤ ਵਿੱਚ ਇਸ ਵਿਸ਼ਵ-ਭਾਈਚਾਰੇ ਵਿੱਚ ਸ਼ਾਮਲ ਹੋਣ ਲਈ ਤਿਆਰ ਹੋਣਗੇ? ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਸਿੱਖ-ਜਗਤ ਦੇ ਵਿਦਵਾਨਾਂ ਅਤੇ ਪ੍ਰਚਾਰਕਾਂ ਪਾਸ ਨਹੀਂ ਹਨ। ਉਹ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਵਿਸ਼ਵ-ਭਾਈਚਾਰੇ ਨੂੰ ਸਿਰਜਣ ਵਾਲੇ ਮਹਾਂਪੁਰਸ਼ਾਂ ਦੇ ਕਾਤਲ ਹਨ। ਜਿਸ ਦੇ ਸਿੱਟੇ ਵਜੋਂ ਰਾਧਾ ਸੁਆਮੀ, ਨਿਰੰਕਾਰੀ, ਇਸਾਈ, ਇਸਲਾਮ, ਸੱਚਾ ਸੌਦਾ, ਸਰਸਾ, ਦਿਵਯ ਜੋਤੀ

ਨੂਰ ਮਹਿਲ ਆਦਿ ਇਕਾਈਆਂ ਦਾ ਵਿਸਥਾਰ ਹੋ ਰਿਹਾ ਹੈ। ਇਹ ਵਿਦਵਾਨ ਅਤੇ ਪ੍ਰਚਾਰਕ ਵਿਸ਼ਵ-ਭਾਈਚਾਰੇ ਨੂੰ ਸਿਰਜਣ ਵਾਲੇ ਮਹਾਂਪੁਰਸ਼ਾਂ ਦੇ ਤਾਂ ਕਾਤਲ ਹਨ ਹੀ, ਇਨ੍ਹਾਂ ਨੇ ਅਜਿਹਾ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ਵ-ਵਿਆਪੀ ਵਿਚਾਰਧਾਰਾ ਨੂੰ ਵੀ ਕਤਲ ਕਰ ਦਿੱਤਾ ਹੈ ਅਤੇ ਸਾਂਝੀਵਾਲਤਾ ਦੇ ਸੰਕਲਪ ਨੂੰ ਤਬਾਹ ਕਰ ਦਿੱਤਾ ਹੈ।

ਇਹੋ ਹੀ ਕਾਰਨ ਸੀ ਕਿ ਇਨ੍ਹਾਂ ਵਿਦਵਾਨਾਂ ਅਤੇ ਪ੍ਰਚਾਰਕਾਂ ਦੇ ਉਸਾਰੇ ਮਨੁੱਖਤਾ ਵਿਰੋਧੀ ਵਾਤਾਵਰਣ ਕਾਰਣ ਸਿੱਖ ਧਰਮ ਦੇ ਧਾਰਮਿਕ ਆਗੂਆਂ ਨੇ ਡਾ. ਅੰਬੇਡਕਰ ਨੂੰ ਸਿੱਖ ਨਹੀਂ ਸੀ ਬਣਾਇਆ। ਇਸ ਦਾ ਕਾਰਣ ਧਾਰਮਿਕ ਆਗੂ ਇਹ ਦੱਸਦੇ ਹਨ ਕਿ ਅਛੂਤਾਂ ਨੂੰ ਸਿੱਖ ਬਣਾ ਕੇ ਹਰਿਮੰਦਰ ਸਾਹਿਬ ਚੂਹੜਿਆਂ ਨੂੰ ਦੇ ਦਈਏ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਚਹੇਤੇ ਬੇਟੇ "ਰੰਗਰੇਟੇ ਗੁਰੂ ਕੇ ਬੇਟੇ" ਗੁਰੂ ਘਰ ਵਿੱਚੋਂ ਧੱਕੇ ਮਾਰ ਕੇ ਬਾਹਰ ਕੱਢ ਦਿੱਤੇ ਗਏ।

ਇਸ ਤਰ੍ਹਾਂ ਭਾਰਤ ਦੀ ਇਕ ਤਿਹਾਈ ਅਛੂਤ ਆਬਾਦੀ ਰਾਧਾ ਸੁਆਮੀ, ਨਿਰੰਕਾਰੀ, ਇਸਾਈ, ਇਸਲਾਮ, ਸੱਚਾ ਸੌਦਾ, ਦਿਵਯ-ਜੋਤੀ ਨੂਰਮਹਿਲ ਆਦਿ ਨੂੰ ਬਣਾ ਲਿਆ ਹੈ।

ਸਿੱਖ ਵਿਦਵਾਨਾਂ ਅਤੇ ਪ੍ਰਚਾਰਕਾਂ ਨੇ ਖੁਦ ਹੀ ਗੁਰੂ ਗ੍ਰੰਥ ਸਾਹਿਬ ਵਿਚ ਨਿਰੂਪਤ ਸਾਂਝੀਵਾਲਤਾ ਦੇ ਸੰਕਲਪ ਨੂੰ ਤਬਾਹਕਰ ਦਿੱਤਾ ਅਤੇ ਨਾ-ਬਖਸ਼ਣ ਵਾਲੀਆਂ ਭੁੱਲਾਂ ਕੀਤੀਆਂ। ਜਿਸ ਸਦਕਾ ਅੱਜ ਵਿਸ਼ਵ-ਭਾਈਚਾਰੇ ਦੀ ਸਿਰਜਣਾ ਦਾ ਵਿਕਾਸ ਰੁਕ ਗਿਆ ਹੈ। ਜਿਨ੍ਹਾਂ ਚਿਰ ਇਹ ਸਿੱਖ ਜਗਤ ਦੇ ਵਿਦਵਾਨ ਅਤੇ ਪ੍ਰਚਾਰਕ ਭੁੱਲਾਂ ਨਹੀਂ ਬਖਸ਼ਾਉਂਦੇ ਅਤੇ ਮੁੜ ਗੁਰੂ ਗ੍ਰੰਥ ਸਾਹਿਬ ਦੇ ਲੜ ਲਗ ਕੇ, ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਸਾਰੇ ਮਹਾਂਪੁਰਸ਼ਾਂ ਨੂੰ ਗੁਰੂ ਨਹੀਂ ਮੰਨਦੇ ਅਤੇ ਲਿਖਦੇ ਉਨ੍ਹਾਂ ਚਿਰ ਇਹ ਵਿਸ਼ਵ ਭਾਈਚਾਰੇ ਦੀ ਸਿਰਜਣਾ ਰੁਕੀ ਰਹੇਗੀ ਅਤੇ ਸਾਰਥਕ ਰੂਪ ਵਿਚ ਗੁਰਭਾਈ ਭਾਈਚਾਰੇ ਦੀ ਸਿਰਜਣਾ ਵੀ ਨਹੀਂ ਹੋ ਸਕੇਗੀ।

ਸੋ ਗੁਰੂ ਗ੍ਰੰਥ ਸਾਹਿਬ ਦੇ ਵਿਸ਼ਵ ਭਾਈਚਾਰੇ ਦੇ ਅਧਾਰ ਗੁਰਭਾਈ ਭਾਈਚਾਰੇ ਦੀ ਬਹਾਲੀ ਅਤਿਅੰਤ ਜ਼ਰੂਰੀ ਹੈ। ਕਿਉਂਕਿ ਵਿਸ਼ਵ ਵਿਚਾਰਧਾਰਾ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਜੀ ਵਿਚਾਰਧਾਰਾ ਹੈ। ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਦਾ ਆਧਾਰ ਇਸ ਵਿੱਚ ਬਿਰਾਜਮਾਨ ਮਹਾਂਪੁਰਸ਼ਾਂ ਦਾ ਗੁਰ-ਭਾਈ ਭਾਈਚਾਰਾ ਹੈ। ਸੋ ਵਿਸ਼ਵ ਭਾਈਚਾਰੇ ਦਾ ਆਧਾਰ ਸਹੀ ਅਰਥਾਂ ਵਿੱਚ ਗੁਰ ਭਾਈ ਭਾਈਚਾਰਾ ਹੈ।

ਵਿਸ਼ਵ ਭਾਈਚਾਰੇ ਦਾ ਆਧਾਰ ਗੁਰ-ਭਾਈ ਭਾਈਚਾਰੇ ਦੇ ਇਸ ਮਹਾਨ ਸੰਕਲਪ ਨੂੰ ਹੋਰ ਦ੍ਰਿੜ੍ਹ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਵਿਚਾਰਧਾਰਾਈ ਆਧਾਰ ਨੂੰ ਪੱਕੇ ਤੌਰ 'ਤੇ ਪਰਪੱਕ ਕਰਨ ਲਈ ਉਨ੍ਹਾਂ ਨੇ ਮੂਲ ਮੰਤਰ ਨਾਲ ਤਿੰਨ ਬ੍ਰਹਮ-ਗਿਆਨੀ ਚਿੰਤਕਾਂ ਦੇ ਨਾਮ ਅੰਕਿਤ ਕੀਤੇ ਹਨ:

**ਰਾਗ ਆਸਾ**

**ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

**ਰਾਗ ਆਸਾ ਬਾਣੀ ਭਗਤਾ ਕੀ**



**ਕਬੀਰ ਜੀਉ ਨਾਮਦੇਵ ਜੀਉ ਰਵਿਦਾਸ ਜੀਉ॥**

**ਆਸਾ ਸ੍ਰੀ ਕਬੀਰ ਜੀਉ॥**[1]

ਰਾਗ ਆਸਾ ਵਿੱਚ ਮੂਲ ਮੰਤਰ ਦੀ ਤਰਤੀਬ ਅਨੁਸਾਰ ਰਾਗ ਆਸਾ ਦੇ ਆਰੰਭ ਵਿੱਚ ਪੂਰਾ ਮੂਲ ਮੰਤਰ ਅੰਕਿਤ ਹੈ, ਫਿਰ ਆਸਾ ਜੀ ਦੀ ਵਾਰ ਦੇ ਆਰੰਭ ਵਿੱਚ ਪੂਰਾ ਮੂਲ ਮੰਤਰ ਹੈ ਫਿਰ ਰਾਗ ਆਸਾ ਵਿੱਚ "ਭਗਤਾ ਕੀ ਬਾਣੀ" ਦੇ ਆਰੰਭ ਵਿੱਚ ਪੂਰਾ ਮੂਲ ਮੰਤਰ ਹੈ।

ਵਿਦਵਾਨ ਖੋਜੀਆਂ ਲਈ ਖੋਜ ਦਾ ਅਤਿ ਮਹੱਤਵਪੂਰਣ ਤੱਥ ਇਹ ਹੈ ਕਿ ਇਨ੍ਹਾਂ ਤਿੰਨ ਬ੍ਰਹਮ ਗਿਆਨੀ ਚਿੰਤਕਾਂ ਤੋਂ ਬਿਨਾਂ ਕਿਸੇ ਵੀ ਹੋਰ ਬ੍ਰਹਮ ਗਿਆਨੀ ਚਿੰਤਕ ਦਾ ਨਾਮ ਮੂਲ-ਮੰਤਰ ਨਾਲ ਅੰਕਿਤ ਨਹੀਂ ਕੀਤਾ ਗਿਆ। ਅਜਿਹਾ ਕਿਉਂ? ਸਾਡਾ ਮੰਨਣਾ ਹੈ ਕਿ ਮੂਲ ਮੰਤਰ ਨਾਲ ਇਨ੍ਹਾਂ ਤਿੰਨਾਂ ਮਹਾਂਪੁਰਸ਼ਾਂ ਦਾ ਉਲੇਖ ਇਸ ਗੱਲ ਦਾ ਪ੍ਰਮਾਣ ਹੈ ਕਿ ਇਨ੍ਹਾਂ ਮਹਾਂਪੁਰਸ਼ਾਂ ਦੀ ਮੂਲ ਮੰਤਰ ਨਾਲ ਡੂੰਘੀ ਸਾਂਝ ਅਤੇ ਅਵੱਸ਼ ਸਬੰਧ ਹੈ ਕਿਉਂਕਿ ਇਨ੍ਹਾਂ ਤਿੰਨ ਚਿੰਤਕਾਂ ਦੀ ਬਾਣੀ ਵਿਚ ਵੀ ਮੂਲ ਮੰਤਰ ਦੇ ਸਾਰੇ ਦੇ ਸਾਰੇ ਬ੍ਰਹਮ ਤੱਤਾਂ ਦੀ ਸਿਰਜਣਾ ਉਪਲੱਬਧ ਹੈ। ਬਾਕੀ ਦੇ ਬ੍ਰਹਮ ਗਿਆਨੀ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ "ਭਗਤਾ ਕੀ ਬਾਣੀ" ਦੇ ਸਿਰਲੇਖ ਹੇਠ ਦਰਜ ਹੈ ਚਾਰ ਤੋਂ ਵੱਧ ਸ਼ਬਦ ਕਿਸੇ ਦੇ ਵੀ ਦਰਜ ਨਹੀਂ ਹਨ। ਇਨ੍ਹਾਂ ਨਾਲ ਮੂਲ-ਮੰਤਰ ਵਿੱਚ ਸਿਰਜੇ ਬ੍ਰਹਮ ਦੇ ਸਰੂਪ ਨੂੰ ਪੂਰਨ ਰੂਪ ਵਿੱਚ ਨਹੀਂ ਸਿਰਜਿਆ ਜਾ ਸਕਦਾ। ਇਸ ਕਰਕੇ ਇਨ੍ਹਾਂ ਦਾ ਨਾਮ ਮੂਲ ਮੰਤਰ ਨਾਲ ਅੰਕਿਤ ਨਹੀਂ ਕੀਤਾ ਗਿਆ। ਇਸੇ ਕਾਰਣ ਉਪਰੋਕਤ ਤਿੰਨ ਮਹਾਂਪੁਰਸ਼ਾਂ ਪਿੱਛੋਂ ਰਾਗ ਆਸਾ ਵਿੱਚ ਗੁਰੂ ਧੰਨਾ ਅਤੇ ਗੁਰੂ ਬਾਬਾ ਫਰੀਦ ਜੀ ਦੀ ਬਾਣੀ ਵੀ ਦਰਜ ਹੈ। ਪਰ ਇਨ੍ਹਾਂ ਦੇ ਨਾਮ ਮੂਲ ਮੰਤਰ ਨਾਲ ਅੰਕਿਤ ਨਹੀਂ ਕੀਤੇ ਗਏ।

ਸੋ ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਦੇ ਸਰੂਪ ਵਿੱਚ ਸਿਰਜਣਾ ਨੂੰ ਸਰਵ ਸਾਂਝੀ ਰੰਗਤ ਦੇ ਕੇ ਗੁਰ-ਭਾਈ ਭਾਈਚਾਰੇ ਨੂੰ ਸਦੀਵੀ ਦ੍ਰਿੜਤਾ ਪ੍ਰਦਾਨ ਕੀਤੀ ਹੈ।

ਡਾ. ਲੇਖ ਰਾਜ ਪ੍ਰਵਾਨਾ ਮੂਲ ਮੰਤਰ ਦੀ ਰਚਨਾ ਬਾਰੇ ਇਕ ਹੋਰ ਨਜ਼ਰੀਏ ਤੋਂ ਵਿਚਾਰ ਕਰਦੇ ਹਨ। ਉਸ ਨਜ਼ਰੀਏ ਤੋਂ ਵੀ ਮੂਲ ਮੰਤਰ ਦੀ ਬੁਨਿਆਦ ਗੁਰ-ਭਾਈ ਭਾਈਚਾਰੇ ਦੀ ਸਿਰਜਣਾ ਦਾ ਸੰਕਲਪ ਹੀ ਬਣਦਾ ਹੈ। ਡਾ. ਪ੍ਰਵਾਨਾ ਦਾ ਨਿਰਣਾ ਸਾਡੇ ਵਿਚਾਰ ਨੂੰ ਹੋਰ ਪ੍ਰਪੱਕ ਕਰਦਾ ਹੈ। ਉਹ ਲਿਖਦੇ ਹਨ:

"ਦੂਜੀ ਗੋਸ਼ਟੀ ਬਾਬਾ ਜੀ (ਗੁਰੂ ਨਾਨਕ) ਨਾਲ ਸੰਤ ਰਵਿਦਾਸ ਜੀ ਦੀ ਉਸ ਸਮੇਂ ਹੋਈ ਜਦੋਂ ਸੰਤ ਰਵਿਦਾਸ ਆਪਣੇ ਹੋਰ ਸੰਤ ਸਾਥੀਆਂ ਨਾਲ ਉਤਰੀ ਭਾਰਤ ਦਾ ਦੌਰਾ ਕਰਦੇ ਕਰਦੇ ਬਾਰ੍ਹਾਂ ਵਰ੍ਹੇ ਬਾਅਦ ਦੁਬਾਰਾ ਪੰਜਾਬ ਆਏ ਸਨ। ਆਪਣੇ ਮਿੱਤਰਾਂ, ਸ਼ਰਧਾਲੂਆਂ, ਸੰਤਾਂ, ਭਗਤਾਂ ਨੂੰ ਮਿਲਦੇ ਮਿਲਦੇ ਉਹ ਸੁਲਤਾਨ ਪੁਰ ਪੁੱਜੇ। ਸੰਤ ਘਾਟ ਗੁਰਦੁਆਰੇ ਵਾਲੀ ਸਥਾਨ ਤੇ ਸੰਤ ਸਮਾਗਮ ਹੋਣਾ ਨਿਯਤ ਸੀ।"[2]

ਡਾ. ਪ੍ਰਵਾਨਾ ਲਿਖਦੇ ਹਨ, "ਇਸੇ ਗੁਰਦੁਆਰੇ (ਸੰਤਘਾਟ) ਦੀ ਦੀਵਾਰ ਤੇ ਲੱਗੇ ਬੋਰਡ

(1) ਆਦਿ ਗ੍ਰੰਥ—475 (2) ਸ੍ਰੀ ਗੁਰੂ ਰਵਿਦਾਸ—ਜੀਵਨ ਤੇ ਕਿਰਤਾਂ—117

ਤੇ ਲਿਖੇ ਇਨ੍ਹਾਂ ਸ਼ਬਦਾਂ "ੴ ਗੁਰਦੁਆਰਾ ਸ੍ਰੀ ਸੰਤ ਘਾਟ ਸਾਹਿਬ ਜੀ।" ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸ੍ਰੀ ਬੇਰ ਸਾਹਿਬ ਤੋਂ ਬੇਈ ਨਦੀ ਵਿੱਚ ਟੁੱਬੀ ਲਾ ਕੇ ਤੀਸਰੇ ਦਿਨ ਪ੍ਰਗਟ ਹੋਏ ਅਤੇ ਇਥੇ ਹੀ ਮੂਲ ਮੰਤਰ ਉਚਾਰਣ ਕੀਤਾ।"[1]

ਡਾ. ਪ੍ਰਵਾਨਾ ਲਿਖਦੇ ਹਨ, "ਬੇਂਈ ਵਿਚ ਇਸ਼ਨਾਨ ਕਰਨ ਦੇ ਬਹਾਨੇ ਕੁਦ ਪਏ ਅਤੇ ਹਨ੍ਹੇਰੇ ਵਿਚ ਅਲੋਪ ਹੋ ਗਏ। ਗੁਰਦੁਆਰਾ ਬੇਰ ਸਾਹਿਬ ਤੋਂ ਤਿੰਨ ਕਿਲੋਮੀਟਰ ਦੂਰ ਸੰਤ ਘਾਟ ਗੁਰਦੁਆਰਾ ਹੈ ਜਿੱਥੇ ਸਮਾਗਮ ਹੋਣਾ ਨਿਸ਼ਚਿਤ ਸੀ। ਸਤਿਸੰਗ ਲਈ ਪਹੁੰਚ ਗਏ ਸਨ। ਇਹ ਪਹਿਲੇ ਵਾਲੇ ਸੰਤ (ਸੱਚੇ ਸੌਦੇ ਵਾਲੇ) ਹਨ। ਜੋ ਪੰਜਾਬ ਵਿਚ ਆਪਣੇ ਮਿਸ਼ਨ ਦਾ ਪ੍ਰਚਾਰ ਕਰਨ ਆਏ ਸਨ। ਇਨ੍ਹਾਂ ਪੰਜਾਂ ਸੰਤਾਂ ਵਿਚ ਗੁਰੂ ਰਵਿਦਾਸ ਜੀ ਵੀ ਸਨ।[2]

ਹੁਣ ਡਾ. ਪਰਵਾਨਾ ਆਪਣਾ ਨਿਰਣਾ ਦਰਜ ਕਰਦੇ ਹਨ:

"ਤਿੰਨ ਦਿਨਾਂ ਸੰਤ ਸਮਾਗਮ ਵਿੱਚ ਲਏ ਗਏ ਫੈਸਲੇ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੀ ਤਿਆਰੀ ਦਾ ਮੁੱਢ ਇਸੇ ਸੰਤ ਘਾਟ ਗੁਰਦੁਆਰੇ ਵਾਲੇ ਸਥਾਨ ਤੋਂ ਹੀ ਆਰੰਭ ਹੋਇਆ ਦਸਿਆ ਗਿਆ ਹੈ। ਇਸ ਕਥਨ ਦੀ ਪੂਰਤੀ ਸੰਤ ਕਰਤਾਰ ਸਿੰਘ ਜੀ ਨੇ ਜੋ ਗੁਰਦੁਆਰੇ ਦੀ ਉਸਾਰੀ ਤੇ ਉਨ੍ਹਾਂ ਦੀ ਮੁਰੰਮਤ ਕਰਵਾਉਣ ਅਤੇ ਸਿੱਖ ਇਤਿਹਾਸ ਅਤੇ ਬਾਣੀ ਦੇ ਪ੍ਰਬੀਨ ਬੁਲਾਰੇ ਅਤੇ ਤਰਜਮਾਨ ਮੰਨੇ ਜਾਂਦੇ ਹਨ, ਨੇ ਵੀ ਇਸੇ ਸੰਤ ਸਮਾਗਮ ਦੀ ਸੰਭਾਵਨਾ ਦੀ ਹੋਂਦ ਦੀ ਪੁਸ਼ਟੀ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਮਿਤੀ 31.3.1983 ਨੂੰ ਮੇਰੇ ਨਾਲ ਇਕ ਵਿਚਾਰ ਗੋਸ਼ਟੀ ਵਿੱਚ ਕੀਤੀ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਦੀ ਸੰਤਾਂ ਨਾਲ ਇਹ ਦੂਜੀ ਮਿਲਣੀ ਸੀ। ਸੱਚ ਖੰਡ ਦੇ ਸੰਕਲਪ ਨੂੰ ਵਿਕਾਸ ਇਸੇ ਸਮੇਂ ਮਿਲਿਆ ਸੀ ਅਤੇ ਮੂਲ ਮੰਤਰ ਦੀ ਰਚਨਾ ਵੀ ਇਸੇ ਜਗ੍ਹਾ ਹੋਈ ਦੱਸੀ ਗਈ ਹੈ।"[3]

ਇਸ ਨਾਲ ਗੁਰ ਭਾਈ ਭਾਈਚਾਰੇ ਦੇ ਸੰਕਲਪ ਨੂੰ ਸਾਰਥਕਤਾ ਅਤੇ ਪਰਪੱਕਤਾ ਦ੍ਰਿੜ ਹੋਈ ਹੈ। ਫਲ-ਸਰੂਪ ਰਾਗ ਆਸਾ ਵਿੱਚ ਮੂਲ ਮੰਤਰ ਨਾਲ ਬ੍ਰਹਮ ਗਿਆਨੀ ਚਿੰਤਕਾਂ ਦਾ ਅੰਕਿਤ ਹੋਣਾ ਉਪਰੋਕਤ ਚਰਚਾ ਦੇ ਆਧਾਰ ਨੂੰ ਹੋਰ ਪਕੇਰਾ ਕਰਨ ਦਾ ਸਾਧਨ ਬਣਦਾ ਹੈ। ਡਾ. ਦਰਸ਼ਨ ਸਿੰਘ ਪ੍ਰੋਫੈਸਰ ਅਤੇ ਚੇਅਰਮੈਨ, ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੀ ਇਸ ਆਧਾਰ ਨੂੰ ਡਾ. ਪ੍ਰਵਾਨਾ ਦੇ ਥੀਸਸ "ਸ੍ਰੀ ਗੁਰੂ ਰਵਿਦਾਸ ਜੀ ਤੇ ਕਿਰਤਾਂ"-1993 ਦੇ ਪੰਨਾ ਨੰ : 3 (ਤਿੰਨ) ਤੇ ਵਿਚਾਰ ਦਿੰਦੇ ਹੋਏ ਹੋਰ ਵੀ ਪਰਪੱਕਤਾ ਪ੍ਰਦਾਨ ਕਰਦੇ ਹਨ। ਉਹ ਲਿਖਦੇ ਹਨ:

"ਇਸ ਗ੍ਰੰਥ ਦੇ ਪਾਠ ਤੋਂ ਇਹ ਭਲੀ ਭਾਂਤ ਸਿੱਧ ਹੋ ਜਾਏਗਾ ਕਿ ਇਹ ਗ੍ਰੰਥ ਸਿਰਫ਼ ਆਕਾਰ ਵਿੱਚ ਹੀ ਵੱਡਾ ਨਹੀਂ ਹੈ ਗੁਣਾਂ ਵਿੱਚ ਵੀ ਵੱਡਾ ਹੈ। ਸੰਤ ਜੀ ਦੇ ਜੀਵਨ ਅਤੇ ਰਚਨਾਵਾਂ ਬਾਰੇ ਪ੍ਰਾਪਤ ਧਾਰਨਾਵਾਂ ਦੁਆਲੇ ਉਸਰੇ ਧੁੰਧਲੇ ਪਨ ਨੂੰ ਜਿਸ ਤਰੀਕੇ ਨਾਲ ਡਾ. ਪ੍ਰਵਾਨਾ ਨੇ ਸਾਫ ਕੀਤਾ ਹੈ, ਮੇਰੇ ਖਿਆਲ ਵਿੱਚ ਇਹ ਇਕ ਵਿਲੱਖਣ ਦੇਣ ਹੈ। ਇੰਝ ਇਹ ਗੁਣ ਅਤੇ ਆਕਾਰ ਦੋਹਾਂ ਪੱਖੋਂ ਇਕ ਮਹੱਤਵਪੂਰਨ ਰਚਨਾ ਹੈ।"

(1) ਓਹੀ—118 (2) ਓਹੀ—118 (3) ਓਹੀ—118



ਸਪੱਸ਼ਟ ਹੈ ਕਿ ਡਾ. ਦਰਸ਼ਨ ਸਿੰਘ ਜੀ ਨੇ ਪੂਰੇ ਧਿਆਨ ਨਾਲ ਡਾ. ਪ੍ਰਵਾਨਾ ਦੀ ਪੁਸਤਕ (ਗ੍ਰੰਥ) ਦਾ ਅਧਿਅਨ ਕਰਕੇ ਹੀ ਇਹ ਪੈਰ੍ਹਾ ਲਿਖਿਆ ਹੈ। ਜਿਸ ਤੋਂ ਸਾਬਤ ਹੁੰਦਾ ਹੈ ਕਿ ਪੰਨਾ 118 ਤੇ ਦਿੱਤੇ ਮੂਲ ਮੰਤਰ ਦੀ ਸਿਰਜਣਾ ਬਾਰੇ ਖੋਜ ਨਾਲ ਆਪ ਪੂਰੀ ਤਰ੍ਹਾਂ ਸਹਿਮਤ ਹਨ। ਇਸ ਤਰ੍ਹਾਂ ਗੁਰੂ ਭਾਈ ਭਾਈਚਾਰੇ ਦੇ ਸੰਕਲਪ ਨੂੰ ਦ੍ਰਿੜਤਾ ਪ੍ਰਾਪਤ ਹੋਈ ਹੈ।

ਸੋ ਮੂਲ ਮੰਤਰ ਦੀ ਉਸਾਰੀ ਵਿੱਚ ਗੁਰੂ ਰਵਿਦਾਸ ਜੀ, ਗੁਰੂ ਕਬੀਰ ਜੀ, ਗੁਰੂ ਨਾਮਦੇਵ ਜੀ, ਗੁਰੂ ਨਾਨਕ ਦੇਵ ਜੀ ਦਾ ਭਰਪੂਰ ਯੋਗਦਾਨ ਹੈ। ਇਹੋ ਸਾਂਝੀਵਾਲਤਾ ਹੈ ਅਤੇ ਇਹੋ ਗੁਰਭਾਈ ਭਾਈਚਾਰੇ ਦਾ ਸ਼ਕਤੀਸ਼ਾਲੀ ਆਧਾਰ ਹੈ। ਇਸ ਚਰਚਾ ਦੇ ਸਿੱਟੇ ਵਜੋਂ ਹੁਣ ਕਿਸੇ ਵੀ ਤਰ੍ਹਾਂ ਗੁਰੂ ਰਵਿਦਾਸ ਜੀ ਨੂੰ ਭਗਤ ਕਹਿਣਾ ਜਾਇਜ਼ ਨਹੀਂ ਹੈ।

ਸਿੱਟਾ ਅਚੁੱਕ ਅਤੇ ਸਪੱਸ਼ਟ ਹੈ: ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਗੁਰ ਭਾਈ ਹਨ ਅਤੇ ਦੋਹਾਂ ਨੂੰ ਗੁਰੂ ਲਫ਼ਜ਼ ਨਾਲ ਸੰਬੋਧਨ ਕਰਨਾ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਦੀ ਪਾਲਣਾ ਕਰਨਾ ਹੈ। ਸੋ ਗੁਰੂ ਰਵਿਦਾਸ ਜੀ ਨੂੰ ਭਗਤ ਨਹੀਂ ਗੁਰੂ ਲਿਖਣਾ ਹੀ ਸਹੀ ਹੈ।

ਉਪਰੋਕਤ ਚਰਚਾ ਦਾ ਨਿਰਣਾ ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਿਰਾਜਮਾਨ ਸਾਰੇ ਮਹਾਂਪੁਰਸ਼ 'ਗੁਰੂ' ਹਨ। ਇਸ ਸੰਕਲਪ ਨੂੰ ਪ੍ਰਮਾਣਿਕਤਾ ਅਤੇ ਪਰਪੱਕਤਾ ਖੁਦ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਦਾਨ ਕੀਤੀ ਹੈ। ਭਾਈ ਗਯਾਨ ਸਿੰਘ ਜੀ ਗਯਾਨੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਕਲਮਬੰਦ ਕਰਦੇ ਲਿਖਦੇ ਹਨ:

**"ਤਥਾ ਹੀ ਸ੍ਰੀ ਮੁਖ ਵਾਕ-ਦੋਹਿਰਾ**
**ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।**
**ਸਬ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ,**
**ਗੁਰੂ ਗ੍ਰੰਥ ਕੋ ਮਾਨਿਓ ਪਰਗਟ ਗੁਰਾਂ ਕੀ ਦੇਹ।**
**ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸ਼ਬਦ ਮੈ ਲੇਹ।**
**ਸਬ ਗੁਰੂ ਪਰਗਟ ਭਏ ਪੂਰਨ ਹਰਿ ਅਵਤਾਰ।**
**ਜਗਮਗ ਜੋਤ ਬਿਰਾਜ ਹੀ ਸ੍ਰੀ ਗੁਰੂ ਗ੍ਰੰਥ ਮਝਾਰ।**
**ਜੋ ਦਰਸਯੋ ਚਹਿ ਗੁਰੂ ਕੌ ਸੋ ਦਰਸੈ ਗੁਰੂ ਗ੍ਰੰਥ।**
**ਪਢੈ ਸੁਨੈ ਸ੍ਵਾਰਥ ਲਹੈ ਪਰਮਾਰਥ ਕੋ ਪੰਥ।**
**ਵਾਹਿਗੁਰੂ ਗੁਰੂ ਗਰੰਥ ਜੀ ਉਭੈ ਜਹਾਜ ਉਦਾਰ।**
**ਜੋ ਸਰਧਾ ਸੇਵ ਹੈ ਸੋ ਉਤਰੇ ਭਵ ਪਾਰ॥11॥"**[1]

ਗਿਆਨੀ ਜੀ ਨੇ ਉਪਰੋਕਤ ਕਾਵਿ ਪਹਿਰੇ ਦੇ ਦੋ ਹਿੱਸੇ ਕੀਤੇ ਹਨ –

ਪਹਿਲੇ ਪਹਿਰੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ "ਆਦਿ ਗ੍ਰੰਥ ਜੀ" ਨੂੰ ਗੁਰੂ ਮੰਨਣ ਲਈ ਸਿੱਖਾਂ ਨੂੰ ਹੁਕਮ ਕੀਤਾ ਹੈ:

**"ਸਬ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥"**

(1) ਸ੍ਰੀ ਗੁਰੂ ਪੰਥ ਪ੍ਰਕਾਸ਼—ਭਾਸ਼ਾ ਵਿਭਾਗ ਪੰਜਾਬ—1970 ਪੰਨਾ—353

ਇਸ ਹੁਕਮ ਵਿੱਚ ਹੇਠ ਲਿਖੇ ਹੁਕਮ ਸ਼ਾਮਲ ਨਹੀਂ ਹਨ:

1. ਕੇਵਲ ਮਹਲਿਆਂ ਨੂੰ ਹੀ "ਗੁਰੂ" ਮੰਨਣਾ ਹੈ।

2. ਭਗਤਾਂ, ਭੱਟਾਂ ਆਦਿ ਨੂੰ ਗੁਰੂ ਨਹੀਂ ਮੰਨਣਾ ਅਤੇ

3. ਗੁਰੂ ਗ੍ਰੰਥ ਸਾਹਿਬ ਜੀ ਨੂੰ ਗਿਆਰਵਾਂ "ਗੁਰੂ" ਮੰਨਣਾ ਹੈ।

ਉਪਰੋਕਤ "ਹੁਕਮ" ਮਹਲਿਆਂ, ਭਗਤਾਂ, ਭੱਟਾਂ ਆਦਿ ਨੂੰ ਹਰ ਹਾਲਤ ਵਿੱਚ "ਗੁਰੂ" ਮੰਨਣ ਦਾ ਹੁਕਮ ਦਿੰਦਾ ਹੈ। ਅਜਿਹਾ ਨਾ ਕਰਨਾ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਘੋਰ ਉਲੰਘਣਾ ਹੈ। ਅਤੇ ਉਪਰੋਕਤ "ਹੁਕਮ" ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਸੇ ਵੀ ਹਾਲਤ ਵਿੱਚ ਗਿਆਰਵਾਂ "ਗੁਰੂ" ਮੰਨਣ ਦੀ ਆਗਿਆ ਨਹੀਂ ਦਿੰਦਾ। ਕਾਰਣ:

1. ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਰਾਜਮਾਨ 35 ਮਹਾਂਪੁਰਸ਼ ਹਨ। ਇਸ ਗਿਣਤੀ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ 35ਵੇਂ "ਗੁਰੂ" ਹੋਏ, ਗਿਆਰਵੇਂ ਨਹੀਂ।

2. ਪੰਜਾਬ ਦੀ ਗੁਰੂ ਨਾਨਕ ਗੱਦੀ ਦੇ ਵਾਰਸਾਂ ਵਿੱਚੋਂ ਕੇਵਲ ਛੇ ਮਹਾਂਪੁਰਸ਼ ਵਾਰਸਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਗਿਆਰਵੇਂ "ਗੁਰੂ" ਸਾਬਤ ਨਹੀਂ ਹੁੰਦੇ।

3. ਉਪਰੋਕਤ 35 ਮਹਾਂਪੁਰਸ਼ਾਂ ਵਿੱਚੋਂ 15 ਗੁਰੂ (ਭਗਤ) ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਹੋਏ ਹਨ। ਇਨ੍ਹਾਂ 15 ਮਹਾਂਪੁਰਸ਼ਾਂ ਦਾ ਗੁਰੂ ਨਾਨਕ ਦੇਵ ਜੀ ਦੀ ਗੱਦੀ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਨੂੰ ਗਿਆਰਵਾਂ ਗੁਰੂ ਨਹੀਂ ਮੰਨਿਆ ਜਾ ਸਕਦਾ।

4. ਉਪਰੋਕਤ 35 ਮਹਾਂਪੁਰਸ਼ਾਂ ਵਿੱਚੋਂ 11 ਭੱਟ ਅਤੇ ਤਿੰਨ ਸੇਵਕ ਗੁਰੂ ਨਾਨਕ ਦੇਵ ਜੀ ਗੱਦੀ ਨਾਲ ਸਬੰਧਤ ਹਨ। ਜੇ ਇਨ੍ਹਾਂ ਮਹਾਂਪੁਰਸ਼ਾਂ ਨੂੰ ਨਾਲ ਮਿਲਾ ਲਿਆ ਜਾਵੇ ਤਾਂ ਗਿਣਤੀ 20 ਬਣਦੀ ਹੈ। ਇਸ ਸਥਿਤੀ ਵਿੱਚ ਵੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗਿਆਰਵੇਂ "ਗੁਰੂ" ਦਾ ਦਰਜਾ ਪ੍ਰਦਾਨ ਨਹੀਂ ਕੀਤਾ ਜਾ ਸਕਦਾ।

5. ਉਪਰੋਕਤ 15 ਗੁਰੂਆਂ (ਭਗਤਾਂ) ਨੂੰ ਗੁਰੂ ਨਾਨਕ ਗੱਦੀ ਨਾਲ ਸਬੰਧਤ ਕਰਕੇ ਕੀ ਸਾਬਤ ਕਰਾਂਗੇ? ਉਪਰੋਕਤ ਗੱਦੀ ਨਾਲ 15 ਗੁਰੂਆਂ (ਭਗਤਾਂ) ਨੂੰ ਜੋੜਕੇ, ਅਸੀਂ ਇਹ ਸਾਬਤ ਕਰਨ ਜਾ ਰਹੇ ਹਾਂ ਕਿ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਉੱਪਰ ਵਿਰਾਜਮਾਨ ਹੋਣ ਵਾਲੇ 16ਵੇਂ ਮਹਾਂਪੁਰਸ਼ ਹਨ। ਅਜਿਹਾ ਪ੍ਰਵਾਨ ਕਰਨਾ ਤਾਂ ਕੀ, ਸੋਚਣਾ ਵੀ ਪਾਗਲਪਨ ਹੈ। ਇਸ ਲਈ ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਸ ਪੱਖੋਂ ਵੀ ਗਿਆਰਵਾਂ "ਗੁਰੂ" ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਉਪਰੋਕਤ ਵਿਚਾਰ-ਚਰਚਾ ਤੋਂ ਪਰਪੱਕ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਰਾਜਮਾਨ ਹਰ ਮਹਾਂਪੁਰਸ਼ "ਗੁਰੂ" ਹੈ। ਇਸ ਵਿੱਚ ਸ਼ੱਕ ਦੀ ਰੱਤੀ ਭਰ ਵੀ ਗੁੰਜਾਇਸ਼ ਨਹੀਂ ਹੈ। ਪਰ ਸਿੱਖ ਵਿਦਵਾਨ ਸੋਚੀ ਸਮਝੀ ਸਾਜਿਸ਼ ਅਧੀਨ ਗਲਤ ਪ੍ਰਚਾਰ ਕਰਕੇ ਸਿੱਖਾਂ ਨੂੰ ਆਪਸ ਵਿੱਚ ਲੜਾਉਣ ਦਾ ਮਤਲਬ ਹੈ ਕਿ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਤੱਕ, ਨੂੰ ਵੱਡਾ



ਸਿੱਧ ਕਰਨਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਰਾਜਮਾਨ ਦੂਜੇ ਮਹਾਂਪੁਰਸ਼ਾਂ ਨੂੰ ਨੀਵੇਂ ਸਿੱਧ ਕਰਨਾ ਹੈ। ਉਦਾਹਰਣ ਦੇ ਤੌਰ 'ਤੇ ਡਾ. ਦਿਲਗੀਰ ਨੇ ਬਿਨਾਂ ਤਰਕ, ਬਿਨਾਂ ਦਲੀਲ ਗੁਰੂ ਨਾਨਕ ਸਾਹਿਬ ਨੂੰ ਗੁਰੂ ਰਵਿਦਾਸ ਜੀ ਦਾ "ਗੁਰੂ" ਬਣਾਕੇ, ਸਿੱਖ ਜਗਤ ਨੂੰ ਆਪਸ ਵਿੱਚ ਲੜਾਕੇ ਸਿੱਖ ਧਰਮ ਨੂੰ ਤੋੜਨ ਦਾ ਸਫ਼ਲ ਹਮਲਾ ਕੀਤਾ ਹੈ। ਡਾ. ਦਿਲਗੀਰ ਦਾ ਉਪਰੋਕਤ ਬੇਤਰਕ ਅਤੇ ਦਲੀਲ ਤੋਂ ਕੋਰਾ ਤੱਥ ਹਕੀਕਤ ਵਿੱਚ 100% ਗਲਤ ਹੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਗੁਰੂ ਰਵਿਦਾਸ ਬਾਣੀ ਨੂੰ ਗਲਤ ਸਾਬਤ ਕਰਦਾ ਹੈ, ਜਿਸ ਵਿੱਚ ਉਹ ਆਪਣਾ 'ਗੁਰੂ' ਬ੍ਰਹਮ-ਗੁਰੂ ਸਾਬਤ ਕਰਦੇ ਹਨ।

ਉਪਰੋਕਤ ਤੱਥ ਨੂੰ ਅਸੀਂ ਇਕ ਹੋਰ ਦ੍ਰਿਸ਼ਟੀ ਤੋਂ ਵਿਚਾਰਦੇ ਹਾਂ। ਇਸ ਅਟੱਲ ਹੁਕਮ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਕੋਈ ਹੁਕਮ ਨਹੀਂ ਦਿੱਤਾ ਜਿਸ ਵਿੱਚ ਕੇਵਲ ਮਹਲਿਆਂ ਨੂੰ ਹੀ ਗੁਰੂ ਮੰਨਣਾ ਹੈ, "ਆਦਿ ਗ੍ਰੰਥ" ਵਿੱਚ ਵਿਰਾਜਮਾਨ ਬਾਕੀ ਮਹਾਂਪੁਰਸ਼ਾਂ ਨੂੰ ਹਰਗਿਜ਼ ਹਰਗਿਜ਼ ਗੁਰੂ ਨਹੀਂ ਮੰਨਣਾ। ਇਸ ਦਾ ਅਰਥ ਹੈ ਕਿ ਸਿੱਖ ਜਗਤ ਨੇ ਕੇਵਲ ਮਹਲਿਆਂ ਨੂੰ ਹੀ ਗੁਰੂ ਮੰਨਕੇ ਨਾ ਮੁਆਫ ਕਰਨ ਵਾਲੀ ਬੱਜਰ ਗਲਤੀ ਕੀਤੀ ਹੈ।

ਇਸ ਦਾ ਪਰਪੱਕ ਰੂਪ ਵਿੱਚ ਮਤਲਬ ਹੈ ਕਿ ਸਿਖ ਜਗਤ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਉੱਕਾ ਹੀ ਨਹੀਂ ਮੰਨਦਾ। ਕਾਰਣ :

1. ਆਦਿ ਗ੍ਰੰਥ ਤੋਂ ਬਾਹਰਲੇ ਮਹਾਂਪੁਰਸ਼ਾਂ ਨੂੰ ਗੁਰੂ ਮੰਨਕੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦਾ ਸਨਮਾਨ ਨਹੀਂ ਕੀਤਾ।

2. ਆਦਿ ਗ੍ਰੰਥ ਸਾਹਿਬ ਵਿੱਚ ਵਿਰਾਜਮਾਨ ਮਹਾਂਪੁਰਸ਼ਾਂ ਨੂੰ "ਗੁਰੂ" ਨਾ ਮੰਨਕੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਤਾਂ ਰੱਦ ਕੀਤਾ ਹੀ ਹੈ, ਅਜਿਹਾ ਕਰਕੇ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਅਤੇ ਮਹਾਂਪੁਰਸ਼ਾਂ ਦਾ ਤ੍ਰਿਸਕਾਰ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਵੀ ਤ੍ਰਿਸਕਾਰ ਕੀਤਾ ਹੈ।

ਇਸ ਬੱਜਰ ਗਲਤੀ ਅਤੇ ਦੁਖਦਾਇਕ ਕਰਮ ਤੋਂ ਇਹ ਵੀ ਪਰਪੱਕ ਤੌਰ 'ਤੇ ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖ-ਜਗਤ ਦੇ ਵਿਦਵਾਨਾਂ ਅਤੇ ਸੰਗਤਾਂ, ਹਿੰਦੂ ਧਰਮ ਦੀ ਵਿਚਾਰਧਾਰਾ ਉੱਪਰ ਜੀਅ ਜਾਨ ਨਾਲ ਅਮਲ ਕਰਦੇ ਹਨ। ਕਾਰਣ : ਹਿੰਦੂ ਧਰਮ ਗ੍ਰੰਥਾਂ ਅਨੁਸਾਰ ਆਦਿ ਵਾਸੀ, ਸ਼ੂਦਰ, ਅਛੂਤ ਕਿਸੇ ਵੀ ਹਾਲਤ ਵਿੱਚ "ਗੁਰੂ" ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਬ੍ਰਾਹਮਣ ਤਾਂ ਜਨਮ ਲੈਂਦਿਆਂ ਹੀ ਗੁਰੂ ਬਣ ਜਾਂਦਾ ਹੈ। ਕੋਈ ਮੰਨੇ ਜਾਂ ਨਾ ਮੰਨੇ ਬ੍ਰਾਹਮਣ ਹਰ ਹਾਲਤ ਵਿੱਚ ਗੁਰੂ ਹੈ। ਗੁਰੂ ਗ੍ਰੰਥ ਸਾਹਿਬ ਕਿਸੇ ਵਿਸ਼ੇਸ਼ ਜਾਤੀ ਦੇ ਜੀਵ ਨੂੰ "ਗੁਰੂ" ਮੰਨਣ ਤੋਂ ਮੂਲੋਂ ਹੀ ਰੱਦ ਕਰਦਾ ਹੈ। ਫਿਰ ਵੀ ਸਿੱਖ ਸਿੱਖ-ਜਗਤ, ਹਿੰਦੂ ਧਰਮ ਦੀ ਵਿਚਾਰਧਾਰਾ ਨੂੰ ਪੂਰੀ ਸ਼ਿੱਦਤ ਨਾਲ ਨਿਭਾਉਂਦਾ ਹੈ, ਖਾਸ ਕਰਕੇ ਸ਼ੂਦਰਾਂ, ਅਛੂਤਾਂ ਦੇ ਸਬੰਧ ਵਿੱਚ 1 ਹਿੰਦੂ ਧਰਮ "ਗ੍ਰੰਥਾਂ" ਅਨੁਸਾਰ, ਹਿੰਦੂ, ਸ਼ੂਦਰਾਂ, ਅਛੂਤਾਂ ਨਾਲ ਕਿਸੇ ਵੀ ਕਿਸਮ ਦਾ ਕੋਈ ਰਿਸ਼ਤਾ ਨਹੀਂ ਰੱਖਦਾ। ਸ਼ੂਦਰ, ਅਛੂਤ ਧਾਰਮਿਕ-ਗੁਰੂ ਤਾਂ ਕਿਸੇ ਵੀ ਸੂਰਤ ਵਿੱਚ ਨਹੀਂ ਬਣ ਸਕਦਾ। ਹਿੰਦੂ ਧਰਮ ਦੇ ਇਸ ਹੁਕਮ ਨੂੰ ਸਿੱਖਾਂ ਨੇ ਸਖਤੀ ਨਾਲ ਨਿਭਾਇਆ। ਸਿੱਖ-ਵਿਦਵਾਨਾਂ ਅਤੇ

ਸਿੱਖ-ਸੰਗਤਾਂ ਨੇ ਅਛੂਤਾਂ ਸ਼ੂਦਰਾਂ ਨੂੰ "ਗੁਰੂ" ਮੰਨਣ ਤੋਂ ਕੋਰਾ ਇਨਕਾਰ ਕਰ ਦਿੱਤਾ, ਜਦਕਿ ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਸ਼ੂਦਰ, ਅਛੂਤ ਨੂੰ "ਗੁਰੂ" ਪ੍ਰਵਾਨ ਕਰਦੇ ਹਨ।

ਪਰ ਸਿੱਖ ਕਿਸੇ ਦੀ ਵੀ ਪ੍ਰਵਾਹ ਨਹੀਂ ਕਰਦੇ ਜਦੋਂ ਸਿੱਖਾਂ ਨੇ ਅਛੂਤ ਮਹਾਂਪੁਰਸ਼ਾਂ ਨੂੰ "ਗੁਰੂ" ਹੀ ਸਵੀਕਾਰ ਨਹੀਂ ਕੀਤਾ। ਉਹ ਅਛੂਤ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਸਿੱਖ ਕਿਵੇਂ ਬਣਾ ਸਕਦੇ ਸਨ? ਇਸ ਤਰ੍ਹਾਂ ਛੇ ਕਰੋੜ ਅਛੂਤਾਂ ਨੂੰ ਸਿੱਖ ਨਾ ਬਣਾ ਕੇ ਗੁਰੂ ਘਰ ਵਿੱਚੋਂ ਧੱਕੇ ਮਾਰਕੇ ਕੱਢ ਦਿੱਤਾ ਗਿਆ।

ਇਸ ਤੋਂ ਵੱਡਾ, ਹਿੰਦੂ ਧਰਮ ਨੂੰ ਮੰਨਣ ਦਾ ਸਬੂਤ ਹੋਰ ਕੀ ਹੋ ਸਕਦਾ ਹੈ? ਸਪੱਸ਼ਟ ਹੈ ਕਿ ਸਿੱਖ ਜਗਤ ਬੁਨਿਆਦੀ ਤੌਰ 'ਤੇ ਹਿੰਦੂ ਧਰਮ ਦਾ ਪੈਰੋਕਾਰ ਹੈ ਗੁਰੂ ਗੋਬਿੰਦ ਸਿੰਘ ਜੀ ਜਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਨਹੀਂ।

ਦੂਜੇ ਹਿੱਸੇ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਸਮੂਹ ਬ੍ਰਹਮ ਗਿਆਨੀਆਂ ਨੂੰ ਇਕ ਗੁਰੂ ਦਰਸਾ ਕੇ ਪ੍ਰਭ ਦਾ ਪੂਰਨ ਅਵਤਾਰ ਕਿਹਾ ਹੈ ਅਤੇ ਹੁਕਮ ਕੀਤਾ ਹੈ ਕਿ ਜਿਹੜਾ ਜਿਸ ਵੀ ਗੁਰੂ ਦੇ ਦਰਸ਼ਨ ਕਰਨਾ ਲੋਚਦਾ ਹੈ ਉਹ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰੇ।

ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਬਿਰਾਜਮਾਨ ਕਿਸੇ ਵੀ ਇੱਕ ਗੁਰੂ ਦੇ ਦਰਸ਼ਨ, ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰਨ ਨਾਲ ਹੋ ਜਾਂਦੇ ਹਨ। ਇਸ ਦਾ ਸਪੱਸ਼ਟ ਅਰਥ ਹੈ ਕਿ ਗੁਰੂ ਗ੍ਰੰਥ ਸਾਹਿਬ ਕੇਵਲ ਦਸ ਗੁਰੂਆਂ ਦੀ ਜੋਤਿ ਹੀ ਨਹੀਂ ਸਗੋਂ ਗੁਰੂ ਗ੍ਰੰਥ ਸਾਹਿਬ ਵਿੱਚ ਬਿਰਾਜਮਾਨ ਸਾਰੇ ਗੁਰੂਆਂ ਦੀ ਜੋਤਿ ਹੈ। ਪਰ ਸਿੱਖਾਂ ਨੇ ਅਰਦਾਸ ਵਿੱਚੋਂ ਦੂਜੇ ਹਿੱਸੇ ਨੂੰ ਦਰਜ ਨਹੀਂ ਕੀਤਾ। ਇਸ ਤਰ੍ਹਾਂ ਸਿੱਖ-ਜਗਤ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੀ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਇਹ ਇਨਕਾਰ ਕਰਨ ਦੀ ਬੱਜਰ ਗਲਤੀ, ਸਿੱਖ-ਜਗਤ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਵਿਰਾਜਮਾਨ ਸਾਰਿਆਂ ਗੁਰੂਆਂ ਨੂੰ ਗੁਰੂ ਮੰਨਣ ਤੋਂ ਇਨਕਾਰ ਕਰਕੇ ਸਾਰੇ ਜਗਤ ਨੂੰ ਬੱਜਰ ਧੋਖਾ ਵੀ ਦਿੱਤਾ ਹੈ ਅਤੇ ਗੁੰਮਰਾਹ ਕੀਤਾ ਹੈ। ਕੇਵਲ ਦਸਾਂ ਹੀ ਗੁਰੂਆਂ ਨੂੰ ਮਾਨਤਾ ਦੇ ਕੇ ਇਹ ਕਰਮ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਰੱਦ ਕਰਕੇ ਕੀਤਾ ਹੈ।

ਜੇ ਇਸ ਦਾ ਅਰਥ 'ਦਸ ਗੁਰੂ ਸਾਹਿਬਾਨ' ਤੱਕ ਹੀ ਸੀਮਤ ਹੁੰਦਾ ਤਾਂ "ਸਭ" ਦੀ ਥਾਂ ਤੇ "ਦਸ" ਲਿਖਿਆ ਹੁੰਦਾ। ਫਿਰ ਇਸ ਦਾ ਅਰਥ ਬਣਦਾ ਕਿ ਗੁਰੂ ਗ੍ਰੰਥ ਸਾਹਿਬ ਪੰਜਾਬ ਦੇ ਗੁਰੂ ਸਾਹਿਬਾਨ ਤੱਕ ਹੀ ਸੀਮਤ ਹੈ, ਇਸ ਵਿੱਚ ਬਿਰਾਜਮਾਨ ਬਾਕੀ ਬ੍ਰਹਮ ਗਿਆਨੀਆਂ ਦਾ ਕੋਈ ਮਹੱਤਵ ਨਹੀਂ। ਜੇ ਉਪਰੋਕਤ ਵਿਚਾਰ ਨੂੰ ਮੰਨ ਲਿਆ ਜਾਵੇ ਤਾਂ ਸ਼ਬਦ "ਸਿਖਨ" ਦੀ ਥਾਂ "ਖਾਲਸਾ" ਲਿਖਣਾ ਚਾਹੀਦਾ ਸੀ ਕਿਉਂਕਿ ਅੰਮ੍ਰਿਤਧਾਰੀ ਖਾਲਸੇ ਦੀ ਸਿਰਜਣਾ ਵੀ ਪੰਜਾਬ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਹੈ। ਇਸ ਤਰ੍ਹਾਂ 'ਦਸ' ਅਤੇ "ਖਾਲਸਾ" ਸ਼ਬਦ ਲਿਖਣ ਨਾਲ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਵਿਸ਼ਵ-ਵਿਆਪੀ ਸਰੂਪ ਸੁੰਗੜਕੇ ਪੰਜਾਬ ਵਿਆਪੀ ਰਹਿ ਜਾਣਾ ਸੀ, ਜਿਹੜਾ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ਵ-



ਵਿਆਪੀ ਵਿਚਾਰਧਾਰਾ ਲਈ ਤਬਾਹਕੁਨ ਸਾਬਤ ਹੋਣਾ ਸੀ। ਇਸ ਲਈ "ਸਬ ਗੁਰੂ" ਦਾ ਅਰਥ, ਗੁਰੂ ਗ੍ਰੰਥ ਸਾਹਿਬ ਵਿੱਚ ਬਿਰਾਜਮਾਨ ਸਾਰੇ ਬ੍ਰਹਮ ਗਿਆਨੀਆਂ ਲਈ ਵਰਤਿਆ ਗਿਆ ਹੈ। ਪ੍ਰੋ. ਗੁਰਤੇਜ ਸਿੰਘ ਵਿਚਾਰ ਨੂੰ ਪਰਪੱਕ ਕਰਦੇ ਲਿਖੇ ਹਨ, "ਦਸਗੁਰ, ਇਕ ਜੋਤ ਦਾ ਅਮਲ ਜੇ ਗੁਰਬਾਣੀ ਦੇ ਸੰਦਰਭ ਵਿੱਚ ਲਾਗੂ ਕਰਨਾ ਹੁੰਦਾ ਤਾਂ ਸਾਰੇ ਗੁਰੂ ਗ੍ਰੰਥ ਦੀ ਬਾਣੀ ਮਹਲਿਆਂ ਤੋਂ ਬਿਨਾਂ ਨਾਨਕ ਨਾਂ ਛਾਪ ਹੇਠ ਲਿਖੀ ਹੋਣੀ ਸੀ।"[1]

**ਸਬ ਗੁਰੂ ਪਰਗਟ ਭਏ**
**ਪੂਰਨ ਹਰਿ ਅਵਤਾਰ।**
**ਜਗਮਜ ਜੋਤ ਬਿਰਾਜ ਹੀ**
**ਸ੍ਰੀ ਗੁਰੂ ਗ੍ਰੰਥ ਮਝਾਰ।**

ਇਸ ਨੂੰ ਹੋਰ ਸਪੱਸ਼ਟ ਕਰਨ ਲਈ ਉਪਰੋਕਤ ਕਾਵਿ ਪੈਰੇ ਦੇ ਕੁਝ ਨੁਕਤਿਆਂ ਨੂੰ ਵਿਚਾਰਦੇ ਹਾਂ।

(ੳ) **ਸਭ ਸਿਖਨ ਕੋ ਹੁਕਮ ਹੈ**
**ਗੁਰੂ ਮਾਨੀਓ ਗ੍ਰੰਥ॥**

ਇਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਹੈ ਖਾਲਸੇ ਨੂੰ ਨਹੀਂ, ਕਿਉਂਕਿ ਖਾਲਸੇ ਦਾ ਜਨਮ ਗੁਰੂ ਘਰ ਦੇ ਸਿੱਖਾਂ ਵਿੱਚੋਂ ਹੀ ਸੰਭਵ ਹੋਇਆ ਹੈ। ਜੇਕਰ ਸ਼ਬਦ "ਖਾਲਸਾ" ਲਿਖਿਆ ਜਾਂਦਾ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ਵ-ਵਿਆਪੀ ਵਿਚਾਰਧਾਰਾ ਕੁਝ ਲੋਕਾਂ ਤੱਕ ਹੀ ਸੀਮਿਤ ਹੋ ਜਾਣੀ ਸੀ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ "ਸਿੱਖ" ਸ਼ਬਦ ਵਰਤਕੇ ਵਿਸ਼ਵ ਦੇ ਲੋਕਾਂ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ। ਸੋ ਜੋ ਕੋਈ ਵੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਮੰਨਦਾ ਹੈ ਉਹ ਸਿੱਖ ਹੈ ਭਾਵੇਂ ਉਹ ਕੋਈ ਵੀ ਹੋਵੇ - ਸਰਵ ਗੁਰੂ ਨਾਮਦੇਵ, ਰਵਿਦਾਸ, ਕਬੀਰ, ਨਾਨਕ ਆਦਿ ਦਾ ਸਿੱਖ ਹੋਵੇ।

(ਅ) **ਜੋ ਪ੍ਰਭ ਕੋ ਮਿਲਬੋ ਚਹੇ**
**ਖੋਜ ਸ਼ਬਦ ਮੈ ਲੇਹ॥**

ਜੋ ਵੀ ਕੋਈ ਪ੍ਰਭ ਨੂੰ ਪ੍ਰਾਪਤ ਕਰਨਾ ਲੋਚਦਾ ਹੈ ਉਹ ਗੁਰਬਾਣੀ (ਸ਼ਬਦ) ਤੇ ਅਮਲ ਕਰਕੇ ਉਸ ਨੂੰ ਪ੍ਰਾਪਤ ਕਰ ਸਕਦਾ ਹੈ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ "ਸ਼ਬਦ" ਕਿਸੇ ਖਾਸ ਬ੍ਰਹਮ ਗਿਆਨੀ ਨਾਲ ਨਹੀਂ ਜੋੜਿਆ ਗਿਆ। ਸ਼ਬਦ ਭਾਵੇਂ ਗੁਰੂ ਕਬੀਰ ਦਾ ਹੋਵੇ ਜਾਂ ਗੁਰੂ ਰਵਿਦਾਸ ਜੀ ਦਾ ਜਾਂ ਗੁਰੂ ਨਾਨਕ ਦੇਵ ਜੀ ਦਾ, ਗੁਰਬਾਣੀ ਤਾਂ ਗੁਰਬਾਣੀ, ਹੀ ਹੈ। ਸੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਿਸੇ ਵੀ ਸ਼ਬਦ ਤੇ ਅਮਲ ਕਰਕੇ ਪ੍ਰਭ ਪ੍ਰਾਪਤੀ ਹੋ ਸਕਦੀ ਹੈ।

**ਸਭ ਗੁਰੂ ਪ੍ਰਗਟ ਭਏ**
**ਪੂਰਨ ਹਰਿ ਅਵਤਾਰ**

---

(1) ਪ੍ਰੋ. ਗੁਰਤੇਜ ਸਿੰਘ (ਪ੍ਰੋਫੈਸਰ ਆਫ਼ ਸਿਖਿਜ਼ਮ)
ਹੰਸਾਂ ਸੇਤੀ, ਚਿਤੁ ਉਲਾਸਿਹ ਕੁਕੜ ਦੀ ਉਡਾਰੀ (ਪੰਜਾਬੀ ਟ੍ਰਿਬਿਊਨ—14 ਮਾਰਚ, 1993—ਪੰਨਾ—4)

"ਸਬ ਗੁਰੂ" ਦਾ ਅਰਥ ਹੈ ਗੁਰੂ ਗ੍ਰੰਥ ਸਾਹਿਬ ਵਿੱਚ ਬਿਰਾਜਮਾਨ ਭਗਤ, ਮਹਲਾ, ਭੱਟ ਆਦਿ ਸਭ ਗੁਰੂ ਹਨ। ਇਹ ਸਾਰਿਆਂ ਦੀ ਜੋਤਿ ਪ੍ਰਭ ਦੇ ਪੂਰਨ ਅਵਤਾਰ ਦਾ ਪ੍ਰਤੀਕ ਹੈ। ਇਹੋ ਹੀ ਜਗ ਮਗਾਉਂਦੀ ਜੋਤਿ ਗੁਰੂ ਗ੍ਰੰਥ ਸਾਹਿਬ ਵਿੱਚ ਬਿਰਾਜਮਾਨ ਹੈ :

**ਜਗਮਗ ਜੋਤ ਬਿਰਾਜ ਹੀ**

**ਸ੍ਰੀ ਗੁਰੂ ਗ੍ਰੰਥ ਮਝਾਰ।**

ਸੋ ਕਿਸੇ ਨੂੰ ਭਗਤ ਜਾਂ ਭੱਟ ਕਹਿਣਾ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਉਲੰਘਣਾ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿੱਚ ਬਿਰਾਜਮਾਨ ਜੋਤਿ ਤਾਂ ਸਰਵ ਗੁਰੂ ਸਾਹਿਬਾਨ ਦੀ ਸਰਵ ਸਾਂਝੀ ਜੋਤਿ ਹੀ ਨਿਰੂਪਤ ਹੈ। ਇਥੇ ਪ੍ਰੋ. ਗੁਰਤੇਜ ਸਿੰਘ ਦੇ ਵਿਚਾਰ ਬਹੁਤ ਹੀ ਢੁਕਵੇਂ ਹਨ ਕਿ, "ਦਸਗੁਰ ਇਕ ਜੋਤ" ਦੇ ਸਿਧਾਂਤ ਨੂੰ ਇਥੇ ਗੈਰ-ਪ੍ਰਸੰਗਕ ਜਾਣਕੇ, ਉਨ੍ਹਾਂ ਬਾਕਾਇਦਾ ਮਹਲਿਆਂ ਦੀ ਬਾਣੀ ਤਰਤੀਬ ਨਾਲ ਚਾੜ੍ਹੀ।"[1]

(ਸ) **ਜੋ ਦਰਸਯੋ ਚਹਿ ਗੁਰੂ ਕੌ**

**ਸੋ ਦਰਸੇ ਗੁਰੂ ਗ੍ਰੰਥ।**

ਇਹ ਸਤਰਾਂ (ੲ) ਵਿੱਚ ਆਏ ਉਪਰੋਕਤ ਵਿਚਾਰ ਨੂੰ ਹੋਰ ਦ੍ਰਿੜ੍ਹ ਕਰਦੀਆਂ ਹਨ। ਜੋ ਵੀ ਸਿੱਖ ਆਪਣੇ ਗੁਰੂ ਦੇ ਦਰਸ਼ਨ ਕਰਨ ਦਾ ਅਭਿਲਾਸ਼ੀ ਹੈ, ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰੇ, ਉਹ ਆਪਣੇ ਗੁਰੂ ਦੇ ਦਰਸ਼ਨ ਕਰ ਲਵੇਗਾ। ਕਿਉਂਕਿ ਗੁਰੂ ਗਰੰਥ ਸਾਹਿਬ ਵਿੱਚ ਹਰ ਇਕ ਗੁਰੂ ਦੀ ਜੋਤਿ ਸਮਾਈ ਹੋਈ ਹੈ ਅਤੇ ਸਭ ਗੁਰੂ ਸਾਹਿਬਾਨ ਦੀ ਜੋਤਿ ਪ੍ਰਭ ਦਾ ਪੂਰਣ ਸਰੂਪ ਹੈ।

ਉਪਰੋਕਤ ਚਰਚਾ ਤੋਂ ਸਿੱਟਾ ਨਿਕਲਦਾ ਹੈ ਕਿ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਹੁਕਮ ਹੈ, ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਸ਼ਬਦ ਤੇ ਅਮਲ ਕਰਨ ਨਾਲ ਪ੍ਰਭ ਪ੍ਰਾਪਤੀ ਹੋ ਸਕਦੀ ਹੈ, ਗੁਰੂ ਗ੍ਰੰਥ ਸਾਹਿਬ ਵਿੱਚ ਬਿਰਾਜਮਾਨ ਸਾਰੇ ਬ੍ਰਹਮ-ਗਿਆਨੀ ਗੁਰੂ ਹਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਨਾਲ ਸਾਧਕ ਨੂੰ ਗੁਰੂ ਦੇ ਦਰਸ਼ਨ ਹੋ ਜਾਂਦੇ ਹਨ। ਸਪੱਸ਼ਟ ਹੈ ਕਿ ਭਗਤ ਜਾਂ ਭੱਟ ਕਹਿਣਾ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਹੁਕਮ ਅਦੂਲੀ ਹੈ।

ਸੋ ਆਦਿ ਗ੍ਰੰਥ ਜੀ ਨੂੰ ਗੁਰੂ ਗੱਦੀ, ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਦਾਨ ਕੀਤੀ ਅਤੇ ਨਵਾਂ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਰਖਿਆ ਗਿਆ। ਸਿੱਟੇ ਵਜੋਂ ਸਾਰੇ ਬ੍ਰਹਮ ਗਿਆਨੀ ਗੁਰੂ ਹਨ। ਪਰ ਸਿੱਖ ਜਗਤ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਹੁਕਮ ਨੂੰ ਸਹੀ ਅਰਥਾਂ ਵਿੱਚ ਮਾਨਤਾ ਨਹੀਂ ਦਿੱਤੀ। ਇਸ ਦਾ ਕਾਰਣ ਹਿੰਦੂ ਮੱਤ ਦਾ ਸ਼ਕਤੀਸ਼ਾਲੀ ਪ੍ਰਭਾਵ ਹੈ। ਹਿੰਦੂ ਧਰਮ ਨੇ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਦੀਆਂ ਵੰਡੀਆਂ ਪਾ ਕੇ ਹਿੰਦੂ ਸਮਾਜ ਨੂੰ ਟੁਕੜੇ-ਟੁਕੜੇ ਕਰ ਦਿੱਤਾ। ਉਸੇ ਤਰ੍ਹਾਂ ਵਿਦਵਾਨਾਂ, ਪ੍ਰਚਾਰਕਾਂ ਆਦਿ ਨੇ ਵਿਸ਼ਵ ਭਾਈਚਾਰੇ ਦੀ ਬੁਨਿਆਦ ਗੁਰੂ ਭਾਈ ਭਾਈਚਾਰੇ ਨੂੰ ਤਹਿਸ ਨਹਿਸ ਕਰ ਦਿੱਤਾ-ਕਿਸੇ ਨੂੰ ਭਗਤ ਕਹਿ ਕੇ ਅਤੇ ਕਿਸੇ

(1) ਓਹੀ—ਪੰਨਾ—4



ਨੂੰ ਗੁਰੂ ਕਹਿ ਕੇ। ਸਿੱਟੇ ਵਜੋਂ ਸਿੱਖ ਸਮਾਜ ਦੀ ਵੀ ਸਿਰਜਣਾ ਨਾ ਹੋ ਸਕੀ। ਕੋਈ ਕਬੀਰ ਪੰਥੀ ਬਣ ਗਿਆ, ਕੋਈ ਰਵਿਦਾਸ ਪੰਥੀ ਅਤੇ ਕੋਈ ਨਾਮਦੇਵ ਪੰਥੀ। ਪੰਜਾਬ ਵਿੱਚ ਹੀ ਸਿੱਖ-ਜਗਤ ਵੱਖਰੇ-ਵੱਖਰੇ ਪੰਥਾਂ ਵਿੱਚ ਵੰਡਿਆ ਗਿਆ। ਇਸ ਦਾ ਕਾਰਣ ਬ੍ਰਾਹਮਣਵਾਦੀ ਪ੍ਰਭਾਵ ਅਧੀਨ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਦਰੂਨੀ ਗਵਾਹੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਨਾ ਮੰਨਣਾ ਹੈ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦਾ ਹੁਕਮ ਹੀ ਕਰ ਦਿੱਤਾ ਹੈ ਫਿਰ ਕਿਸੇ ਨੂੰ ਕੀ ਹੱਕ ਹੈ ਕਿ ਉਹ ਕਿਸੇ ਨੂੰ ਗੁਰੂ ਕਿਸੇ ਨੂੰ ਭਗਤ ਅਤੇ ਕਿਸੇ ਨੂੰ ਭੱਟ ਕਹੇ? ਗੁਰੂ ਗ੍ਰੰਥ ਸਾਹਿਬ ਦੀ ਦੇਹ ਨੂੰ ਗੁਰੂ ਮੰਨਣ ਦੇ ਨਾਲ-ਨਾਲ ਇਹ ਤੱਥ 'ਮਹਲਾ' ਅਤੇ 'ਭਗਤਾ ਕੀ ਬਾਣੀ' ਉੱਤੇ ਵਿਚਾਰਾਂ ਕਰਦਿਆਂ ਵੀ ਸਪੱਸ਼ਟ ਹੋ ਗਿਆ ਸੀ। ਜਿਸ ਅਨੁਸਾਰ ਗੁਰੂ ਰਵਿਦਾਸ ਜੀ ਨੂੰ ਅਤੇ ਬਾਕੀ ਸਭ ਨੂੰ ਗੁਰੂ ਕਹਿਣਾ ਅਤੇ ਮੰਨਣਾ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਦੀ ਪਾਲਣਾ ਕਰਨਾ ਹੈ।

ਸੋ ਉਪਰੋਕਤ ਚਰਚਾ ਦਾ ਨਿਰਣਾ ਅਚੁੱਕ ਅਤੇ ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅੰਦਰਲੀਆਂ ਗਵਾਹੀਆਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਵਿਦਾਸ ਜੀ ਨੂੰ ਗੁਰੂ, ਰਾਜ-ਗੁਰੂ ਅਤੇ ਸ਼੍ਰੋਮਣੀ-ਗੁਰੂ ਤੋਂ ਵੀ ਇਕ ਕਦਮ ਅੱਗੇ ਜਾ ਕੇ, ਉਨ੍ਹਾਂ ਨੂੰ ਬ੍ਰਹਮ ਗੁਰੂ ਕਿਹਾ ਹੈ। ਉਹ ਫਰਮਾਉਂਦੇ ਹਨ ਕਿ ਹੇ ਨਾਨਕ! ਰਵਿਦਾਸ ਨੇ ਸੋਹਣੇ ਸੁੰਦਰ ਪ੍ਰਭ ਦੀ ਅਰਾਧਨਾ ਕੀਤੀ ਤਾਂ ਉਹ ਬ੍ਰਹਮ-ਰੂਪ ਹੀ ਹੋ ਗਏ ਅਤੇ ਬ੍ਰਹਮ-ਗੁਰੂ ਦੇ ਪਦ ਨੂੰ ਪ੍ਰਾਪਤ ਹੋਏ। ਗੁਰੂ ਅਰਜਨ ਦੇਵ ਜੀ ਦੇ ਬਚਨ ਹਨ:

**ਰਵਿਦਾਸ ਧਿਆਏ ਪ੍ਰਭ ਅਨੂਪ॥**

**ਗੁਰ ਨਾਨਕ ਦੇਵ ਗੋਵਿੰਦ ਰੂਪ॥੮॥**[1]

(**ਸ੍ਰੀ ਗੁਰੂ ਗ੍ਰੰਥ ਸਾਹਿਬ**, **ਪੰਨਾ 1192**)

(1) ਆਦਿ ਗ੍ਰੰਥ : 1192

# VI. ਗੁਰੂ ਰਵਿਦਾਸ ਬਾਣੀ ਅਨੁਸਾਰ ਉਨ੍ਹਾਂ ਦਾ ਗੁਰੂ*

ਪਿਛਲੀ ਸਾਰੀ ਚਰਚਾ ਤੋਂ ਇਹ ਸਪੱਸ਼ਟ ਰੂਪ ਵਿੱਚ ਸਿੱਧ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਦਾ ਕੋਈ ਵੀ ਦੇਹਧਾਰੀ ਗੁਰੂ ਨਹੀਂ ਸੀ। ਫਿਰ ਗੁਰੂ ਰਵਿਦਾਸ ਜੀ ਦਾ ਗੁਰੂ ਕੌਣ ਸੀ? ਇਸ ਪ੍ਰਸ਼ਨ ਦਾ ਉੱਤਰ ਅਸੀਂ ਉਨ੍ਹਾਂ ਦੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਵਿੱਚੋਂ ਖੋਜਾਂਗੇ।

ਕੁਝ ਕੁ ਵਿਦਵਾਨਾਂ ਨੇ ਗੁਰੂ ਰਵਿਦਾਸ ਜੀ ਦੇ ਗੁਰੂ ਦੀ ਖੋਜ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਅਨੁਸਾਰ ਕੀਤੀ ਹੈ।

ਡਾ. ਜਸਬੀਰ ਸਿੰਘ ਸਾਬਰ ਲਿਖਦੇ ਹਨ,

"ਉਪਰੋਕਤ ਸਾਰੀ ਵਿਚਾਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਵਾਮੀ ਰਾਮਾਨੰਦ ਭਗਤ ਰਵਿਦਾਸ ਜੀ ਦੇ ਗੁਰੂ ਨਹੀਂ ਸਨ। ਉਨ੍ਹਾਂ ਦਾ ਗੁਰੂ ਪਾਰਬ੍ਰਹਮ ਪਰਮੇਸ਼ਵਰ ਸੀ,

**ਮੋਹਿ ਅਧਾਰੁ ਨਾਮੁ ਨਾਰਾਇਨ**
**ਜੀਵਨ ਪ੍ਰਾਨ ਧਨ ਮੋਰੇ॥**[1] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 973)**

ਉਪਰੋਕਤ ਬੰਦ ਦਾ ਅਰਥ ਗੁਰੂ ਰਵਿਦਾਸ ਫਰਮਾਉਂਦੇ ਹਨ ਕਿ ਮੇਰਾ ਆਸਰਾ ਪ੍ਰਭ ਦੇ ਨਾਮ ਦਾ ਸਿਮਰਣ ਹੀ ਹੈ। ਇਹ ਸਿਮਰਣ ਮੇਰੇ ਪ੍ਰਾਣ ਹਨ ਅਤੇ ਨਾਮ ਰੂਪੀ ਧਨ ਹੀ ਮੇਰੀ ਸਮੁੱਚੀ ਸੰਪਤੀ ਹੈ। ਇਨ੍ਹਾਂ ਅਰਥਾਂ ਤੋਂ ਇਹ ਭਾਵ ਨਹੀਂ ਨਿਕਲਦਾ ਕਿ ਪਾਰਬ੍ਰਹਮ ਹੀ ਗੁਰੂ ਰਵਿਦਾਸ ਦੇ ਗੁਰੂ ਹਨ ਕਿਉਂਕਿ ਇਥੇ ਨਾ ਤਾਂ ਗੁਰੂ ਜੀ ਆਤਮਿਕ ਅਗਵਾਈ ਲਈ ਅਰਜੋਈ ਕਰਦੇ ਹਨ ਅਤੇ ਨਾ ਹੀ ਪ੍ਰਭ ਅਗਵਾਈ ਕਰ ਰਹੇ ਹਨ। ਇਸ ਲਈ ਇਸ ਬੰਦ ਨੂੰ ਆਧਾਰ ਬਣਾਕੇ ਗੁਰੂ ਰਵਿਦਾਸ ਜੀ ਦਾ ਗੁਰੂ ਪਾਰਬ੍ਰਹਮ ਨੂੰ ਨਹੀਂ ਮੰਨਿਆ ਜਾ ਸਕਦਾ।

ਡਾ. ਕ੍ਰਿਸ਼ਨਾ ਕਲਸੀਆ ਨੇ ਆਪਣੇ ਥੀਸਸ ਵਿੱਚ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਮੰਨਕੇ ਜਿਹੜੀ ਭੁੱਲ ਕੀਤੀ ਸੀ, ਉਸ ਨੂੰ 1994 ਵਿੱਚ ਛਪੀ ਆਪਣੀ ਪੁਸਤਕ ਵਿੱਚ ਬੜੀ ਹਿੰਮਤ ਨਾਲ ਸੁਧਾਰਿਆ ਹੈ। ਉਹ ਲਿਖਦੇ ਹਨ:

" ...ਤੀਸਰਾ ਡਾ. ਬੀ.ਪੀ. ਸ਼ਰਮਾ ਨੇ ਗੁਰੂ ਰਵਿਦਾਸ ਬਾਣੀ ਦੀ ਖੋਜ ਲਈ ਪਹਿਲ ਜ਼ਰੂਰ ਕੀਤੀ ਹੈ, ਚਾਰ ਪੁਸਤਕਾਂ ਵੀ ਲਿਖੀਆਂ ਹਨ ਪ੍ਰੰਤੂ ਇਸ ਵਿੱਚ ਉਨ੍ਹਾਂ ਦਾ ਸ਼੍ਰੇਣੀ ਅਭਿਮਾਨ ਵੀ ਪ੍ਰਗਟ ਹੋਣ ਤੋਂ ਨਹੀਂ ਰਹਿ ਸਕਿਆ। ਉਨ੍ਹਾਂ ਨੇ ਹੱਥ ਲਿਖਤਾਂ ਤੋਂ ਬਾਣੀ ਸੰਕਲਿਤ ਕਰਦਿਆਂ ਕੁਝ ਕੁ ਤੁਕਾਂ ਵਿੱਚ ਪਰਿਵਰਤਨ ਕਰ ਦਿੱਤਾ ਹੈ। ਇਹ ਪਰਿਵਰਤਨ ਕੇਵਲ ਸ੍ਰੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਸਾਬਤ ਕਰਨ ਲਈ ਅੰਕਤ ਕੀਤਾ ਗਿਆ ਹੈ।

*** ਇਹ ਅਧਿਆਏ ਮਿਤੀ 28.9.95 ਨੂੰ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਖੇ ਸੈਮੀਨਾਰ ਵਿੱਚ ਪੜ੍ਹਿਆ ਗਿਆ।**

(1) ਭਗਤ ਰਵਿਦਾਸ—ਸ੍ਰੋਤ ਪੁਸਤਕ—36



ਜੇਕਰ ਵੀਹਵੀਂ ਸਦੀ ਦੇ ਅੰਤ ਵਿੱਚ ਇਕੀਵੀਂ ਸਦੀ ਦੇ ਦਰ 'ਤੇ ਖੜ੍ਹੇ ਵੀ ਜਾਤਿ ਪਾਤਿ ਤੇ ਆਧਾਰਿਤ ਅਜਿਹਾ ਵਰਤਾਓ ਗੁਰੂ ਰਵਿਦਾਸ ਵਰਗੇ ਮਹਾਨ ਸੰਤ ਜਾਂ ਉਨ੍ਹਾਂ ਦੀ ਬਾਣੀ ਨਾਲ ਹੋਵੇ ਤਾਂ ਸਾਧਾਰਣ ਪ੍ਰਾਣੀ ਦੇ ਹਿੱਸੇ ਕੀ ਨਿਆਂ ਆ ਸਕਦਾ ਹੈ? ਨਿਮਨ ਲਿਖਤ ਅਜਿਹੇ ਸ਼ਬਦ ਹਨ ਜਿਨ੍ਹਾਂ ਵਿੱਚ ਵਾਧਾ ਤੇ ਤਬਦੀਲੀ ਆਦਿ ਕੀਤੀ ਗਈ ਹੈ:

- **ਅਮਰ ਭਯ ਹਮ ਕਾਹੇ ਕੂ ਮਹਿੰ ਹੈ॥ ਟੇਕ॥...**
  **ਪਾਤਰਿ ਨਾਵ ਖੇਵਦਿਆ ਗੁਰ ਰਾਮਾ ਨਾਮ ਲੇਤਿ ਹੀ ਤਰਿ ਹੈ।**
- **ਅਹੋ ਦੇਵ ਤੇਰੋ ਅਮਿਤ ਮਹਿਮਾ, ਮਹਾਦੇਵ:...**
  **ਤ੍ਰਾਹਿ ਤ੍ਰਾਹਿ ਗੁਰੂ ਅਲੰਬਨ ਮੋਰੇ॥**
  **ਮਨ ਰੇ ! ਚਲ ਚਟਸਾਰ ਪਢਾਊ॥...**
- **ਰੋਰ ਰਾਮ ਮੋਹਿ ਗੁਰੂ ਰਾਮਾ ਦੀਨੋ...**
  **ਮਾਯਾ ਮੋਹਿਲਾ ਕ੍ਰਾਨਾ ਮੈ ਜਨ...**
  **ਸੰਸਾਰ ਪ੍ਰਪੰਚ ਹੌਂ ਵਯਾਕੁਲ ਰਾਮਾ ਨੰਦਦਾ**
  **ਰੰ ਪਾਯੋ ਰੰ ਰਾਮ ਅਮੀ ਰਸ...**[1]

ਇਹ ਸਾਡੀ ਉਪਰਲੀ ਚਰਚਾ ਦੀ ਹੀ ਤਰਜਮਾਨੀ ਹੈ। ਫਿਰ ਅੱਗੇ ਚਲਕੇ ਡਾ. ਸਾਹਿਬ ਲਿਖਦੇ ਹਨ:

"ਜੇਕਰ ਗੁਰੂ ਜੀ ਨੂੰ ਸ੍ਰੀ ਰਾਮਾ ਨੰਦ ਗੁਰੂ ਰੂਪ ਵਿੱਚ ਪ੍ਰਾਪਤ ਹੋਏ ਹੁੰਦੇ ਤਾਂ ਉਨ੍ਹਾਂ ਦੀ ਬਾਣੀ ਵਿੱਚ ਅਜਿਹੇ ਨਿਮਨ ਲਿਖਤ ਸ਼ਬਦ ਜਾਂ ਵਿਚਾਰ ਉਪਲਬਧ ਨਾ ਹੁੰਦੇ:

**ਪਾਰੁ ਕੈਸੇ ਪਾਇਬੋ ਰੇ॥**
**ਮੋ ਸਉ ਕੋਊ ਨ ਕਹੈ ਸਮਝਾਇ॥**
**ਜਾ ਤੇ ਆਵਾ ਗਵਨੁ ਬਿਲਾਇ॥੧॥ ਰਹਾਉ॥... (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346)**

**ਨਾਥ ਕਛੂਅ ਨ ਜਾਨਉ॥**
**ਮਨੁ ਮਾਇਆ ਕੈ ਹਾਥਿ ਬਿਕਾਨਉ॥੧॥ ਰਹਾਉ॥**
**ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥...॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 710)**

**ਕਹਿ ਰਵਿਦਾਸ ਕਹਾ ਕੈਸੇ ਕੀਜੈ॥**
**ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ॥੬॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 710)**

**ਮਾਧੋ ਸਤਿਗੁਰੂ ਸਭ ਜਗ ਚੇਲਾ॥**"...[2]

ਸੋ ਡਾ. ਕਲਸੀਆ ਨੇ ਤਰਕ ਸੰਗਤ ਦਲੀਲਾਂ ਨਾਲ ਸਪੱਸ਼ਟ ਕੀਤਾ ਹੈ ਕਿ ਗੁਰੂ ਰਵਿਦਾਸ

(1) ਗੁਰੂ ਰਵਿਦਾਸ—ਰੂਪ ਸਰੂਪ 15-16 (2) ਗੁਰੂ ਰਵਿਦਾਸ—ਰੂਪ ਸਰੂਪ 18

ਜੀ ਦਾ ਗੁਰੂ ਸੁਆਮੀ ਰਾਮਾ ਨੰਦ ਨਹੀਂ ਹੈ।

ਅਖੀਰ ਵਿੱਚ ਉਹ ਲਿਖਦੇ ਹਨ :

"ਹੁਣ ਤੱਕ ਕੀਤੀ ਚਰਚਾ ਉਪਰੰਤ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸ੍ਰੀ ਰਾਮਾ ਨੰਦ ਗੁਰੂ ਰਵਿਦਾਸ ਜੀ ਦੇ ਗੁਰੂ ਨਹੀਂ ਸਨ। ਉਨ੍ਹਾਂ ਦੀ ਪ੍ਰਮਾਨਿਕ ਬਾਣੀ ਵਿੱਚ ਰਾਮਾ ਨੰਦ ਸਬੰਧੀ ਵਰਨਣ ਨਹੀਂ ਆਉਂਦਾ। ਦੂਸਰਾ, ਜਾਣ ਬੁੱਝ ਕੇ ਰਾਮਾ ਨੰਦ ਸ਼ਬਦ ਬਾਣੀ ਵਿੱਚ ਜਮ੍ਹਾਂ ਕਰਨਾ ਵੀ ਇਸ ਗੱਲ ਦਾ ਸੰਕੇਤ ਕਰਦਾ ਹੈ ਕਿ ਡਾ. ਬੀ.ਪੀ. ਸ਼ਰਮਾ ਵਰਗੇ ਵਿਦਵਾਨਾਂ ਨੂੰ ਹੋਰ ਸੱਚੇ-ਸੁੱਚੇ ਸਾਹਿਤ ਵਿੱਚ ਇਸ ਦਾ ਵਰਨਣ ਨਹੀਂ ਮਿਲਿਆ। ਪਰਮਾਤਮਾ ਹੀ ਸਤਿਗੁਰੂ ਹੈ ਤੇ ਸਾਰਾ ਜਗਤ ਉਸ ਦਾ ਚੇਲਾ ਹੈ ਕਿਉਂਕਿ ਉਹ ਸਰਵ ਸ਼ਕਤੀਮਾਨ ਦੀ ਨਜ਼ਰ ਵਿੱਚ ਦਵੈਤ ਨਹੀਂ। ਮਾਧੋ ਸਤਿਗੁਰੂ ਸਭ ਜਗ ਚੇਲਾ॥"[1]

ਡਾ. ਸਾਹਿਬਾ ਨੇ ਸਪੱਸ਼ਟ ਰੂਪ ਵਿੱਚ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਮੰਨਣ ਤੋਂ ਤਾਂ ਇਨਕਾਰ ਕਰ ਦਿੱਤਾ ਹੈ। ਪਰ ਗੁਰੂ ਜੀ ਦਾ ਦਰਅਸਲ ਗੁਰੂ ਕੌਣ ਹੈ ਇਸ ਬਾਰੇ ਉਨ੍ਹਾਂ ਨੇ ਸਪੱਸ਼ਟ ਨਹੀਂ ਕੀਤਾ। ਉਨ੍ਹਾਂ ਨੇ ਇਹ ਗੱਲ ਜ਼ਰੂਰ ਕਹੀ ਹੈ ਕਿ ਪਰਮਾਤਮਾ ਜਗਤ ਦਾ ਗੁਰੂ ਹੈ ਅਤੇ ਸਾਰਾ ਜੱਗ ਉਸ ਦਾ ਚੇਲਾ। ਪਰ ਇਸ ਨਾਲ ਇਹ ਸਿੱਧ ਨਹੀਂ ਹੁੰਦਾ ਕਿ ਗੁਰੂ ਰਵਿਦਾਸ ਦਾ ਗੁਰੂ ਪਰਮਾਤਮਾ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਮੇਤ ਗੁਰੂ ਰਵਿਦਾਸ ਦੇ ਸਾਰੀ ਸ੍ਰਿਸ਼ਟੀ ਦੇ ਜੀਵਾਂ ਦਾ ਗੁਰੂ ਪਰਮਾਤਮਾ ਹੈ। ਸੋ ਗੁਰੂ ਰਵਿਦਾਸ ਜੀ ਦੇ ਗੁਰੂ ਦੀ ਸਮੱਸਿਆ ਹੱਲ ਨਹੀਂ ਹੋਈ।

ਡਾ. ਸਾਹਿਬਾ ਨੇ ਬੜੀ ਮਿਹਨਤ ਅਤੇ ਦਲੇਰੀ ਨਾਲ ਉਪਰੋਕਤ ਚਰਚਾ ਕੀਤੀ ਹੈ। ਪਰ ਡਾ. ਧਰਮ ਪਾਲ ਸਿੰਗਲ ਦੀ ਸੰਪਾਦਿਤ ਕੀਤੀ ਪੁਸਤਕ "ਬਾਣੀ ਸ੍ਰੀ ਗੁਰੂ ਰਵਿਦਾਸ ਜੀ" 1986, ਜਿਸ ਵਿੱਚ ਉਹ ਸਾਰੇ ਸ਼ਾਮਲ ਹਨ ਜਿਹੜੇ ਡਾ. ਬੀ.ਪੀ. ਸ਼ਰਮਾ ਨੇ ਕੇਵਲ ਸ਼ਬਦਾਂ ਵਿੱਚ ਮਿਲਾਵਟ ਹੀ ਕੀਤੀ ਹੈ, ਪਰ ਸੁਆਮੀ ਰਾਮਾ ਨੰਦ ਨੂੰ ਗੁਰੂ ਸਿੱਧ ਕਰਨ ਲਈ ਇਨ੍ਹਾਂ ਮਿਲਾਵਟ ਕੀਤੇ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ। ਡਾ. ਸਿੰਗਲ ਨੇ ਮਿਲਾਵਟ ਵਾਲੇ ਸ਼ਬਦ ਆਪਣੀ ਪੁਸਤਕ ਵਿੱਚ ਸ਼ਾਮਲ ਕਰਕੇ ਉਨ੍ਹਾਂ ਦੀ ਭਰਪੂਰ ਕੁਵਰਤੋਂ ਕੀਤੀ ਅਤੇ ਆਪ ਜੀ ਵਰਗੇ ਵਿਦਵਾਨਾਂ ਤੋਂ ਕਰਵਾਈ ਹੈ। ਦੂਜੇ ਇਹ ਪੁਸਤਕ ਚੇਅਰ ਦੇ ਨਾਮ ਤੇ ਛਾਪਕੇ ਡਾ. ਸਿੰਗਲ ਨੇ ਯੂਨੀਵਰਸਿਟੀ ਅਤੇ ਪੰਜਾਬ ਸਰਕਾਰ ਵੱਲੋਂ ਵੀ ਪ੍ਰਮਾਣਿਤ ਸਿੱਧ ਕਰਵਾ ਦਿੱਤੀ ਹੈ। ਇਸ ਲਈ ਡਾ. ਧਰਮਪਾਲ ਸਿੰਗਲ ਦੀ ਕਾਰਗੁਜਾਰੀ, ਡਾ. ਬੀ.ਪੀ. ਸ਼ਰਮਾ ਨਾਲੋਂ ਵਧੇਰੇ ਖਤਰਨਾਕ ਹੈ। ਫਿਰ ਵੀ ਡਾ. ਕ੍ਰਿਸ਼ਨਾ ਕਲਸੀਆ ਨੇ ਡਾ. ਸਿੰਗਲ ਤੇ ਕਿੰਤੂ ਨਹੀਂ ਕੀਤਾ। ਇਸ ਦਾ ਕਾਰਣ ਡਾ. ਸਾਹਿਬਾ ਹੀ ਜਾਣ ਸਕਦੇ ਹਨ।

ਡਾ. ਕੁਲਵੰਤ ਕੌਰ ਵੀ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਨਹੀਂ ਮੰਨਦੇ। ਉਹ ਲਿਖਦੇ ਹਨ :

"ਕਈ ਹਵਾਲਿਆਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਦਾ ਇਹ ਗੁਰੂ ਸੰਕਲਪ ਕਿਸੇ

(1) ਗੁਰੂ ਰਵਿਦਾਸ—ਰੂਪ ਸਰੂਪ 20



ਦੇਹਧਾਰੀ ਗੁਰੂ ਵਾਲਾ ਨਾ ਹੋ ਕੇ ਬ੍ਰਹਮ-ਸਰੂਪ ਗੁਰੂ ਵਾਲਾ ਹੈ। ਉਦਾਹਰਣ ਲਈ:

- **ਬਿਨੁ ਦੇਖੇ ਉਪਜੈ ਨਹੀਂ ਆਸਾ॥.....**
  **ਪਾਰਸੁ ਪਰਸੈ ਦੁਬਿਧਾ ਨ ਹੋਈ॥** **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1167)**

- **ਕਹਿ ਰਵਿਦਾਸ ਕਹਾ ਕੈਸੇ ਕੀਜੈ॥**
  **ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ॥** **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 710)**

- **ਮੋਹਿ ਅਧਾਰੁ ਨਾਮੁ ਨਾਰਾਇਨ**
  **ਜੀਵਨ ਪ੍ਰਾਨ ਧਨ ਮੋਰੇ॥** **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 973)**

- **ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥**
  **ਰਿਦੈ ਰਾਮ ਗੋਬਿੰਦ ਗੁਨ ਸਾਰੰ॥** **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293)**

- **ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ॥**
  **ਸਾਧਸੰਗਤਿ ਪਾਈ ਪਰਮ ਗਤੇ॥** **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293)**

ਫਿਰ ਉਹ ਆਪਣਾ ਨਿਰਣਾ ਦਿੰਦੇ ਹਨ :

ਸਮੁੱਚੀ ਗੁਰੂ ਰਵਿਦਾਸ ਬਾਣੀ ਵਿੱਚ ਨਾਮ ਸਿਮਰਣ ਭਜਨ ਅਤੇ ਬੰਦਗੀ ਦੀ ਮਹੱਤਤਾ ਦੇਖਦਿਆਂ ਅਤੇ ਭਾਵ ਭਗਤੀ ਦੀ ਸ੍ਰੇਸ਼ਠਤਾ ਵਾਚਦਿਆਂ ਕਿਹਾ ਜਾ ਸਕਦਾ ਹੈ ਕਿ ਉਹ ਕੇਵਲ ਸ਼ਬਦ ਗੁਰੂ ਨੂੰ ਆਪਣਾ ਗੁਰੂ ਪ੍ਰਵਾਨਦੇ ਸਨ।"[1]

ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਉਹ "ਸ਼ਬਦ" ਕਿਸ ਨੇ ਲਿਖੇ ਸਨ, ਜਿਹੜੇ ਸ਼ਬਦ ਨੂੰ ਗੁਰੂ ਧਾਰਨ ਕੀਤਾ। ਜੋ ਸ਼ਬਦ ਦਾ ਅਰਥ ਬ੍ਰਹਮ ਤੋਂ ਹੈ ਤਾਂ ਕੀ ਬ੍ਰਹਮ ਦਾ ਸ਼ਬਦ ਗੁਰੂ ਰਵਿਦਾਸ ਨੇ ਆਪ ਸੁਣਿਆ ਸੀ? ਜੇ ਉਨ੍ਹਾਂ ਨੇ ਇਹ ਬ੍ਰਹਮ ਸ਼ਬਦ ਆਪ ਹੀ ਸੁਣਿਆ ਸੀ ਤਾਂ ਸ਼ਬਦ ਗੁਰੂ ਦੀ ਥਾਂ ਬ੍ਰਹਮ-ਗੁਰੂ ਕਹਿਣਾ ਵਧੇਰੇ ਉਚਿਤ ਹੈ। ਫਿਰ ਪ੍ਰਸ਼ਨ ਉਠਦਾ ਹੈ ਕਿ ਗੁਰੂ ਰਵਿਦਾਸ ਜੀ ਦਾ ਉਹ ਕਿਹੜਾ ਸ਼ਬਦ ਹੈ, ਜਿਹੜਾ ਇਸ ਤੱਥ ਦੀ ਗਵਾਹੀ ਦਿੰਦਾ ਹੈ। ਡਾ. ਕੁਲਵੰਤ ਕੌਰ ਨੇ ਸ਼ਬਦ ਗੁਰੂ ਦੇ ਹੱਕ ਵਿੱਚ ਕਿਸੇ ਸ਼ਬਦ ਨੂੰ ਸਬੂਤ ਵਜੋਂ ਨਹੀਂ ਦਿੱਤਾ। ਇਹ ਨਿਰਣਾ ਉਨ੍ਹਾਂ ਦੇ ਬਾਣੀ ਦਾ ਅਧਿਐਨ ਕਰਨ ਤੋਂ ਬਣੇ ਪ੍ਰਭਾਵ ਦੇ ਫਲ ਸਰੂਪ ਹੈ, ਕਿਸੇ ਖਾਸ ਸ਼ਬਦ ਦੀ ਟੇਕ ਦੇ ਆਧਾਰ ਤੇ ਇਹ ਨਿਰਣਾ ਨਹੀਂ ਟਿਕਿਆ ਹੋਇਆ। ਇਹ ਉਪਰੋਕਤ ਵਾਰਤਕ ਟੁਕੜੀ ਤੋਂ ਸਪੱਸ਼ਟ ਹੁੰਦਾ ਹੈ। ਸੋ ਡਾ. ਕੁਲਵੰਤ ਕੌਰ ਭਾਵੇਂ ਸਪੱਸ਼ਟ ਤੌਰ 'ਤੇ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਨਹੀਂ ਮੰਨਦੇ, ਪਰ ਉਹ ਗੁਰੂ ਰਵਿਦਸ ਜੀ ਦੇ ਗੁਰੂ ਬਾਰੇ ਦੱਸਣ ਵਿੱਚ ਅਸਫਲ ਰਹੇ ਹਨ।

**(1) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦਾ ਅਲੋਚਨਾਤਮਿਕ ਅਧਿਐਨ—85**

ਸ਼੍ਰੀ ਕਰਮ ਸਿੰਘ ਰਾਜੂ, ਗੁਰੂ ਰਵਿਦਾਸ ਬਾਰੇ ਚਰਚਾ ਕਰਦੇ ਹੋ ਆਪਣੇ 'ਕਿਤਾਬਚੇ' 'ਗੁਰੂ ਰਵਿਦਾਸ-ਜੀਵਨ ਅਤੇ ਦਰਸ਼ਨ' ਦੇ 'ਅਧਿਆਏ-2 ਰਵਿਦਾਸ ਦੇ ਗੁਰੂ" ਵਿੱਚ ਦਰਜ "ਰਵਿਦਾਸ ਜੀ ਦੇ ਗੁਰੂ ਪਰਮੇਸ਼ਵਰ" ਸਿਰਲੇਖ ਹੇਠ ਲਿਖਦੇ ਹਨ:

"ਉਪਰੋਕਤ ਚਰਚਾ ਤੋਂ ਸਿੱਧ ਹੁੰਦਾ ਹੈ ਕਿ ਰਵਿਦਾਸ ਜੀ ਦੇ ਕੋਈ ਦੇਹਧਾਰੀ ਗੁਰੂ ਨਹੀਂ ਸਨ। ਪ੍ਰੰਤੂ ਉਹ ਗੁਰੂ ਤੋਂ ਬਿਨਾਂ ਵੀ ਨਹੀਂ ਸਨ। ਫਿਰ ਉਨ੍ਹਾਂ ਦੇ ਗੁਰੂ ਕੌਣ ਸਨ। ਇਸ ਮਹਾਨ ਪ੍ਰਸ਼ਨ ਦਾ ਉੱਤਰ ਰਵਿਦਾਸ ਜੀ ਆਪ ਦਿੰਦੇ ਹਨ:

(ੳ) **ਉਪਜਿਓ ਗਿਆਨੁ ਹੂਆ ਪਰਗਾਸ**
**ਕਰਿ ਕਿਰਪਾ ਲੀਨੇ ਕੀਟ ਦਾਸ॥**
**ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ॥**
**ਜਪਿ ਮੁਕੰਦ ਸੇਵਾ ਤਾਹੂ ਕੀ॥** (**ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ** 875)

(ਅ) **ਕਹੁ ਰਵਿਦਾਸ ਸਭੈ ਨਹੀਂ ਸਮਝਸਿ**
**ਭੂਲਿ ਪਰੇ ਜੈਸੇ ਬਉਰੇ॥**
**ਮੋਹਿ ਅਧਾਰੁ ਨਾਮੁ ਨਾਰਾਇਨ**
**ਜੀਵਨ ਪ੍ਰਾਨ ਧਨ ਮੋਰੇ॥** (**ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ** 973)

ਇਨ੍ਹਾਂ ਸ਼ਬਦਾਂ ਤੋਂ ਸਪੱਸ਼ਟ ਹੈ ਕਿ ਰਵਿਦਾਸ ਜੀ ਪ੍ਰਭੂ, ਨਾਰਾਇਣ ਨੂੰ ਆਪਣਾ ਗੁਰੂ ਮੰਨਦੇ ਹਨ। ਪ੍ਰੰਪਰਾ ਅਨੁਸਾਰ ਰਾਮਾ ਨੰਦ ਜੀ ਕੋਲੋਂ ਰਵਿਦਾਸ ਜੀ ਦੀ ਗੁਰੂ ਦੀਖਿਆ ਲੈਣ ਬਾਰੇ ਦੋ ਸਾਖੀਆਂ ਪ੍ਰਸਿੱਧ ਹਨ ਪ੍ਰੰਤੂ ਦੋਵੇਂ ਸਾਖੀਆਂ ਠੀਕ ਨਹੀਂ।"[1]

ਦੂਜੇ ਨੰਬਰ ਤੇ ਆਏ ਸ਼ਬਦ ਉਪਰ ਅਸੀਂ ਡਾ. ਸਾਬਰ ਦੁਆਰਾ ਦਿੱਤੇ ਇਸ ਸ਼ਬਦ ਉੱਪਰ ਚਰਚਾ ਕਰਕੇ ਸਪੱਸ਼ਟ ਕਰ ਆਏ ਹਾਂ ਕਿ ਇਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਪਰਮਾਤਮਾ ਗੁਰੂ ਰਵਿਦਾਸ ਜੀ ਦਾ ਗੁਰੂ ਹੈ। ਰਾਜੂ ਸਾਹਿਬ ਦੀ ਉਪਰੋਕਤ ਪਹਿਲੀ ਗਵਾਹੀ ਵਿੱਚ ਵੀ ਗੁਰੂ ਰਵਿਦਾਸ ਜੀ ਦੇ ਗੁਰੂ ਦਾ ਕੋਈ ਸੰਕੇਤ ਨਹੀਂ ਮਿਲਦਾ। ਕਾਰਣ : ਸਮੁੱਚੇ ਸ਼ਬਦ ਵਿੱਚ ਗੁਰੂ ਜੀ ਪਾਰਬ੍ਰਹਮ ਦੀ ਵਿਸ਼ਵ ਵਿਆਪਕਤਾ ਦਾ ਉਲੇਖ ਕਰਦੇ ਫਰਮਾਉਂਦੇ ਹਨ ਕਿ ਪ੍ਰਭ ਦੀ ਮਿਹਰ ਕਾਰਣ ਮੈਨੂੰ ਪਰਮ ਪਦ ਦੀ ਪ੍ਰਾਪਤੀ ਹੋ ਗਈ ਹੈ, ਮੇਰੀ ਸਾਰੀ ਤ੍ਰਿਸ਼ਨਾ ਮਿਟ ਗਈ ਹੈ। ਹੁਣ ਮੈਂ ਸਦਾ ਉਸੇ ਮੁਕੰਦ ਦੀ ਸੇਵਾ ਵਿੱਚ ਤਤਪਰ ਹਾਂ। ਪਰ ਰਾਜੂ ਸਾਹਿਬ ਨੇ ਇਹ ਨਹੀਂ ਦੱਸਿਆ ਕਿ ਪ੍ਰਭ ਪ੍ਰਾਪਤੀ ਕਿਹੜੇ ਗੁਰੂ ਦੀ ਅਗਵਾਈ ਕਾਰਨ ਹੋਈ ਅਤੇ ਨਾ ਹੀ ਇਸ ਸ਼ਬਦ ਵਿੱਚ ਅਜਿਹਾ ਸੰਕੇਤ ਮਿਲਦਾ ਹੈ। ਗੁਰੂ ਜੀ ਇਸ ਸ਼ਬਦ ਵਿੱਚ ਨਾ ਤਾਂ ਪ੍ਰਭ ਦੀ ਸ਼ਰਣ ਵਿੱਚ ਜਾਂਦੇ ਹਨ ਨਾ ਹੀ ਪ੍ਰਭ ਅਗਵਾਈ ਦੇ ਰਹੇ ਹਨ ਅਤੇ ਨਾ ਹੀ ਅਜਿਹੀ ਸੱਮਿਸਿਆ ਦਾ ਵਰਣਨ ਕਰ ਰਹੇ ਹਨ। ਇਸ ਕਰਕੇ ਇਸ ਸ਼ਬਦ ਦੇ ਆਧਾਰ 'ਤੇ ਗੁਰੂ ਰਵਿਦਾਸ ਦਾ ਗੁਰੂ ਪਾਰਬ੍ਰਹਮ ਸਿੱਧ ਨਹੀਂ ਹੁੰਦਾ।

ਉਪਰੋਕਤ ਚਰਚਾ ਤੋਂ ਸਪੱਸ਼ਟ ਹੁੰਦਾ ਹੈ ਕਿ ਵਿਦਵਾਨਾਂ ਨੇ ਗੁਰੂ ਰਵਿਦਾਸ ਜੀ ਦੀ ਬਾਣੀ

(1) ਜਾਰੀ ਕਰਦਾ—ਲੋਕ ਸੰਪਰਕ, ਪੰਜਾਬ।



ਵਿੱਚੋਂ "ਗੁਰੂ" ਲੱਭਣ ਦਾ ਯਤਨ ਕੀਤਾ ਹੈ, ਪਰ ਗਵਾਹੀ ਦੀ ਘਾਟ ਕਾਰਣ ਉਨ੍ਹਾਂ ਦੀ ਕੋਸ਼ਿਸ਼ ਸਫਲ ਨਹੀਂ ਹੋ ਸਕੀ। ਹੁਣ ਅਸੀਂ ਉਨ੍ਹਾਂ ਦੀ ਬਾਣੀ ਵਿੱਚੋਂ "ਗੁਰੂ" ਲੱਭਾਂਗੇ।

ਗੁਰੂ ਰਵਿਦਾਸ ਜੀ ਦੀ ਬਾਣੀ ਦੇ ਅਧਿਐਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸ਼ਬਦਾਂ ਦੀ ਤਰਤੀਬ ਆਤਮਕ ਵਿਕਾਸ ਅਨੁਸਾਰ ਦਿੱਤੀ ਗਈ ਹੈ। ਇਸ ਦਾ ਅਰਥ ਇਹ ਹੈ ਕਿ ਰਾਗਾਂ ਦੀ ਤਰਤੀਬ ਵੀ ਆਤਮਿਕ ਵਿਕਾਸ ਅਨੁਸਾਰ ਸਿਰਜੀ ਗਈ ਹੈ। ਦੂਜੇ ਅਰਥਾਂ ਵਿੱਚ ਵਿਚਾਰ ਵਿਧਾਨ ਦੀ ਵਿਉਂਤ ਵੀ ਆਤਮਿਕ ਵਿਕਾਸ ਅਨੁਸਾਰ ਵਿਉਂਤੀ ਗਈ ਹੈ। ਹੈਰਾਨੀ ਵਾਲੀ ਗੱਲ ਹੈ ਕਿ ਬ੍ਰਹਮ ਗੁਰੂ ਬਾਰੇ ਵਿਚਾਰ ਵਿਧਾਨ ਵੀ ਆਤਮਿਕ ਵਿਕਾਸ ਅਨੁਸਾਰ ਹੀ ਸਿਰਜਿਆ ਗਿਆ ਹੈ। ਸੋ ਗੁਰੂ ਰਵਿਦਾਸ ਜੀ ਬਾਣੀ ਦੀ ਸਿਰਜਣਾ ਦੇ ਨਾਲ-ਨਾਲ ਬ੍ਰਹਮ ਗੁਰੂ ਬਾਰੇ ਵਿਚਾਰ ਸਿਰਜਣਾ ਵੀ, ਪੂਰਨ ਤੌਰ 'ਤੇ ਸੁਚੇਤ ਹੋ ਕੇ ਸਿਰਜ ਰਹੇ ਸਨ। ਭਾਵ ਉਹ ਆਪਣੇ ਗੁਰੂ ਬਾਰੇ ਸਿਰਜਣਾ ਵੀ ਜਾਣ ਬੁੱਝਕੇ ਸਿਰਜ ਰਹੇ ਸਨ ਕਿਉਂਕਿ ਬ੍ਰਹਮ ਗੁਰੂ ਹੀ ਉਨ੍ਹਾਂ ਦੇ ਗੁਰੂ ਹਨ। ਸੋ ਇਹ ਤਰਤੀਬ ਗੁਰੂ ਰਵਿਦਾਸ ਜੀ ਦੇ "ਗੁਰੂ" ਦਾ ਸਹੀ ਤੇ ਸਾਰਥਕ ਨਿਰਣਾ ਕਰਨ ਵਿੱਚ ਵੀ ਸਫਲ ਹੈ। ਪਹਿਲੇ ਛੇ ਸ਼ਬਦਾਂ ਵਿੱਚ ਗੁਰੂ ਰਵਿਦਾਸ ਜੀ ਗੁਰੂ ਦੀ ਭਾਲ ਵਿੱਚ ਹਨ, ਜਿਹੜਾ ਉਨ੍ਹਾਂ ਨੂੰ ਪ੍ਰਭ ਨਾਲ ਮਿਲਾ ਦੇਵੇ। ਪਰ ਅਜਿਹਾ ਗੁਰੂ ਲੱਭ ਨਹੀਂ ਰਿਹਾ। ਇਸ ਦਾ ਅਰਥ ਹੈ ਕਿ ਸੁਆਮੀ ਰਾਮਾ ਨੰਦ ਸਮੇਤ ਕੋਈ ਵੀ ਵਿਅਕਤੀ ਪ੍ਰਭ ਨੂੰ ਮਿਲਾਉਣ ਦੇ ਸਮਰੱਥ ਨਹੀਂ ਸੀ। ਕੁਦਰਤੀ ਹੀ ਅਜਿਹੇ ਗੁਰੂ ਆਪਣੇ ਆਪ ਹੀ ਰੱਦ ਹੋ ਜਾਂਦੇ ਹਨ ਅਤੇ ਨਾਲ ਦੀ ਨਾਲ ਗੁਰੂ ਜੀ ਤੋਂ ਪਹਿਲਾਂ ਵਿਚਰ ਰਹੀ ਵਿਚਾਰਧਾਰਾ ਵੀ ਰੱਦ ਹੋ ਜਾਂਦੀ ਹੈ ਕਿਉਂਕਿ ਪ੍ਰੰਪਰਾਵਾਦੀ ਵਿਚਾਰਧਾਰਾ ਤੇ ਆਧਾਰਤ ਗੁਰੂ ਦਾ ਗਿਆਨ ਪ੍ਰਭ ਨਾਲ ਮੇਲ ਕਰਾਉਣ ਦੇ ਸਮਰੱਥ ਨਹੀਂ ਹੈ। ਇਸ ਕਰਕੇ ਗੁਰੂ ਰਵਿਦਾਸ ਜੀ ਹਿੰਦੂ ਮੱਤ ਦੀ ਵਿਚਾਰਧਾਰਾ ਦਾ ਖਾਸ ਕਰਕੇ ਖੰਡਨ ਕਰਕੇ ਉਸ ਦੀ ਦੇਹ ਧਾਰੀ ਗੁਰੂ ਪਰੰਪਰਾ ਦਾ ਵੀ ਪ੍ਰਭਾਵਸ਼ਾਲੀ ਢੰਗ ਨਾਲ ਖੰਡਨ ਕਰਦੇ ਹਨ ਅਤੇ ਇਸ ਦੀ ਥਾਂ ਨਵੀਂ ਵਿਸ਼ਵ ਵਿਚਾਰਧਾਰਾ ਦੀ ਸਿਰਜਣਾ ਕਰਕੇ ਇੱਕ ਨਵੇਂ ਵਿਸ਼ਵ ਧਰਮ ਦੀ ਸਿਰਜਣਾ ਕੀਤੀ ਗਈ ਹੈ, ਜਿਸ ਨੂੰ ਪੰਜਾਬ ਵਿੱਚ ਸਿੱਖ ਮੱਤ ਦੇ ਨਾਉਂ ਨਾਲ ਜਾਣਿਆ ਜਾਂਦਾ ਹੈ।

ਸੋ ਇਸ ਨਵੀਂ ਵਿਚਾਰਧਾਰਾ ਅਨੁਸਾਰ ਗੁਰੂ ਦਾ ਸਰੂਪ ਵਿਕਾਸਤਮਕ ਵਿਧੀ ਮੁਤਾਬਿਕ ਰੂਪਮਾਨ ਹੁੰਦਾ ਹੈ। ਗੁਰੂ ਰਵਿਦਾਸ ਜੀ ਆਪਣੀ ਬਾਣੀ ਦੇ ਪਹਿਲੇ ਹੀ ਸ਼ਬਦ ਵਿੱਚ ਪ੍ਰਭ ਅੱਗੇ ਅਰਦਾਸ ਕਰਦੇ ਹਨ ਕਿ ਹੇ ਪ੍ਰਭ! ਮੈਨੂੰ ਅਜਿਹੇ ਮਹਾਂਪੁਰਸ਼ ਨਾਲ ਮੇਲ ਕਰਵਾ ਜਿਹੜੇ ਤੇਰੇ ਨਾਲ ਮਿਲਾਉਣ ਦੇ ਸਮਰੱਥ ਹੋਵੇ :

**ਤੁਮ ਜੁ ਨਾਇਕ ਆਛਹੁ ਅੰਤਰਜਾਮੀ॥**
**ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ॥੨॥**
**ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ॥**
**ਰਵਿਦਾਸ ਸਮ ਦਲ ਸਮਝਾਵੈ ਕੋਊ॥੩॥**[1] (**ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ** 93)

(1) ਆਦਿ ਗ੍ਰੰਥ—93

ਇਸ ਦਾ ਅਰਥ ਇਹ ਹੈ ਕਿ ਗੁਰੂ ਜੀ ਨੂੰ ਅਜਿਹਾ ਗੁਰੂ ਨਹੀਂ ਮਿਲਿਆ, ਜਿਹੜਾ ਉਨ੍ਹਾਂ ਨੂੰ ਪ੍ਰਭ ਦੇ ਦਰਸ਼ਨ ਕਰਵਾ ਦੇਵੇ। ਇਸ ਕਰਕੇ ਉਹ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਮੈਂ ਤਨ ਮਨ ਤੇਰੀ ਅਰਾਧਨਾ ਵਿੱਚ ਲਾ ਦਿੱਤਾ ਹੈ, ਹੇ ਪ੍ਰਭ ਜੀ! ਮੈਨੂੰ ਗਿਆਨ ਦਿਓ, ਸਮਝ ਦਿਓ ਜਿਸ ਨਾਲ ਮੈਂ ਤੇਰੇ ਦਰਸ਼ਨ ਕਰਨ ਦੇ ਸਮਰੱਥ ਹੋ ਜਾਵਾਂ।

ਇਸ ਕਥਨ ਤੋਂ ਬਿਨਾਂ ਸ਼ੱਕ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਦਾ ਦੇਹਧਾਰੀ ਗੁਰੂ ਕੋਈ ਨਹੀਂ ਸੀ। ਇਸ ਕਰਕੇ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਕਹਿਣਾ ਕਿਸੇ ਵੀ ਤਰ੍ਹਾਂ ਤਰਕ ਤੇ ਪੂਰਾ ਨਹੀਂ ਉਤਰਦਾ।

ਗੁਰੂ ਰਵਿਦਾਸ ਜੀ ਨੂੰ ਸੰਸਾਰ ਧਰਮਾਂ ਦਾ ਗਿਆਨ ਹੋ ਗਿਆ ਹੈ ਕਿ ਉਹ ਪ੍ਰਭ ਨਾਲ ਮੇਲਣ ਦੇ ਸਮਰੱਥ ਨਹੀਂ ਹਨ ਅਤੇ ਨਾ ਹੀ ਉਨ੍ਹਾਂ ਵਿੱਚ ਕੋਈ ਅਜਿਹਾ ਸੰਤ ਹੈ ਜਿਹੜਾ ਉਸ ਪ੍ਰਭ ਨਾਲ ਮਿਲਾਉਣ ਦੀ ਸਮਰੱਥਾ ਰਖਦਾ ਹੋਵੇ। ਇਸ ਲਈ ਗੁਰੂ ਰਵਿਦਾਸ ਜੀ ਨੇ ਬ੍ਰਹਮ-ਗੁਰੂ ਤੋਂ ਬ੍ਰਹਮ ਗਿਆਨ ਦੇ ਦਾਨ ਅਤੇ ਅਗਵਾਈ ਲਈ ਅਰਦਾਸ ਕੀਤੀ ਹੈ। ਉਹ ਅਰਜ਼ੋਈ ਕਰਦੇ ਹਨ ਕਿ ਹੇ ਪ੍ਰਭ! ਮੇਰੇ ਵਿਚਾਰ ਵਿਕਾਰਾਂ ਕਾਰਣ ਪਤਿਤ ਹੋ ਗਏ ਹਨ, ਮੈਂ ਗਿਆਨ ਵਿਹੂਣਾ ਹਾਂ। ਇਸ ਕਰਕੇ ਮੈਨੂੰ ਤੇਰੇ ਬਾਰੇ ਕੋਈ ਸਮਝ ਨਹੀਂ ਹੈ ਅਤੇ ਨਾ ਹੀ ਗੁਣ ਗਾਣ ਕਰਨ ਦੇ ਸਮਰੱਥ ਹਾਂ। ਹੇ ਪ੍ਰਭ! ਮੇਰੀ ਅਰਜੋਈ ਹੈ ਮੇਰੇ ਤੇ ਕ੍ਰਿਪਾ ਕਰਕੇ ਮੈਨੂੰ ਵਿਕਾਰਾਂ ਤੋਂ ਛੁਟਕਾਰਾ ਦਿਓ, ਬ੍ਰਹਮ ਗਿਆਨ ਦੇ ਕੇ ਅਗਵਾਈ ਕਰੋ ਅਤੇ ਪਲ ਭਰ ਲਈ ਦਰਸ਼ਨ ਦਿਓ ਜੀ। ਸੋ ਉਹ ਸਪੱਸ਼ਟ ਰੂਪ ਵਿੱਚ ਪ੍ਰਭ (ਬ੍ਰਹਮ ਗੁਰੂ) ਨੂੰ ਆਪਣਾ ਗੁਰੂ ਸਵੀਕਾਰਦੇ ਹੋਏ ਬ੍ਰਹਮ ਗਿਆਨ ਅਤੇ ਦਰਸ਼ਨ ਲਈ ਅਰਜ਼ੋਈ ਕਰਦੇ ਹਨ।

ਉਨ੍ਹਾਂ ਦੇ ਆਪਣੇ ਸ਼ਬਦਾਂ ਵਿੱਚ :

**ਸਗਲ ਭਵਨ ਕੇ ਨਾਇਕਾ**
**ਇਕੁ ਛਿਨੁ ਦਰਸੁ ਦਿਖਾਇ ਜੀ ॥੧॥ ਰਹਾਉ ॥**
**ਮਲਿਨ ਭਈ ਮਤਿ ਮਾਧਵਾ**
**ਤੇਰੀ ਗਤਿ ਲਖੀ ਨ ਜਾਇ ॥**
**ਕਰਹੁ ਕ੍ਰਿਪਾ ਭ੍ਰਮੁ ਚੂਕਈ**
**ਮੈ ਸੁਮਤਿ ਦੇਹੁ ਸਮਝਾਇ ॥੨॥**[1] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346)**

ਉਪਰੋਕਤ ਚਰਚਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਦਾ ਗੁਰੂ ਬ੍ਰਹਮ ਗੁਰੂ ਹੀ ਹੈ। ਫਰਕ ਕੇਵਲ ਇਹ ਹੈ ਕਿ ਇਥੇ ਪ੍ਰਭ ਨੂੰ ਜਗਤ ਗੁਰੂ ਨਹੀਂ ਕਿਹਾ ਗਿਆ ਕਿਉਂਕਿ ਬ੍ਰਹਮ-ਗੁਰੂ ਦੀ ਸਥਾਪਤੀ ਲਈ ਬ੍ਰਹਮ ਗੁਰੂ ਦੀ ਵਿਚਾਰਧਾਰਾ ਦੀ ਸਥਾਪਨਾ ਬਹੁਤ ਜ਼ਰੂਰੀ ਸੀ। ਇਸ ਵਿਚਾਰਧਾਰਾ ਨੂੰ ਸਥਾਪਤ ਕਰਨ ਲਈ ਹਿੰਦੂ ਧਰਮ ਦੀ ਚਲ ਰਹੀ ਅਨਿਆਂ ਭਰਪੂਰ ਪੱਖਪਾਤ ਵਿਚਾਰਧਾਰਾ ਦਾ ਖੰਡਨ ਅਤਿ ਜ਼ਰੂਰੀ ਸੀ। ਸੋ ਗੁਰੂ ਰਵਿਦਾਸ ਜੀ ਨੇ ਅਗਲੇ ਹੀ ਸ਼ਬਦ "**ਸਤਜੁਗਿ ਸਤੁ ਤੇਤਾ ਜਗੀ**..." ਵਿਚ ਜਾਣ ਬੁੱਝ ਕੇ ਉਪਰੋਕਤ ਜ਼ਰੂਰਤ

(1) ਓਹੀ—346



ਨੂੰ ਪੂਰਾ ਕਰਨ ਲਈ ਸੁਚੇਤ ਤੌਰ 'ਤੇ ਇਕੋ ਹੀ ਸ਼ਬਦ ਵਿੱਚ ਸਮੁੱਚੀ ਹਿੰਦੂ ਧਰਮ ਦੀ ਵਿਚਾਰਧਾਰਾ ਦਾ ਖੰਡਨ ਕਰਕੇ ਉਸ ਦੀ ਥਾਂ ਇਕ ਨਵੀਂ ਨਿਆਂ ਆਧਾਰਤ ਮਾਨਵਵਾਦੀ ਪਿਆਰ ਨਾਲ ਭਰਪੂਰ ਵਿਚਾਰਧਾਰਾ ਦੀ ਸਿਰਜਣਾ ਕੀਤੀ। ਇਸ ਸ਼ਬਦ ਦੇ ਪਹਿਲੇ ਚਾਰ ਬੰਦਾਂ ਵਿੱਚ ਹਿੰਦੂ ਧਰਮ ਦੀ ਵਿਚਾਰਧਾਰਾ ਦਾ ਖੰਡਨ ਕੀਤਾ ਹੈ ਅਤੇ ਪਿਛਲੇ ਚਾਰ ਬੰਦਾਂ ਵਿੱਚ ਗੁਰੂ ਜੀ ਨੇ ਆਪਣੀ ਵਿਚਾਰਧਾਰਾ ਦੀ ਸਿਰਜਣਾ ਕੀਤੀ। ਹਿੰਦੂ ਧਰਮ ਦੀ ਚਾਰੇ ਜੁੱਗਾਂ ਦੀ ਵਿਚਾਰਧਾਰਾ ਦਾ ਖੰਡਨ ਕਰਦੇ ਹੋਏ ਪ੍ਰਸ਼ਨ ਕਰਦੇ ਹਨ ਕਿ "ਹੇ ਪੰਡਤ! (ਇਨ੍ਹਾਂ ਜੁੱਗਾਂ ਦੇ ਵੰਡੇ ਹੋਏ ਕਰਮਾਂ-ਧਰਮਾਂ ਨਾਲ ਸੰਸਾਰ-ਸਮੁੰਦਰ ਦਾ) ਪਾਰਲਾ ਬੰਨਾ ਕਿਵੇਂ ਲੱਭੇਗਾ? ਤੁਹਾਡੇ ਵਿੱਚੋਂ ਕੋਈ ਵੀ ਮੈਨੂੰ ਐਸਾ ਕੰਮ ਸਮਝਾਕੇ ਨਹੀਂ ਦੱਸ ਸਕਿਆ, ਜਿਸ ਦੀ ਸਹਾਇਤਾ ਨਾਲ (ਮਨੁੱਖ ਦਾ) ਜਨਮ ਮਰਨ ਦਾ ਗੇੜ ਮੁੱਕ ਸਕੇ।"[1]

ਇਸ ਚਰਚਾ ਤੋਂ ਵੀ ਸਪੱਸ਼ਟ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਦਾ ਦੇਹਧਾਰੀ ਗੁਰੂ ਕੋਈ ਨਹੀਂ ਸੀ। ਉਹ ਇਹ ਵੀ ਸਪੱਸ਼ਟ ਕਰਦੇ ਹਨ ਕਿ ਹਿੰਦੂ ਧਰਮ ਦੇ ਚਾਰੇ ਜੁਗਾਂ ਦੇ ਕਰਮ-ਧਰਮ ਪ੍ਰਭ ਪ੍ਰਾਪਤੀ ਦੇ ਸਮਰੱਥ ਨਹੀਂ। ਗੁਰੂ ਜੀ ਦੇ ਆਪਣੇ ਬਚਨ ਹਨ :

**ਸਤਜੁਗਿ ਸਤੁ ਤੇਤਾ ਜਗੀ, ਦੁਆਪਰਿ, ਪੂਜਾਚਾਰ ॥**
**ਤੀਨੌ ਜੁਗ ਤੀਨੌ ਦਿੜੇ, ਕਲਿ ਕੇਵਲ ਨਾਮ ਅਧਾਰ ॥੧॥**
**ਪਾਰੁ ਕੈਸੇ ਪਾਇਬੋ ਰੇ ॥**
**ਮੋ ਸਉ ਕੋਊ ਨ ਕਹੈ ਸਮਝਾਇ ॥**
**ਜਾ ਤੇ ਆਵਾ ਗਵਨੁ ਬਿਲਾਇ ॥੧॥ ਰਹਾਉ ॥**[2] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346)**

ਗੁਰੂ ਰਵਿਦਾਸ ਜੀ ਅਜਿਹੇ ਪਰਮ ਗੁਰੂ ਦੀ ਭਾਲ ਵਿੱਚ ਹਨ, ਜਿਹੜੇ ਉਨ੍ਹਾਂ ਨੂੰ ਆਪਣੇ ਵਰਗਾ ਬਨਾਉਣ ਦੀ ਸਮਰੱਥਾ ਰੱਖਦਾ ਹੋਵੇ। ਉਹ ਕੇਵਲ ਬ੍ਰਹਮ ਗੁਰੂ ਹੀ ਹੈ। ਸੋ ਬ੍ਰਹਮ-ਗਿਆਨ ਦਰਅਸਲ ਬ੍ਰਹਮ ਗੁਰੂ ਦੀ ਵਿਚਾਰਧਾਰਾ ਹੀ ਹੈ, ਜਿਹੜੀ ਵਿਕਾਰਾਂ ਨੂੰ ਨਸ਼ਟ ਕਰਕੇ ਸਾਧਕ ਦੇ ਮਨ ਵਿੱਚ ਸੱਚ ਦਾ ਨਿਰੂਪਣ ਕਰਦੀ ਹੈ। ਗੁਰੂ ਜੀ ਦਾ ਕਥਨ ਹੈ:

**ਪਰਮ ਪਰਸ ਗੁਰੁ ਭੇਟੀਐ, ਪੂਰਬ ਲਿਖਤ ਲਿਲਾਟ ॥**
**ਉਨਮਨ ਮਨ, ਮਨ ਹੀ ਮਿਲੇ, ਛੁਟਕਤ ਬਜਰ ਕਪਾਟ ॥੬॥**[3]
**(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346)**

ਗੁਰੂ ਰਵਿਦਾਸ ਜੀ ਦੀ ਗੁਰੂ ਦੀ ਭਾਲ ਸਫ਼ਲ ਹੋ ਗਈ ਹੈ। ਬ੍ਰਹਮ-ਗੁਰੂ ਹੀ ਅਜਿਹੀ ਸਮਰੱਥਾ ਦਾ ਮਾਲਕ ਹੈ, ਜਿਹੜਾ ਵਿਕਾਰਾਂ ਤੋਂ ਮੁਕਤ ਕਰ, ਆਪਣਾ ਦਰਬਾਰੀ ਬਣਾ ਲੈਂਦਾ ਹੈ। ਇਸ ਲਈ ਗੁਰੂ ਰਵਿਦਾਸ ਜੀ ਸੋਚੀ ਸਮਝੀ ਸਕੀਮ ਅਧੀਨ ਸਪੱਸ਼ਟ ਰੂਪ ਵਿੱਚ ਆਪਣੇ 'ਗੁਰੂ' ਬਾਰੇ ਦੱਸਦੇ ਹਨ। ਉਹ ਸੁਚੇਤ ਹੋ ਕੇ "**ਨਾਥ ਕਛੂਅ ਨ ਜਾਨਉ ॥**" ਵਾਲੇ ਸ਼ਬਦ ਵਿੱਚ ਸਪੱਸ਼ਟ ਕਰਦੇ ਹਨ ਕਿ ਉਹ ਪਰਮਾਤਮਾ-ਜਗਤ ਗੁਰੂ ਵੀ ਹੈ ਅਤੇ ਜਗਤ ਦਾ ਸਿਰਜਣਹਾਰ

(1) ਭਗਤ ਬਾਣੀ ਸਟੀਕ—75 ਭਾਗ ਦੂਜਾ ਡਾ. ਸਾਹਬ ਸਿੰਘ (2) ਆਦਿ ਗ੍ਰੰਥ—346
(3) ਆਦਿ ਗ੍ਰੰਥ—346

ਵੀ ਹੈ। ਜਗਤ-ਸਿਰਜਣਹਾਰ ਦੇ ਨਾਤੇ ਉਹ ਮਾਇਆ ਦਾ ਵੀ ਸਿਰਜਣਹਾਰ ਹੈ। ਇਸ ਲਈ ਜਗਤ-ਗੁਰੂ ਦੀ ਕ੍ਰਿਪਾ ਤੋਂ ਬਿਨਾਂ ਇਨ੍ਹਾਂ ਸ਼ਕਤੀਸ਼ਾਲੀ ਵਿਕਾਰਾਂ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ, ਇਨ੍ਹਾਂ ਨੂੰ ਕਾਬੂ ਨਹੀਂ ਕੀਤਾ ਜਾ ਸਕਦਾ। ਗੁਰੂ ਜੀ ਵਿਕਾਰਾਂ ਦੀ ਡੂੰਘੇਰੀ ਤੇ ਤਿਖੇਰੀ ਮਾਰੂ ਸ਼ਕਤੀ ਨੂੰ ਹਿੰਦੂਆਂ ਦੇ ਭਗਵਾਨ ਬ੍ਰਹਮਾ, ਮਹੇਸ਼, ਦੇਵਤਿਆਂ ਦੇ ਸਿਰਤਾਜ ਇੰਦਰ ਅਤੇ ਰਿਸ਼ੀ ਗੌਤਮ ਆਦਿ ਦੀਆਂ ਉਦਾਹਰਣਾਂ ਦੇ ਕੇ ਸਿੱਧ ਕਰਦੇ ਹਨ, ਜਿਸ ਨਾਲ ਵਿਕਾਰਾਂ ਦੀ ਅਥਾਹ ਮਾਰੂ ਸ਼ਕਤੀ ਦੀ ਭਿਆਨਕਤਾ ਹੋਰ ਵੀ ਭਿਆਨਕ ਹੋ ਜਾਂਦੀ ਹੈ।

ਇਸ ਲਈ ਗੁਰੂ ਰਵਿਦਾਸ ਜੀ ਸੁਚੇਤ ਹੋ ਕੇ ਸਪੱਸ਼ਟ ਕਰਦੇ ਹਨ ਕਿ ਇਨ੍ਹਾਂ ਤੋਂ ਛੁਟਕਾਰਾ ਕੇਵਲ ਬ੍ਰਹਮ-ਗੁਰੂ (ਜਗਤ-ਗੁਰੂ) ਦੀ ਕ੍ਰਿਪਾ ਨਾਲ, ਮਿਹਰ ਨਾਲ ਹੀ ਹੋ ਸਕਦਾ ਹੈ। ਸੋ ਗੁਰੂ ਰਵਿਦਾਸ ਜੀ ਦੇ 'ਗੁਰੂ' ਨੂੰ ਸਪੱਸ਼ਟ ਕਰਨ ਤੋਂ ਪਹਿਲਾਂ ਸਬੰਧਤ ਸ਼ਬਦ ਵਿੱਚ ਆਏ ਕੁਝ ਲਫ਼ਜ਼ਾਂ ਦੇ ਅਰਥਾਂ ਨੂੰ ਸਮਝਣਾ, ਪਰਖਣਾ ਜ਼ਰੂਰੀ ਹੈ।

(ੳ) ਨਾਥ= ਪ੍ਰਭ, ਪਰਮਾਤਮਾ

(ਅ) ਸੁਆਮੀ=ਸ੍ਰਿਸ਼ਟੀ ਦਾ ਮਾਲਕ, ਪਰਮਾਤਮਾ

(ੲ) ਹਰਿ=ਪ੍ਰਭ=ਪਰਮਾਤਮਾ

(ਸ) ਰਘੁਨਾਥ=ਰਘੁ (ਪ੍ਰਕਾਸ਼) ਦਾ ਸੁਆਮੀ ਜਯੋਤਿ ਰੂਪ ਕਰਤਾਰ "**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**"[1]

(ਹ) ਪ੍ਰਕਾਸ਼= ਗਿਆਨ[2]

(ਕ) ਜਯੋਤਿਰੂਪ ਕਰਤਾਰ = ਬ੍ਰਹਮ
(ਖ) ਪ੍ਰਕਾਸ਼ ਦਾ ਸਵਾਮੀ = ਗੁਰੂ
→ ਬ੍ਰਹਮ-ਗੁਰੂ

ਸਾਡਾ ਉਪਰੋਕਤ ਅਰਥ ਦੇਣ ਦਾ ਭਾਵ ਇਹ ਸਪੱਸ਼ਟ ਕਰਨਾ ਹੈ ਕਿ 'ਰਘੁਨਾਥ' ਦਾ ਅਰਥ ਦਸ਼ਰਥ ਪੁੱਤ ਰਾਮ ਨਹੀਂ ਹੈ। ਗੁਰਬਾਣੀ ਦੀ ਇਕ ਹੋਰ ਸਤਰ ਤੋਂ ਵੀ ਗੱਲ ਸਪੱਸ਼ਟ ਹੋ ਜਾਂਦੀ ਹੈ:

**"ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ॥"** **(ਰਾਗ ਭੈਰਉ ਮ: ੩)**

ਪ੍ਰਹਲਾਦ ਵੇਲੇ ਰਾਮ ਚੰਦਰ ਜੀ ਨਹੀਂ ਸਨ।[3]

ਸੋ ਪ੍ਰਹਲਾਦ ਦਾ ਰਾਖਾ ਕਣ ਕਣ ਵਿੱਚ ਰਮ ਰਿਹਾ ਅਜੂਨੀ ਪਾਰਬ੍ਰਹਮ ਹੈ, ਦਸ਼ਰਥ ਪੁੱਤਰ ਰਾਮ ਨਹੀਂ। ਸੋ ਵਿਚਾਰ ਅਧੀਨ ਸ਼ਬਦ ਵਿੱਚ 'ਰਘੁਨਾਥ' ਦਾ ਅਰਥ ਪ੍ਰਕਾਸ਼ ਰੂਪ ਬ੍ਰਹਮ ਭਾਵ ਬ੍ਰਹਮ-ਗੁਰੂ ਹੀ ਹੈ।

ਹੁਣ ਅਸੀਂ ਸ਼ਬਦ ਦੇ ਵਿਚਾਰ-ਵਿਧਾਨ ਦਾ ਅਧਿਐਨ ਕਰਦੇ ਹਾਂ। ਇਹ ਸ਼ਬਦ ਰਹਾਉ ਤੋਂ ਸ਼ੁਰੂ ਹੁੰਦਾ ਹੈ। ਰਹਾਉ ਵਿੱਚ ਮੂਲ ਸਮੱਸਿਆ ਨੂੰ ਨਿਖੇੜ ਕੇ ਦ੍ਰਿੜ ਕੀਤਾ ਗਿਆ ਹੈ। ਇਸ ਕਰਕੇ ਬੰਦ ਨੰ 1 ਅਤੇ 6 ਨੂੰ ਛੱਡਕੇ ਬਾਕੀ ਦੇ ਸ਼ਬਦ ਵਿੱਚ ਮਾਇਆ ਦੇ ਵਿਕਰਾਲ ਰੂਪ ਨੂੰ ਹੀ ਸਿਰਜਿਆ ਗਿਆ ਹੈ।

(1) ਮਹਾਨ ਕੋਸ਼—761 (2) ਓਹੀ—597 (3) ਓਹੀ—761



ਰਹਾਉ: ਹੇ ਨਾਥ, ਹੇ ਪ੍ਰਭ! ਮੈਂ ਅਗਿਆਨੀ ਹਾਂ ਮੇਰਾ ਮਨ ਮਾਇਆ ਦੇ ਹੱਥ ਬੁਰੀ ਤਰ੍ਹਾਂ ਵਿਕ ਚੁੱਕਿਆ ਹੈ।

**ਨਾਥ ਕਛੂਅ ਨ ਜਾਨਉ॥**

**ਮਨੁ ਮਾਇਆ ਕੈ ਹਾਥਿ ਬਿਕਾਨਉ॥੧॥ ਰਹਾਉ॥**[1]

ਗੁਰੂ ਜੀ ਦੇ ਵਿਚਾਰ ਵਿਧਾਨ ਦੀ ਉਸਾਰੀ ਅਤੇ ਗੰਭੀਰਤਾ, ਵਿਚਾਰ ਦੇ ਵਿਕਾਸ ਦੀ ਮਹੱਤਤਾ ਦਾ ਪ੍ਰਤੀਕ ਹੈ। ਰਹਾਉ ਵਿਚ ਮੂਲ ਸਮੱਸਿਆ ਦੱਸ ਕੇ ਝੱਟ ਹੀ ਬੰਦ ਨੰ :੧ ਵਿੱਚ ਇਸ ਦੇ ਹੱਲ ਦਾ ਸਾਧਨ ਦੱਸ ਦਿੱਤਾ ਹੈ।

ਬੰਦ ਨੰ : ੧- ਹੇ ਪ੍ਰਭੂ! ਤੁਸੀਂ ਜਗਤ ਗੁਰੂ ਅਤੇ ਸ੍ਰਿਸ਼ਟੀ ਦੇ ਮਾਲਕ ਪਰਮਾਤਮਾ ਹੋ ਅਤੇ ਅਸੀਂ ਕਲਿਜੁਗੀ, ਵਿਸ਼ਈ, ਕਾਮੀ ਜੀਵ ਹਾਂ।

**ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥**

**ਹਮ ਕਹੀਅਤ ਕਲਿਜੁਗ ਕੇ ਕਾਮੀ॥੧॥**[2]

ਰਹਾਉ ਵਿੱਚ ਕੇਵਲ ਅਗਿਆਨਤਾ ਕਾਰਣ ਮਾਇਆ ਦੇ ਪ੍ਰਭਾਵ ਦਾ ਜ਼ਿਕਰ ਸੀ। ਬੰਦ ਨੰ: ੧ ਵਿੱਚ ਇਸ ਮਾਇਆ ਤੋਂ ਮੁਕਤੀ ਪਾਉਣ ਲਈ ਸੁਚੇਤ ਰੂਪ ਵਿੱਚ ਬ੍ਰਹਮ-ਗੁਰੂ ਦਾ ਜ਼ਿਕਰ ਹੈ। ਬ੍ਰਹਮ ਗੁਰੂ ਵੀ ਉਹ, ਜਿਹੜਾ ਮਾਇਆ ਦਾ ਜਨਮ ਦਾਤਾ ਹੈ। ਇਸ ਲਈ ਇਸ ਮਾਇਆ ਤੋਂ ਕੇਵਲ ਬ੍ਰਹਮ ਗੁਰੂ ਦੇ ਬ੍ਰਹਮ ਗਿਆਨ ਨਾਲ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ, ਇਸ ਕਰਕੇ ਨਾਲ ਦੀ ਨਾਲ ਮਾਇਆ ਦੇ ਸ਼ਿਕਾਰ ਕਲਿਜੁਗੀ ਜੀਵ ਦਾ ਵੀ ਜ਼ਿਕਰ ਕਰ ਦਿੱਤਾ ਹੈ।

ਬਦ ਨੰ : ੨- ਇਸ ਬੰਦ ਵਿੱਚ ਗੁਰੂ ਜੀ ਆਪਣੀ ਸਮੱਸਿਆ ਨੂੰ ਖੋਲ੍ਹਕੇ ਉਸ ਦੀ ਵਿਆਖਿਆ ਕਰਦੇ ਹਨ। ਉਹ ਫਰਮਾਉਂਦੇ ਹਨ ਕਿ ਮਾਇਆ ਦੇ ਪੰਜਾਂ ਵਿਕਾਰਾਂ (ਦੂਤਾਂ) ਨੇ ਮੇਰੇ ਮਨ ਨੂੰ ਵਿਗਾੜ ਦਿੱਤਾ ਹੈ ਅਤੇ ਹਰ ਛਿਣ ਪ੍ਰਭ ਤੋਂ ਦੂਰ ਕਰ ਰਹੇ ਹਨ, ਵਿੱਥ ਪੁਵਾ ਰਹੇ ਹਨ:

**ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥**

**ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥੨॥**[3]

ਬੰਦ ਨੰ : ੩- ਇਸ ਵਿੱਚ ਗੁਰੂ ਜੀ ਇਨ੍ਹਾਂ ਵਿਕਾਰਾਂ ਕਾਰਣ ਦੁੱਖਾਂ ਵਿੱਚ ਤੜਪ ਰਹੀ ਲੋਕਾਈ ਦੀ ਅਟੱਲ ਸਚਾਈ ਬਾਰੇ ਦੱਸ ਰਹੇ ਹਨ। ਉਨ੍ਹਾਂ ਦਾ ਕਥਨ ਹੈ ਕਿ ਮੈਂ ਜਿਧਰ ਵੀ ਤੱਕਦਾ ਹਾਂ, ਉਧਰ ਹੀ ਇਨ੍ਹਾਂ ਵਿਕਾਰਾਂ ਕਾਰਣ ਦੁੱਖ ਹੀ ਦੁੱਖ ਨਜ਼ਰ ਆਉਂਦੇ ਹਨ। ਫਿਰ ਵੀ ਮੇਰੇ ਮਨ ਨੂੰ ਵਿਸ਼ਵਾਸ ਨਹੀਂ ਆਇਆ ਜਦਕਿ ਵੇਦ ਆਦਿ ਧਰਮ ਗ੍ਰੰਥ ਵੀ ਇਸ ਦੀ ਗਵਾਹੀ ਭਰਦੇ ਹਨ।

**ਜਤ ਦੇਖਉ ਤਤ ਦੁਖ ਕ ਰਾਸੀ॥**

**ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ॥੩॥**[4]

ਬੰਦ ਨੰ: ੪- ਇਸ ਵਿੱਚ ਵੇਦ ਆਦਿ ਧਰਮ ਗ੍ਰੰਥਾਂ ਦੀਆਂ ਗਵਾਹੀਆਂ ਦਰਜ ਹਨ,

(1) ਆਦਿ ਗ੍ਰੰਥ—710 (2) ਓਹੀ—710 (3-4) ਓਹੀ—710

ਜਿਹੜੀਆਂ ਸਮੱਸਿਆ ਦੀ ਭਿਆਨਕਤਾ ਅਤੇ ਗੰਭੀਰਤਾ ਨੂੰ ਦ੍ਰਿੜ ਕਰਦੀਆਂ ਹਨ।

**ਪਹਿਲੀ ਗਵਾਹੀ** - ਗੌਤਮ ਦੀ ਵਹੁਟੀ ਅਹੱਲਿਆ ਦੀ ਹੈ। ਉਹ ਆਪਣੇ ਪਤੀ ਗੌਤਮ ਨਾਲ ਛਲ (ਮਾਇਆ) ਕਰਕੇ ਇੰਦਰ ਨਾਲ ਭੋਗ ਕਰਦੀ ਹੈ। (ਵਿਕਾਰ = ਮਾਇਆ)

**ਦੂਜੀ ਗਵਾਹੀ** - ਪਾਰਵਤੀ ਦੇ ਪਤੀ ਭਗਵਾਨ ਸ਼ਿਵ ਦੀ ਹੈ। ਉਹ ਈਰਖਾ (ਮਤਸਰ) ਵਸ, ਬ੍ਰਹਮਾ ਦਾ ਸਿਰ ਕੱਟਦਾ ਹੈ। (ਵਿਕਾਰ=ਮਤਸਰ)

**ਤੀਜੀ ਗਵਾਹੀ** - 'ਭਗਵਾਨ' ਬ੍ਰਹਮਾ ਦੀ ਹੈ। ਉਹ ਕਾਮ ਵਸ ਹੋ ਆਪਣੀ ਹੀ ਧੀ ਤੇ ਮੋਹਿਤ ਹੋ ਜਾਂਦਾ ਹੈ। (ਵਿਕਾਰ =ਕਾਮ)

**ਚੌਥੀ ਗਵਾਹੀ** - ਇੰਦਰ ਦੇਵਤਾ ਦੀ ਹੈ। ਉਹ ਮਤਵਾਲਾ (ਮਦ) ਹੋ ਅਹੱਲਿਆ ਨਾਲ ਨਜਾਇਜ਼ ਸਬੰਧ ਰੱਖਦਾ ਹੈ। (ਵਿਕਾਰ=ਮਦ)

**ਪੰਜਵੀਂ ਗਵਾਹੀ** - ਗੌਤਮ ਰਿਸ਼ੀ ਦੀ ਹੈ, ਜਿਸ ਨੇ ਕ੍ਰੋਧ ਵਿੱਚ ਆ ਕੇ ਇੰਦਰ ਦੇਵਤਾ ਨੂੰ ਸਰਾਪ ਦਿੱਤਾ ਅਤੇ ਉਸ ਦੇ ਸਰੀਰ ਤੇ ਹਜ਼ਾਰਾਂ ਭਗਾਂ ਬਣ ਗਈਆਂ ਸਨ (ਵਿਕਾਰ=ਕ੍ਰੋਧ)।

ਇਨ੍ਹਾਂ ਪੰਜਾਂ ਗਵਾਹੀਆਂ ਨੂੰ ਪੜ੍ਹਕੇ ਸਪੱਸ਼ਟ ਹੋ ਜਾਂਦਾ ਹੈ ਕਿ ਭਗਵਾਨਾਂ, ਦੇਵਤਿਆਂ, ਰਿਸ਼ੀਆਂ ਆਦਿ ਨੂੰ ਵੀ ਵਿਕਾਰਾਂ ਨੇ ਬੁਰੀ ਤਰ੍ਹਾਂ ਖੁਆਰ ਕੀਤਾ ਹੈ, ਫਿਰ ਆਮ ਮਨੁੱਖ ਦੀ ਕੀ ਵੁੱਕਤ ਰਹਿ ਜਾਂਦੀ ਹੈ?

**ਗੋਤਮ ਨਾਰਿ ਉਮਾਪਤਿ ਸ੍ਵਾਮੀ॥**

**ਸੀਸੁ ਧਰਨਿ ਸਹਸ ਭਗ ਗਾਂਮੀ॥੪॥**[1]

ਬੰਦ ਨੰ : ੫- ਇਸ ਬੰਦ ਵਿੱਚ ਗੁਰੂ ਜੀ ਉਪਰੋਕਤ ਬੰਦ ਹੀ ਭਿਆਨਕਤਾ ਨੂੰ ਦਰਸਾਉਂਦਿਆਂ ਆਪਣੇ ਮਨ ਨੂੰ ਕੋਸਦੇ ਹਨ ਕਿ ਮਾਇਆ ਦੇ ਇਨ੍ਹਾਂ ਪੰਜਾਂ ਦੂਤਾਂ ਨੇ ਮੇਰੇ ਮੂਰਖ ਮਨ ਨੂੰ ਬੁਰੀ ਤਰ੍ਹਾਂ ਮਾਰ-ਮਾਰ ਕੇ ਕਾਬੂ ਕੀਤਾ ਹੋਇਆ ਹੈ, ਪਰ ਇਹ ਮਨ ਬੜਾ ਹੀ ਨਿਰਲੱਜ ਹੈ, ਬੇਸ਼ਰਮ ਹੈ, ਭਗਵਾਨਾਂ, ਦੇਵਤਿਆਂ, ਰਿਸ਼ੀਆਂ ਆਦਿ ਦਾ ਘਿਨਾਉਣਾ ਹਾਲ ਦੇਖਕੇ ਵੀ ਇਨ੍ਹਾਂ ਵਿਕਾਰਾਂ ਦਾ ਖਹਿੜਾ ਨਹੀਂ ਛੱਡਦਾ।

**ਇਨ ਦੂਤਨ ਖਲੁ ਬਧੁ ਕਰਿ ਮਾਰਿਓ॥**

**ਬਡੋ ਨਿਲਾਜੁ ਅਜਹੂ ਨਹੀ ਹਾਰਿਓ॥੫॥**[2]

ਬੰਦ ਨੰ : ੬ ਇਸ ਬੰਦ ਵਿੱਚ ਗੁਰੂ ਜੀ ਇਨ੍ਹਾਂ ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਬ੍ਰਹਮ ਗੁਰੂ (ਜਗਤ ਗੁਰੂ) ਦੀ ਸ਼ਰਨ ਲੈਂਦੇ ਹਨ। ਉਨ੍ਹਾਂ ਦਾ ਫਰਮਾਨ ਹੈ: ਉਹ ਆਪਣੇ ਆਪ ਨੂੰ ਸੰਬੋਧਨ ਕਰਕੇ ਕਹਿੰਦੇ ਹਨ, "ਦੱਸ ਰਵਿਦਾਸ ਹੁਣ ਮੈਂ ਕਿਥੇ ਜਾਵਾਂ? ਕੀ ਕਰਾਂ? ਫਿਰ ਉਹ ਇਸ ਪ੍ਰਸ਼ਨ ਦਾ ਆਪਣੇ ਆਪ ਹੀ ਉੱਤਰ ਦਿੰਦੇ ਹਨ ਕਿ ਹੁਣ ਤਾਂ ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਪ੍ਰਭ (ਬ੍ਰਹਮ ਗੁਰੂ) ਤੋਂ ਬਿਨਾਂ ਹੋਰ ਕਿਸੇ ਦਾ ਸਹਾਰਾ ਨਹੀਂ ਲਿਆ ਜਾ ਸਕਦਾ। ਬ੍ਰਹਮ ਗੁਰੂ ਤੋਂ ਬਿਨਾਂ ਇਨ੍ਹਾਂ ਵਿਕਾਰਾਂ ਤੋਂ, ਮੁਕਤੀ ਸੰਭਵ ਹੀ ਨਹੀਂ ਹੈ। ਸੋ ਗੁਰੂ ਰਵਿਦਾਸ ਜੀ ਬ੍ਰਹਮ ਗੁਰੂ ਨੂੰ ਆਪਣਾ ਗੁਰੂ ਮੰਨ ਕੇ ਉਸ ਦੀ ਅਗਵਾਈ ਅਧੀਨ ਹੀ ਵਿਕਾਰਾਂ 'ਤੇ ਕਾਬੂ

(1) ਅਤੇ (2) ਓਹੀ—710



ਪਾ, ਮੁਕਤੀ ਪ੍ਰਾਪਤ ਕਰਦੇ ਹਨ :

**ਕਹਿ ਰਵਿਦਾਸ ਕਹਾ ਕੈਸੇ ਕੀਜੈ॥**

**ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ॥੬॥੧॥**[1]

ਹੁਣ ਅਸੀਂ ਗੁਰੂ ਰਵਿਦਾਸ ਜੀ ਦੇ "ਗੁਰੂ" ਬ੍ਰਹਮ-ਗੁਰੂ ਨੂੰ ਹੋਰ ਸਪੱਸ਼ਟ ਕਰਨ ਲਈ ਬੰਦ ਨੰ : ੧ ਅਤੇ ੬ ਨੂੰ ਇਕੱਠਿਆਂ ਹੀ ਵਿਚਾਰਦੇ ਹਾਂ।

**ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥**

**ਹਮ ਕਹੀਅਤ ਕਲਿਜੁਗ ਕੇ ਕਾਮੀ॥੧॥.....**

**ਕਹਿ ਰਵਿਦਾਸ ਕਹਾ ਕੈਸੇ ਕੀਜੈ॥**

**ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ॥੬॥**[2] **(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 710)**

ਬੰਦ ਨੰ : ੧ ਵਿਚ ਤਿੰਨ ਗੱਲਾਂ ਸਪੱਸ਼ਟ ਹਨ :

(ੳ) ਜਗਤ ਗੁਰੂ-ਬ੍ਰਹਮ ਗੁਰੂ, ਪ੍ਰਭ ਗੁਰੂ

(ਅ) ਜਗਤ ਸੁਆਮੀ=ਜਗਤ ਦਾ ਮਾਲਕ ਪਰਮਾਤਮਾ

ਸੋ ਬ੍ਰਹਮ-ਗੁਰੂ = ਪਰਮਾਤਮਾ

(ੲ) ਵਿਕਾਰਾਂ ਵਿੱਚ ਗ੍ਰੱਸਿਆ ਹੋਇਆ ਜੀਵ ਜਿਸ ਨੇ ਬ੍ਰਹਮ ਗੁਰੂ ਦੀ ਅਗਵਾਈ ਅਧੀਨ ਇਨ੍ਹਾਂ ਵਿਕਾਰਾਂ ਤੋਂ ਮੁਕਤੀ ਪ੍ਰਾਪਤ ਕਰਨੀ ਹੈ।

ਬੰਦ ਨੰ : ੬ ਵਿੱਚ ਦੋ ਗੱਲਾਂ ਸਪੱਸ਼ਟ ਹਨ।

(ੳ) ਰਘੁਨਾਥ = ਪਰਮਾਤਮਾ, ਬ੍ਰਹਮ-ਗੁਰੂ

ਡਾ. ਸਾਹਿਬ ਸਿੰਘ ਲਿਖਦੇ ਹਨ "ਇਸ ਸ਼ਬਦ ਵਿਚ ਜਿਸ ਨੂੰ ਲਫ਼ਜ਼ 'ਰਘੁਨਾਥ' ਨਾਲ ਨਾਦ ਕੀਤਾ ਹੈ ਉਸ ਵਾਸਤੇ ਲਫ਼ਜ਼ 'ਜਗਤ ਗੁਰ ਸੁਆਮੀ' ਭੀ ਵਰਤਿਆ ਹੈ। ਲਫ਼ਜ਼ 'ਰਘੁਨਾਥ' ਸਤਿਗੁਰੂ ਨੇ ਆਪ ਭੀ ਕਈ ਵਾਰੀ ਵਰਤਿਆ ਹੈ ਪ੍ਰਮਾਤਮਾ ਦੇ ਅਰਥਾਂ ਵਿਚ"[3] ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ ਪੰਨਾ 258 ਪੋਥੀ-ਪੰਨਾ (5)

(ਅ) ਹੋਰ ਸਭ ਨੂੰ ਛੱਡ ਕੇ ਗੁਰੂ ਰਵਿਦਾਸ ਜੀ ਬ੍ਰਹਮ ਗੁਰੂ (ਪਰਮਾਤਮਾ) ਦੀ ਸ਼ਰਨ ਲੈਂਦੇ ਹਨ:

**ਕਹਿ ਰਵਿਦਾਸ ਸਰਨਿ ਪ੍ਰਭ ਤੇਰੀ॥**

**ਜਿਉ ਜਾਨਹੁ ਤਿਉ ਕਰੁ ਗਤਿ ਮੇਰੀ॥੩॥**[4] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 793)**

ਹੋਰ ਸਭ ਨੂੰ ਛੱਡ ਕੇ ਗੁਰੂ ਜੀ ਬ੍ਰਹਮ ਗੁਰੂ ਨੂੰ ਗੁਰੂ ਪ੍ਰਵਾਨ ਕਰਦੇ ਹਨ। ਸੋ ਹਰ ਪੱਖੋਂ ਸਪੱਸ਼ਟ ਹੈ ਕਿ ਗੁਰੂ ਰਵਿਦਾਸ ਜੀ ਨੇ ਵਿਕਾਰਾਂ ਨੂੰ ਕਾਬੂ ਕਰਨ ਹਿੱਤ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਕੇਵਲ ਤੇ ਕੇਵਲ ਬ੍ਰਹਮ-ਗੁਰੂ ਪਾਰਬ੍ਰਹਮ ਨੂੰ ਹੀ ਗੁਰੂ ਪ੍ਰਵਾਨ ਕਰਕੇ ਉਸ ਦੀ ਸ਼ਰਨ ਲਈ ਹੈ। ਸੋ ਗੁਰੂ ਜੀ ਦਾ ਗੁਰੂ ਪਾਰਬ੍ਰਹਮ (ਬ੍ਰਹਮ ਗੁਰੂ) ਹੈ ਹੋਰ ਕੋਈ ਨਹੀਂ। ਇਸ ਤੱਥ ਨੂੰ ਹੁਣ

(1) ਅਤੇ (2) ਓਹੀ—710 (3) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ—ਪੰਨਾ—258 ਪੋਥੀ ਪੰਜਵੀਂ

(4) ਆਦਿ ਗ੍ਰੰਥ—793

ਇਕ ਹੋਰ ਦ੍ਰਿਸ਼ਟੀ ਤੋਂ ਪਰਖਦੇ ਹਾਂ।

ਵਿਚਾਰ ਅਧੀਨ ਇਸ ਜੈਤਸਰੀ ਰਾਗ ਦੇ ਸ਼ਬਦ **"ਨਾਥ ਕਛੂਅ ਨ ਜਾਨਉ"** ਵਿੱਚ ਗੁਰੂ ਰਵਿਦਾਸ ਜੀ ਨੇ ਆਪਣੇ ਗੁਰੂ ਬਾਰੇ ਬੜੀ ਦ੍ਰਿੜਤਾ ਨਾਲ ਪਰਪੱਕ ਕੀਤਾ ਹੈ ਕਿ "ਬ੍ਰਹਮ ਗੁਰੂ" ਹੀ ਉਨ੍ਹਾਂ ਦੇ 'ਗੁਰੂ' ਹਨ। ਇਹ ਤੱਥ ਜੈਤਸਰੀ ਦੇ ਸਿਧਾਂਤ ਅਨੁਸਾਰ ਵੀ ਦ੍ਰਿੜ ਹੋ ਜਾਂਦਾ ਹੈ। ਹੁਣ ਅਸੀਂ ਇਸ ਦ੍ਰਿਸ਼ਟੀਕੋਣ ਤੋਂ ਰਾਗ ਜੈਤਸਰੀ ਅਤੇ ਇਸ ਸ਼ਬਦ ਦਾ ਅਧਿਐਨ ਕਰਦੇ ਹਾਂ।

ਇਹ ਸ਼ਬਦ ਰਾਗ ਜੈਤਸਰੀ ਵਿਚ ਸਿਰਜਿਆ ਗਿਆ ਹੈ। "ਜੈਤਸਰੀ ਦਾ ਪ੍ਰਭਾਵ ਸੁਖ ਅਤੇ ਖੁਸ਼ੀ ਦੇਣ ਵਾਲਾ ਹੈ। ਖੁਸ਼ੀ ਲੈਣ ਲਈ ਮਨ ਦੇ "ਆਲਸੀਆ ਉਘਲਾਨਾ" ਵਾਲਾ ਸੁਭਾ ਛੱਡ ਹਿਰਦੇ ਵਿਚ ਰਤਨ ਨਾਮ ਨੂੰ ਵਸਾ ਕੇ ਗੁਰੂ ਬਖਸ਼ਿਸ਼ ਲੈਣੀ ਪੈਂਦੀ ਹੈ।[1]

ਇਸ ਵਿਚ ਦੋ ਵਿਚਾਰ ਹਨ :

੧. ਪ੍ਰਭਾਵ ਸੁੱਖ ਅਤੇ ਅਨੰਦ ਦੇਣ ਵਾਲਾ।

੨. ਅਨੰਦ ਪ੍ਰਾਪਤੀ ਲਈ ਗੁਰੂ ਦੀ ਬਖਸ਼ਿਸ਼ ਜ਼ਰੂਰੀ।

ਇਸ ਸ਼ਬਦ ਵਿਚ ਗੁਰੂ ਰਵਿਦਾਸ ਜੀ ਸੁੱਖ ਅਤੇ ਅਨੰਦ ਪ੍ਰਾਪਤੀ ਲਈ ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਬ੍ਰਹਮ-ਗੁਰੂ ਦੀ ਬਖਸ਼ਿਸ਼ ਦੀ ਪ੍ਰਾਪਤੀ ਲਈ, ਉਸ ਦੀ ਸ਼ਰਨ ਵਿਚ ਜਾਂਦੇ ਹਨ।

ਇਸ ਤਰ੍ਹਾਂ ਇਹ ਸ਼ਬਦ ਸੁੱਖ ਅਤੇ ਆਨੰਦ ਦੀ ਪ੍ਰਾਪਤੀ ਲਈ ਅਤੇ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਬ੍ਰਹਮ-ਗੁਰੂ ਦੀ ਸ਼ਰਨ ਵਿਚ ਜਾਣਾ ਰਾਗ ਜੈਤਸਰੀ ਦੀ ਬੁਨਿਆਦੀ ਲੋੜ ਨੂੰ ਪੂਰਾ ਕਰਦਾ ਹੈ।

ਇਸ ਸ਼ਬਦ ਦੇ ਵਿਚਾਰ ਅਧੀਨ ਵਿਚ ਵਿਕਸਤ ਵਿਚਾਰਧਾਰਾ ਰਾਗ ਜੈਤਸਰੀ ਦੀ ਅਗਵਾਈ ਅਧੀਨ ਸਿਰਜੀ ਗਈ ਹੈ। ਸਿਧਾਂਤਕ ਤੌਰ ਤੇ ਰਾਗ ਜੈਤਸਰੀ ਦੀ ਵਿਗਿਆਨਕ ਅਤੇ ਵਿਚਾਰਧਾਰਕ ਸੰਰਚਨਾ ਨੇ ਗੁਰੂ ਰਵਿਦਾਸ ਜੀ ਦੀ ਬ੍ਰਹਮ-ਗੁਰੂ ਦੀ ਸ਼ਰਨ ਵਿਚ ਜਾਣ ਦੀ ਘਟਨਾ ਨੂੰ ਵਿਗਿਆਨਕ ਤੌਰ ਤੇ ਉਜਾਗਰ ਕੀਤਾ ਹੈ। ਗੁਰੂ ਜੀ ਨੇ ਵਿਕਾਰਾਂ ਨੂੰ ਕਾਬੂ ਕਰਨ ਹਿੱਤ ਬ੍ਰਹਮ-ਗਿਆਨ ਦੀ ਪ੍ਰਾਪਤੀ ਲਈ ਕੇਵਲ ਤੇ ਕੇਵਲ "ਬ੍ਰਹਮ-ਗੁਰੂ" ਨੂੰ ਹੀ 'ਗੁਰੂ' ਪ੍ਰਵਾਨ ਕਰਕੇ ਉਸ ਦੀ ਸ਼ਰਨ ਲਈ ਹੈ। ਸੋ ਗੁਰੂ ਜੀ ਦੇ 'ਗੁਰੂ' ਬ੍ਰਹਮ-ਗੁਰੂ ਹੀ ਹਨ।

ਇਸ ਤੱਥ ਨੂੰ ਇਸ ਸ਼ਬਦ ਵਿਚ ਆਈ ਵਿਚਾਰਧਾਰਾ ਅਤੇ ਰਾਗ ਜੈਤਸਰੀ ਦਾ ਸਿਧਾਂਤਕ ਅਤੇ ਵਿਚਾਰਧਾਰਕ ਪ੍ਰਭਾਵ, ਦੋਹਾਂ ਦੇ ਮਿਲਾਪ ਨੇ ਪਰਪੱਕ ਵਿਗਿਆਨਕ ਆਧਾਰ ਦੇ ਕੇ ਦ੍ਰਿੜ ਕਰ ਦਿੱਤਾ ਹੈ ਕਿ ਗੁਰੂ ਰਵਿਦਾਸ ਜੀ ਦਾ ਗੁਰੂ ਬ੍ਰਹਮ ਗੁਰੂ ਹੀ ਹੈ।

ਉਪਰੋਕਤ ਸਿੱਟੇ ਨਾਲ ਦੋ ਸਮੱਸਿਆਵਾਂ ਹੱਲ ਹੋ ਗਈਆਂ ਹਨ :

(ੳ) ਸਭ ਤੋਂ ਵੱਡੀ ਸਮੱਸਿਆ ਸੀ, "ਗੁਰੂ ਰਵਿਦਾਸ ਜੀ ਦਾ ਗੁਰੂ ਕੌਣ?" ਇਹ ਸਮੱਸਿਆ ਹੁਣ ਸਦਾ ਸਦਾ ਲਈ ਖਤਮ ਹੋ ਗਈ ਹੈ।

(1) ਰਾਗ ਨਾਦ ਸਬਦਿ ਸੋਹਣੇ ੧੯੯੨—ਪੰਨਾ—੩੮



(ਅ) ਦੂਜੀ ਸਮੱਸਿਆ ਸੀ : ਸਿੱਖ ਜਗਤ, ਗੁਰੂ ਰਵਿਦਾਸ ਜੀ ਨੂੰ ਨਾ ਤਾਂ ਗੁਰੂ ਮੰਨਦਾ ਹੈ ਅਤੇ ਨਾ ਹੀ ਕਹਿੰਦਾ ਅਤੇ ਲਿਖਦਾ ਹੈ।

ਪੰਜਵੇਂ ਅਧਿਆਏ ਵਿਚ **"ਭਗਤਾ ਕੀ ਬਾਣੀ"** ਕਿਉਂ ਲਿਖਿਆ ਗਿਆ, ਇਸ ਬਾਰੇ ਚਰਚਾ ਕਰਕੇ ਸਪੱਸ਼ਟ ਕੀਤਾ ਸੀ ਕਿ ਗੁਰੂ ਗ੍ਰੰਥ ਸਾਹਿਬ ਅਨੁਸਾਰ ਵੀ ਗੁਰੂ ਰਵਿਦਾਸ ਜੀ ਗੁਰੂ ਹਨ। ਇਸ ਲਈ ਉਨ੍ਹਾਂ ਨੂੰ ਗੁਰੂ ਮੰਨਣਾ, ਕਹਿਣਾ ਅਤੇ ਲਿਖਣਾ ਹੀ ਸਹੀ ਹੈ। ਇਹ ਹੋਰ ਵੀ ਦ੍ਰਿੜ ਹੋ ਜਾਂਦਾ ਹੈ ਜਦੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਗੁਰੂ ਰਵਿਦਾਸ ਜੀ ਦਾ ਗੁਰੂ ਪਾਰਬ੍ਰਹਮ ਸੀ ਅਤੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਵੀ ਪਾਰਬ੍ਰਹਮ ਹੀ ਸੀ।

ਉਪਰੋਕਤ ਸਾਰੀ ਚਰਚਾ ਤੋਂ ਦ੍ਰਿੜ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਦਾ ਗੁਰੂ ਪਾਰਬ੍ਰਹਮ ਹੈ, ਬ੍ਰਹਮ-ਗੁਰੂ ਹੈ।

# VII. ਗੁਰੂ ਰਵਿਦਾਸ ਜੀ ਦੀ ਗੁਰੂ ਦੇ ਤੌਰ 'ਤੇ ਪੂਜਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ

ਗੁਰੂ ਰਵਿਦਾਸ ਜੀ ਗੁਰੂ ਗ੍ਰੰਥ ਸਾਹਿਬ ਅੰਦਰਲੀਆਂ ਗਵਾਹੀਆਂ ਅਨੁਸਾਰ 'ਗੁਰੂ' ਹਨ। ਉਨ੍ਹਾਂ ਦੇ 'ਗੁਰੂ' ਪਾਰਬ੍ਰਹਮ (ਬ੍ਰਹਮ-ਗੁਰੂ) ਹਨ। ਪਰ ਚੁੰਝ ਗਿਆਨੀ ਵਿਦਵਾਨ ਅਲੋਚਕ ਅਜੇ ਵੀ ਬੇਬੁਨਿਆਦ ਪ੍ਰਸ਼ਨ ਉਠਾਕੇ ਗੁਰੂ ਰਵਿਦਾਸ ਜੀ ਦੀ 'ਗੁਰੂ' ਪਦਵੀ ਨੂੰ ਰੱਦ ਕਰਨ ਦਾ ਉਪਰਾਲਾ ਕਰ ਸਕਦੇ ਹਨ। ਉਹ ਇਹ ਪ੍ਰਸ਼ਨ ਕਰ ਸਕਦੇ ਹਨ ਕਿ ਕੀ ਗੁਰੂ ਰਵਿਦਾਸ ਜੀ ਆਪਣੇ ਜੀਵਨ ਕਾਲ ਵਿੱਚ 'ਗੁਰੂ' ਦੇ ਤੌਰ 'ਤੇ ਪੂਜੇ ਗਏ ਸਨ? ਅਜਿਹੇ ਪ੍ਰਸ਼ਨ ਸਾਨੂੰ ਅਨੇਕਾਂ ਵਾਰ ਵਿਦਵਾਨਾਂ ਤੋਂ ਸੁਣਨੇ ਪਏ ਹਨ। ਇਨ੍ਹਾਂ ਵਿਦਵਾਨ ਅਲੋਚਕਾਂ ਦਾ ਭਰਮ ਦੂਰ ਕਰਨ ਲਈ ਅਸੀਂ ਗੁਰੂ ਰਵਿਦਾਸ ਜੀ ਨੂੰ ਗੁਰੂ ਗਰੰਥ ਸਾਹਿਬ ਦੀ ਗਵਾਹੀ ਦੇ ਆਧਾਰ 'ਤੇ ਹੀ ਇਹ ਸਿੱਧ ਕਰਾਂਗੇ ਕਿ ਉਨ੍ਹਾਂ ਦੇ ਸ਼ਿਸ਼ ਰਾਜੇ, ਮਹਾਰਾਜੇ, ਮਹਾਰਾਣੀਆਂ, ਪਟਰਾਣੀਆਂ ਅਤੇ ਆਮ ਲੋਕ ਸਨ। ਮਹਾਰਾਜਿਆਂ ਵੱਲੋਂ ਉਨ੍ਹਾਂ ਨੂੰ 'ਰਾਜ ਗੁਰੂ' ਦੀ ਪਦਵੀ ਤੇ ਸੁਸ਼ੋਭਿਤ ਕਰਕੇ ਪੂਜਿਆ ਗਿਆ ਹੈ।

ਗੁਰੂ ਰਵਿਦਾਸ ਜੀ ਖ਼ੁੱਦ ਸਪੱਸ਼ਟ ਕਰਦੇ ਹਨ ਕਿ ਖੱਟ ਕਰਮ ਅਤੇ ਹਿੰਦੂ ਧਾਰਮਿਕ ਰਹੁ ਰੀਤਾਂ ਵਿੱਚ ਕੱਟੜ ਬ੍ਰਾਹਮਣ ਉਨ੍ਹਾਂ ਨੂੰ ਡੰਡਾਉਤ ਕਰਦੇ ਸਨ। ਭਾਵ ਉਨ੍ਹਾਂ ਨੂੰ 'ਗੁਰੂ' ਰੂਪ ਵਿੱਚ ਪੂਜਦੇ ਸਨ। ਗੁਰੂ ਧਾਰਨ ਤੋਂ ਬਿਨਾਂ ਕੋਈ ਵੀ ਵਿਅਕਤੀ ਆਪਣੇ ਧਰਮ-ਕਰਮ ਨੂੰ ਤਿਆਗ ਕੇ ਕਿਸੇ ਦੀ ਡੰਡਾਉਤ ਨਹੀਂ ਕਰਦਾ। ਇਥੇ ਹੀ ਬੱਸ ਨਹੀਂ, ਜਦੋਂ ਗੁਰੂ ਰਵਿਦਾਸ ਜੀ ਇਹ ਸਪੱਸ਼ਟ ਕਰਦੇ ਹਨ ਕਿ ਉਨ੍ਹਾਂ ਦੀ ਕੁਲ ਦੇ ਲੋਕ ਬਨਾਰਸ ਦੇ ਆਸ-ਪਾਸ ਮਰੇ ਹੋਏ ਪਸ਼ੂਆਂ ਨੂੰ ਢੋਂਦੇ ਹਨ, ਭਾਵ ਉਨ੍ਹਾਂ ਦਾ ਚੰਮ ਲਾਹੁੰਦੇ ਹਨ, ਇਥੋਂ ਤੱਕ ਕਿ ਉਹ ਆਪ ਵੀ ਇਹੋ ਕਿਸਬ ਕਰਦੇ ਹਨ ਤਾਂ ਬ੍ਰਾਹਮਣਾਂ ਦੇ ਪ੍ਰਧਾਨ ਬ੍ਰਾਹਮਣ ਜਿਨ੍ਹਾਂ ਨੂੰ ਚਮਾਰ ਦੀ ਛਾਂ ਵੀ ਭਿੱਟ ਜਾਂਦੀ ਸੀ "**ਜਾ ਕੀ ਛੋਤਿ ਜਗਤ ਕਉ ਲਾਗੈ**" ਦੇ ਕਥਨ ਅਨੁਸਾਰ ਵਿਚਰਦੇ ਉਹ 'ਬ੍ਰਾਹਮਣ ਵੀ ਅੱਜ ਬ੍ਰਹਮ ਗਿਆਨੀ ਗੁਰੂ ਰਵਿਦਾਸ ਜੀ ਨੂੰ 'ਗੁਰੂ' ਧਾਰਕੇ ਡੰਡਾਉਤ ਕਰਦੇ ਹੋਏ ਫ਼ਖ਼ਰ ਕਰਦੇ ਸਨ:

(ੳ) "**ਜਾ ਕੇ ਕੁਟੰਬ ਕੈ ਢੇਢ ਸਭ, ਢੋਰ ਢੋਵੰਤ ਫਿਰਹਿ**
**ਅਜਹੁ ਬਾਨਾਰਸੀ ਆਸ ਪਾਸਾ॥**
**ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ,**
**ਤਿਨ ਤਨੈ ਰਵਿਦਾਸ ਦਾਸਾਨ ਦਾਸਾ॥ ੩॥**[1]

(ਅ) **ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ**
**ਨਿਤਹਿ ਬਾਨਾਰਸੀ ਆਸ ਪਾਸਾ॥**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥੩॥**[2]

**(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293)**

ਇਹੋ ਸ਼ਬਦ ਪਟਰਾਣੀ ਝਾਲੀ ਬਾਈ, ਮਹਾਰਾਣੀ ਮੀਰਾ ਬਾਈ, ਮਹਾਰਾਣਾ ਕੁੰਭਾ ਜੀ, ਰੀਵਾ-ਨਰੇਸ਼ ਵੀਰ ਸਿੰਘ ਆਦਿ ਦਾ ਗੁਰੂ ਰਵਿਦਾਸ ਜੀ ਨੂੰ 'ਗੁਰੂ' ਧਾਰਨ ਦੀ ਗਵਾਹੀ ਹੈ। ਇਹ ਰਾਜਪੂਤ ਘਰਾਣੇ ਨਾਲ ਸਬੰਧਤ ਹਨ। ਇਸ ਤਰ੍ਹਾਂ ਅਨੇਕਾਂ ਵੈਸ਼ ਅਤੇ ਸ਼ੂਦਰ ਉਨ੍ਹਾਂ ਦੇ ਸ਼ਿਸ਼ ਸਨ। ਸੋ ਗੁਰੂ ਰਵਿਦਾਸ ਜੀ ਹਰ ਵਰਗ ਦੇ ਗੁਰੂ ਸਨ।

ਮਹਾਰਾਣੀ ਮੀਰਾ ਬਾਈ ਤਾਂ ਆਪਣੀ ਬਾਣੀ ਵਿੱਚੋਂ ਹੀ ਸਪੱਸ਼ਟ ਤੌਰ 'ਤੇ ਬੇਝਿਜਕ ਹੋ, ਬੜੇ ਫਖਰ ਨਾਲ ਗੁਰੂ ਰਵਿਦਾਸ ਜੀ ਨੂੰ 'ਗੁਰੂ' ਮੰਨਦੀ ਹੈ:

(ੳ) "**ਮਾਤ ਪਿਤਾ ਸਬ ਕੁਟੰਬ ਕਬੀਲਾ**
**ਸਬ ਮਤਲਬ ਕੇ ਗਰਜੀ॥**
**ਮੀਰਾ ਕੇ ਪ੍ਰਭ ਤੁਮ ਹੀ ਸੁਾਮੀ**
**ਸਿਰੀ ਰੈਦਾਸ ਸਤਿਗੁਰ ਜੀ॥**

(ਅ) **ਮੇਰੋ ਮਨ ਲਾਗੋ ਗੁਰ ਸੌਂ**
**ਅਬ ਨ ਰਹੂੰਗੀ ਅਟਕੀ॥**
**ਗੁਰ ਮਿਲਿਆ ਰੈਦਾਸ ਜੀ ਮ੍ਹਾਨੇ,**
**ਦੀਨੀ ਗਿਆਨ ਕੀ ਗੁਟਕੀ॥**

(ੲ) **ਝਾਂਜ ਪਖਾਵਜ ਬੇਣੂ ਬਾਜਿਆ**
**ਝਾਲਰ ਨੂੰ ਝੰਕਾਰ॥**
**ਕਾਂਸ਼ੀ ਨਗਰ ਕੇ ਚੌਕ ਮੇ ਮਨੇ**
**ਗੁਰ ਮਿਲਿਆ ਰੈਦਾਸ॥**"[3]

ਮਹੰਤ ਜਮਨਾ ਦਾਸ ਉਰਫ ਜਸਵੰਤ ਸਿੰਘ ਅਨੁਸਾਰ ਮਹਾਰਾਣੀ ਮੀਰਾ ਬਾਈ ਨੇ ਬਿਕ੍ਰਮੀ ਸੰਮਤ 1564 ਨੂੰ ਗੁਰੂ ਰਵਿਦਾਸ ਜੀ ਨੂੰ ਗੁਰੂ ਧਾਰਨ ਕੀਤਾ।[4]

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚ ਮਹਾਰਾਣੀ ਕੁੰਭਾ ਜੀ ਅਤੇ ਪਟਰਾਣੀ ਝਾਲੀ ਬਾਈ ਦੀ ਸਾਖੀ ਨਿਰੂਪਿਤ ਕੀਤੀ ਗਈ ਹੈ। ਇਹ ਸਾਖੀ ਗੁਰੂ ਜੀ ਨੇ ਸੁਚੇਤ ਹੋ ਕੇ ਨਿਰੂਪਿਤ ਕੀਤੀ ਹੈ। ਇਸ ਦੇ ਨਿਰੂਪਣ ਨਾਲ ਹੇਠ ਲਿਕੇ ਮੰਤਵਾਂ ਦੀ

(1) ਅਤੇ (2) ਆਦਿ ਗ੍ਰੰਥ—1293 (3) ਸੰਤ ਗੁਰੂ ਰਵਿਦਾਸ—ਬਾਣੀ—65
(4) ਸ੍ਰੀ ਰਵਿਦਾਸ ਪ੍ਰਗਾਸ—288

ਪੂਰਤੀ ਹੁੰਦੀ ਹੈ:

(ੳ) ਹਿੰਦੂ ਧਰਮ ਗ੍ਰੰਥਾਂ ਅਨੁਸਾਰ ਸ਼ੂਦਰ ਭਗਤੀ ਨਹੀਂ ਕਰ ਸਕਦਾ। ਪਰ ਗੁਰੂ ਰਵਿਦਾਸ ਜੀ ਨੇ ਭਗਤੀ ਕਰਕੇ ਪਰਮਾਤਮਾ ਪ੍ਰਾਪਤ ਕੀਤਾ ਹੈ। ਇਸ ਤੱਥ ਕਾਰਣ ਹਿੰਦੂ ਧਰਮ ਗ੍ਰੰਥਾਂ ਦੀ ਬੁਨਿਆਦ ਹੀ ਚਕਨਾ ਚੂਰ ਹੋ ਗਈ ਹੈ।

(ਅ) ਹਿੰਦੂ ਧਰਮ ਗ੍ਰੰਥਾਂ ਅਨੁਸਾਰ ਸ਼ੂਦਰ 'ਗੁਰੂ' ਨਹੀਂ ਬਣ ਸਕਦਾ ਅਜਿਹਾ ਕਰਨਾ ਪਾਪ ਹੈ, ਅਧਰਮ ਹੈ। ਪਰ ਗੁਰੂ ਰਵਿਦਾਸ ਜੀ 'ਗੁਰੂ' ਵੀ ਬਣੇ ਅਤੇ 'ਰਾਜ ਗੁਰੂ' ਵੀ ਇਸ ਤੱਥ ਨਾਲ ਹਿੰਦੂ ਧਰਮ ਦੀ ਵਿਚਾਰਧਾਰਾ ਦਾ ਆਧਾਰ ਹੀ ਨਸ਼ਟ ਹੋ ਜਾਂਦਾ ਹੈ।

(ੲ) ਹਿੰਦੂ ਧਰਮ ਗ੍ਰੰਥਾਂ ਅਨੁਸਾਰ ਸ਼ੂਦਰ ਦੇ ਸਵਰਗ ਵਿੱਚ ਜਾਣ ਨਾਲ ਸਵਰਗ ਭਿਟਿਆ ਜਾਂਦਾ ਹੈ (ਰਮਾਇਣ ਬਾਲਮੀਕ) ਗੁਰੂ ਰਵਿਦਾਸ ਜੀ ਸਵਰਗ ਪਧਾਰੇ ਹਨ, ਪਰ ਸਵਰਗ ਨਹੀਂ ਭਿਟਿਆ ਗਿਆ। ਇਸ ਤੱਥ ਦੁਆਰਾ ਹਿੰਦੂ ਧਰਮ ਦੀ ਵਿਚਾਰਧਾਰਾ ਤਬਾਹ ਕਰ ਦਿੱਤੀ ਗਈ ਹੈ।

(ਸ) ਹਿੰਦੂ ਧਰਮ ਗ੍ਰੰਥਾਂ ਅਨੁਸਾਰ ਸ਼ੂਦਰ ਉਪਦੇਸ਼ ਨਹੀਂ ਕਰ ਸਕਦਾ। ਪਰ ਗੁਰੂ ਰਵਿਦਾਸ ਜੀ ਨੇ ਪਵਿੱਤਰ ਉਪਦੇਸ਼ ਦੇ ਕੇ ਚਾਰੇ ਵਰਣਾਂ ਨੂੰ ਮੁਕਤੀ ਦਿਵਾਈ। ਇਹ ਤੱਥ ਹਿੰਦੂ ਧਰਮ ਦੀ ਉਪਦੇਸ਼ ਦੇਣ ਦੀ ਇਜਾਰੇਦਾਰੀ ਤਾਂ ਖਤਮ ਕਰਦਾ ਹੀ ਹੈ ਇਹ ਹਿੰਦੂ ਧਰਮ ਦੀ ਵਿਚਾਰਧਾਰਾ ਦੀ ਬੁਨਿਆਦ ਨੂੰ ਦਰਿਆ ਦੇ ਤੇਜ਼ ਵਹਾ ਵਾਂਗ ਵਹਾ ਕੇ ਵੀ ਲੈ ਗਿਆ ਹੈ।

(ਹ) ਹਿੰਦੂ ਧਰਮ ਅਨੁਸਾਰ ਸ਼ੂਦਰ ਬ੍ਰਹਮ ਭੋਜ ਵਿੱਚ ਸ਼ਾਮਲ ਨਹੀਂ ਹੋ ਸਕਦਾ। ਪਰ ਗੁਰੂ ਰਵਿਦਾਸ ਜੀ ਨੇ ਤਾਂ 'ਰਾਜ ਗੁਰੂ' ਬਣ ਬ੍ਰਹਮ ਭੋਜ ਦੀ ਪ੍ਰਧਾਨਗੀ ਕੀਤੀ ਹੈ। ਇਸ ਤੱਥ ਨਾਲ ਵੀ ਹਿੰਦੂ ਧਰਮ ਦੀ ਵਿਚਾਰਧਾਰਾ ਤਹਿਸ-ਨਹਿਸ ਹੋ ਗਈ ਹੈ। ਇਸ ਤੱਥ ਨੇ ਹਿ ਵੀ ਸਾਬਤ ਕਰ ਦਿੱਤਾ ਹੈ ਕਿ ਸਭ ਜੀਵ ਬਰਾਬਰ ਹਨ।

(ਕ) ਹਿੰਦੂ ਧਰਮ ਦੀ ਬੁਨਿਆਦ ਦੇ ਖੁਰਦ-ਬੁਰਦ ਹੋਣ ਪਿਛੋਂ ਬ੍ਰਾਹਮਣ ਵਿਦਵਾਨਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ। ਇਸ ਕਾਰਣ ਹੀ ਉਹ ਖੁਦ ਹਿੰਦੂ ਧਰਮ ਦੀ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਰੱਦ ਕਰਕੇ ਰਵਿਦਾਸ 'ਚਮਾਰ' ਨੂੰ ਗੁਰੂ ਧਾਰਨ ਕਰਦੇ ਹਨ।

ਉਪਰੋਕਤ ਸਾਰੇ ਤੱਥ ਇਕ ਨਵੀਂ ਵਿਸ਼ਵ ਵਿਚਾਰਧਾਰਾ ਦਾ ਬੋਧ ਕਰਾਉਂਦੇ ਹੋਏ ਸਪੱਸ਼ਟ ਕਰਦੇ ਹਨ ਕਿ ਮਨੁੱਖ ਵਿੱਚ ਆਪਸੀ ਪਿਆਰ ਹੀ ਅਸਲੀ ਸੱਚਾ ਸੁੱਚਾ ਧਰਮ ਹੈ। ਇਹ ਵਿਚਾਰਧਾਰਾ, ਹਿੰਦੂ ਧਰਮ ਦੀ ਪੱਖਪਾਤੀ ਵਿਚਾਰਧਾਰਾ ਦਾ ਬਦਲ ਬਣਦੀ ਹੈ।

ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚ ਨਿਰੂਪਿਤ ਸਾਖੀ ਅਨੁਸਾਰ ਪਟਰਾਣੀ ਝਾਲੀ ਬਾਈ ਰਵਿਦਾਸ 'ਚਮਾਰ' ਨੂੰ ਗੁਰੂ ਧਾਰਨ ਕਰ ਲੈਂਦੀ ਹੈ। ਹਿੰਦੂ ਧਰਮ ਵਿੱਚ ਤਰਥਲੀ ਮੱਚ ਉੱਠਦੀ ਹੈ। ਬ੍ਰਾਹਮਣ ਲੋਕ ਪਟਰਾਣੀ ਝਾਲੀ ਬਾਈ ਦੇ ਪਤੀ ਮਹਾਰਾਣਾ ਕੁੰਭਾ ਜੀ ਨੂੰ ਸ਼ਿਕਾਇਤ ਕਰਦੇ ਹਨ ਕਿ ਅਜਿਹਾ ਕਰਨਾ ਤਬਾਹੀ ਦਾ ਸੂਚਕ ਹੈ, ਹਿੰਦੂ ਧਰਮ ਗ੍ਰੰਥ ਇਹੋ ਹੀ ਦਸਦੇ ਹਨ। ਮਹਾਰਾਣਾ ਕੁੰਭਾ ਜੀ ਪਟਰਾਣੀ ਨੂੰ ਮੌਤ ਦੀ ਸਜ਼ਾ ਦੇਣ ਦਾ ਇਰਾਦਾ ਬ੍ਰਾਹਮਣਾਂ ਨੂੰ ਦੱਸਦੇ ਹਨ। ਬ੍ਰਾਹਮਣ ਇਸ ਫੈਸਲੇ ਨਾਲ ਮਨ ਹੀ ਮਨ ਖੁਸ਼ ਹਨ ਅਤੇ ਉਹ ਰਵਿਦਾਸ



'ਚਮਾਰ' ਨੂੰ ਵੀ ਨਾਲ ਹੀ ਖਤਮ ਕਰਨਾ ਚਾਹੁੰਦੇ ਹਨ। ਬ੍ਰਾਹਮਣਾਂ ਨੇ ਇਹ ਸੁਝਾਅ ਮਹਾਰਾਣਾ ਨੂੰ ਦਿੱਤਾ ਅਤੇ ਉਹ ਮੰਨ ਗਏ। ਸੋ ਪਟਰਾਣੀ ਝਾਲੀ ਬਾਈ ਨੂੰ ਕਾਸ਼ੀ ਵਿਖੇ ਚਿੱਠੀ ਘੱਲ ਕੇ ਗੁਰੂ ਰਵਿਦਾਸ ਜੀ ਨੂੰ ਵੀ ਨਾਲ ਲੈ ਆਉਣ ਲਈ ਆਦੇਸ਼ ਦਿੱਤਾ।

ਪਟਰਾਣੀ ਝਾਲੀ ਬਾਈ ਪਹਿਲਾਂ ਚਤੌੜ ਪਹੁੰਚੀ, ਫਿਰ ਗੁਰੂ ਰਵਿਦਾਸ ਜੀ। ਬ੍ਰਾਹਮਣਾਂ ਦੀ ਸਕੀਮ ਅਨੁਸਾਰ ਮਹਾਰਾਣਾ ਨੇ ਗੁਰੂ ਜੀ ਦੀ ਪਰਖ ਲਈ ਠਾਕੁਰ ਨੂੰ ਆਪਣੇ ਪਾਸ ਬੁਲਾਉਣ ਲਈ ਕਿਹਾ। ਪਟਰਾਣੀ ਝਾਲੀ ਦੇ ਕਹਿਣ ਤੇ ਉੱਚ ਜਾਤੀ ਹੋਣ ਕਰਕੇ ਬ੍ਰਾਹਮਣਾਂ ਨੂੰ ਪਰਖ ਲਈ ਪਹਿਲਾਂ ਮੌਕਾ ਦਿੱਤਾ ਗਿਆ, ਪਰ ਉਹ ਸਫਲ ਨਾ ਹੋਏ, ਗੁਰੂ ਜੀ ਠਾਕੁਰ ਨੂੰ ਆਪਣੇ ਪਾਸ ਬੁਲਾਉਣ ਵਿੱਚ ਸਫਲ ਹੋ ਗਏ। ਇਸ ਸਫਲਤਾ ਨੇ ਮਹਾਰਾਣਾ ਕੁੰਭਾ ਜੀ ਨੂੰ ਵੀ ਗੁਰੂ ਰਵਿਦਾਸ ਦਾ ਸ਼ਿਸ਼ ਬਣਾ ਦਿੱਤਾ। ਮਹਾਰਾਣਾ ਨੇ ਗੁਰੂ ਜੀ ਨੂੰ 'ਰਾਜ ਗੁਰੂ' ਦੀ ਉਪਾਧੀ ਨਾਲ ਸਨਮਾਨਿਤ ਕੀਤਾ। ਇਸ ਖੁਸ਼ੀ ਵਿੱਚ ਬ੍ਰਹਮ ਭੋਜ ਕੀਤਾ ਗਿਆ। ਪਰ ਬ੍ਰਾਹਮਣਾਂ ਨੇ ਹਾਰਨ ਪਿੱਛੋਂ ਵੀ ਗੁਰੂ ਰਵਿਦਾਸ ਨੂੰ **'ਚਮਾਰ'** ਕਹਿ ਕੇ ਤ੍ਰਿਸਕਾਰਿਆ ਅਤੇ ਬ੍ਰਹਮ ਭੋਜ ਲਈ ਵੱਖਰਾ ਸੁੱਕਾ ਸੀਦਾ ਲੈ ਕੇ ਆਪ ਭੋਜਨ ਤਿਆਰ ਕੀਤਾ, ਜਿਸ ਦੀ ਆਗਿਆ ਗੁਰੂ ਰਵਿਦਾਸ ਨੇ ਮਹਾਰਾਣਾ ਕੁੰਭਾ ਜੀ ਨੂੰ ਦੇ ਦਿੱਤੀ ਸੀ। ਇਸ ਤੋਂ ਦੁਖੀ ਹੋ ਕੇ ਗੁਰੂ ਜੀ ਪ੍ਰਭ ਪ੍ਰੀਤਮ ਅੱਗੇ ਅਰਦਾਸ ਕਰਦੇ ਹੋਏ ਨਿਹੋਰਾ ਦਿੰਦੇ ਹਨ ਕਿ ਹੇ ਪ੍ਰਭ! ਜਿਸ ਕਾਰਣ ਦਾਸ ਨੇ ਤੇਰੀ ਅਰਾਧਣਾ ਕੀਤੀ ਅਤੇ ਤੁਸੀਂ ਪ੍ਰਵਾਨ ਕਰਕੇ ਆਪਣਾ ਬਣਾਇਆ, ਦਾਸ ਅਜੇ ਵੀ ਉਹ ਜਾਤ-ਪਾਤ ਆਦਿ ਦਾ ਦੁੱਖ ਸਹਿਣ ਕਰ ਰਿਹਾ ਹੈ। ਹੁਣ ਦਾਸ ਇਹ ਗੱਲ ਕਿਸ ਨੂੰ ਕਹੇ? ਇਹ ਦੁੱਖ ਕਿਵੇਂ ਮਿਟੇ? ਗੁਰੂ ਰਵਿਦਾਸ ਜੀ ਆਪਣੇ ਮਨ ਦੀ ਵੇਦਨਾ ਆਪਣੀ ਬਾਣੀ ਵਿੱਚ ਪ੍ਰਗਟ ਕਰਦੇ ਹਨ:

**ਜਉ ਹਮ ਬਾਂਧੇ ਮੋਹ ਫਾਸ**
**ਹਮ ਪ੍ਰੇਮ ਬਧਨਿ ਤੁਮ ਬਾਧੇ॥**
**ਅਪਨੇ ਛੂਟਨ ਕੋ ਜਤਨੁ ਕਰਹੁ**
**ਹਮ ਛੂਟੇ ਤੁਮ ਆਰਾਧੇ॥੧॥.....**
**ਕਹਿ ਰਵਿਦਾਸ ਭਗਤਿ ਇਕ ਬਾਢੀ**
**ਅਬ ਇਹ ਕਾ ਸਿਉ ਕਹੀਐ॥**
**ਜਾ ਕਾਰਨਿ ਹਮ ਤੁਮ ਆਰਾਧੇ**
**ਸੋ ਦੁਖੁ ਅਜਹੂ ਸਹੀਐ॥੪॥**[1] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658)**

ਇਸ ਸ਼ਬਦ ਦੇ ਬੰਦ ਨੰ: ੧ ਵਿੱਚ ਗੁਰੂ ਰਵਿਦਾਸ ਜੀ ਆਪਣੇ ਪੀਡੇ ਪਿਆਰ ਦਾ ਪ੍ਰਗਟਾਵਾ ਕਰਦੇ ਹੋਏ ਪ੍ਰਭ ਨੂੰ ਚੁਣੌਤੀ ਦਿੰਦੇ ਹਾਂ ਕਿ ਅਸੀਂ ਤਾਂ ਤੇਰੀ ਭਗਤੀ ਕਰਕੇ ਮੁਕਤ ਹੋ ਗਏ ਹਾਂ, ਆਜ਼ਾਦ ਹੋ ਗਏ ਹਾਂ, ਪਰ ਆਪਣੇ ਪਿਆਰ ਨਾਲ ਅਸਾਂ ਤੈਨੂੰ ਕੈਦ ਕਰ ਲਿਆ ਹੈ, ਹੁਣ ਆਜ਼ਾਦ ਹੋ ਕੇ ਦੱਸੋ? ਭਾਵ ਪਰਮਾਤਮਾ ਨਾਲ ਅਟੁੱਟ ਅਤੇ ਅਥਾਹ ਪਿਆਰ ਦਾ ਪ੍ਰਗਟਾਵਾ

(1) ਆਦਿ ਗ੍ਰੰਥ—658

ਕੀਤਾ ਗਿਆ ਹੈ।

ਪ੍ਰਭ ਪ੍ਰਾਪਤੀ ਪਿਛੋਂ ਤਾਂ ਕੋਈ ਦੁੱਖ ਰਹਿੰਦਾ ਹੀ ਨਹੀਂ। ਪਰ ਆਖਰੀ ਬੰਦ ਨੰ: ੪ ਵਿਚ ਗੁਰੂ ਰਵਿਦਾਸ ਜੀ ਬੇਵਸ ਹਨ ਅਤੇ ਪ੍ਰਭ ਪ੍ਰਾਪਤੀ ਪਿੱਛੋਂ ਵੀ ਸਮਾਜ ਵਿੱਚ ਜ਼ਾਤ-ਪਾਤ ਦਾ ਦੁੱਖ ਸਹਿਨ ਕਰ ਰਹੇ ਹਨ। ਗੁਰੂ ਰਵਿਦਾਸ ਜੀ ਦੀ ਇਹ ਮਾਨਸਿਕ ਅਵਸਥਾ ਉਸ ਸਮੇਂ ਦੀ ਹੈ ਜਦੋਂ ਬ੍ਰਾਹਮਣ ਲੋਕ ਬ੍ਰਹਮ ਭੋਜ ਛਕਣ ਲਈ ਤਿਆਰ ਹਨ। ਪਰ ਉਹ 'ਰਾਜਗੁਰੂ' ਰਵਿਦਾਸ ਚਮਾਰ ਨੂੰ ਪੰਗਤ ਵਿੱਚ ਤਾਂ ਕੀ, ਸਾਹਮਣੇ ਵੀ ਬੈਠਣ ਨਹੀਂ ਦਿੰਦੇ। ਮਹਾਰਾਣਾ ਇਹ ਸਮੱਸਿਆ ਰਾਜਗੁਰੂ ਰਵਿਦਾਸ ਜੀ ਅੱਗੇ ਰੱਖਦੇ ਹਨ। ਗੁਰੂ ਜੀ ਆਪ ਓਹਲੇ ਬੈਠ ਜਾਂਦੇ ਹਨ ਅਤੇ ਬ੍ਰਹਮ ਭੋਜ ਛਕਣ ਦੀ ਆਗਿਆ ਦੇ ਦਿੰਦੇ ਹਨ। ਹੇਠ ਦਿੱਤੇ ਸ਼ਬਦ ਵਿੱਚ ਗੁਰੂ ਜੀ ਆਪਣੀ ਅਤੇ ਮਹਾਰਾਜਾ ਕੁੰਭਾ ਜੀ ਦੀ ਮਾਨਸਿਕ ਅਵਸਥਾ ਨੂੰ ਬਿਆਨ ਕਰਦੇ ਸਮਾਜ ਦੀ ਨਾ ਬਰਾਬਰੀ ਅਨਿਆਂ ਭਰਪੂਰ ਪ੍ਰਭ ਵਿਰੋਧੀ ਸਥਿਤੀ ਦਾ ਨਿਰੂਪਣ ਕਰਦੇ ਹਨ। ਗੁਰੂ ਜੀ ਇਸ ਸਥਿਤੀ ਦੀ ਗੰਭੀਰਤਾ ਨੂੰ ਸਮਝਦੇ ਹੋਏ ਫਰਮਾਉਦੇ ਹਨ:

**ਜਬ ਹਮ ਹੋਤੇ ਤਬ ਤੂ ਨਾਹੀ**
**ਅਬ ਤੂਹੀ ਮੈ ਨਾਹੀ॥**
**ਅਨਲ ਅਗਮ ਜੈਸੇ ਲਹਰਿ ਮਇ ਓਦਧਿ**
**ਜਲ ਕੇਵਲ ਜਲ ਮਾਂਹੀ॥੧॥**
**ਮਾਧਵੇ ਕਿਆ ਕਹੀਐ ਭ੍ਰਮੁ ਐਸਾ॥**
**ਜੈਸਾ ਮਾਨੀਐ ਹੋਇ ਨ ਤੈਸਾ॥੧॥ ਰਹਾਉ॥**
**ਨਰਪਤਿ ਏਕੁ ਸਿੰਘਾਸਨਿ ਸੋਇਆ**
**ਸੁਪਨੇ ਭਇਆ ਭਿਖਾਰੀ॥**
**ਅਛਤ ਰਾਜ ਬਿਛੁਰਤ ਦੁਖੁ ਪਾਇਆ**
**ਸੋ ਗਤਿ ਭਈ ਹਮਾਰੀ॥੨॥**
**ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ**
**ਅਬ ਕਛੁ ਮਰਮੁ ਜਨਾਇਆ॥**
**ਅਨਿਕ ਕਟਕ ਜੈਸੇ ਭੂਲਿ ਪਰੇ**
**ਅਬ ਕਹਿਤੇ ਕਹਨੁ ਨ ਆਇਆ॥੩॥**
**ਸਰਬੇ ਏਕੁ ਅਨੇਕੈ ਸੁਆਮੀ**
**ਸਭ ਘਟ ਭੋੁਗਵੈ ਸੋਈ॥**
**ਕਹਿ ਰਵਿਦਾਸ ਹਾਥ ਪੈ ਨੇਰੈ**
**ਸਹਜੇ ਹੋਏ ਸੁ ਹੋਈ॥੪॥੧॥**[1] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 657)**

ਬਹ੍ਰਮ ਭੋਜ ਛਕਣ ਦੀ ਆਗਿਆ ਦੇਣ ਪਿੱਛੋਂ ਗੁਰੂ ਰਵਿਦਾਸ ਜੀ ਵਿਚਾਰਦੇ ਹਨ ਕਿ

(1) ਆਦਿ ਗ੍ਰੰਥ—657-58



ਜਿਵੇਂ ਬਾਦਸ਼ਾਹ ਰਾਜਭਾਗ ਦੇ ਹੁੰਦਿਆਂ ਹੋਇਆਂ ਸੁਪਨੇ ਵਿੱਚ ਰਾਜ ਭਾਗ ਖੁਸ ਜਾਣ ਪਿੱਛੋਂ ਭਿਖਾਰੀ ਬਣਕੇ ਤੜਪਦਾ ਹੈ ਅਜਿਹੀ ਹੀ ਹਾਲਤ ਦਾਸ ਦੀ ਹੈ, ਇਸ ਤੜਪਣ ਨੂੰ ਗੁਰੂ ਜੀ ਨੇ ਉਪਰੋਕਤ ਸ਼ਬਦ ਵਿੱਚ ਅੰਕਿਤ ਕੀਤਾ ਹੈ ਅਤੇ ਨਾਲ ਦੀ ਨਾਲ ਇਸ ਤੜਪਣ ਭਰੇ ਸੰਕਟ ਵਿੱਚੋਂ ਸ਼ਾਨ ਨਾਲ ਛੁਟਕਾਰਾ ਪਾਉਣ ਦਾ ਵਰਨਣ ਵੀ ਹੈ।

ਬੰਦ ਨੰ : ੧ ਵਿੱਚ ਸਪੱਸ਼ਟ ਰੂਪ ਵਿੱਚ ਦੱਸਿਆ ਗਿਆ ਹੈ ਕਿ ਉਹ ਬ੍ਰਹਮ ਭੋਜ ਸਮੇਂ ਓਹਲੇ ਹੋ ਜਾਂਦੇ ਹਨ ਤਾਂ ਪ੍ਰਭ ਅੱਗੇ ਅਰਦਾਸ ਕਰਦੇ ਹਨ ਕਿ ਜਦੋਂ ਮੇਰਾ ਮਨ ਹੰਕਾਰੀ ਸੀ, ਤੁਸੀਂ ਨਹੀਂ ਸੌ। ਹੁਣ ਮੈਂ ਤੇਰੀ ਟੇਕ ਰੱਖਕੇ ਓਹਲੇ ਹੋ ਗਿਆ ਹਾਂ, ਹੁਣ ਤੁਸੀਂ ਹੀ ਕ੍ਰਿਪਾ ਕਰਕੇ, ਮਿਹਰ ਕਰਕੇ ਬ੍ਰਹਮ ਭੋਜ ਵਿੱਚ ਵਿਰਾਜਮਾਨ ਹੋਵੋ। ਤੁਸੀਂ ਸ੍ਰਿਸ਼ਟੀ ਦੇ ਕਣ-ਕਣ ਵਿੱਚ ਵਿਰਾਜਮਾਨ ਹੋ। ਹੁਣ ਇਥੇ ਆਪਣੇ ਦਾਸ ਤੇ ਕ੍ਰਿਪਾ ਕਰੋ।

ਰਹਾਉ : ਵਿੱਚ ਗੁਰੂ ਜੀ ਫਰਮਾਉਂਦੇ ਹਨ ਕਿ ਹੇ ਪ੍ਰਭ! ਸਾਨੂੰ ਜੀਵਾਂ ਨੂੰ ਭੁਲੇਖਾ ਪੈ ਗਿਆ ਹੈ ਕਿ ਤੂੰ ਜਗਤ ਨਾਲੋਂ ਵੱਖ ਹੈਂ, ਪਰ ਅਸਲੀਅਤ ਇਹ ਹੈ ਕਿ ਤੂੰ ਹਰ ਥਾਂ ਬਿਰਾਜਮਾਨ ਹੈਂ। ਭੁਲੇਖੇ ਕਾਰਣ ਬ੍ਰਾਹਮਣਾਂ ਨੇ ਰਾਜ ਗੁਰੂ ਨੂੰ ਓਹਲੇ ਕਰਕੇ ਮੰਨ ਲਿਆ ਹੈ ਕਿ 'ਚਮਾਰ' ਰਵਿਦਾਸ ਉਨ੍ਹਾਂ ਤੋਂ ਦੂਰ ਹੈ ਪਰ ਹੁੰਦਾ ਇਸ ਤੋਂ ਉਲਟ ਹੈ, ਹਰ ਬ੍ਰਾਹਮਣ ਨਾਲ ਇਕ ਰਵਿਦਾਸ ਬੈਠਾ ਦੱਸਿਆ ਗਿਆ ਹੈ।

ਬੰਦ ਨੰ : ੨ ਇਕ ਰਾਜਾ ਸਿੰਘਾਸਣ ਤੇ ਸੁੱਤਾ ਹੋਇਆ ਸੁਪਨੇ ਵਿੱਚ ਭਿਖਾਰੀ ਬਣ ਗਿਆ ਹੈ ਅਤੇ ਰਾਜ ਦੇ ਹੁੰਦਿਆਂ ਸੁੰਦਿਆਂ ਸੁਪਨੇ ਵਿੱਚ ਰਾਜ ਭਾਗ ਤੋਂ ਵਿਛੜਕੇ ਦੁਖੀ ਹੁੰਦਾ ਹੈ। ਉਸੇ ਤਰ੍ਹਾਂ ਮਹਾਰਾਣਾ ਕੁੰਭਾ ਜੀ ਰਾਜਾ ਹੁੰਦੇ ਹੋਏ ਵੀ ਬ੍ਰਾਹਮਣਾਂ ਦੇ ਜ਼ਾਤ ਅਭਿਮਾਨ ਤੋਂ ਦੁਖੀ ਹੈ। ਭਾਵੇਂ ਰਾਜ ਗੁਰੂ ਆਪਣੀ ਇੱਛਾ ਨਾਲ ਹੀ ਉਹਲੇ ਬੈਠੇ ਹਨ ਪਰ ਰਾਜਾ ਇਸ ਘਟਨਾ ਤੋਂ ਦੁਖੀ ਹੈ। ਸਭ ਕੁਝ ਹੁੰਦਿਆਂ ਹੋਇਆਂ ਵੀ ਮਹਾਰਾਣਾ ਆਪਣੇ ਮਨ ਦੀ ਮਰਜ਼ੀ ਕਰਨ ਤੋਂ ਅਤੁਰ ਹੈ। ਇਹੋ ਹਾਲ ਗੁਰੂ ਰਵਿਦਾਸ ਜੀ ਦਾ ਹੈ ਕਿਉਂਕਿ ਉਹ ਹਿੰਦੂ ਧਰਮ ਦੇ ਜਾਤ ਵਿਧਾਨ (ਵਰਣ ਆਸ਼ਰਮ) ਅਤੇ ਨਾ ਬਰਾਬਰੀ ਦੇ ਅਨਿਆਂ ਤੋਂ ਪੀੜਤ ਹਨ।

ਬੰਦ ਨੰ : ੩ ਵਿੱਚ ਭਰਮ ਦੀਆਂ ਉਦਾਹਰਣਾਂ ਦੇ ਕੇ ਜੀਵ ਨੂੰ ਸਪੱਸ਼ਟ ਕਰਦੇ ਹਨ ਕਿ ਰੱਸੀ ਅਤੇ ਸੱਪ ਦਾ ਅਤੇ ਸੋਨੇ ਅਤੇ ਸੋਨੇ ਤੋਂ ਬਣੇ ਗਹਿਣਿਆਂ ਦਾ ਭੁਲੇਖਾ ਦੂਰ ਹੋਣ ਦੇ ਨਾਲ ਹੀ ਮਨੁੱਖ ਅਨੰਦਤ ਹੋ ਉਠਦਾ ਹੈ। ਇਸੇ ਤਰ੍ਹਾਂ ਪ੍ਰਭ ਪ੍ਰਾਪਤੀ ਪਿਛੋਂ ਮਨੁੱਖ ਸਾਰੇ ਭਰਮ ਭੁਲੇਖਿਆਂ ਤੋਂ ਮੁਕਤ ਹੋ ਜਾਂਦਾ ਹੈ।

ਬੰਦ ਨੰ : ੪ ਇਸ ਬੰਦ ਨੂੰ ਵਿਚਾਰਣ ਤੋਂ ਪਹਿਲਾਂ ਕੁਝ ਕੁ ਲਫਜ਼ਾਂ ਦੇ ਅਰਥਾਂ ਨੂੰ ਸਪੱਸ਼ਟ ਕਰਨਾ ਜ਼ਰੂਰੀ ਹੈ :

(ੳ) ਸਰਵ ਵਿਆਪਕ ਪਰਮਾਤਮਾ ਕੇਵਲ ਇਕ ਹੀ ਹੈ।

(ਅ) ਸੁਆਮੀ ਮਾਲਕ ਪ੍ਰਭ, ਪਰਮਾਤਮਾ

(ੲ) ਧਿਆਨ ਦਿੱਤਾ ਜਾਵੇ ਕਿ "ਭੋੁਗਵੈ" ਦੇ 'ਭ' ਨਾਲ ਦੋ ਮਾਤਰਾਂ ਲਗੀਆਂ ਹੋਈਆਂ ਹਨ। ਇਸ ਲਈ ਇਸ ਦੇ ਦੋ ਲਫ਼ਜ਼ ਬਣਦੇ ਹਨ:

1. ਭਗਵੇ = ਭੋਗਦਾ ਹੈ (ਆਤਮਕ ਅਨੰਦ) "ਕੋਟਿ ਅਨੰਦ ਰਾਜ ਸੁਖ ਭੁਗਵੈ" (ਟੋਡੀ ਮ:5)[1]

2. ਭੋਗ/ਭੋਗਣਾ= ਇੰਦਰੀਆਂ ਕਰਕੇ ਗ੍ਰਹਿਣ ਕਰੇ ਪਦਾਰਥਾਂ ਤੋਂ ਉਪਜਿਆ ਅਨੰਦ "ਭੋਗਹਿ ਭੋਗ ਅਨੰਦ ਵਿਣੁ ਨਾਵੈ ਸੁੰਞਿਆ।" (ਆਸਾ ਮ: 4)[2]

ਬੰਦ ਨੰ: 8 ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਸਰਵ ਵਿਆਪਕ ਪਰਮਾਤਮਾ ਅਨੇਕਾਂ ਸਰੂਪ ਧਾਰਕੇ ਉਹ ਹੀ ਕਣ ਕਣ ਵਿੱਚ ਆਤਮਕ ਅਤੇ ਪਦਾਰਥਕ ਅਨੰਦ ਮਾਣਦਾ ਹੈ। ਪ੍ਰਭ ਰਵਿਦਾਸ 'ਚਮਾਰ' ਦੇ ਅਨੇਕਾਂ ਰੂਪ ਧਾਰਨ ਕਰ, ਹਰ ਇਕ ਬ੍ਰਾਹਮਣ ਨਾਲ ਪੰਗਤ ਵਿੱਚ ਬੈਠ ਆਤਮਕ ਅਤੇ ਪਦਾਰਥਕ ਅਨੰਦ ਭੋਗਦਾ ਹੈ। ਇਸ ਨਾਲ ਬ੍ਰਾਹਮਣਾਂ ਦਾ ਹੰਕਾਰ ਵੀ ਟੁੱਟਦਾ ਹੈ। ਇਹ ਵੀ ਸਾਬਤ ਹੋ ਜਾਂਦਾ ਹੈ ਕਿ ਪਰਮਾਤਮਾ ਦੇ ਘਰ ਜਾਤ-ਪਾਤ ਨਹੀਂ, ਨਾ-ਬਰਾਬਰੀ ਨਹੀਂ ਅਤੇ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਭ ਆਪਣੇ ਭਗਤਾਂ ਦੀ ਰੱਖਿਆ ਕਰਦਾ ਹੈ। ਇਸੇ ਕਰਕੇ ਰਵਿਦਾਸ ਕਹਿੰਦੇ ਹਨ ਕਿ ਪਰਮਾਤਮਾ ਤਾਂ ਹੱਥ ਤੋਂ ਵੀ ਨੇੜੇ ਹੈ, ਜੋ ਕੁਝ ਜਗਤ ਵਿੱਚ ਵਰਤ ਰਿਹਾ ਹੈ, ਉਸੇ ਦੀ ਰਜ਼ਾ ਵਿੱਚ ਹੀ ਹੋ ਰਿਹਾ ਹੈ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦੇ ਸ਼ਬਦ "**ਜਉ ਹਮ ਬਾਂਧੇ ਮੋਹ ਫਾਸ**" ਵਾਲੇ ਆਖਰੀ ਬੰਦ ਵਿੱਚ ਵਿਚਰ ਰਿਹਾ ਦੁੱਖ ਵੀ ਦੂਰ ਹੋ ਜਾਂਦਾ ਹੈ।

ਇਸ ਮਹਾਨ ਚਮਤਕਾਰ ਨੂੰ ਬਿਆਨ ਕਰਦਿਆਂ "ਸ੍ਰੀ ਗੁਰ ਭਗਤ ਮਾਲ ਸਭ ਤੋਂ ਵੱਡੀ" ਕ੍ਰਿਤ ਲਾਲ ਸਿੰਘ ਨਿਰਮਲਾ, ਅੰਮ੍ਰਿਤਸਰ ਲਿਖਦੇ ਹਨ:

"ਭਾਵ ਭੋਜਨ ਛਕਾਵੇ ਵੀ ਰਵਿਦਾਸ। ਹਰ ਇਕ ਪੰਗਤ ਵਿੱਚ ਬੈਠਾ ਛਕੇ ਵੀ ਰਵਿਦਾਸ ਜਦ ਅੰਦਰ, ਬਾਹਰ ਸਾਰੇ ਹੀ ਰਵਿਦਾਸ ਦੇਖਿਆ ਤਾਂ ਬ੍ਰਾਹਮਣਾਂ ਦੇ ਮਨ ਵਿੱਚ ਪੱਕਾ ਭਰੋਸਾ ਹੋ ਗਿਆ ਕਿ ਸ੍ਰੀ ਰਵਿਦਾਸ ਅਤੇ ਪ੍ਰਭ (ਨਿਰਜੰਨ) ਇਕ ਸਰੂਪ ਹੈ ਅਤੇ ਇਹੋ ਹੀ ਸਰਗੁਣ ਸਰੂਪ ਹੈ। ਇਹੋ ਹੀ ਅੰਦਰ ਹੈ ਅਤੇ ਇਹੋ ਹੀ ਬਾਹਰ ਹੈ। ਇਨ੍ਹਾਂ ਦੋਹਾਂ ਵਿੱਚ ਭੇਦ ਭਰਮ (ਜੁਦਾਇਗੀ) ਰੰਚਕ ਭੀ ਨਹੀਂ। ਇਕੁਰ ਦਾ ਨਿਸ਼ਚਾ ਕਰਕੇ ਬਹੁਤ ਹੀ ਬ੍ਰਾਹਮਣ ਸ੍ਰੀ ਰਵਿਦਾਸ ਜੀ ਸਾਹਿਬ ਦੇ ਸਿੱਖ ਹੋਏ।"[3] ਸੋ ਗੁਰੂ ਰਵਿਦਾਸ ਜੀ ਨੂੰ ਰਾਜਪੂਤ ਸ਼ਾਹੀ ਘਰਾਣੇ ਵੱਲੋਂ ਰਾਜ ਗੁਰੂ ਦੇ ਰੂਪ ਵਿੱਚ ਸਰਕਾਰੀ ਸਨਮਾਨਾਂ ਅਤੇ ਸਿਦਕ ਭਰਪੂਰ ਚਾਵਾਂ ਮਲਾਰਾਂ ਨਾਲ ਪੂਜਿਆ ਗਿਆ ਹੈ ਅਤੇ ਬ੍ਰਾਹਮਣਾਂ, ਨੇ ਆਪਣੇ ਹੀ ਧਰਮ ਦੀ ਵਿਚਾਰਧਾਰਾ ਨੂੰ ਰੱਦ ਕਰਕੇ ਇਸ ਦੀ ਥਾਂ ਗੁਰੂ ਰਵਿਦਾਸ ਜੀ ਦੁਆਰਾ ਸਿਰਜੇ ਨਵੇਂ ਵਿਸ਼ਵ ਧਰਮ ਦੀ ਵਿਚਾਰਧਾਰਾ ਨੂੰ ਪ੍ਰਵਾਨ ਕਰਕੇ ਗੁਰੂ ਰਵਿਦਾਸ ਜੀ ਨੂੰ ਆਪਣਾ ਗੁਰੂ ਧਾਰਨ ਕੀਤਾ। ਇਸ ਤਰ੍ਹਾਂ ਯੁਗ ਪੁਰਸ਼ ਗੁਰੂ ਰਵਿਦਾਸ ਜੀ ਨੇ ਯੁਗ ਦੀਆਂ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਹੈ।

ਉਪਰੋਕਤ ਚਰਚਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿੱਚ ਹੀ ਆਪਣੇ ਆਪ ਨੂੰ ਗੁਰੂ ਰੂਪ ਵਿੱਚ ਪੇਸ਼ ਕਰਕੇ, ਹਿੰਦੂ ਧਰਮ ਗ੍ਰੰਥਾਂ ਦੇ ਅਨੇਕਾਂ ਪਾਏ ਭਰਮ ਭੁਲੇਖਿਆਂ ਨੂੰ ਦੂਰ ਕੀਤਾ ਹੈ ਅਤੇ ਸਿੱਟੇ ਵਜੋਂ ਹਿੰਦੂ ਧਰਮ ਗ੍ਰੰਥਾਂ ਦੀ

(1) ਮਹਾਨ ਕੋਸ਼—688 (2) ਓਹੀ—693 (3) ਸ੍ਰੀ ਰਵਿਦਾਸ ਪ੍ਰਗਾਸ—269—70



ਵਿਚਾਰਧਾਰਾ ਨੂੰ ਰੱਦ ਕਰਕੇ ਗੁਰੂ ਰਵਿਦਾਸ ਜੀ ਨੇ ਇਕ ਨਵੀਂ ਵਿਸ਼ਵ ਵਿਚਾਰਦਾਰਾ ਦੀ ਸਿਰਜਣਾ ਕੀਤੀ ਹੈ। ਇਸ ਅਦੁੱਤੀ ਵਿਚਾਰਧਾਰਾ ਦੀ ਸਿਰਜਣਾ ਸਦਕਾ ਉਹ "ਸ਼੍ਰੋਮਣੀ ਗੁਰੂ" ਹੋ ਨਿਬੜੇ ਹਨ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਯੁੱਗ ਪ੍ਰਵਰਤਿਤ ਕਰਕੇ ਨਵੇਂ ਯੁੱਗ ਦਾ ਆਰੰਭ ਕੀਤਾ।

ਸਪੱਸ਼ਟ ਹੈ ਕਿ ਗੁਰੂ ਰਵਿਦਾਸ ਜੀ ਨੂੰ ਉਨ੍ਹਾਂ ਦੇ ਜੀਵਨ ਕਾਲ ਵਿੱਚ ਹੀ ਸਾਰੇ ਵਰਗਾਂ ਨੇ ਆਪਣਾ ਗੁਰੂ ਧਾਰਨ ਕਰਕੇ ਪੂਜਿਆ ਹੈ। ਇਸ ਦੀ ਪ੍ਰੋੜ੍ਹਤਾ ਗੁਰੂ ਰਾਮਦਾਸ ਜੀ ਵਿਚਾਰਧਾਰਾਈ ਆਧਾਰਤ ਸ਼ਕਤੀਸ਼ਾਲੀ ਦਲੀਲਾਂ ਦੇ ਕੇ ਕਰਦੇ ਹਨ:

**ਰਵਿਦਾਸੁ ਚਮਾਰੁ ਉਸਤਤਿ ਕਰੇ,**
**ਹਰਿ ਕੀਰਤਿ ਨਿਮਖ ਇਕ ਗਾਇ॥**
**ਪਤਿਤ ਜਾਤਿ ਉਤਮੁ ਭਇਆ,**
**ਚਾਰਿ ਵਰਨ ਪਏ ਪਗਿ ਆਇ॥੨॥**[1] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 733)**

ਇਸੇ ਵਿਚਾਰਧਾਰਾਈ ਆਧਾਰ ਨੂੰ ਪਰਪੱਕ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਗੁਰੂ ਰਵਿਦਾਸ ਜੀ ਨੂੰ ਬ੍ਰਹਮ-ਗੁਰੂ ਦੀ ਪਦਵੀ ਨਾਲ ਨਿਵਾਜਦੇ ਹਨ:

**"ਰਵਿਦਾਸ ਧਿਆਏ ਪ੍ਰਭ ਅਨੂਪ॥**
**ਗੁਰ ਨਾਨਕ ਦੇਵ ਗੋਵਿੰਦ ਰੂਪ॥"**[2] **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1192)**

(1) ਆਦਿ ਗ੍ਰੰਥ—733 (2) ਓਹੀ—1192